**Reo-Bankowned Properties**

From San Jose to Sacramento

JASSI GILL *Broker/Owner*

Ph:510-304-9292

**Refinance Now**

@ZERO COST

Call Sukhi Gill:510-207-9067


*Jassi Gill*

CA DRE Lic.#01180969 CA DRE# 00966763


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ

$25 2500 Minutes

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ

Limited Time Offer. Restrications & Additional Fees Apply.

800-914-1013 408-659-9400

FARMERS INSURANCE

*Auto *Home *Life *Business *Work Comp


Gurcharan S. Mann
License # 0C70672

Do You Drive with
Uber - Curb – Lyft - SideCar
Need Insurance?
We have Special Coverage for You!!

Call: 510-797-7989

Duabba Insurance Agency
2450 Peralta Blvd, Suite 203
Fremont CA 94536



Sixteenth Year of Publication ਕੈਲੀਫੋਰਨੀਆ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 16, Issue 34, August 22, 2015 20451 N Plum Grove Rd., Palatine, IL 60074 Ph:847-359-0746, Fax:847-705-9388


# ਹਿੰਦ-ਪਾਕਿ 'ਜੰਗ' ਨੇ ਬੇਵੱਸ ਕੀਤੇ ਸਰਹੱਦੀ ਲੋਕ

## ਗੋਲੀਬਾਰੀ ਕਾਰਨ ਵੱਡੀ ਗਿਣਤੀ ਵਿਚ ਹਿਜਰਤ

**ਸ੍ਰੀਨਗਰ (ਗੁਰਵਿੰਦਰ ਸਿੰਘ ਵਿਰਕ):** ਭਾਰਤ-ਪਾਕਿਸਤਾਨ ਵੱਲੋਂ ਇਕ-ਦੂਜੇ ਦੇ ਰਿਹਾਇਸ਼ੀ ਇਲਾਕਿਆਂ ਵਿਚ ਨਿੱਤ ਦਿਨ ਕੀਤੀ ਜਾ ਰਹੀ ਗੋਲੀਬਾਰੀ ਕਾਰਨ ਸਰਹੱਦ ਨੇੜੇ ਵਸੇ ਪਿੰਡਾਂ ਦੇ ਲੋਕ ਦਹਿਸ਼ਤ ਦੇ ਪਰਛਾਵੇਂ ਹੇਠ ਦਿਨ ਕੱਟ ਰਹੇ ਹਨ। ਸਰਹੱਦ 'ਤੇ ਗੋਲੀਬਾਰੀ ਦੀਆਂ ਘਟਨਾਵਾਂ ਵਿਚ ਇਕਦਮ ਵਾਧਾ ਹੋਇਆ ਹੈ। ਪਾਕਿਸਤਾਨੀ ਫ਼ੌਜ ਵੱਲੋਂ ਪੁਣਛ ਤੇ ਰਾਜੌਰੀ ਦੇ ਰਿਹਾਇਸ਼ੀ ਇਲਾਕਿਆਂ ਨੂੰ ਉਚੇਚੇ ਤੌਰ ਉਤੇ ਨਿਸ਼ਾਨਾ ਬਣਾਇਆ ਗਿਆ ਜਿਸ ਵਿਚ ਸਰਪੰਚ ਸਣੇ ਛੇ ਲੋਕਾਂ ਦੀ ਮੌਤ ਤੇ 20 ਤੋਂ ਵੱਧ ਜ਼ਖਮੀ ਹੋ ਗਏ ਹਨ। ਇਸ ਇਲਾਕੇ ਵਿਚ ਲੋਕਾਂ ਨੇ ਘਰ-ਬਾਰ ਛੱਡ ਕੇ ਸੁਰੱਖਿਅਤ ਟਿਕਾਣਿਆਂ ਵਿਚ ਪਨਾਹ ਲੈ ਲਈ ਹੈ। ਪਾਕਿਸਤਾਨ ਵੱਲੋਂ ਪੁਣਛ, ਸੁਜੀਆਂ, ਬਾਲਾਕੋਟ, ਹਮੀਰਪੁਰ ਤੇ ਮੰਡੀ ਸੈਕਟਰਾਂ ਵਿਚ ਕੰਟਰੋਲ ਰੇਖਾ ਉਤੇ ਲਗਾਤਾਰ ਗੋਲੀਬਾਰੀ ਕੀਤੀ ਜਾ ਰਹੀ ਹੈ।

ਟੈਨ, ਮਾਨਕੋਟ, ਧਰਾਨਾ, ਘੋਲਾੜ, ਬਸੂਨੀ, ਬਾਲਾਕੋਟ, ਬਹਿਰੂਤ, ਸੰਡੋਤ ਤੇ ਲੰਗੋਤ, ਧਰਾਤੀ, ਪੰਜਨੀ ਅਤੇ ਬਹਿਰੂਤੀ ਸਮੇਤ ਹੋਰ ਸਰਹੱਦੀ ਪੱਟੀ ਦੇ ਸਾਰੇ ਸਰਪੰਚਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਲੋਕਾਂ ਨੂੰ ਬਾਹਰ ਨਾ ਨਿਕਲਣ ਦੇਣ। ਬਸੂਨੀ ਤੇ ਨੇੜਲੇ ਇਲਾਕਿਆਂ ਵਿਚੋਂ ਹਜ਼ਾਰਾਂ ਲੋਕ ਹਿਜਰਤ ਕਰ ਗਏ ਹਨ। ਭਾਰੀ ਗੋਲੀਬਾਰੀ ਕਾਰਨ ਮਾਰੇ ਗਏ ਲੋਕਾਂ ਨੂੰ ਦਫ਼ਨਾਉਣ ਲਈ ਕਈ ਦਿਨ ਇੰਤਜ਼ਾਰ ਕਰਨਾ ਪਿਆ। ਦੋਵੇਂ ਮੁਲਕ ਇਕ-ਦੂਜੇ 'ਤੇ ਗੋਲੀਬੰਦੀ ਦੀ ਉਲੰਘਣਾ ਦੇ ਦੋਸ਼ ਲਾ ਰਹੇ ਹਨ। ਭਾਰਤ ਨੇ ਜਿਥੇ ਨਵੀਂ ਦਿੱਲੀ ਵਿਚ ਪਾਕਿਸਤਾਨ ਦੇ ਹਾਈ ਕਮਿਸ਼ਨਰ ਅਬਦੁੱਲ ਬਾਸਿਤ

*(ਬਾਕੀ ਸਫਾ 6 'ਤੇ)*



*ਨਿੱਤ ਦੀ ਗੋਲੀਬਾਰੀ ਕਾਰਨ ਉਜੜ ਕੇ ਜਾ ਰਹੇ ਲੋਕ।*

### ਦੁਸ਼ਣਬਾਜ਼ੀ ਤੱਕ ਸੀਮਤ ਰਹੀ ਗੱਲਬਾਤ

ਭਾਰਤ ਤੇ ਪਾਕਿਸਤਾਨ ਦੇ ਸਬੰਧ ਦੋ ਕਦਮ ਅੱਗੇ ਤੇ ਚਾਰ ਕਦਮ ਪਿੱਛੇ ਵਾਲੇ ਰਹੇ ਹਨ। ਦੋਵੇਂ ਮੁਲਕ ਅਤਿਵਾਦੀ ਘਟਨਾਵਾਂ ਦਾ ਖਾਮਿਆਜ਼ਾ ਭੁਗਤ ਰਹੇ ਹਨ। ਭਾਰਤ ਦਾ ਇਲਜ਼ਾਮ ਹੈ ਕਿ ਇਸ ਪਾਸੇ ਹੋ ਰਹੀਆਂ ਵੱਡੀਆਂ ਅਤਿਵਾਦੀ ਘਟਨਾਵਾਂ ਪਿੱਛੇ ਪਾਕਿਸਤਾਨ ਦਾ ਹੱਥ ਹੈ ਜਦਕਿ ਪਾਕਿਸਤਾਨ ਵਿਚ ਖੁਦ ਅਤਿਵਾਦੀ ਘਟਨਾਵਾਂ ਵਿਚ ਵੱਡੇ ਪੱਧਰ ਉਤੇ ਕਤਲੇਆਮ ਹੋ ਰਿਹਾ ਹੈ। ਦੋਵੇਂ ਦੇਸ਼ਾਂ ਦੇ ਸਬੰਧਾਂ ਉਤੇ ਅਜੇ ਵੀ ਸੰਤਾਲੀ ਦੀ ਵੰਡ ਦਾ ਪਰਛਾਵਾਂ ਦਿਖਾਈ ਦਿੰਦਾ ਹੈ। ਵੰਡ ਦੌਰਾਨ ਫੈਲੀ ਫਿਰਕੂ ਨਫ਼ਰਤ ਦਾ ਨਤੀਜਾ 10 ਲੱਖ ਲੋਕਾਂ ਦੀਆਂ ਜਾਨਾਂ ਜਾਣ, 40 ਲੱਖ ਦੇ ਜਖ਼ਮੀ ਹੋਣ ਅਤੇ 2.5 ਕਰੋੜ ਦੇ ਹਿਜਰਤ ਕਰਨ ਵਿਚ ਨਿਕਲਿਆ ਸੀ।

# 'ਆਪਣਿਆਂ' ਦੀ ਬਗ਼ਾਵਤ ਨੇ ਹੀ ਧਰਮ ਸੰਕਟ 'ਚ ਪਾਏ ਅਕਾਲੀ





**ਅੰਮ੍ਰਿਤਸਰ:** ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਇਸ ਸਮੇਂ ਬੜੀ ਔਖੀ ਘੜੀ ਦਾ ਸਾਹਮਣਾ ਕਰ ਰਹੀ ਹੈ। ਮੁੱਖ ਸੰਸਦੀ ਸਕੱਤਰ ਨਵਜੋਤ ਕੌਰ ਸਿੱਧੂ ਤੋਂ ਬਾਅਦ ਹੁਣ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਮੁੱਖ ਸੰਸਦੀ ਸਕੱਤਰ ਇੰਦਰਬੀਰ ਸਿੰਘ ਬੁਲਾਰੀਆ ਨੇ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਿਆ ਹੋਇਆ ਹੈ। ਦੋਵੇਂ ਆਗੂ ਗਠਜੋੜ ਸਰਕਾਰ 'ਤੇ ਆਪਣੇ ਹਲਕੇ ਨਾਲ ਅਣਦੇਖੀ ਦਾ ਦੋਸ਼ ਲਾ ਰਹੇ ਹਨ। ਨਵਜੋਤ ਕੌਰ ਸਿੱਧੂ ਨੇ ਤਾਂ 15 ਅਗਸਤ ਨੂੰ ਇਸ ਮੁੱਦੇ 'ਤੇ ਮਰਨ ਵਰਤ ਸ਼ੁਰੂ ਕਰ ਦਿੱਤਾ ਸੀ ਪਰ ਸਰਕਾਰ ਦੇ ਭਰੋਸੇ ਪਿੱਛੋਂ ਉਨ੍ਹਾਂ ਨੇ ਇਹ ਜ਼ਿਦ ਛੱਡ ਦਿੱਤੀ। ਬੁਲਾਰੀਆ, ਸਰਕਾਰ ਖਿਲਾਫ ਅਜੇ ਵੀ ਡਟੇ ਹੋਏ ਹਨ। ਉਹ ਤਰਨਤਾਰਨ ਰੋਡ ਸਥਿਤ ਕੋਟ ਮੰਗਲ ਸਿੰਘ ਵਿਚ ਭਗਤਾਂਵਾਲਾ ਡੰਪ ਖ਼ਿਲਾਫ਼ ਮੋਰਚਾ ਲਾਈ ਬੈਠੇ ਹਨ।

ਬੁਲਾਰੀਆ ਵੱਲੋਂ ਸਰਕਾਰ ਖ਼ਿਲਾਫ਼ ਅਦਾਲਤ ਦਾ ਦਰਵਾਜ਼ਾ ਵੀ ਖੜਕਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਦਖਲ ਦੇਣ ਦੀ ਮੰਗ ਕੀਤੀ ਹੈ। ਸ੍ਰੀ ਬੁਲਾਰੀਆ ਨੇ ਕਿਹਾ ਕਿ ਇਹ ਸ਼ਹਿਰ ਸਿਫਤੀ ਦਾ ਘਰ ਹੈ ਪਰ ਪੰਜਾਬ ਸਰਕਾਰ ਵੱਲੋਂ ਸ੍ਰੀ ਦਰਬਾਰ ਸਾਹਿਬ ਤੋਂ ਸਿਰਫ ਡੇਢ ਕਿਲੋਮੀਟਰ ਦੂਰ ਕੂੜਾ ਕਰਕਟ ਪ੍ਰਬੰਧਨ ਪਲਾਂਟ ਲਾਇਆ ਜਾ ਰਿਹਾ ਹੈ ਜਿਸ ਨਾਲ ਪ੍ਰਦੂਸ਼ਣ ਹੋਵੇਗਾ ਜੋ ਦਰਬਾਰ ਸਾਹਿਬ ਦੀ

*(ਬਾਕੀ ਸਫਾ 6 'ਤੇ)*

### ਅਕਾਲੀਆਂ ਨੂੰ ਯਾਦ ਆਈ ਮਨਮੋਹਨ ਸਰਕਾਰ

ਅਕਾਲੀ ਆਗੂ, ਤਤਕਾਲੀ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਤੇ ਡਾ. ਮਨਮੋਹਨ ਸਿੰਘ ਦੇ ਦਿਨਾਂ ਨੂੰ ਯਾਦ ਕਰ ਕੇ ਗੱਠਜੋੜ ਸਰਕਾਰ ਵਿਚ ਹੋ ਰਹੀ ਕਿਰਕਰੀ ਤੋਂ ਖ਼ਫ਼ਾ ਹਨ। ਸਵਾ ਸਾਲ ਦੇ ਅਰਸੇ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੂਬੇ ਦੀਆਂ ਸਮੱਸਿਆਵਾਂ ਬਾਰੇ ਖੁੱਲ੍ਹ ਕੇ ਵਿਚਾਰ ਕਰਨ ਲਈ ਪ੍ਰਧਾਨ ਮੰਤਰੀ ਤੋਂ ਸਮਾਂ ਤੱਕ ਨਹੀਂ ਮਿਲਿਆ। 14ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਪੰਜਾਬ ਨੂੰ ਵਿੱਤੀ ਸੰਕਟ ਵਾਲੇ ਰਾਜਾਂ ਦੀ ਸ਼੍ਰੇਣੀ ਵਿਚੋਂ ਬਾਹਰ ਕਰ ਦਿੱਤਾ ਗਿਆ ਹੈ। ਇਸ ਲਈ ਵਿਸ਼ੇਸ਼ ਪੈਕੇਜ ਦੀ ਸੰਭਾਵਨਾ ਖ਼ਤਮ ਹੋ ਗਈ ਹੈ। ਲਿਹਾਜ਼ਾ ਪਹਿਲਾਂ ਹੀ ਵਿੱਤੀ ਸੰਕਟ ਨਾਲ ਜੂਝ ਰਹੇ ਪੰਜਾਬ ਦੀ ਸਥਿਤੀ ਬਦ ਤੋਂ ਬਦਤਰ ਬਣ ਰਹੀ ਹੈ। ਮੁੱਖ ਮੰਤਰੀ ਦੇ ਸਲਾਹਕਾਰ ਮਹੇਸ਼ ਇੰਦਰ ਸਿੰਘ ਗਰੇਵਾਲ ਦਾ ਕਹਿਣਾ ਹੈ ਕਿ ਅਕਾਲੀ ਦਲ ਨੂੰ ਉਮੀਦ ਸੀ ਕਿ ਕੇਂਦਰ ਸਰਕਾਰ ਪੰਜਾਬ ਦੀਆਂ ਬੁਨਿਆਦੀ ਮੰਗਾਂ ਨੂੰ ਹੱਲ ਕਰਨ ਲਈ ਕਦਮ ਉਠਾਏਗੀ, ਪਰ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।


**We Do Real Estate in Bay Area & Central Valley**

We do loans anywhere in California




Cell: 408-816-0408
Tel: 209-918-6464
Fax: 866-594-4680
email:
realtoramanhundal@gmail.com

AMAN S. HUNDAL
Broker/Realtor/MBA
BRE# 01839828
NMLS# 162808

Alltime Realty & Mortgage

16 Corning Ave, Ste. 230, Milpitas, CA 92035
3819 Northern Oak Dr., Ceres, CA 95307

CDPE, SFR *LAR 2010, 2011, 2012 Masters Club
Masters Emerald Award 2010, 2011



Raja SWEETS & CATERING
AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Faloeda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja Sweets & Indian Cuisine
Raja Indian Cuisine & Bar

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ


Manpreet S. Gahra
*Attorny At Law*

Criminal Defense (DUI, simple battery, domestic violence, immigration post-conviction relief)

Berkeley Office
2161 Shattuck Ave., 304, Berkeley
Ph:510-841-4582 Fax:510-217-6847

Sacramento Office
Call For Appointment
Ph:916-924-1617

Email: manpreet@gahralaw.com

# ਭਾਰਤੀ ਅਜ਼ਾਦੀ ਪਰੇਡ ਮੌਕੇ ਸਿੱਖਾਂ ਵਲੋਂ ਰੋਸ ਮੁਜ਼ਾਹਰਾ

**ਫਰੀਮਾਂਟ (ਬਿਊਰੋ):** ਭਾਰਤੀ ਆਜਾਦੀ ਦਿਵਸ ਮੌਕੇ ਇਥੇ ਕੱਢੀ ਜਾਂਦੀ ਪਰੇਡ ਮੌਕੇ ਸਿੱਖਾਂ ਦੇ ਇਕ ਵਰਗ ਵਲੋਂ ਹਰ ਸਾਲ ਵਾਂਗ ਰੋਸ ਮੁਜ਼ਾਹਰਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸੈਨ ਫਰਾਂਸਿਸਕੋ ਬੇਅ ਏਰੀਆ ਤੇ ਸੈਂਟਰਲ ਵੈਲੀ ਵਿਚ ਵਸਦੇ ਸਿੱਖਾਂ ਵਲੋਂ ਭਾਰਤ ਵਿਚ ਸਿੱਖਾਂ ਨਾਲ ਵਧੀਕੀਆਂ ਤੇ ਖਾਲਿਸਤਾਨ ਦੇ ਹੱਕ ਵਿਚ ਆਵਾਜ਼ ਉਠਾਉਣ ਲਈ ਇਹ ਮੁਜ਼ਾਹਰਾ ਕੀਤਾ ਗਿਆ। ਮੁਜ਼ਾਹਰਾਕਾਰੀਆਂ ਅਨੁਸਾਰ 15 ਅਗਸਤ 1947 ਨੂੰ ਭਾਰਤ ਆਜਾਦ ਹੋਇਆ ਪਰ ਸਿੱਖ ਅਜ ਵੀ ਗੁਲਾਮ ਹਨ।

ਲੰਘੇ ਐਤਵਾਰ ਨੂੰ ਹੋਈ ਇਸ ਭਾਰਤੀ ਅਜ਼ਾਦੀ ਪਰੇਡ ਦਾ ਵਿਰੋਧ ਕਰਦਿਆਂ ਲੋਕਤੰਤਰੀ ਢੰਗ ਨਾਲ ਖਾਲਿਸਤਾਨ ਦਾ ਪੈਗਾਮ ਦਿੱਤਾ ਗਿਆ। ਪੂਰੀ ਪਰੇਡ ਦੌਰਾਨ 'ਭਾਰਤੀ ਅਜ਼ਾਦੀ ਸ਼ੇਮ ਸ਼ੇਮ' ਤੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਹਰੇ ਗੂੰਜਦੇ ਰਹੇ। ਮੁਜ਼ਾਹਰੇ ਵਿਚ 'ਸਿੱਖ ਕੌਮ ਲਈ 15 ਅਗਸਤ ਕਾਲਾ ਦਿਨ' ਦੇ ਵਡੇ ਵਡੇ ਬੈਨਰ ਲੱਗੇ ਹੋਏ ਸਨ। ਲਿਖਤੀ ਸਮਗਰੀ ਵੰਡੀ ਜਾ ਰਹੀ ਸੀ। ਸਪੀਕਰ 'ਤੇ ਜੂਨ ਚੁਰਾਸੀ ਦੇ ਸਿੱਖ ਕਤਲੇਆਮ ਅਤੇ ਭਾਰਤ ਵਿਚ ਹੁੰਦੇ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਗੱਲ ਜ਼ੋਰ ਸ਼ੋਰ ਨਾਲ ਕੀਤੀ ਜਾ ਰਹੀ ਸੀ। ਫਤਿਹ ਸਪੋਰਟਸ ਕਲੱਬ ਦੇ ਭਾਈ ਸੰਦੀਪ ਸਿੰਘ ਵੱਲੋਂ ਬਾਪੂ ਸੂਰਤ ਸਿੰਘ ਖਾਲਸਾ ਦੁਆਰਾ ਸਜ਼ਾ ਕੱਟ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਜਾਰੀ ਸ਼ੰਘਰਸ਼ ਦੀ ਹਮਾਇਤ ਵਾਲੀਆਂ ਸਰਟਾਂ ਵੰਡੀਆਂ ਗਈਆਂ। ਭਾਰਤ ਸਰਕਾਰ ਦੇ ਝੰਡੇ ਉਤੇ 'ਸ਼ੇਮ ਇੰਡੀਆ' ਲਿਖ ਕੇ ਪੈਰਾਂ ਵਿਚ ਰੋਲਿਆ ਤੇ ਪਾੜਿਆ ਗਿਆ ਤੇ ਇਕ ਭਾਰਤੀ ਝੰਡੇ ਉਤੇ ਲਿਖਿਆ ਹੋਇਆ ਸੀ, 'ਸਿੱਖ ਖਾਲਿਸਤਾਨ ਲੈ ਕੇ ਰਹਿਣਗੇ।'

ਇਸ ਮੁਜ਼ਾਹਰੇ ਵਿਚ ਸੈਕਰਾਮੈਂਟੋ, ਸਟਾਕਟਨ, ਲੈਥਰੋਪ, ਮਨਟੀਕਾ, ਮਾਡੈਸਟੋ-ਸੀਰੀਜ਼, ਟਰਲਕ, ਸੈਨ ਹੋਜ਼ੇ, ਸਾਊਥ ਸੈਨ ਫਰਾਂਸਿਸਕੋ, ਫਰਿਜ਼ਨੋ, ਮਿਲਪੀਟਸ, ਫਰੀਮਾਂਟ, ਹੇਵਰਡ, ਯੂਨੀਅਨ ਸਿਟੀ ਆਦਿ ਸ਼ਹਿਰਾਂ ਤੋਂ ਸਿੱਖ ਪਹੁੰਚੇ ਹੋਏ ਸਨ। ਗੁਰਦੁਆਰਾ ਫਰੀਮਾਂਟ ਦੀ ਪੂਰੀ ਸੁਪਰੀਮ ਕੌਂਸਲ ਦੇ ਮੈਂਬਰ ਭਾਈ ਜਸਦੇਵ ਸਿੰਘ, ਭਾਈ ਹਰਜੀਤ ਸਿੰਘ ਤੇ ਭਾਈ ਲਖਬੀਰ ਸਿੰਘ ਅਤੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਤੇ ਸਾਬਕਾ ਪ੍ਰਧਾਨ ਭਲਵਾਨ ਭਾਜੀ, ਨੌਜਾਵਾਨਾਂ ਵੱਲੋਂ ਕੁਲਦੀਪ ਸਿੰਘ ਨਿੱਝਰ, ਸੰਦੀਪ ਸਿੰਘ, ਸੰਗਰਾਮ ਸਿੰਘ ਪਰਿਵਾਰਾਂ ਸਮੇਤ ਹਾਜ਼ਰ ਸਨ। ਭਾਈ ਜਗਤਾਰ ਸਿੰਘ ਅਨੰਦਪੁਰੀ ਨਵੇਂ ਬੈਨਰਾਂ ਨਾਲ ਹਾਜ਼ਰ ਸਨ।

ਭਾਈ ਕੁਲਵੰਤ ਸਿੰਘ ਖਹਿਰਾ, ਗੁਲਵਿੰਦਰ ਸਿੰਘ ਭਿੰਦਾ, ਗੁਰਬਚਨ ਸਿੰਘ ਰਾਣਾ, ਸਿੱਖ ਯੂਥ ਆਫ ਅਮਰੀਕਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਮਨਜੀਤ ਸਿੰਘ ਤੇ ਜਸਜੀਤ ਸਿੰਘ ਹਾਜ਼ਰ ਸਨ। ਚਾਹ-ਪਾਣੀ ਦੇ ਲੰਗਰ ਦੀ ਸੇਵਾ ਗੁਰਦੁਆਰਾ ਫਰੀਮਾਂਟ ਵੱਲੋਂ ਭਾਈ ਹਰਮਿੰਦਰ ਸਿੰਘ ਲੈ ਕੇ ਪਹੁੰਚੇ। ਕੈਲੀਫੋਰਨੀਆ ਗਤਕਾ ਦਲ ਦੇ ਜਥੇਦਾਰ ਜਸਪ੍ਰੀਤ ਸਿੰਘ ਆਪਣੀ ਟੀਮ ਤੇ ਬੈਨੀਵਾਲ ਪਰਿਵਾਰ ਸਮੇਤ ਹਾਜ਼ਰ ਸਨ। ਭਾਈ ਬਲਜੀਤ ਸਿੰਘ, ਅਨੋਖ ਸਿੰਘ, ਸਕੱਤਰ ਦਵਿੰਦਰ ਸਿੰਘ, ਸੁਖਵੰਤ ਸਿੰਘ, ਅਮਨ ਸਿੰਘ ਪੰਨੂ, ਪਰਮਿੰਦਰ ਸਿੰਘ, ਗੁਰਮੀਤ ਸਿੰਘ, ਪਰਮਿੰਦਰ ਸਿੰਘ, ਦਰਸ਼ਨ ਸਿੰਘ, ਬਲਵਿੰਦਰ ਸਿੰਘ ਚੱਬਾ, ਦਿਲਪ੍ਰੀਤ ਸਿੰਘ ਤੇ ਸਾਥੀ ਅਤੇ ਕਰਨੈਲ ਸਿੰਘ ਖਾਲਸਾ ਆਪਣੇ ਸਾਥੀਆਂ ਸਮੇਤ ਪਹੁੰਚੇ ਹੋਏ ਸਨ।



# ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ ਨੂੰ ਕੈਦ


**ਕਰਨਾਲ:** ਜੁਡੀਸ਼ਲ ਮੈਜਿਸਟਰੇਟ ਵਿਨੋਦ ਕੁਮਾਰ ਦੀ ਅਦਾਲਤ ਨੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਸਮੇਤ 5 ਜਣਿਆਂ ਨੂੰ 1-1 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਸਾਰਿਆਂ ਉਤੇ ਪਹਿਲੀ ਦਸੰਬਰ 2007 ਨੂੰ ਕੌਮੀ ਸ਼ਾਹ ਰਾਹ ਨੰਬਰ ਇਕ ਉਤੇ ਜਾਮ ਲਾਉਣ ਅਤੇ ਸਰਕਾਰੀ ਜਾਇਦਾਦ ਦਾ ਨੁਕਸਾਨ ਕਰਨ ਦੇ ਦੋਸ਼ ਸਨ। ਸਾਰਿਆਂ ਨੂੰ 2800-2800 ਰੁਪਏ ਜੁਰਮਾਨਾ ਵੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਸ ਕੇਸ ਵਿਚ ਇੰਦਰੀ ਤੋਂ ਸਾਬਕਾ ਵਿਧਾਇਕ ਤੇ ਹਰਿਆਣਾ ਜਨਹਿਤ ਕਾਂਗਰਸ ਦੇ ਆਗੂ ਰਾਕੇਸ਼ ਕੰਬੋਜ ਅਤੇ ਪਾਰਟੀ ਦੇ ਤਿੰਨ ਹੋਰ ਆਗੂ ਨੂੰ ਵੀ ਸਜ਼ਾ ਸੁਣਾਈ ਗਈ ਹੈ।

ਚੇਤੇ ਰਹੇ, 2 ਦਸੰਬਰ ਨੂੰ ਹਰਿਆਣਾ ਜਨਹਿਤ ਕਾਂਗਰਸ ਦੇ ਮੁਖੀ ਕੁਲਦੀਪ ਬਿਸ਼ਨੋਈ ਵੱਲੋਂ ਰੋਹਤਕ ਵਿਚ 'ਜਨਹਿਤ ਰੈਲੀ' ਕੀਤੀ ਜਾ ਰਹੀ ਸੀ। ਇਕ ਦਿਨ ਪਹਿਲਾਂ, ਕਾਂਗਰਸ ਤੋਂ ਬਾਗ਼ੀ ਹੋਏ ਵਿਧਾਇਕ ਰਾਕੇਸ਼ ਕੰਬੋਜ ਹੋਰ ਸਾਥੀਆਂ ਨੇ ਟੈਕਸੀ ਵਾਲਿਆਂ ਨੂੰ ਤੰਗ ਕਰਨ ਖਿਲਾਫ ਰੋਸ ਵਿਖਾਵਾ ਕਰਨਾ ਸੀ। ਉਹ ਕੌਮੀ ਸ਼ਾਹ ਰਾਹ ਨੰਬਰ ਇਕ ਉਤੇ ਪੁੱਜ ਗਏ। ਉਥੇ ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ ਜਿਸ ਕਾਰਨ ਆਵਾਜਾਈ ਠੱਪ ਹੋ ਗਈ। ਪਿਛੋਂ ਪੁਲਿਸ ਨੇ ਲਾਠੀਚਾਰਜ ਕਰ ਦਿੱਤਾ। ਉਦੋਂ ਕਈ ਵਿਖਾਵਾਕਾਰੀਆਂ ਤੇ ਪੱਤਰਕਾਰਾਂ ਨੂੰ ਸੱਟਾਂ ਲੱਗੀਆਂ ਸਨ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545



Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW *(Only In WA)*
*Divorce *Annulment
*International Custody

INCORPORATIONS *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ



ਜਗਦੇਵ ਸਿੰਘ

ਫੋਨ: 510-689-4625

JAGDEV SINGH
*Realtor*
CalBre #01423409
42820 Albrae, St.,
Fremont, CA 94538

REALTOR EQUAL HOUSING OPPORTUNITY

# ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮਰੀਕਾ

# ਸ਼ਹੀਦੀ ਸਮਾਗਮ




## ਕਾਨਫਰੰਸ ਅਤੇ ਸੈਮੀਨਾਰ



## 6 ਸਤੰਬਰ 2015 (ਐਤਵਾਰ)

*ਸਵੇਰੇ 11:30 ਵਜੇ ਤੋਂ ਸ਼ਾਮ 4 ਵਜੇ ਤੱਕ*

## ਸਥਾਨ: ਗ਼ਦਰ ਮੈਮੋਰੀਅਲ ਹਾਲ

**5 Wood Street, San Francisco, CA 94118**

ਉਦਘਾਟਨ: ਵੈਂਕਟੇਸ਼ਨ ਅਸ਼ੋਕ (ਕੌਂਸਲ ਜਨਰਲ, ਸੈਨ ਫਰਾਂਸਿਸਕੋ)

ਪੇਪਰ ਪੜ੍ਹਨਗੇ: ਡਾ. ਗੁਰਮੇਲ ਸਿੰਘ ਸਿੱਧੂ
ਪ੍ਰਿੰ. ਸੁਖਵਿੰਦਰ ਸਿੰਘ ਰੰਧਾਵਾ (ਖਾਲਸਾ ਕਾਲਜ ਸੁਲਤਾਨਪੁਰ ਲੋਧੀ)

ਬਹਿਸ ਵਿਚ ਭਾਗ ਲੈਣਗੇ: ਡਾ. ਐਚ ਐਲ ਕਪੂਰ, ਡਾ. ਅਰਜਨ ਸਿੰਘ ਜੋਸਨ, ਪ੍ਰਿੰ. ਵੀਰ ਸਿੰਘ ਰੰਧਾਵਾ, ਦਲਵਿੰਦਰ ਸਿੰਘ ਧੂਤ ਅਤੇ ਗੁਰਦੀਪ ਸਿੰਘ ਅਣਖੀ।

ਦੇਸ਼ ਭਗਤੀ ਦੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ ਜਾਣਗੀਆਂ

ਦੁਪਹਿਰ ਦਾ ਖਾਣਾ ਤੇ ਚਾਹ-ਪਾਣੀ: 11 ਵਜੇ

**ਜਥੇਬੰਦੀਆਂ ਵਲੋਂ ਪਹਿਲਕਦਮੀ:** ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ; ਇੰਡੋ ਅਮਰੀਕਨ ਹੈਰੀਟੇਜ ਫੋਰਮ (ਫਰਿਜ਼ਨੋ); ਇੰਡੋ ਅਮਰੀਕਨ ਕਮਿਊਨਿਟੀ (ਮਰਸਡ); ਨਾਪਾ; ਇੰਡੋ ਅਮੈਰਿਕਨ ਕਲਚਰਲ ਸਪੋਰਟਸ ਐਸੋਸੀਏਸ਼ਨ; ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਅਤੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਸਾਰੇ ਯੁਨਿਟ)

**ਸੁਝਵਾਨ ਸਹਿਯੋਗੀ ਸੱਜਣ:** ਬਹਾਦਰ ਸਿੰਘ, ਦਿਲਜੀਤ ਸਿੰਘ, ਬਲਰਾਜ ਸਿੰਘ ਪਨੂੰ, ਨਿਰਮਲ ਸਿੰਘ ਵਿਰਕ (ਓਰੇਗਾਨ); ਸਰਪੰਚ ਰਤਨ ਸਿੰਘ, ਗੁਲਜ਼ਾਰ ਸਿੰਘ, ਨਿਰੰਜਣ ਸਿੰਘ (ਸਿਆਟਲ); ਕੁਲਦੀਪ ਸਿੰਘ, ਗੁਰਮੀਤ ਸਿੰਘ ਸੋਨੂੰ ਖਿਡਾ-ਰੈਡ ਬਲੱਫ, ਡਾ. ਹਰਦਮ ਸਿੰਘ, ਹੀਰਾ ਲਾਲ ਸਿੰਘ ਚਮਦਲ, ਤੀਰਥ ਸਿੰਘ ਖਹਿਰਾ, ਮਨੋਹਰ ਸਿੰਘ ਮਾਨ, ਪ੍ਰੋ. ਸੰਪੂਰਨ ਸਿੰਘ, ਬਖਸ਼ੀਸ਼ ਸਿੰਘ ਜੋਸਨ, ਗੁਰਮੀਤ ਸਿੰਘ ਢੇਟ (ਹਿਊਸਟਨ); ਬੰਤ ਸਿੰਘ ਕਾਂਗਣਾ, ਕਸ਼ਮੀਰ ਸਿੰਘ, ਬਲਬੀਰ ਸਿੰਘ (ਜੈਕਸਨ); ਕੁਲਵੰਤ ਸਿੰਘ (ਨਿਊ ਯਾਰਕ); ਸੱਚਾ ਸਿੰਘ, ਤਰਲੋਚਨ ਸਿੰਘ ਕੰਬੋਜ, ਜਸਵੀਰ ਸਿੰਘ, ਤਰਲੋਚਨ ਸਿੰਘ ਦਿਓਲ (ਫਰਿਜ਼ਨੋ); ਸੁਰਿੰਦਰ ਸਿੰਘ ਮੰਢਾਲੀ, ਸਰਬਜੀਤ ਸਿੰਘ, ਸੁਰਜੀਤ ਸਿੰਘ, ਕੁਲਦੀਪ ਸਿੰਘ ਅਟਵਾਲ (ਮਰਸਡ); ਕਰਨੈਲ ਸਿੰਘ, ਕੁਲਦੀਪ ਸਿੰਘ (ਟਰਲਕ); ਮਾਸਟਰ ਮੁਖਤਾਰ ਸਿੰਘ, ਮੋਹਨ ਸਿੰਘ, ਮਹਿੰਦਰ ਸਿੰਘ, ਸੁਰਜੀਤ ਸਿੰਘ ਜੱਜ, ਹਰਜਿੰਦਰ ਸਿੰਘ ਜੱਜ (ਟਰੇਸੀ); ਜਰਨੈਲ ਸਿੰਘ, ਸੁੱਚਾ ਸਿੰਘ, ਹਰੀ ਸਿੰਘ (ਮਨਟੀਕਾ); ਸਰਪੰਚ ਮਹਿੰਗਾ ਸਿੰਘ, ਅਵਤਾਰ ਸਿੰਘ (ਕਮਿਸ਼ਨਰ ਐਲਾਮੀਡਾ ਕਾਊਂਟੀ), ਪੰਕਜ ਕੁਮਾਰ, ਬਲਬੀਰ ਸਿੰਘ ਜੌਹਲ, ਸਰਪੰਚ ਕੁਲਦੀਪ ਸਿੰਘ, ਗੁਰਮੇਲ ਸਿੰਘ ਮੈਰਿਸਵਿਲ, ਨਰਿੰਦਰ ਸਿੰਘ ਸੁਜੋਂ, ਸੁਖਵੰਤ ਸਿੰਘ, ਦਿਲਜੀਤ ਸਿੰਘ ਅਟਵਾਲ, ਡਾ. ਪਰਗਟ ਸਿੰਘ ਹੁੰਦਲ, ਡਾ. ਉਜਾਗਰ ਸਿੰਘ, ਪ੍ਰੋ. ਹਰਪਾਲ ਸਿੰਘ, ਗੁਰਚਰਨ ਸਿੰਘ, ਸਵਰਨ ਸਿੰਘ ਬਾਜਵਾ, ਖੁਸ਼ਪਾਲ ਸਿੰਘ ਭੁੱਲਰ, ਅਵਤਾਰ ਸਿੰਘ ਡੋਡ, ਵਿਰਸਾ ਸਿੰਘ, ਸਤਿੰਦਰਪਾਲ ਸਿੰਘ ਸਰਹੱਦੀ, ਯਾਦਵਿੰਦਰ ਸਿੰਘ ਹੈਪੀ, ਹਰਪਾਲ ਸਿੰਘ, ਰਵਿੰਦਰ ਰਵੀ, ਸੁਰਿੰਦਰ ਸਿੰਘ ਗਿੱਲ, ਜੁਗਿੰਦਰ ਸਿੰਘ, ਗੁਲਸ਼ਨ ਕੁਮਾਰ, ਅਵਤਾਰ ਸਿੰਘ ਦੋਸਾਂਝ, ਜਗਜੀਤ ਸਿੰਘ ਕੰਦੋਲਾ, ਜਸਵੀਰ ਸਿੰਘ ਬਾਜਵਾ, ਗਗਨ ਸਿੰਘ, ਗੁਰਮੀਤ ਸਿੰਘ, ਗੁਰਦੀਪ ਸਿੰਘ ਬੈਂਸ, ਭਜਨ ਸਿੰਘ ਮਰੋਕ, ਗੁਰਦੀਪ ਸਿੰਘ ਗਿੱਲ, ਬਲਵਿੰਦਰ ਡੁਲਕੂ।

**ਪ੍ਰਬੰਧਕ:** ਗੁਲਿੰਦਰ ਸਿੰਘ ਗਿੱਲ, ਚਰਨ ਸਿੰਘ ਜੱਜ, ਸੰਤੋਖ ਸਿੰਘ ਜੱਜ, ਜਰਨੈਲ ਸਿੰਘ, ਪ੍ਰੋ. ਮੱਖਣ ਸਿੰਘ, ਜਥੇਦਾਰ ਬਲਬੀਰ ਸਿੰਘ, ਕੁਲਵਿੰਦਰ ਸਿੰਘ ਚੀਮਾ, ਸਤਨਾਮ ਸਿੰਘ ਚੀਮਾ, ਬਲਕਾਰ ਸਿੰਘ, ਨਿਰਮਲ ਸਿੰਘ ਚੰਦੀ, ਤੇਜਪਾਲ ਸਿੰਘ, ਸੁਖਦੇਵ ਸਿੰਘ ਗਿੱਲ, ਦਿਲਬੀਰ ਸਿੰਘ ਨਿੱਝਰ, ਗੁਰਿੰਦਰ ਸਿੰਘ ਬਰਾੜ।

*ਹੋਰ ਜਾਣਕਾਰੀ ਲਈ ਸੰਪਰਕ ਕਰੋ*

916-256-7497, 925-487-4679, 916-661-7484, 916-821-2210, 916-216-4444

# ਭਾਰਤ ਆਜ਼ਾਦੀ ਦੇ 68 ਸਾਲਾਂ ਪਿੱਛੋਂ ਵੀ ਗਰੀਬੀ ਦਾ ਗੁਲਾਮ

**ਨਵੀਂ ਦਿੱਲੀ:** ਭਾਰਤ ਨੂੰ ਮਹਾਂਸ਼ਕਤੀ ਬਣਾਉਣ ਦੀਆਂ ਡੀਂਗਾਂ ਮਾਰਨ ਵਾਲੇ ਹਾਕਮ ਆਜ਼ਾਦੀ ਦੇ 68 ਸਾਲਾਂ ਬਾਅਦ ਵੀ ਦੇਸ਼ ਨੂੰ ਭੁੱਖਮਰੀ ਦੇ ਕਲੰਕ ਤੋਂ ਮੁਕਤ ਨਹੀਂ ਕਰਵਾ ਸਕੇ। ਭਾਰਤ ਦਾ ਨਾਂ ਭੁੱਖਮਰੀ ਝੱਲ ਰਹੇ ਦੇਸ਼ਾਂ ਦੀ ਸੂਚੀ ਵਿਚ ਮੂਹਰੇ ਆਉਂਦਾ ਹੈ। ਭੁੱਖ ਬਾਰੇ ਸੰਸਾਰਿਕ ਅੰਕੜਿਆਂ ਮੁਤਾਬਕ ਇਸ ਸਮੇਂ ਭਾਰਤ ਵਿਚ 15.2 ਫ਼ੀਸਦੀ ਭਾਵ ਤਕਰੀਬਨ 19.4 ਕਰੋੜ ਲੋਕ ਹਰ ਰੋਜ਼ ਭੁੱਖੇ ਸੌਣ ਲਈ ਮਜਬੂਰ ਹਨ। ਦੇਸ਼ ਦਾ ਹਰ ਚੌਥਾ ਵਿਅਕਤੀ ਭੁੱਖਾ ਰਹਿੰਦਾ ਹੈ। ਗਰੀਬੀ ਦੇ ਸਵਾਲ ਨੂੰ ਹੱਲ ਕਰਨ ਲਈ ਸਰਕਾਰਾਂ ਦੇ ਦਹਾਕਿਆਂ ਭਰ ਦੇ ਉਘੜੇ-ਦੁਗੜੇ ਯਤਨਾਂ ਨੂੰ ਕੋਈ ਬੂਰ ਨਹੀਂ ਪਿਆ ਜਦੋਂ ਕਿ ਇਸ ਸਵਾਲ ਨੂੰ ਹੱਲ ਕਰਨ ਵਿਚ ਸਾਡਾ ਗਵਾਂਢੀ ਦੇਸ਼ ਚੀਨ ਪੂਰੀ ਸਫਲਤਾ ਦੇ ਨੇੜੇ-ਤੇੜੇ ਹੈ।

ਸੰਯੁਕਤ ਰਾਸ਼ਟਰ ਸੰਘ ਦੀ ਸੰਸਥਾ, ਖੁਰਾਕ ਤੇ ਖੇਤੀ ਸੰਗਠਨ (ਐਫ.ਏ.ਓ.) ਦੀ 'ਸਟੇਟ ਆਫ ਫੂਡ ਸਕਿਊਰਿਟੀ ਇਨ ਵਰਲਡ 2015' ਦੇ ਨਾਂ ਹੇਠ ਜਾਰੀ ਰਿਪੋਰਟ ਅਨੁਸਾਰ ਸੰਸਾਰ ਪੱਧਰ ਉਤੇ ਭੁੱਖੇ ਲੋਕਾਂ ਦੀ ਗਿਣਤੀ ਘਟ ਕੇ 79.5 ਕਰੋੜ ਉਤੇ ਪੁੱਜ ਗਈ ਹੈ ਜੋ ਕਿ 1990-92 ਵਿਚ ਇਕ ਅਰਬ ਸੀ। ਇਸ ਦਾ ਕਾਰਨ ਚੀਨ ਤੇ ਪੂਰਬ ਏਸ਼ੀਆ ਦੇ ਦੇਸ਼ਾਂ ਵਿਚ ਭੁੱਖੇ ਲੋਕਾਂ ਦੀ ਗਿਣਤੀ ਵਿਚ ਕਮੀ ਆਉਣਾ ਦੱਸਿਆ ਗਿਆ ਹੈ ਪਰ ਅਜੇ ਵੀ ਇਸ ਖੇਤਰ ਵਿਚ ਸਭ ਤੋਂ ਵੱਡੀ ਚਿੰਤਾ 12 ਫ਼ੀਸਦੀ ਲੋਕਾਂ ਦੇ ਕੁਪੋਸ਼ਣ ਦਾ ਸ਼ਿਕਾਰ ਹੋਣਾ ਦੱਸੀ ਗਈ ਹੈ, ਜਿਸ ਨੂੰ ਭੁੱਖ ਵਰਗੀ ਸਮੱਸਿਆ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਕੁਪੋਸ਼ਣ ਦੀ ਸਮੱਸਿਆ ਦੇ ਹੱਲ ਲਈ 1996 ਵਿਚ 172 ਦੇਸ਼ਾਂ ਦੇ ਸੰਮੇਲਨ ਨੇ 'ਮਿਲੇਨੀਅਮ ਡਿਵੈਲਪਮੈਂਟ ਪਲੈਨ' ਤਿਆਰ ਕਰਕੇ 2015 ਤੱਕ ਹਰ ਦੇਸ਼ ਵਿਚ ਕੁਪੋਸ਼ਣ ਦੀ ਗਿਣਤੀ ਨੂੰ ਅੱਧ ਤੱਕ ਲੈ ਜਾਣ ਦਾ ਟੀਚਾ ਮਿਥਿਆ ਸੀ, ਪਰ ਇਸ ਟੀਚੇ ਨੂੰ ਸਿਰਫ 29 ਦੇਸ਼ਾਂ ਦੀਆਂ ਸਰਕਾਰਾਂ ਹੀ ਪੂਰਾ ਕਰ ਸਕੀਆਂ ਹਨ। ਇਨ੍ਹਾਂ ਵਿਚ ਸਾਡਾ ਗਵਾਂਢੀ ਦੇਸ਼ ਨੇਪਾਲ ਵੀ ਸ਼ਾਮਲ ਹੈ।ਜਦੋਂ ਕਿ ਭਾਰਤ ਵਿਚ ਅਨਾਜ ਦੇ ਉਤਪਾਦਨ ਵਿਚ ਵਾਧੇ ਦੇ ਬਾਵਜੂਦ ਗਰੀਬੀ ਦੀ ਸਥਿਤੀ ਲਗਾਤਾਰ ਬਦਤਰ ਬਣ ਰਹੀ ਹੈ। ਸਾਂਝੇ ਪ੍ਰਗਤੀਸ਼ੀਲ ਗਠਜੋੜ ਦੀ ਸਰਕਾਰ ਨੇ ਆਪਣੇ ਸਮੇਂ ਵਿਚ 77 ਫ਼ੀਸਦੀ ਜਨਤਾ ਲਈ ਖੁਰਾਕ ਸੁਰੱਖਿਆ ਦੀ ਜ਼ਰੂਰਤ ਦੱਸੀ ਸੀ। ਦੇਸ਼ ਵਿਚ ਸੂਬਾ ਪੱਧਰ ਉਤੇ ਭੁੱਖ ਦੀ ਸਮੱਸਿਆ ਬਾਰੇ ਅਸਮਾਨਤਾ ਹੋਰ ਵੀ ਗਹਿਰ ਗੰਭੀਰ ਹੈ। ਝਾਰਖੰਡ, ਉੱਤਰ ਪ੍ਰਦੇਸ਼, ਛੱਤੀਸਗੜ੍ਹ, ਉੜੀਸਾ ਤੇ ਰਾਜਸਥਾਨ ਆਦਿ ਵਿਚ ਭੁੱਖ ਤੇ ਕੁਪੋਸ਼ਣ ਤੋਂ ਪੀੜਤ ਲੋਕਾਂ ਦੀ ਗਿਣਤੀ ਵਿਚ ਕਮੀ ਦੀ ਬਿਜਾਏ ਨਿਰੰਤਰ ਵਾਧਾ ਹੋ ਰਿਹਾ ਹੈ।



## ਗਰੀਬੀ ਦੇ ਨਾਂ ਸਿਆਸੀ ਖੇਡ

ਦੇਸ਼ ਵਿਚ ਗਰੀਬੀ ਦਾ ਬਣੇ ਰਹਿਣਾ ਦੇਸ਼ ਦੀਆਂ ਹਾਕਮ ਪਾਰਟੀਆਂ ਲਈ ਸਿਆਸੀ ਵਰਦਾਨ ਸਾਬਤ ਹੋ ਰਿਹਾ ਹੈ। ਆਂਧਰਾ ਪ੍ਰਦੇਸ਼ ਦੇ ਮਰਹੂਮ ਮੁੱਖ ਮੰਤਰੀ ਐਨ.ਟੀ. ਰਾਮਾ ਰਾਓ, ਤਾਮਿਲਨਾਡੂ ਦੀ ਮੁੱਖ ਮੰਤਰੀ ਜੈਲਲਿਤਾ ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਦੇਸ਼ ਦੀਆਂ ਕਈ ਹਾਕਮ ਪਾਰਟੀਆਂ ਇਕ ਰੁਪਏ ਕਿੱਲੋ ਅਨਾਜ ਦੇ ਨਾਅਰੇ ਹੇਠ ਗਰੀਬੀ ਦਾ ਵਾਰ-ਵਾਰ ਸਿਆਸੀ ਲਾਹਾ ਲੈਣ ਵਿਚ ਸਫਲ ਰਹੀਆਂ ਹਨ। ਕੁਪੋਸ਼ਣ ਨੂੰ ਪ੍ਰਧਾਨ ਮੰਤਰੀ ਸ੍ਰੀ ਮੋਦੀ ਰਾਸ਼ਟਰ ਲਈ ਕਲੰਕ ਕਹਿ ਚੁੱਕੇ ਹਨ ਪਰ ਇਸ ਕਲੰਕ ਦਾ ਕਾਰਨ ਬਣ ਰਹੀਆਂ ਨੀਤੀਆਂ ਦਾ ਹੋਕਾ ਦੇਣ ਲਈ ਉਹ ਨਿੱਤ ਵਿਦੇਸ਼ਾਂ ਦੇ ਚੱਕਰ ਕੱਟ ਰਹੇ ਹਨ ਜਦੋਂ ਕਿ ਪਿਛਲੇ 24 ਸਾਲਾਂ ਤੋਂ ਲਾਗੂ ਇਨ੍ਹਾਂ ਨਵਉਦਾਰਵਾਦੀ ਨੀਤੀਆਂ ਦੇ ਅਮਲ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਇਹ ਨੀਤੀਆਂ ਕਾਰਪੋਰੇਟ ਘਰਾਣਿਆਂ ਦੀ ਸੇਵਾ ਤੇ ਗਰੀਬ ਜਨਤਾ ਦੇ ਵਿਰੋਧ ਵਿਚ ਭੁਗਤ ਰਹੀਆਂ ਹਨ।




## ਕਿਥੇ ਗਿਆ ਨਹਿਰੂ ਦਾ ਦਾਅਵਾ?

15 ਅਗਸਤ 1947 ਨੂੰ ਭਾਰਤ ਨੂੰ ਆਜ਼ਾਦ ਦੇਸ਼ ਐਲਾਨਦਿਆਂ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਆਪਣੇ ਪਲੇਠੇ ਭਾਸ਼ਣ ਵਿਚ ਦਾਅਵਾ ਕੀਤਾ ਸੀ ਕਿ ਹੁਣ ਦੇਸ਼ ਵਿਚ ਕੋਈ ਵੀ ਆਦਮੀ ਭੁੱਖਾ ਨਹੀਂ ਸੌਵੇਂਗਾ, 15 ਅਗਸਤ 2015 ਨੂੰ ਇਸ ਵਾਅਦੇ ਨੂੰ ਪੂਰੇ 68 ਸਾਲ ਬੀਤ ਚੁੱਕੇ ਹਨ ਪਰ ਨਹਿਰੂ ਦੇ ਕਹੇ ਸ਼ਬਦਾਂ ਤੋਂ ਲੈ ਕੇ ਮੋਦੀ ਦੇ ਆ ਰਹੇ ਚੰਗੇ ਦਿਨਾਂ ਦੇ ਘਟਨਾਕ੍ਰਮ ਤੱਕ ਦੇਸ਼ ਦੀਆਂ ਵੱਖ-ਵੱਖ ਹਕੂਮਤਾਂ ਦੇਸ਼ ਦੇ ਗਰੀਬ ਲੋਕਾਂ ਲਈ ਨਿਗੂਣੀ ਸੁੱਕੀ ਰੋਟੀ ਦੀ ਸਮੱਸਿਆ ਵੀ ਹੱਲ ਨਹੀਂ ਕਰ ਸਕੀਆਂ।

## 40 ਫ਼ੀਸਦੀ ਬੱਚੇ ਕੁਪੋਸ਼ਣ ਦਾ ਸ਼ਿਕਾਰ

ਭਾਰਤ ਵਿਚ 40 ਫ਼ੀਸਦੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਬੀਤੇ ਦਿਨੀਂ ਸੰਯੁਕਤ ਰਾਸ਼ਟਰ ਸੰਘ ਦੀ ਵਿਕਾਸ ਰਿਪੋਰਟ ਨੇ ਭਾਰਤ ਵਿਚ ਗਰੀਬੀ ਤੇ ਕੁਪੋਸ਼ਣ ਦੀ ਹਾਲਤ ਨੂੰ ਚਿੰਤਾਜਨਕ ਦੱਸਿਆ ਹੈ। ਸਰਕਾਰੀ ਅੰਕੜਿਆਂ ਮੁਤਾਬਕ ਦੇਸ਼ ਵਿਚ 35.6 ਫ਼ੀਸਦੀ ਔਰਤਾਂ ਤੇ 34.2 ਫ਼ੀਸਦੀ ਆਦਮੀਆਂ ਦਾ 'ਬਾਡੀ ਮਾਸ ਇਨਡੈਕਸ' (ਬੀ.ਐਮ.ਆਈ.) 18.5 ਤੋਂ ਘੱਟ ਹੈ, ਭਾਵ ਉਹ ਕੁਪੋਸ਼ਣ ਦਾ ਸ਼ਿਕਾਰ ਹਨ। ਨਾਰਮਲ ਬੀ.ਐਮ.ਆਈ. ਦੀ ਅੰਤਰਰਾਸ਼ਟਰੀ ਨਿਸ਼ਚਿਤ ਸੀਮਾ 18.5 ਹੈ। 17 ਤੋਂ 18.4 ਦੀ ਬੀ.ਐਮ.ਆਈ. ਵਾਲੇ ਨੂੰ ਕੁਪੋਸ਼ਿਤ ਮੰਨਿਆ ਜਾਂਦਾ ਹੈ ਤੇ 16.0 ਤੋਂ 16.9 ਵਿਚਕਾਰਲੀ ਸਥਿਤੀ ਗੰਭੀਰ ਰੂਪ ਵਿਚ ਕੁਪੋਸ਼ਤ ਮੰਨੀ ਜਾਂਦੀ ਹੈ ਤੇ 16 ਤੋਂ ਘੱਟ ਬੀ.ਐਮ.ਆਈ. ਵਾਲੇ ਵਿਅਕਤੀਆਂ ਨੂੰ ਭੁੱਖਮਰੀ ਦੀ ਕਿਸਮ ਵਿਚ ਸ਼ਾਮਲ ਕੀਤਾ ਜਾਂਦਾ ਹੈ।

## ਭ੍ਰਿਸ਼ਟਾਚਾਰ ਦੀ ਭੇਟ ਚੜ੍ਹਦੀਆਂ ਨੇ ਸਰਕਾਰੀ ਯੋਜਨਾਵਾਂ

ਕੇਂਦਰ ਤੇ ਸੂਬਾ ਸਰਕਾਰਾਂ ਗਰੀਬੀ ਤੇ ਭੁੱਖਮਰੀ ਦੂਰ ਕਰਨ ਲਈ ਖੁਰਾਕ ਸੁਰੱਖਿਆ ਯੋਜਨਾ ਸਮੇਤ ਗਰੀਬਾਂ ਲਈ ਤਕਰੀਬਨ 10 ਹਜ਼ਾਰ ਯੋਜਨਾਵਾਂ ਚਲਾ ਰਹੀਆਂ ਹਨ ਤੇ ਦੇਸ਼ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਏ ਦਿਨ ਤਰ੍ਹਾਂ-ਤਰ੍ਹਾਂ ਦੀਆਂ ਯੋਜਨਾਵਾਂ ਦੇ ਸ਼ਗੂਫ਼ੇ ਛੱਡ ਰਿਹਾ ਹੈ ਪਰ ਸਮੱਸਿਆ ਦੇ ਕਿਸੇ ਹੱਲ ਦੀ ਬਿਜਾਏ ਇਨ੍ਹਾਂ ਯੋਜਨਾਵਾਂ ਦਾ ਅਰਬਾਂ-ਖਰਬਾਂ ਰੁਪਿਆ ਭ੍ਰਿਸ਼ਟਾਚਾਰ ਦਾ ਦੈਂਤ ਹੜੱਪੀ ਜਾ ਰਿਹਾ ਹੈ। ਇਕੱਲੀ ਮਨਰੇਗਾ ਯੋਜਨਾ ਵਿਚ ਹੀ ਪਿਛਲੇ 10 ਸਾਲਾਂ ਵਿਚ ਤਿੰਨ ਲੱਖ 84 ਹਜ਼ਾਰ ਕਰੋੜ ਰੁਪਏ ਸਰਕਾਰੀ ਖ਼ਜ਼ਾਨੇ ਵਿਚੋਂ ਜਾਰੀ ਹੋਏ ਹਨ ਜੋ ਦੇਸ਼ ਦੇ ਗਰੀਬਾਂ ਤੱਕ ਨਹੀਂ ਪਹੁੰਚੇ ਬਲਕਿ ਮਨਰੇਗਾ ਮਜ਼ਦੂਰਾਂ ਦੇ 6000 ਕਰੋੜ ਰੁਪਏ ਮਜ਼ਦੂਰੀ ਦੇ ਬਕਾਏ ਇਕ ਸਾਲ ਤੋਂ ਸਰਕਾਰ ਵੱਲ ਅੱਜ ਵੀ ਖੜ੍ਹੇ ਹਨ।

## ਬਾਲ ਮਜ਼ਦੂਰੀ ਦਾ ਅੰਕੜਾ 53 ਫੀਸਦੀ ਵਧਿਆ

ਇਕ ਸਰਵੇਖਣ ਮੁਤਾਬਕ ਭਾਰਤ ਵਿਚ ਸ਼ਹਿਰੀ ਖੇਤਰਾਂ ਵਿਚ 2001-2015 ਦੌਰਾਨ ਬਾਲ ਮਜ਼ਦੂਰੀ ਦਾ ਅੰਕੜਾ 53 ਫੀਸਦੀ ਵਧਿਆ ਹੈ। ਦੇਸ਼ ਵਿਚ ਅਜੇ ਵੀ ਇਕ ਕਰੋੜ ਤੋਂ ਵੱਧ ਬੱਚੇ ਲਗਾਤਾਰ ਬਾਲ ਮਜ਼ਦੂਰੀ ਕਰ ਰਹੇ ਹਨ। ਰਿਪੋਰਟ ਅਨੁਸਾਰ 80 ਫੀਸਦੀ ਤੋਂ ਵੱਧ ਬਾਲ ਮਜ਼ਦੂਰ ਪਿੰਡਾਂ ਵਿਚ ਕੰਮ ਕਰਦੇ ਹਨ ਤੇ ਉਨ੍ਹਾਂ ਵਿਚੋਂ ਤਿੰਨ ਤੋਂ ਚਾਰ ਬੱਚੇ ਖੇਤਾਂ ਤੇ ਘਰੇਲੂ ਉਦਯੋਗ ਵਿਚ ਕੰਮ ਕਰਦੇ ਹਨ। ਦੇਸ਼ ਦੇ ਬਾਲ ਮਜ਼ਦੂਰਾਂ ਵਿਚੋਂ ਅੱਧੇ ਤੋਂ ਵੱਧ ਬੱਚੇ ਪੰਜ ਸੂਬਿਆਂ ਬਿਹਾਰ, ਉੱਤਰ ਪ੍ਰਦੇਸ਼, ਰਾਜਸਥਾਨ, ਮੱਧ ਪ੍ਰਦੇਸ਼ ਤੇ ਮਹਾਂਰਾਸ਼ਟਰ ਵਿਚ ਹੀ ਹਨ। ਉੱਤਰ ਪ੍ਰਦੇਸ਼ ਵਿਚ ਸਭ ਤੋਂ ਵੱਧ 13 ਫੀਸਦੀ ਬਾਲ ਮਜ਼ਦੂਰਾਂ ਦਾ ਵਾਧਾ ਦਰਜ ਕੀਤਾ ਗਿਆ ਹੈ। ਸਾਲ 2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਦੇਸ਼ ਵਿਚ 5-14 ਸਾਲ ਦੀ ਉਮਰ ਦੇ ਤਕਰੀਬਨ 50 ਲੱਖ ਤੋਂ ਵੱਧ ਬੱਚੇ ਵੱਖ-ਵੱਖ ਕਿਸਮ ਦੀ ਮਜ਼ਦੂਰੀ ਕਰ ਰਹੇ ਹਨ ਜਦੋਂਕਿ ਨੈਸ਼ਨਲ ਸੈਂਪਲ ਸਰਵੇ ਸੰਸਥਾ ਦੀ 2005 ਦੀ ਰਿਪੋਰਟ ਅਨੁਸਾਰ ਭਾਰਤ ਵਿਚ ਬਾਲ ਮਜ਼ਦੂਰਾਂ ਦੀ ਗਿਣਤੀ 90.75 ਲੱਖ ਹੈ।



# ਮਨਰੇਗਾ ਤਹਿਤ ਮਜ਼ਦੂਰੀ ਦੇਣ ਵਿਚ ਪੰਜਾਬ ਪਛੜਿਆ, ਹਰਿਆਣਾ ਬਣਿਆ ਨੰਬਰ ਵੰਨ

**ਚੰਡੀਗੜ੍ਹ:** ਪਿਛਲੀ ਯੂ.ਪੀ.ਏ ਸਰਕਾਰ ਵੱਲੋਂ ਸ਼ੁਰੂ ਕੀਤੀ ਮਹਾਤਮਾ ਗਾਂਧੀ ਕੌਮੀ ਦਿਹਾਤੀ ਰੁਜ਼ਗਾਰ ਗਰੰਟੀ ਯੋਜਨਾ ਤਹਿਤ ਅਣਸਿੱਖਤ ਕਾਮਿਆਂ ਨੂੰ ਮਜ਼ਦੂਰੀ ਦੇਣ ਵਿਚ ਹਰਿਆਣਾ ਸਭ ਤੋਂ ਅੱਗੇ ਹੈ ਜਦੋਂਕਿ ਪੂਰੇ ਦੇਸ਼ ਵਿਚ ਦਲਿਤਾਂ ਦੀ ਸਭ ਤੋਂ ਵੱਧ ਵੱਸੋਂ ਵਾਲਾ ਸੂਬਾ ਪੰਜਾਬ ਮਨਰੇਗਾ ਤਹਿਤ ਮਜ਼ਦੂਰੀ ਦੇਣ ਦੇ ਮਾਮਲੇ ਵਿਚ ਛੇਵੇਂ ਨੰਬਰ ਉਤੇ ਹੈ। ਉਂਜ ਮੱਧ ਪ੍ਰਦੇਸ ਤੇ ਛੱਤੀਸਗੜ੍ਹ ਅਜਿਹੇ ਦੋ ਸੂਬੇ ਹਨ, ਜਿਥੇ ਇਸ ਸਕੀਮ ਤਹਿਤ ਮਜ਼ਦੂਰਾਂ ਨੂੰ ਸਭ ਤੋਂ ਘੱਟ ਮਜ਼ਦੂਰੀ ਮਿਲਦੀ ਹੈ। ਮਨਰੇਗਾ ਤਹਿਤ ਮਜ਼ਦੂਰੀ ਦੇਣ ਬਾਰੇ ਕੇਂਦਰੀ ਦਿਹਾਤੀ ਵਿਕਾਸ ਮੰਤਰਾਲੇ ਵੱਲੋਂ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਸੂਚੀ ਜਾਰੀ ਕੀਤੀ ਹੈ।

ਇਸ ਸੂਚੀ ਮੁਤਾਬਕ ਪੰਜਾਬ ਦੇ ਗੁਆਂਢੀ ਹਰਿਆਣਾ ਦੇ ਅਣਸਿੱਖਤ ਮਜ਼ਦੂਰਾਂ ਨੂੰ ਪ੍ਰਤੀ ਦਿਨ 251 ਰੁਪਏ ਦਿੱਤੇ ਜਾਂਦੇ ਹਨ ਜਦੋਂ ਕਿ ਦੂਜੇ ਨੰਬਰ ਉੱਤੇ ਕੇਂਦਰੀ ਸ਼ਾਸਤ ਪ੍ਰਦੇਸ ਨਿਕੋਬਾਰ ਵਿਚ 241 ਰੁਪਏ ਤੇ ਤੀਜੇ ਨੰਬਰ ਉੱਤੇ ਚੰਡੀਗੜ੍ਹ ਤੇ ਕੇਰਲਾ ਰਾਜ 239 ਰੁਪਏ ਦੇ ਹਿਸਾਬ ਨਾਲ ਮਜ਼ਦੂਰੀ ਦੇ ਰਿਹਾ ਹੈ। ਅੰਡੇਮਾਨ ਦੇ ਪ੍ਰਸ਼ਾਸਨ ਵੱਲੋਂ ਮਜ਼ਦੂਰਾਂ ਨੂੰ ਪ੍ਰਤੀ ਦਿਨ 228 ਰੁਪਏ, ਪੰਜਾਬ ਤੇ ਲਕਸ਼ਦੀਪ ਦੀਆਂ ਸਰਕਾਰਾਂ ਵੱਲੋਂ 210 ਰੁਪਏ ਤੇ ਗੋਆ ਸਰਕਾਰ ਵੱਲੋਂ 208 ਰੁਪਏ ਮਜ਼ਦੂਰੀ ਦਿੱਤੀ ਜਾ ਰਹੀ ਹੈ।

ਸਭ ਤੋਂ ਘੱਟ ਮਜ਼ਦੂਰੀ ਦੇਣ ਵਾਲੇ ਸੂਬਿਆਂ ਵਿਚ ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਸੂਬੇ ਪਹਿਲੇ ਸਥਾਨ ਉਤੇ ਹਨ, ਇਨ੍ਹਾਂ ਸੂਬਿਆਂ ਵਿਚ ਮਜ਼ਦੂਰਾਂ ਨੂੰ ਪ੍ਰਤੀ ਦਿਨ ਸਿਰਫ਼ 159 ਰੁਪਏ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ ਉੱਤਰ ਪ੍ਰਦੇਸ ਤੇ ਉਤਰਾਖੰਡ ਵੱਲੋਂ 161 ਰੁਪਏ, ਬਿਹਾਰ ਤੇ ਝਾਰਖੰਡ ਵਿਚ 162 ਰੁਪਏ, ਜੰਮੂ ਤੇ ਕਸ਼ਮੀਰ ਵਿਚ 164 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਮਜ਼ਦੂਰੀ ਦਿੱਤੀ ਜਾਂਦੀ ਹੈ। ਦੱਸਣਾ ਬਣਦਾ ਹੈ ਕਿ ਇਸ ਯੋਜਨਾ ਤਹਿਤ ਪੰਚਾਇਤ ਤੇ ਸਥਾਨਕ ਪੱਧਰ ਉਤੇ ਰਜਿਸਟ੍ਰੇਸ਼ਨ ਹੋਣ ਵਾਲੇ ਮਜ਼ਦੂਰਾਂ ਨੂੰ ਹਰ ਸਾਲ ਵਿਚ 100 ਦਿਨ ਤੈਅ ਸ਼ੁਦਾ ਰੇਟਾਂ ਮੁਤਾਬਕ ਰੋਜ਼ਗਾਰ ਦੇਣਾ ਜ਼ਰੂਰੀ ਕੀਤਾ ਹੋਇਆ ਹੈ।

ਅੰਕੜਿਆਂ ਮੁਤਾਬਕ ਆਸਾਮ ਵਿਚ 179 ਰੁਪਏ, ਆਂਧਰਾ ਪ੍ਰਦੇਸ਼ ਵਿਚ 180 ਰੁਪਏ, ਗੁਜਰਾਤ ਵਿਚ 178 ਰੁਪਏ, ਹਿਮਾਚਲ ਪ੍ਰਦੇਸ਼ ਦੇ ਅਨੁਸੂਚਿਤ ਖੇਤਰਾਂ ਵਿਚ 203 ਰੁਪਏ ਤੇ ਗੈਰ-ਅਨੁਸੂਚਿਤ ਖੇਤਰਾਂ ਵਿਚ 162 ਰੁਪਏ, ਕਰਨਾਟਕ ਵਿਚ 204 ਰੁਪਏ, ਮਹਾਰਾਸ਼ਟਰ ਵਿਚ 181 ਰੁਪਏ ਤੇ ਮਣੀਪੁਰ ਵਿਚ 190 ਰੁਪਏ, ਮਿਜ਼ੋਰਮ ਵਿਚ 183 ਰੁਪਏ, ਨਾਗਾਲੈਂਡ ਵਿਚ 167 ਰੁਪਏ, ਉੜੀਸਾ ਵਿਚ 174 ਰੁਪਏ, ਰਾਜਸਥਾਨ ਵਿਚ 173 ਰੁਪਏ, ਸਿੱਕਮ ਵਿਚ 167 ਰੁਪਏ, ਤਾਮਿਲਨਾਡੂ ਵਿਚ 183 ਰੁਪਏ ਮਜ਼ਦੂਰੀ ਦਿੱਤੀ ਜਾ ਰਹੀ ਹੈ।

## ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਘੱਟ ਮਜ਼ਦੂਰੀ ਦੇਣ ਵਾਲੇ ਸੂਬੇ



# ਅਸਲ ਟੀਚੇ ਤੋਂ ਥਿੜਕ ਗਈ ਮੋਦੀ ਸਰਕਾਰ: ਅਮਰੀਕੀ ਰਿਪੋਰਟ

**ਵਾਸ਼ਿੰਗਟਨ:** ਪਰਿਵਰਤਨ ਦੇ ਮੁੱਦੇ ਉਤੇ ਪਿਛਲੇ ਸਾਲ ਸੱਤਾ ਵਿਚ ਆਈ ਮੋਦੀ ਸਰਕਾਰ ਨੌਕਰਸ਼ਾਹੀ ਤੇ ਰਾਜਨੀਤੀ ਵਿਚ ਉਲਝ ਕੇ ਰਹਿ ਗਈ ਹੈ। ਅਮਰੀਕਾ ਦੇ ਕੁਝ ਬੁੱਧੀਜੀਵੀਆਂ ਨੇ ਇਹ ਗੱਲ ਕਹੀ ਹੈ। ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਹਰ ਖੇਤਰ ਵਿਚ ਉਤਸ਼ਾਹ ਨਹੀਂ ਸਗੋਂ ਹੁਸ਼ਿਆਰੀ ਦਿਖਾਈ ਦੇ ਰਹੀ ਹੈ।

ਵਾਸ਼ਿੰਗਟਨ ਦੇ ਹਡਸਨ ਇੰਸਟੀਚਿਊਟ ਨੇ ਇਸ ਰਿਪੋਰਟ, 'ਮੋਦੀ ਦਾ ਇਕ ਸਾਲ' ਵਿਚ ਕਿਹਾ ਹੈ ਕਿ ਭਾਜਪਾ ਸਰਕਾਰ ਨੂੰ ਭਾਰਤ ਦੀ ਨਵੀਂ ਪੀੜ੍ਹੀ ਸੱਤਾ ਵਿਚ ਲੈ ਕੇ ਆਈ ਹੈ। ਨਵੇਂ ਭਾਰਤੀ ਵੋਟਰ ਤੁਰੰਤ ਸੰਤੁਸ਼ਟੀ ਤੇ ਪਰਿਣਾਮ ਚਾਹੁੰਦੇ ਹਨ। ਅਰਥ ਵਿਵਸਥਾ, ਰੱਖਿਆ, ਸਿਹਤ, ਵਪਾਰ, ਊਰਜਾ, ਸਿੱਖਿਆ ਤੇ ਮਜ਼ਦੂਰੀ ਸਮੇਤ ਹਰ ਹਰ ਜਗ੍ਹਾ ਉਤਸ਼ਾਹ ਨਹੀਂ ਸਗੋਂ ਹੁਸ਼ਿਆਰੀ ਵੇਖਣ ਨੂੰ ਮਿਲ ਰਹੀ ਹੈ। ਰਿਪੋਰਟ ਅਨੁਸਾਰ ਮੋਦੀ ਸਰਕਾਰ ਅੱਗੇ ਅਜੇ ਵੀ ਕਈ ਮੌਕੇ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਕਾਫ਼ੀ ਸਮਰਥਨ ਪ੍ਰਾਪਤ ਹੈ, ਕਾਰਪੋਰੇਟ ਖੇਤਰ ਨੂੰ ਅਜੇ ਵੀ ਪਰਿਵਰਤਨ ਦੀ ਆਸ ਹੈ ਤੇ ਵਿਸ਼ਵ ਪੱਧਰੀ ਵਾਤਾਵਰਨ ਪੱਖ ਵਿਚ ਹੈ। ਮੋਦੀ ਦੇ ਸਮਰਥਕ ਵੀ ਸਾਕਾਰਾਤਮਕ ਨਤੀਜੇ ਵੇਖਣ ਨੂੰ ਬੇਤਾਬ ਹਨ।



ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਦੀ ਅਰਥ ਵਿਵਸਥਾ ਵਿਚ ਵਿਕਾਸ ਹੋਇਆ ਹੈ ਪਰ ਇਹ ਸਰਕਾਰੀ ਨੀਤੀਆਂ ਕਰਕੇ ਨਹੀਂ ਸਗੋਂ ਵਿਸ਼ਵੀ ਆਰਥਿਕ ਸਥਿਤੀਆਂ ਵਿਚ ਪਰਿਵਰਤਨ ਕਾਰਨ ਹੋਇਆ ਹੈ। ਸਰਕਾਰ ਦੇ ਕੁਝ ਕਦਮਾਂ ਨੇ ਭਾਰਤ ਦੀ ਛਵੀ ਨੂੰ ਨੁਕਸਾਨ ਪਹੁੰਚਾਇਆ ਹੈ। ਇਨ੍ਹਾਂ ਵਿਚ ਕਰ ਅਤਿਵਾਦ ਤੇ ਕਰ ਤੇ ਮਜ਼ਦੂਰੀ ਸੁਧਾਰਾਂ ਨੂੰ ਲਾਗੂ ਨਾ ਕਰਨਾ ਹੈ।

# ਅਸਾਂਜੇ ਵਿਰੁਧ ਜਿਨਸੀ ਹਮਲੇ ਦੇ ਦੋਸ਼ ਵਾਪਸ ਲਏ

**ਸਟਾਕਹੋਮ:** ਸਵੀਡਨ ਦੇ ਸਰਕਾਰੀ ਵਕੀਲਾਂ ਨੇ ਕਿਹਾ ਕਿ ਉਨ੍ਹਾਂ ਵਿਕੀਲੀਕਸ ਦੇ ਬਾਨੀ ਜੂਲੀਅਨ ਅਸਾਂਜੇ ਵਿਰੁੱਧ ਜਿਨਸੀ ਹਮਲੇ ਦੇ ਦੋਸ਼ਾਂ ਦੀ ਜਾਂਚ ਖ਼ਤਮ ਕਰ ਦਿੱਤੀ ਕਿਉਂਕਿ ਇਸ ਕੇਸ ਦੀ ਸਮਾਂ ਹੱਦ ਸਮਾਪਤ ਹੋ ਚੁੱਕੀ ਸੀ। ਆਪਣੀ ਹਵਾਲਗੀ ਟਾਲਣ ਲਈ 2012 ਤੋਂ ਲੰਡਨ ਵਿਚ ਇਕੁਆਡੋਰ ਦੇ ਸਫ਼ਾਰਤਖਾਨੇ ਵਿਚ ਲੁਕੇ ਬੈਠੇ ਅਸਾਂਜੇ ਵਿਰੁੱਧ ਚਾਰ ਵਿਚੋਂ ਦੋ ਦੋਸ਼ਾਂ ਦੀ ਕਾਨੂੰਨੀ ਸਮਾਂ ਹੱਦ ਪੂਰੀ ਹੋ ਚੁੱਕੀ ਹੈ।



ਸਰਕਾਰੀ ਵਕੀਲ ਮੈਰੀਨ ਨੇਅ ਨੇ ਕਿਹਾ ਕਿ ਕੁਝ ਦੋਸ਼ਾਂ ਦੀ ਕਾਨੂੰਨੀ ਸਮਾਂ ਹੱਦ ਹੁਣ ਖ਼ਤਮ ਹੋ ਚੁੱਕੀ ਹੈ। ਇਸ ਲਈ ਉਹ ਹੁਣ ਜਾਂਚ ਦਾ ਘੇਰਾ ਘਟਾਉਣ ਲਈ ਪਾਬੰਦ ਹਨ ਹਾਲਾਂਕਿ ਉਹ ਫਿਰ ਵੀ 44 ਸਾਲਾ ਇਸ ਆਸਟਰੇਲੀਆਈ ਨਾਗਰਿਕ ਤੋਂ ਜਬਰਜਨਾਹ ਦੇ ਗੰਭੀਰ ਦੋਸ਼ਾਂ ਬਾਰੇ ਪੁੱਛ-ਪੜਤਾਲ ਕਰਨਾ ਚਾਹੁੰਦੇ ਹਨ। ਉਸ ਵਿਰੁੱਧ ਜਿਨਸੀ ਹਮਲੇ ਤੇ ਵਧੀਕੀ ਦਾ ਦੋਸ਼ ਵਾਪਸ ਲਿਆ ਗਿਆ ਹੈ।

ਜਿਨਸੀ ਛੇੜਛਾੜ ਦੇ ਇਕ ਵੱਖਰੇ ਦੋਸ਼ ਦੀ ਵੀ ਸਮਾਂ ਹੱਦ 18 ਅਗਸਤ ਨੂੰ ਪੂਰੀ ਹੋ ਰਹੀ ਹੈ। ਸਵੀਡਨ ਦੀਆਂ ਦੋ ਔਰਤਾਂ ਵੱਲੋਂ ਲਾਏ ਇਨ੍ਹਾਂ ਦੋਸ਼ਾਂ ਤੋਂ ਅਸਾਂਜੇ ਹਮੇਸ਼ਾ ਇਨਕਾਰ ਕਰਦਾ ਰਿਹਾ ਹੈ ਤੇ ਉਹ ਇਸ ਗੱਲ ਉਤੇ ਜ਼ੋਰ ਦਿੰਦਾ ਰਿਹਾ ਕਿ ਇਨ੍ਹਾਂ ਨਾਲ ਸਰੀਰਕ ਸਬੰਧ ਸਹਿਮਤੀ ਦੇ ਆਧਾਰ ਉਤੇ ਬਣੇ ਸਨ।

## ਡਾ. ਮਨਮੋਹਨ ਸਿੰਘ ਨੂੰ ਤਲਬ ਕਰਨ ਦੀ ਮੰਗ

**ਨਵੀਂ ਦਿੱਲੀ:** ਕੋਲਾ ਘੁਟਾਲੇ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਮਧੂ ਕੌੜਾ ਨੇ ਕਿਹਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਮੁਲਜ਼ਮ ਵਜੋਂ ਤਲਬ ਕੀਤਾ ਜਾਵੇ ਕਿਉਂਕਿ ਸਿਖਰਲੀ ਲੀਡਰਸ਼ਿਪ ਨੂੰ ਮੁਕੱਦਮੇ ਦਾ ਸਾਹਮਣਾ ਕੀਤੇ ਬਿਨਾਂ ਮੁਕਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਵਿਸ਼ੇਸ਼ ਅਦਾਲਤ ਵਿਚ ਇਸ ਬਾਰੇ ਅਰਜ਼ੀ ਪਾਈ ਹੈ। ਉਸ ਦਾ ਕਹਿਣਾ ਹੈ ਕਿ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਅਧੀਨ ਕੋਲਾ ਮੰਤਰਾਲਾ ਵੀ ਸੀ ਤੇ ਉਨ੍ਹਾਂ ਦੀ ਜਾਣਕਾਰੀ ਤੋਂ ਬਿਨਾਂ ਘੁਟਾਲਾ ਹੋਣਾ ਮੁਸ਼ਕਲ ਹੈ।

# ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ 11 ਅਕਤੂਬਰ ਨੂੰ

**ਸੈਕਰਾਮੈਂਟੋ (ਬਿਊਰੋ):** ਗਦਰੀ ਬਾਬਿਆਂ ਨੂੰ ਸਮਰਪਿਤ ਸਥਾਨਕ ਸੰਸਥਾ ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਗਦਰੀ ਬਾਬਿਆਂ ਦਾ ਮੇਲਾ ਇਸ ਵਾਰ ਆਉਂਦੀ 11 ਅਕਤੂਬਰ ਐਤਵਾਰ ਨੂੰ ਇਥੇ ਐਲਕ ਗਰੁਵ ਦੇ ਐਸ ਸੀ ਐਸ ਹਾਲ ਵਿਚ ਕਰਵਾਇਆ ਜਾਏਗਾ। ਇਸ ਸਬੰਧੀ ਫੈਸਲਾ ਜਥੇਬੰਦੀ ਦੀ ਇਥੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਇਸ ਵਾਰ ਦਾ ਮੇਲਾ ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸੱਤ ਸ਼ਹੀਦਾਂ-ਕਰਤਾਰ ਸਿੰਘ ਸਰਾਭਾ, ਬਿਸ਼ਨੂੰ ਗਣੇਸ਼ ਪਿੰਗਲੇ, ਬਖਸ਼ੀਸ਼ ਸਿੰਘ, ਸੁਰੈਣ ਸਿੰਘ ਗਿਲਵਾੜੀ (1), ਸੁਰੈਣ ਸਿੰਘ ਗਿਲਵਾੜੀ (2), ਹਰਨਾਮ ਸਿੰਘ ਸਿਆਲਕੋਟ ਅਤੇ ਜਗਤ ਸਿੰਘ ਨੂੰ ਸਮਰਪਿਤ ਹੋਵੇਗਾ, ਜਿਨ੍ਹਾਂ ਨੇ 16 ਨਵੰਬਰ 1915 ਨੂੰ ਦੇਸ਼ ਦੀ ਆਜਾਦੀ ਲਈ ਹੱਸ ਹੱਸ ਫਾਂਸੀ ਦੇ ਰੱਸੇ ਚੁੰਮੇ। ਇਹ ਵਰ੍ਹਾਂ ਆਜਾਦੀ ਦੇ ਇਨ੍ਹਾਂ ਪਰਵਾਨਿਆਂ ਦੀ ਸ਼ਹੀਦੀ ਦਾ ਸ਼ਤਾਬਦੀ ਵਰ੍ਹਾ ਹੈ। ਇਸ ਸ਼ਤਾਬਦੀ ਵਰ੍ਹੇ ਨਾਲ ਸਬੰਧਤ ਹੋਰ ਸ਼ਹੀਦਾਂ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ।

ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਮੇਲੇ ਦੀ ਅਹਿਮੀਅਤ ਨੂੰ ਧਿਆਨ ਵਿਚ ਰਖਦਿਆਂ ਮੀਟਿੰਗ ਵਿਚ ਪ੍ਰੋਗਰਾਮ ਦਾ ਖਾਕਾ ਉਲੀਕਿਆ ਗਿਆ। ਸੁਚਾਰੂ ਪ੍ਰਬੰਧ ਲਈ ਵਖ ਵਖ ਕਮੇਟੀਆਂ ਦਾ ਗਠਨ ਕੀਤਾ ਗਿਆ ਜਿਨ੍ਹਾਂ ਵਿਚ ਫੰਡ ਦੀ ਉਗਰਾਹੀ, ਲੰਗਰ ਦੇ ਪ੍ਰਬੰਧ, ਸਟੇਜ ਸੰਚਾਲਨ ਅਤੇ ਸਭਿਆਚਾਰਕ ਪ੍ਰੋਗਰਾਮ ਉਲੀਕਣ ਲਈ ਕਮੇਟੀਆਂ ਸ਼ਾਮਲ ਹਨ।

ਮੀਟਿੰਗ ਦੇ ਸ਼ੁਰੂ ਵਿਚ ਇਕ ਸ਼ੋਕ ਮਤੇ ਰਾਹੀਂ ਪੱਤਰਕਾਰ ਅਤੇ ਸਾਹਿਤਕਾਰ, ਖੱਬੇਪੱਖੀ ਆਗੂ ਤੇ ਅਖਬਾਰ ਨਵਾਂ ਜ਼ਮਾਨਾ, ਜਲੰਧਰ ਦੇ ਸੰਪਾਦਕ ਸ. ਜਗਜੀਤ ਸਿੰਘ ਆਨੰਦ ਦੇ ਚਲਾਣੇ ਉਪਰ ਦੁਖ ਪ੍ਰਗਟਾਉਂਦਿਆਂ ਇਸ ਨੂੰ ਖੱਬੇ ਪੱਖੀ ਲਹਿਰ, ਪੰਜਾਬੀ ਸਾਹਿਤ ਅਤੇ ਕਿਸਾਨਾਂ/ਮਜਦੂਰਾਂ ਦੀ ਲਹਿਰ ਨੂੰ ਵਡਾ ਘਾਟਾ ਦਸਿਆ ਗਿਆ।

ਜਥੇਬੰਦੀ ਵਲੋਂ ਕੌਮੀ ਸ਼ਹੀਦਾਂ ਦੀ ਯਾਦ ਵਿਚ ਬਣੀਆਂ ਸਮੂਹ ਸੰਸਥਾਵਾਂ ਅਤੇ ਭਾਰਤੀ ਜਥੇਬੰਦੀਆਂ ਨੂੰ ਸਹਿਯੋਗ ਅਤੇ ਮੇਲੇ ਵਿਚ ਸ਼ਾਮਲ ਹੋਣ ਲਈ ਅਪੀਲ ਕੀਤੀ ਗਈ ਹੈ

# ਬਾਪੂ ਸੂਰਤ ਸਿੰਘ ਦਾ ਜਵਾਈ ਸਤਵਿੰਦਰ ਸਿੰਘ ਭੋਲਾ ਕਤਲ

**ਸ਼ਿਕਾਗੋ (ਬਿਊਰੋ):** ਬੰਦੀ ਸਿੱਖਾਂ ਦੀ ਰਿਹਾਈ ਲਈ ਸੰਘਰਸ਼ ਕਰ ਰਹੇ ਬਾਪੂ ਸੂਰਤ ਸਿੰਘ ਖ਼ਾਲਸਾ ਦਾ ਜਵਾਈ ਸਤਵਿੰਦਰ ਸਿੰਘ ਭੋਲਾ ਦਾ ਇਥੋਂ ਕਰੀਬ ਡੇਢ ਸੌ ਮੀਲ ਇਲੀਨਾਏ ਦੇ ਸ਼ਹਿਰ ਪਿਓਰੀਆ 'ਚ ਐਤਵਾਰ ਰਾਤੀਂ ਕੁਝ ਅਣਪਛਾਤੇ ਹਮਲਾਵਰਾਂ ਨੇ ਉਸ ਨੂੰ ਅਪਾਰਟਮੈਂਟ ਕੰਪਲੈਕਸ ਦੇ ਬਾਹਰ ਕਤਲ ਕਰ ਦਿੱਤਾ, ਜਿਥੇ ਉਹ ਪਰਿਵਾਰ ਸਮੇਤ ਰਹਿੰਦਾ ਸੀ। ਉਹ 52 ਸਾਲ ਦਾ ਸੀ।



ਭੋਲੇ ਦੀ ਪਤਨੀ ਅਤੇ ਬਾਪੂ ਸੂਰਤ ਸਿੰਘ ਖ਼ਾਲਸਾ ਦੀ ਲੜਕੀ ਸਰਵਰਿੰਦਰ ਕੌਰ ਅਜੇ ਦੋ ਅਗਸਤ ਨੂੰ ਹੀ ਲੁਧਿਆਣਾ ਤੋਂ ਅਮਰੀਕਾ ਆਈ ਸੀ। ਸਰਵਰਿੰਦਰ ਕੌਰ ਆਪਣੇ ਪਿਤਾ ਦੇ ਸੰਘਰਸ਼ ਵਿਚ ਸ਼ਾਮਲ ਹੋਣ ਲਈ ਭਾਰਤ ਗਈ ਸੀ।

ਪੁਲਿਸ ਭਾਵੇਂ ਇਸ ਘਟਨਾ ਦੀ ਪੁਣ-ਛਾਣ ਲੁੱਟ-ਖੋਹ ਅਤੇ ਕਾਰੋਬਾਰੀ ਕਲੇਸ਼-ਦੋਹਾਂ ਹੀ ਥਿਊਰੀਆਂ 'ਤੇ ਕਰ ਰਹੀ ਹੈ ਪਰ ਪੁਲਿਸ ਅਨੁਸਾਰ ਜਾਹਰਾ ਤੌਰ 'ਤੇ ਇਹ ਘਟਨਾ ਲੁਟ-ਮਾਰ ਦੀ ਨਹੀਂ ਜਾਪਦੀ ਕਿਉਂਕਿ ਉਸ ਦੀ ਜੇਬ ਵਿਚ 2000 ਡਾਲਰ ਤੋਂ ਵੱਧ ਰਕਮ ਨਕਦ ਸੀ ਜੋ ਛੇੜੀ ਨਹੀਂ ਗਈ। ਇਹ ਖਬਰ ਛਪਣ ਵੇਲੇ ਤਕ ਕੋਈ ਗ੍ਰਿਫਤਾਰੀ ਨਹੀਂ ਸੀ ਕੀਤੀ ਗਈ ਅਤੇ ਨਾ ਹੀ ਪੁਲਿਸ ਨੇ ਕੋਈ ਕੇਸ ਦਰਜ ਕੀਤਾ ਹੈ।

ਮਰਹੂਮ ਭੋਲੇ ਉਤੇ ਚਾਕੂ ਨਾਲ ਵਾਰ ਕੀਤਾ ਗਿਆ ਅਤੇ ਉਸ ਦੇ ਸਰੀਰ ਉਤੇ ਕਈ ਥਾਂ ਚਾਕੂ ਦੇ ਵਾਰ ਸਨ, ਪ੍ਰੰਤੂ ਗਰਦਨ 'ਤੇ ਹੋਇਆ ਵਾਰ ਘਾਤਕ ਸਾਬਤ ਹੋਇਆ। ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਬਾਪੂ ਖਾਲਸਾ ਦੇ ਸਮਰਥਕ ਇਸ ਨੂੰ ਉਸ ਦੇ ਸੰਘਰਸ਼ ਨਾਲ ਜੋੜ ਰਹੇ ਹਨ ਤੇ ਇਸ ਨੂੰ ਭਾਰਤੀ ਖੂਫੀਆ ਏਜੰਸੀ ਦੀ ਸਾਜ਼ਿਸ਼ ਕਰਾਰ ਦੇ ਰਹੇ ਹਨ। ਉਨ੍ਹਾਂ ਦਾ ਦੋਸ਼ ਹੈ ਕਿ ਜਦੋਂ ਬਾਪੂ ਸੂਰਤ ਸਿੰਘ ਦਾ ਸੰਘਰਸ਼ ਫੇਲ੍ਹ ਕਰਨ ਦਾ ਕੋਈ ਯਤਨ ਕਾਰਗਰ ਸਾਬਤ ਨਾ ਹੋਇਆ ਤਾਂ ਖੁਫੀਆ ਏਜੰਸੀਆਂ ਵਲੋਂ ਇਹ ਵਾਰਦਾਤ ਕਰਵਾਈ ਗਈ। ਸੋਮਵਾਰ ਸਵੇਰੇ ਇਸ ਘਟਨਾ ਦਾ ਪਤਾ ਲਗਦਿਆਂ ਸਾਰ ਸੋਸ਼ਲ ਮੀਡੀਏ ਉਤੇ ਇਹ ਵਿਚਾਰ ਆਉਣ ਲਗ ਪਏ ਸਨ।

ਜ਼ਿਕਰਯੋਗ ਹੈ ਕਿ ਸਤਵਿੰਦਰ ਸਿੰਘ ਭੋਲਾ ਅਕਾਲ ਤਖਤ ਉਤੇ ਹਮਲੇ ਤੋਂ ਬਾਅਦ ਸਿੱਖ ਸਟੂਡੈਂਟਸ ਫੈਡਰੇਸ਼ਨ (ਮਨਜੀਤ ਸਿੰਘ) ਦੀ ਪੰਜ ਮੈਂਬਰੀ ਪ੍ਰੀਜ਼ੀਡੀਅਮ ਦਾ ਮੈਂਬਰ ਰਿਹਾ। ਪ੍ਰੀਜ਼ੀਡਅਮ ਵਿਚ ਹੋਰਨਾਂ ਤੋਂ ਇਲਾਵਾ ਮਨਜੀਤ ਸਿੰਘ, ਹਰਮਿੰਦਰ ਸਿੰਘ ਸੰਧੂ ਤੇ ਸੁਖਵੰਤ ਸਿੰਘ ਅੱਕਾਂਵਾਲੀ ਸ਼ਾਮਲ ਸਨ। ਉਹ 1991 ਵਿਚ ਅਮਰੀਕਾ ਆ ਗਿਆ ਸੀ ਤੇ ਇਥੇ ਸਿਆਸੀ ਪਨਾਹ ਲੈ ਲਈ ਸੀ।

ਪ੍ਰਾਪਤ ਸੂਚਨਾ ਮੁਤਾਬਕ ਸਤਵਿੰਦਰ ਸਿੰਘ ਭੋਲਾ ਖ਼ਿਲਾਫ਼ ਭਾਰਤ ਵਿਚ ਅੱਠ ਕੇਸ ਦਰਜ ਸਨ। ਇਨ੍ਹਾਂ ਕੇਸਾਂ ਵਿਚੋਂ ਇਕ ਕੇਸ ਅਕਾਲੀ ਨੇਤਾ ਡਾ. ਰਾਜਿੰਦਰ ਕੌਰ ਦੀ ਹੱਤਿਆ ਦਾ ਸੀ। ਡਾ. ਰਾਜਿੰਦਰ ਕੌਰ ਪੰਥ ਰਤਨ ਮਾਸਟਰ ਤਾਰਾ ਸਿੰਘ ਦੀ ਧੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਕਿਰਨਜੋਤ ਕੌਰ ਦੀ ਮਾਤਾ ਸੀ। ਇਸ ਤੋਂ ਇਲਾਵਾ ਭੋਲੇ ਖਿਲਾਫ ਬਲਦੇਵ ਖੋਖਰ ਦੇ ਕਤਲ ਦਾ ਦੋਸ਼ ਵੀ ਸੀ। ਬਲਦੇਵ ਖੋਖਰ ਅਤੇ ਰਜਿੰਦਰ ਕੌਰ ਦਾ ਕਤਲ 2 ਫਰਵਰੀ 1989 ਨੂੰ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਬਠਿੰਡਾ 'ਚ ਹੋਇਆ ਸੀ। ਬਲਦੇਵ ਖੋਖਰ ਬਠਿੰਡਾ ਦਾ ਵਕੀਲ ਸੀ।

1991 ਵਿਚ ਬਠਿੰਡਾ ਦੀ ਇੱਕ ਅਦਾਲਤ ਨੇ ਭੋਲੇ ਨੂੰ ਇਸ਼ਤਿਹਾਰੀ ਭਗੌੜਾ ਕਰਾਰ ਦਿੱਤਾ ਸੀ। ਇਸ ਕੇਸ ਦਾ ਸਬੰਧ ਬਠਿੰਡਾ ਦੇ ਵਕੀਲ ਦੇ ਕਤਲ ਨਾਲ ਹੀ ਸੀ। ਉਸ ਖ਼ਿਲਾਫ਼ ਬਠਿੰਡਾ ਦੇ ਕੋਤਵਾਲੀ ਥਾਣੇ ਵਿਚ ਸੱਤ ਕੇਸ ਦਰਜ ਸਨ ਤੇ ਅੱਠਵਾਂ ਕੇਸ ਦਿੱਲੀ ਵਿਚ ਦਰਜ ਸੀ।

## ਅਕਾਲੀ ਦਲ (ਮਾਨ) ਵਲੋਂ ਦੁਖ ਦਾ ਪ੍ਰਗਟਾਵਾ

**ਸ਼ਿਕਾਗੋ (ਬਿਊਰੋ):** ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਨੇ ਬਾਪੂ ਸੂਰਤ ਸਿੰਘ ਦੇ ਜਵਾਈ ਸਤਵਿੰਦਰ ਸਿੰਘ ਭੋਲਾ ਦੇ ਕਤਲ ਉਤੇ ਡੂੰਘੇ ਦੁਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਵਾਰਦਾਤ ਜਾਹਰਾ ਤੌਰ 'ਤੇ ਲੁਟ-ਮਾਰ ਦੀ ਨਹੀਂ ਜਾਪਦੀ ਕਿਉਂਕਿ ਭਾਈ ਭੋਲਾ ਦੀ ਜੇਬ ਵਿਚ 2000 ਡਾਲਰ ਜੋ ਕਿਸੇ ਨੇ ਨਹੀਂ ਛੇੜੇ।

ਪਾਰਟੀ ਨੇ ਦੋਸ਼ ਲਾਇਆ ਹੈ ਕਿ ਇਹ ਵਾਰਦਾਤ ਭਾਰਤੀ ਖੁਫੀਆ ਏਜੰਸੀਆਂ ਦਾ ਕਾਰਾ ਹੋ ਸਕਦੀ ਹੈ, ਕਿਉਂਕਿ ਸਰਕਾਰ ਸਜ਼ਾ ਭੁਗਤ ਚੁਕੇ ਸਿੱਖਾਂ ਦੀ ਰਿਹਾਈ ਲਈ ਭੁਖ ਹੜਤਾਲ 'ਤੇ ਬੈਠੇ ਬਾਪੂ ਸੂਰਤ ਸਿੰਘ ਨੂੰ ਡੋਲਾਉਣਾ ਚਾਹੁੰਦੀ ਹੈ। ਇਹ ਸ਼ੁਕ ਜਾਹਰ ਕਰਦਿਆਂ ਪਾਰਟੀ ਨੇ ਅਮਰੀਕੀ ਸਰਕਾਰ ਪਾਸੋਂ ਇਸ ਘਟਨਾ ਦੀ ਐਫ ਬੀ ਆਈ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਪਾਰਟੀ ਵਲੋਂ ਜਾਰੀ ਇਕ ਬਿਆਨ ਵਿਚ ਭਾਈ ਭੋਲਾ ਦੀ ਪਤਨੀ ਬੀਬੀ ਸਰਵਰਿੰਦਰ ਕੌਰ ਨਾਲ ਦੁਖ ਸਾਂਝਾ ਕਰਦਿਆਂ ਕਿਹਾ ਗਿਆ ਹੈ ਕਿ ਇਸ ਸੰਕਟ ਦੀ ਘੜੀ ਉਹ ਉਨ੍ਹਾਂ ਦੇ ਨਾਲ ਹਨ।

## ਯੂਬਾ ਸਿਟੀ 'ਚ ਤੀਆਂ ਦਾ ਮੇਲਾ 30 ਨੂੰ

**ਯੂਬਾ ਸਿਟੀ (ਬਿਊਰੋ):** ਯੂ. ਐਸ. ਏ. ਪੰਜਾਬੀ ਵੂਮੈਨ ਕਲਚਰਲ ਆਰਗੇਨਾਈਜ਼ੇਸ਼ਨ ਯੂਬਾ ਸਿਟੀ ਦਾ ਸਾਲਾਨਾ ਤੀਆਂ ਦਾ ਮੇਲਾ 'ਸ਼ੌਂਕਣ ਮੇਲੇ ਦੀ' 30 ਅਗਸਤ ਨੂੰ ਸਥਾਨਕ ਵੀ.ਏ.ਕੇ. ਸਕੂਲ ਵਿਚ ਹੋਵੇਗਾ। ਮੇਲੇ ਵਿਚ ਗਿੱਧਾ, ਸਕਿੱਟਾਂ, ਲੋਕ ਗੀਤ, ਸੋਲੋ ਡਾਂਸ ਅਤੇ ਹਾਸ-ਰਸ ਦੀਆਂ ਆਈਟਮਾਂ ਤੋਂ ਇਲਾਵਾ ਪੰਜਾਬੀ ਸਭਿਆਚਾਰ ਨਾਲ ਸਬੰਧਤ ਫੈਸ਼ਨ ਸ਼ੋਅ ਵੀ ਕਰਵਾਇਆ ਜਾਵੇਗਾ। ਮੇਲੇ ਵਿਚ ਖਾਣ-ਪੀਣ ਦੇ ਸਟਾਲਾਂ ਤੋਂ ਇਲਾਵਾ ਕੱਪੜੇ, ਗਹਿਣਿਆਂ, ਮਹਿੰਦੀ ਅਤੇ ਕਈ ਹੋਰ ਭਾਂਤ-ਸੁਭਾਂਤੇ ਸਟਾਲ ਵੀ ਲਾਏ ਜਾਣਗੇ।

ਮੇਲੇ ਦੀਆਂ ਪ੍ਰਬੰਧਕ ਬੀਬੀਆਂ ਸੁਖਵਿੰਦਰ ਕੌਰ ਤੱਖਰ, ਭੁਪਿੰਦਰ ਤੱਖਰ, ਅਮਰਜੀਤ ਕੌਰ, ਅਵਿਨਾਸ਼ ਬੈਂਸ, ਸੁਰਜੀਤ ਤੱਖਰ, ਚਰਨਜੀਤ ਚੰਨੀ ਤੇ ਹਰਜੀਤ ਉਪਲ ਨੇ ਸਮੂਹ ਬੀਬੀਆਂ-ਭੈਣਾਂ ਨੂੰ ਮੇਲੇ ਵਿਚ ਪਹੁੰਚਣ ਲਈ ਖੁੱਲਾ ਸੱਦਾ ਦਿੱਤਾ ਜਾਂਦਾ ਹੈ। ਹੋਰ ਜਾਣਕਾਰੀ ਲਈ ਹਰਜੀਤ ਉਪਲ ਨਾਲ ਫੋਨ: 530-701-3495 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


## Matrimonial

### ਵਰ ਦੀ ਲੋੜ ਹੈ

Suitable match for US citizen Khatri Sikh girl 28, 5'5" Doctor of Pharmacy, Pharmacist in New Maxico. Boy should be 28 to 31 years, tall, Highly educated (medicine or engineering), Well settled in USA, non-smoker, non-drinker, non-trimmer. Contact Harmohinder S. Vij at hvij@aol.com or call at Ph: 505-216-1644. 33-35

Wanted suitable match in India/USA for Punjabi Ravidasia girl living in India 31, 5' M.SC. PhD Bio-chem., working as research associate in a reputed University in India. Contact: 91-98880-69822 (India) or binneyksood@gmail.com 33-36

Suitable Jatt Sikh match sought for Jatt Sikh U.S. Citizen girl 26, 5'2" BSc nursing and employed. The boy should be, well educated. Contact:630-930-8820 or bkaur0521@gmail.com 31-

### ਕੰਨਿਆ ਦੀ ਲੋੜ ਹੈ

US citizen/green card holder girl wanted for Sikh Arora, 31 years, 5'6" B.Tech (Mechanical engineer), MBA finance. Currently on business visa. Contact, Ph: 312-522-6522. Email: Amarinder.singh627@gmail.com 34-



## ਇੰਡੀਅਨ ਰੈਸਟੋਰੈਂਟ ਲਈ ਲੋੜ ਹੈ

ਫਲੋਰਿਡਾ ਵਿਚ ਇੰਡੀਅਨ ਰੈਸਟੋਰੈਂਟ ਲਈ ਕੁੱਕ, ਤੰਦੂਰੀਆ ਅਤੇ ਡਿਸ਼ਵਾਸ਼ਰ, ਦੀ ਲੋੜ ਹੈ

ਸੰਪਰਕ ਕਰੋ

ਫੋਨ: 850-510-3046

Looking for Cook, Tandooria and Dishwasher for Indian restaurant in Florida.

Please call: 850-510-3046

33-34



## SUPER TRAVEL

847-676-9090, 773-465-5566

E-mail: supertravel2003@yahoo.com

Lowest Fares With Excellent Service

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545 London $250






## Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

**Punjab Times**
**Established in 2000**
**16th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਗੁਰਦੁਆਰਾ ਮਨੀਕਰਨ ਸਾਹਿਬ ਦੀ ਸਰਾਂ ਡਿੱਗੀ; 10 ਹਲਾਕ

**ਕੁੱਲੂ:** ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਕੁੱਲੂ ਵਿਚ ਗੁਰਦੁਆਰਾ ਮਨੀਕਰਨ ਸਾਹਿਬ ਦੀ ਸਰਾਂ ਉੱਪਰ ਢਿੱਗਾਂ ਡਿੱਗਣ ਨਾਲ 10 ਸ਼ਰਧਾਲੂਆਂ ਦੀ ਮੌਤ ਹੋ ਗਈ ਤੇ 11 ਹੋਰ ਜ਼ਖ਼ਮੀ ਹੋ ਗਏ। ਮਰਨ ਵਾਲੇ ਸਾਰੇ ਵਿਅਕਤੀ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਰੋਗਲਾ ਨਾਲ ਸਬੰਧਤ ਹਨ। ਦੁਰਘਟਨਾ ਉਸ ਸਮੇਂ ਵਾਪਰੀ ਜਦੋਂ ਮੰਗਲਵਾਰ ਦੁਪਹਿਰ ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸੇ ਵਾਲੀ ਪਹਾੜੀ ਤੋਂ ਅਚਾਨਕ ਸਰਾਂ ਉੱਪਰ ਢਿੱਗਾਂ ਆ ਡਿੱਗੀਆਂ। ਹਾਦਸਾ ਏਨਾ ਭਿਆਨਕ ਸੀ ਕਿ ਸਰਾਂ ਵਿਚ ਠਹਿਰੇ ਸ਼ਰਧਾਲੂਆਂ ਨੂੰ ਸੰਭਲਣ ਦਾ ਮੌਕਾ ਹੀ ਨਹੀਂ ਮਿਲਿਆ। ਸਰਾਂ ਵਿਚ ਸੰਗਰੂਰ ਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਤਕਰੀਬਨ 36 ਸ਼ਰਧਾਲੂਆਂ ਦਾ ਜਥਾ ਠਹਿਰਿਆ ਹੋਇਆ ਸੀ ਜਿਹੜੇ 17 ਅਗਸਤ ਨੂੰ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਪੁੱਜੇ ਸਨ। ਮ੍ਰਿਤਕਾਂ ਦੀ ਗਿਣਤੀ ਵਧਣ ਦਾ ਸ਼ੱਕ ਹੈ। ਕੁਝ ਸ਼ਰਧਾਲੂਆਂ ਦੇ ਪਾਰਬਤੀ ਨਦੀ ਵਿਚ ਵਹਿ ਜਾਣ ਦਾ ਵੀ ਖ਼ਦਸ਼ਾ ਹੈ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਾਸ਼ਾਂ ਲੱਭਣ ਤੇ ਉਨ੍ਹਾਂ ਦੀ ਸ਼ਨਾਖਤ ਲਈ ਗੁਰਦੁਆਰਾ ਪ੍ਰਸ਼ਾਸਨ ਦੀ ਸਹਾਇਤਾ ਲਈ ਜਾ ਰਹੀ ਹੈ, ਕਿਉਂਕਿ ਵੱਡੀ ਗਿਣਤੀ ਲੋਕ ਬਾਹਰੋਂ ਆਏ ਹੋਏ ਸਨ। ਹਾਦਸੇ ਮਗਰੋਂ ਮੁਕਾਮੀ ਲੋਕ ਤੇ ਗੁਰਦੁਆਰਾ ਪ੍ਰਸ਼ਾਸਨ ਤੁਰਤ ਹਰਕਤ ਵਿਚ ਆ ਗਿਆ। ਕੁੱਲੂ ਦੇ ਡਿਪਟੀ ਕਮਿਸ਼ਨਰ ਰਾਕੇਸ਼ ਕੰਵਰ ਨੇ ਕਿਹਾ ਕਿ ਹਾਦਸੇ ਵਿਚ ਹਲਾਕ ਹੋਏ ਲੋਕਾਂ ਦੀ ਅਸਲ ਗਿਣਤੀ ਮਲਬਾ ਹਟਾਉਣ ਮਗਰੋਂ ਹੀ ਪਤਾ ਲੱਗੇਗਾ। ਹੋਰ ਢਿੱਗਾਂ ਡਿੱਗਣ ਦੇ ਖ਼ਦਸ਼ੇ ਕਰ ਕੇ ਚੌਕਸੀ ਵਜੋਂ ਖੇਤਰ ਦੀ ਘੇਰਾਬੰਦੀ ਕਰ ਲਈ ਗਈ ਹੈ।



ਮਣੀਕਰਨ (ਕੁੱਲੂ) 'ਚ ਚੱਟਾਨ ਡਿੱਗਣ ਨਾਲ ਢਹੀ ਇਮਾਰਤ।

## ਬਾਦਲ ਵੱਲੋਂ ਇਕ-ਇਕ ਲੱਖ ਮੁਆਵਜ਼ੇ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਾਰੇ ਗਏ ਵਿਅਕਤੀਆਂ ਦੇ ਵਾਰਸਾਂ ਨੂੰ ਇਕ ਇਕ ਲੱਖ ਰੁਪਏ ਅਤੇ ਗੰਭੀਰ ਜ਼ਖ਼ਮੀਆਂ ਨੂੰ 25000-25000 ਰੁਪਏ ਦੇਣ ਦਾ ਐਲਾਨ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਹਰ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਉਣ ਦਾ ਭਰੋਸਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਰੋਗਲਾ ਪਿੰਡ ਦੇ 18 ਨੌਜਵਾਨ ਮਨੀਕਰਨ ਗੁਰਦੁਆਰੇ ਦੇ ਦਰਸ਼ਨਾਂ ਲਈ ਗਏ ਸਨ। ਮਰਨ ਵਾਲੇ ਨੌਜਵਾਨਾਂ ਵਿਚ ਯਾਦਵਿੰਦਰ ਸਿੰਘ, ਲਖਵਿੰਦਰ ਸਿੰਘ, ਸੋਨੀ ਰਾਮ, ਗੁਰਦੀਪ ਸਿੰਘ, ਗੋਪਾਲ ਸਿੰਘ, ਰਘਵੀਰ ਸਿੰਘ ਤੇ ਕਾਕਾ ਸਿੰਘ ਸ਼ਾਮਲ ਹਨ। ਇਹ ਸਾਰੇ ਨੌਜਵਾਨ 20 ਤੋਂ 30 ਸਾਲ ਦੇ ਦਰਮਿਆਨ ਦੱਸੇ ਗਏ ਹਨ।

## ਹੋਟਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਦੇ ਨੇੜੇ ਸਥਿਤ ਇੱਕ ਹੋਟਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵਾਲਾ ਫੋਨ ਆਉਣ ਦੀ ਸੂਚਨਾ ਹੈ ਜਦੋਂਕਿ ਪੁਲਿਸ ਅਧਿਕਾਰੀਆਂ ਮੁਤਾਬਕ ਇਹ ਧਮਕੀ ਕਿਸੇ ਅਤਿਵਾਦੀ ਜਥੇਬੰਦੀ ਵਲੋਂ ਨਹੀਂ ਦਿੱਤੀ ਗਈ, ਇਹ ਕਿਸੇ ਵਲੋਂ ਸ਼ਰਾਰਤ ਕੀਤੀ ਗਈ ਜਾਪਦੀ ਹੈ। ਧਮਕੀ ਭਰਿਆ ਫੋਨ 15 ਅਗਸਤ ਦੀ ਰਾਤ ਨੂੰ ਲੱਗਭਗ 9 ਵਜੇ ਹੋਟਲ ਦੇ ਮਾਲਕ ਨੂੰ ਆਇਆ ਸੀ।

ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਹੋਟਲ ਦੇ ਮਾਲਕ ਸੁਮੀਤ ਸਿੰਘ ਨੇ ਦੱਸਿਆ ਕਿ 15 ਅਗਸਤ ਦੀ ਰਾਤ ਉਹ ਹੋਟਲ ਵਿਚ ਮੌਜੂਦ ਸੀ ਜਦੋਂ ਉਸ ਨੂੰ ਇੱਕ ਫੋਨ ਆਇਆ। ਫੋਨ ਕਰਨ ਵਾਲੇ ਨੇ ਕਿਹਾ ਕਿ ਹੋਟਲ ਨੂੰ ਉਡਾਉਣ ਦੀ ਤਿਆਰੀ ਹੈ, ਜੇ ਬਚ ਸਕਦੇ ਹੋ ਤਾਂ ਬਚ ਜਾਓ। ਫੋਨ ਕਰਨ ਵਾਲੇ ਨੇ ਆਪਣੇ ਆਪ ਨੂੰ ਅਤਿਵਾਦੀ ਜਥੇਬੰਦੀ ਨਾਲ ਸਬੰਧਤ ਦੱਸਿਆ। ਜਦੋਂ ਉਨ੍ਹਾਂ ਨੇ ਉਸ ਨੰਬਰ 'ਤੇ ਵਾਪਸ ਕਾਲ ਕੀਤੀ ਤਾਂ ਫੋਨ ਸਵਿਚ ਆਫ ਮਿਲਿਆ। ਜਿਸ ਨੰਬਰ ਤੋਂ ਫੋਨ ਆਇਆ ਸੀ, ਉਹ ਕੁਰੂਕਸ਼ੇਤਰ ਦੇ ਰਾਹੁਲ ਬਾਂਸਲ ਦੇ ਨਾਮ 'ਤੇ ਹੈ। ਕਾਲ ਇੰਟਰਨੈਟ ਦੇ ਰਾਹੀਂ ਕੀਤੀ ਗਈ ਅਤੇ ਲੋਕੇਸ਼ਨ ਅੰਮ੍ਰਿਤਸਰ ਵਿਚ ਹੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਮਿਲ ਰਹੀ ਹੈ।

## ਪੱਤਰਕਾਰ-ਫਿਲਮਸਾਜ਼ ਦਲਜੀਤ ਅਮੀ ਅਮਰੀਕਾ-ਕੈਨੇਡਾ ਦੌਰੇ 'ਤੇ

**ਸ਼ਿਕਾਗੋ:** 'ਪੰਜਾਬ ਟਾਈਮਜ਼' ਦੇ ਕਾਲਮਨਵੀਸ ਅਤੇ ਨੌਜਵਾਨ ਫਿਲਮਸਾਜ਼ ਦਲਜੀਤ ਅਮੀ ਅੱਜ ਕੱਲ੍ਹ ਅਮਰੀਕਾ ਅਤੇ ਕੈਨੇਡਾ ਦੇ ਦੌਰੇ ਉਤੇ ਹਨ। 21 ਅਗਸਤ ਨੂੰ ਉਹ ਸੈਨ ਫਰਾਂਸਿਸਕੋ ਜਾਣਗੇ ਅਤੇ ਉਥੋਂ 25 ਅਗਸਤ ਨੂੰ ਟੋਰਾਂਟੋ (ਕੈਨੇਡਾ) ਪੁੱਜਣਗੇ। ਉਥੇ ਉਨ੍ਹਾਂ ਦੀਆਂ ਦਸਤਾਵੇਜ਼ੀ ਫਿਲਮਾਂ ਦਿਖਾਈਆਂ ਜਾਣਗੀਆਂ। ਪਹਿਲੀ ਸਤੰਬਰ ਨੂੰ ਦਲਜੀਤ ਅਮੀ ਨਿਊ ਯਾਰਕ ਪਹੁੰਚਣਗੇ ਜਿਥੇ ਉਨ੍ਹਾਂ ਦੀ ਇਕ ਹੋਰ ਦਸਤਾਵੇਜ਼ੀ ਫਿਲਮ ਦਿਖਾਈ ਜਾਣੀ ਹੈ। ਇਸ ਤੋਂ ਬਾਅਦ 9 ਸਤੰਬਰ ਨੂੰ ਕੈਲਗਰੀ ਅਤੇ 12 ਸਤੰਬਰ ਨੂੰ ਵੈਨਕੂਵਰ ਵਿਚ ਉਨ੍ਹਾਂ ਦੀਆਂ ਦਸਤਾਵੇਜ਼ੀ ਫਿਲਮਾਂ ਦੀ ਸਕਰੀਨਿੰਗ ਹੈ। ਫਿਲਮਸਾਜ਼ ਦਲਜੀਤ ਅਮੀ ਹੁਣ ਤੱਕ 9 ਦਸਤਾਵੇਜ਼ੀ ਫਿਲਮਾਂ ਬਣਾ ਚੁੱਕੇ ਹਨ। ਇਨ੍ਹਾਂ ਵਿਚ ਕਰਜ਼ੇ ਹੇਠ, ਖੜਸਿਆਂ ਵਾਲਾ ਬਾਬਾ, ਸੇਵਾ, ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ, ਸੁਦਰਸ਼ਨ: ਦਿ ਇੰਸਟੀਟਿਊਸ਼ਨ ਆਫ ਸਿਪਲੀਸਿਟੀ, ਅਨਹਦ ਬਾਜਾ ਬੱਜੇ ਆਦਿ ਸ਼ਾਮਲ ਹਨ। ਹੁਣ ਉਹ ਪਿੰਡ ਅਤੇ ਪਰਵਾਸ ਬਾਰੇ ਆਪਣੀ ਨਵੀਂ ਦਸਤਾਵੇਜ਼ੀ ਫਿਲਮ ਦੇ ਸਿਲਸਿਲੇ ਵਿਚ ਅਮਰੀਕਾ ਅਤੇ ਕੈਨੇਡਾ ਦੇ ਦੌਰੇ ਉਤੇ ਆਏ ਹਨ। ਅਮਰੀਕਾ-ਕੈਨੇਡਾ ਵਿਚ ਉਨ੍ਹਾਂ ਨਾਲ ਉਨ੍ਹਾਂ ਦੇ ਸੈੱਲ ਨੰਬਰ (+1-253-455-8932) ਉਤੇ ਸੰਪਰਕ ਕੀਤਾ ਜਾ ਸਕਦਾ ਹੈ।



## ਜਾਪਾਨ ਦੇ ਪ੍ਰਧਾਨ ਮੰਤਰੀ ਨੇ ਮੁਆਫ਼ੀ ਮੰਗੀ

**ਟੋਕੀਓ:** ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜ਼ੋ ਅਬੇ ਨੇ ਦੂਜੇ ਵਿਸ਼ਵ ਯੁੱਧ ਲਈ ਮੁਆਫ਼ੀ ਮੰਗਦਿਆਂ ਕਿਹਾ ਕਿ ਇਸ ਘਟਨਾ ਲਈ ਆਉਣ ਵਾਲੀ ਪੀੜ੍ਹੀ ਨੂੰ ਇਸ ਲਈ ਅਫਸੋਸ ਜਤਾਉਣ ਦੀ ਜ਼ਰੂਰਤ ਨਹੀਂ ਹੈ। ਉਨ੍ਹਾਂ ਕਿਹਾ, 'ਜਾਪਾਨ ਨੂੰ ਇਸ ਘਟਨਾ ਲਈ ਬਹੁਤ ਅਫਸੋਸ ਹੈ ਤੇ ਇਸ ਲਈ ਅਸੀਂ ਦਿਲੋਂ ਮੁਆਫ਼ੀ ਮੰਗਦੇ ਹਾਂ।' ਦੂਜਾ ਵਿਸ਼ਵ ਯੁੱਧ ਜਿਸ ਦੀ 70ਵੀਂ ਵਰ੍ਹੇਗੰਢ ਆ ਰਹੀ ਹੈ, 'ਪ੍ਰਧਾਨ ਮੰਤਰੀ ਸ਼ਿੰਜ਼ੋ ਅਬੇ ਨੇ ਕਿਹਾ ਕਿ ਉਕਤ ਯੁੱਧ ਵਿਚ ਮਰਨ ਵਾਲਿਆਂ ਪ੍ਰਤੀ ਮੈਂ ਡੂੰਘੀ ਹਮਦਰਦੀ ਜਤਾਉਂਦਾ ਹਾਂ।'

## ਅਮਰੀਕਾ ਵੱਲੋਂ ਭਾਰਤ ਨੂੰ ਲੜਾਕੂ ਜੈੱਟ ਬਣਾਉਣ ਦੀ ਪੇਸ਼ਕਸ਼

**ਨਵੀਂ ਦਿੱਲੀ:** ਅਮਰੀਕਾ ਨੇ ਭਾਰਤੀ ਹਵਾਈ ਸੈਨਾ ਜੋ ਲੜਾਕੂ ਜੈੱਟ ਹਵਾਈ ਜਹਾਜ਼ ਦੇ ਮਾਮਲੇ ਵਿਚ ਭਾਰੀ ਕਮੀ ਦਾ ਸਾਹਮਣਾ ਕਰ ਰਹੀ ਹੈ, ਨਾਲ ਸੰਯੁਕਤ ਤੌਰ ਉਤੇ ਮਿਲਕੇ ਇਨ੍ਹਾਂ ਦਾ ਨਿਰਮਾਣ ਕਰਨ ਦੀ ਪੇਸ਼ਕਸ਼ ਕੀਤੀ ਹੈ। ਭਾਰਤ ਵਿਚ ਅਮਰੀਕੀ ਰਾਜਦੂਤ ਰਿਚਰਡ ਵਰਮਾ ਨੇ ਦੁਵੱਲੇ ਰੱਖਿਆ ਸਬੰਧਾਂ ਬਾਰੇ ਬੋਲਦਿਆਂ ਕਿਹਾ ਕਿ ਰੱਖਿਆ ਸਹਿਯੋਗ ਤਹਿਤ ਦੋਵੇਂ ਦੇਸ਼ ਇਸ ਚੁਣੌਤੀ ਦਾ ਮਿਲਕੇ ਸਾਹਮਣਾ ਕਰ ਸਕਦੇ ਹਨ।

## ਆਪਣਿਆਂ ਦੀ ਬਗ਼ਾਵਤ ਨੇ ਧਰਮ ਸੰਕਟ 'ਚ ਪਾਏ ਅਕਾਲੀ

*(ਸਫਾ ਇਕ ਦੀ ਬਾਕੀ)*

ਇਮਾਰਤ ਲਈ ਖ਼ਤਰਨਾਕ ਹੈ।

ਦੱਸਣਯੋਗ ਹੈ ਕਿ ਅਕਾਲੀ ਦਲ ਦੇ ਕਈ ਵਿਧਾਇਕ ਤੇ ਸੰਸਦੀ ਸਕੱਤਰ ਦੋਸ਼ ਲਾ ਰਹੇ ਹਨ ਕਿ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਦੇ ਹਲਕੇ ਬਠਿੰਡੇ 'ਤੇ ਹੀ ਸਰਕਾਰ ਫੰਡਾਂ ਦੀ ਝੜੀ ਲਾ ਰਹੀ ਹੈ। ਪਿਛਲੇ ਵਿਧਾਨ ਸਭਾ ਸੈਸ਼ਨ ਵਿਚ ਵੀ ਅਕਾਲੀ ਵਿਧਾਇਕਾਂ ਨੇ ਆਪਣੇ ਹਲਕੇ ਦੀ ਅਣਦੇਖੀ ਦਾ ਮੁੱਦਾ ਉਠਾਇਆ ਸੀ। ਹੁਣ ਏਮਜ਼ ਨੂੰ ਬਠਿੰਡੇ ਵਿਚ ਤਬਦੀਲ ਕਰਨ 'ਤੇ ਵੀ ਅਕਾਲੀ ਦਲ ਨੂੰ ਭਾਈਵਾਲ ਭਾਜਪਾ ਤੇ ਆਪਣੇ ਕੁਝ ਆਗੂਆਂ ਦਾ ਵਿਰੋਧ ਝੱਲਣਾ ਪਿਆ ਸੀ।

ਇਨ੍ਹਾਂ ਆਗੂਆਂ ਦਾ ਦੋਸ਼ ਹੈ ਕਿ ਪੰਜਾਬ ਸਰਕਾਰ, ਕਾਂਗਰਸ ਦੀ ਕੇਂਦਰ ਸਰਕਾਰ ਬਾਰੇ ਦੁਹਾਈ ਦੇ ਕੇ ਸੂਬੇ ਦੇ ਮਸਲਿਆਂ ਤੋਂ ਬਚਦੀ ਰਹੀ ਪਰ ਹੁਣ ਕੇਂਦਰ ਵਿਚ ਆਪਣੀ ਸਰਕਾਰ ਹੋਣ ਮਗਰੋਂ ਅਜਿਹਾ ਦੋਗਲਾਪਣ ਸਹਾਰਿਆ ਨਹੀਂ ਜਾ ਸਕਦਾ। ਉਨ੍ਹਾਂ ਵਿਰੋਧੀਆਂ ਵਾਂਗ ਸੁਝਾਅ ਦਿੱਤਾ ਹੈ ਕਿ ਜੇ ਭਾਜਪਾ ਨਹੀਂ ਮੰਨਦੀ ਤਾਂ ਅਕਾਲੀ ਦਲ ਨੂੰ ਵੱਖ ਹੋ ਜਾਣਾ ਚਾਹੀਦਾ ਹੈ। ਬੁਲਾਰੀਆ ਨੇ ਸਾਬਕਾ ਲੋਕ ਸਭਾ ਮੈਂਬਰ ਨਵਜੋਤ ਸਿੰਘ ਸਿੱਧੂ ਵੱਲੋਂ ਉਠਾਏ ਮੁੱਦਿਆਂ ਨੂੰ ਵਾਜਬ ਦੱਸਦਿਆਂ ਕਿਹਾ ਹੈ ਕਿ ਗੁਰੂ ਨਗਰੀ ਲਈ ਆਵਾਜ਼ ਬੁਲੰਦ ਕਰਨ ਵਾਲੇ ਹਰ ਇਨਸਾਨ ਦੀ ਉਹ ਕਦਰ ਕਰਦੇ ਹਨ।

## ਹਿੰਦ-ਪਾਕਿ 'ਜੰਗ' ਨੇ ਬੇਵੱਸ ਕੀਤੇ ਸਰਹੱਦੀ ਲੋਕ

*(ਸਫਾ ਇਕ ਦੀ ਬਾਕੀ)*

ਨੂੰ ਤਲਬ ਕਰ ਕੇ ਸਰਹੱਦ ਉਤੇ ਗੋਲੀਬੰਦੀ ਦੀ ਉਲੰਘਣਾ ਲਈ ਤਿੱਖਾ ਰੋਸ ਜ਼ਾਹਿਰ ਕੀਤਾ, ਉਥੇ ਸ੍ਰੀ ਬਾਸਿਤ ਨੇ ਦੋਸ਼ ਲਾਇਆ ਕਿ ਕੰਟਰੋਲ ਰੇਖਾ ਅਤੇ ਕੌਮਾਂਤਰੀ ਸਰਹੱਦ ਉਤੇ ਭਾਰਤ ਵੱਲੋਂ ਜੁਲਾਈ ਤੇ ਅਗਸਤ ਵਿਚ 70 ਵਾਰ ਗੋਲੀਬੰਦੀ ਦੀ ਉਲੰਘਣਾ ਕੀਤੀ ਗਈ। 2012 ਤੋਂ ਹੁਣ ਤੱਕ 200 ਜਵਾਨ ਤੇ ਅਫਸਰ ਦੋਵਾਂ ਮੁਲਕਾਂ ਦੀ ਨਫਰਤ ਦਾ ਸ਼ਿਕਾਰ ਹੋਏ ਹਨ।

ਗੋਲੀਬੰਦੀ ਦੇ ਸਮਝੌਤੇ ਤੋਂ ਤਿੰਨ ਸਾਲਾਂ ਬਾਅਦ 2006 ਵਿਚ ਹੀ ਇਸ ਦੀ ਉਲੰਘਣਾ ਸ਼ੁਰੂ ਹੋ ਗਈ ਸੀ। ਦੋਵੇਂ ਮੁਲਕ ਇਕ-ਦੂਜੇ 'ਤੇ ਪਹਿਲ ਕਰਨ ਦੇ ਦੋਸ਼ ਮੜ੍ਹਦੇ ਆਏ ਹਨ। ਇਹ ਸਿਲਸਿਲਾ ਲਗਾਤਾਰ ਵਧ ਰਿਹਾ ਹੈ। ਪਿਛਲੇ ਦੋ ਸਾਲਾਂ ਵਿਚ ਇਸ ਵਿਚ ਇਕਦਮ ਵਾਧਾ ਹੋਇਆ ਹੈ। ਸਾਲ 2014 ਵਿਚ 562 ਵਾਰ ਗੋਲੀਬੰਦੀ ਦੀ ਉਲੰਘਣਾ ਹੋਈ। ਇਸ ਵਿਚ ਪੰਜ ਜਵਾਨ ਤੇ 14 ਆਮ ਨਾਗਰਿਕ ਮਾਰੇ ਗਏ ਤੇ 150 ਲੋਕ ਜ਼ਖ਼ਮੀ ਹੋਏ।

ਇਸ ਤੋਂ ਪਹਿਲਾਂ 2013 ਵਿਚ 347 ਵਾਰ ਗੋਲੀਬੰਦੀ ਦੀ ਉਲੰਘਣਾ ਹੋਈ ਤੇ 12 ਜਵਾਨਾਂ ਦੀ ਜਾਨ ਗਈ ਤੇ 150 ਆਮ ਲੋਕ ਜ਼ਖ਼ਮੀ ਹੋਏ। 2012 ਵਿਚ 114 ਵਾਰ ਉਲੰਘਣਾ ਹੋਈ ਤੇ ਪੰਜ ਜਵਾਨ ਤੇ ਚਾਰ ਆਮ ਨਾਗਰਿਕ ਮਾਰੇ ਗਏ। 2011 ਵਿਚ 62 ਵਾਰ ਉਲੰਘਣਾ ਹੋਈ। ਇਸ ਵਿਚ 11 ਜਵਾਨ ਮਾਰੇ ਗਏ। 2010 ਵਿਚ 44, 2009 ਵਿਚ 28, 2008 ਵਿਚ 77, 2007 ਵਿਚ 21 ਤੇ 2006 ਵਿਚ ਤਿੰਨ ਵਾਰ ਗੋਲੀਬੰਦੀ ਦੀ ਉਲੰਘਣਾ ਹੋਈ ਤੇ ਛੇ ਜਵਾਨ ਮਾਰੇ ਗਏ। ਜਦੋਂ ਵੀ ਦੋਵਾਂ ਮੁਲਕਾਂ ਵਿਚਕਾਰ ਕਿਸੇ ਪੱਧਰ ਦੀ ਗੱਲਬਾਤ ਸ਼ੁਰੂ ਹੋਣ ਦੀ ਆਸ ਬੱਝਦੀ ਹੈ ਤਾਂ ਸਰਹੱਦ 'ਤੇ ਅਜਿਹੀਆਂ ਘਟਨਾਵਾਂ ਵਧ ਜਾਂਦੀਆਂ ਹਨ ਜਿਨ੍ਹਾਂ ਦਾ ਖਮਿਆਜ਼ਾ ਦੋਵਾਂ ਮੁਲਕਾਂ ਦੇ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਦੋਵੇਂ ਮੁਲਕਾਂ ਦੇ ਕੌਮੀ ਸੁਰੱਖਿਆ ਸਲਾਹਕਾਰ 23-24 ਅਗਸਤ ਨੂੰ ਨਵੀਂ ਦਿੱਲੀ ਵਿਚ ਮਿਲ ਰਹੇ ਹਨ।

ਇਸ ਤੋਂ ਪਹਿਲਾਂ ਭਾਰਤ ਨੇ ਪਾਕਿਸਤਾਨੀ ਹਾਈ ਕਮਿਸ਼ਨਰ ਵੱਲੋਂ ਹੁਰੀਅਤ ਕਾਨਫਰੰਸ ਦੇ ਆਗੂਆਂ ਨੂੰ ਮਿਲਣ ਦੇ ਮੁੱਦੇ ਉਤੇ ਵਿਦੇਸ਼ ਸਕੱਤਰ ਪੱਧਰ ਦੀ ਗੱਲਬਾਤ ਰੱਦ ਕਰ ਦਿੱਤੀ ਸੀ। ਗੱਲਬਾਤ ਦਾ ਇਹ ਸਿਲਸਲਾ ਰੂਸ ਵਿਖੇ ਸ਼ੰਘਾਈ ਕੋਆਪਰੇਸ਼ਨ ਆਰਗੇਨਾਈਜੇਸ਼ਨ ਦੇ ਇਕ ਸਮਾਰੋਹ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਮੁਲਾਕਾਤ ਨਾਲ ਸ਼ੁਰੂ ਹੋਇਆ ਸੀ। ਇਸ ਤੋਂ ਬਾਅਦ ਵਾਪਰੀਆਂ ਘਟਨਾਵਾਂ ਨੇ ਇਸ ਪਾਸੇ ਕੋਈ ਸੁੱਖ ਸੁਨੇਹਾ ਨਾ ਆਉਣ ਦਾ ਸੰਕੇਤ ਦਿੱਤਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਸੁਧਾਰ ਕਮੇਟੀ ਦੀ ਪਟੀਸ਼ਨ ਰੱਦ ਚੋਣਾਂ 30 ਅਗਸਤ ਨੂੰ ਹੀ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੀਆਂ ਆਉਂਦੀ 30 ਅਗੱਸਤ ਨੂੰ ਹੋ ਰਹੀਆਂ ਚੋਣਾਂ ਲਈ ਸੁਧਾਰ ਕਮੇਟੀ ਦੀ ਸਾਧ ਸੰਗਤ ਸਲੇਟ ਦੇ ਮੈਂਬਰ ਬਲਬੀਰ ਸਿੰਘ ਢਿੱਲੋਂ ਵੱਲੋਂ ਇਹ ਚੋਣਾਂ ਆਰਜ਼ੀ ਤੌਰ 'ਤੇ ਰੁਕਵਾਉਣ ਲਈ ਪਾਈ ਗਈ ਪਟੀਸ਼ਨ ਅਦਾਲਤ ਨੇ ਲੰਘੇ ਸੋਮਵਾਰ ਖਾਰਜ ਕਰ ਦਿੱਤੀ। ਸੁਧਾਰ ਕਮੇਟੀ ਲਈ ਇਸ ਨੂੰ ਇਕ ਵਡਾ ਝਟਕਾ ਗਿਣਿਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਸੁਧਾਰ ਕਮੇਟੀ ਦੇ ਚੋਣ ਪ੍ਰਚਾਰ ਦਾ ਇਹ ਮੂਲ ਨੁਕਤਾ ਰਿਹਾ ਹੈ ਕਿ ਇਸ ਨੇ ਇਕ ਲੰਬੀ ਤੇ ਖਰਚੀਲੀ ਕਾਨੂੰਨੀ ਲੜਾਈ ਲੜ ਕੇ ਚੋਣਾਂ ਰਾਹੀਂ ਆਪਣੀ ਪ੍ਰਬੰਧਕ ਕਮੇਟੀ ਚੁਣਨ ਦਾ ਸੰਗਤ ਦਾ ਹੱਕ ਬਹਾਲ ਕਰਵਾਇਆ ਹੈ। ਸਵਾਲ ਉਠਾਇਆ ਜਾ ਰਿਹਾ ਹੈ ਕਿ ਤਾਂ ਫਿਰ ਚੋਣਾਂ ਆਰਜੀ ਤੌਰ 'ਤੇ ਰੁਕਵਾਉਣ ਦੀ ਲੋੜ ਕਿਉਂ ਪਈ? ਦੱਸਣਯੋਗ ਹੈ ਕਿ ਸੁਧਾਰ ਕਮੇਟੀ ਦੀ ਨੁਮਾਇੰਦਗੀ, ਤਰਲੋਚਨ ਸਿੰਘ ਨਾਹਲ, ਜਸਵੰਤ ਸਿੰਘ ਹੋਠੀ, ਬਲਬੀਰ ਸਿੰਘ ਢਿੱਲੋਂ ਅਤੇ ਗੁਰਮੇਲ ਸਿੰਘ ਬਾਠ ਕਰ ਰਹੇ ਹਨ।

ਇਸੇ ਦੌਰਾਨ ਪਟੀਸ਼ਨ ਰੱਦ ਹੋਣ 'ਤੇ ਟਿੱਪਣੀ ਕਰਦਿਆਂ ਗੁਰਦੁਆਰਾ ਸੈਨ ਹੋਜ਼ੇ ਦੇ ਜਰਨਲ ਸਕੱਤਰ ਭੁਪਿੰਦਰ ਸਿੰਘ ਢਿੱਲੋਂ ਨੇ ਸਵਾਲ ਕੀਤਾ ਹੈ ਕਿ ਸੁਧਾਰ ਕਮੇਟੀ ਗੁਰਦੁਆਰਾ ਸਾਹਿਬ ਦੇ ਲੱਖਾਂ ਡਾਲਰ ਅਦਾਲਤਾਂ ਵਿਚ ਖਰਚਾਉਣ ਪਿਛੋਂ ਚੋਣ ਮੈਦਾਨ ਵਿਚੋਂ ਕਿਉਂ ਭੱਜ ਰਹੀ ਹੈ? ਉਨ੍ਹਾਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਸੰਗਤ ਕਥਿਤ ਸੁਧਾਰਕਾਂ ਤੋ ਸੁਚੇਤ ਰਹੇ ਅਤੇ ਮੌਜੂਦਾ ਪ੍ਰਬੰਧਕ ਕਮੇਟੀ ਦੇ ਉਮੀਦਵਾਰਾਂ ਨੂੰ ਇਕ ਵਾਰ ਫਿਰ ਸੇਵਾ ਦਾ ਮੌਕਾ ਦੇਵੇ ਤਾਂ ਜੋ ਰਹਿੰਦੇ ਪ੍ਰਾਜੈਕਟ ਪੂਰੇ ਕੀਤੇ ਜਾ ਸਕਣ।

ਰੈਸਟੋਰੈਂਟ ਸਟਾਫ ਦੀ ਜ਼ਰੂਰਤ ਹੈ
ਓਵਰਲੈਂਡ, ਕੈਨਸਸ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਡਿਸ਼ ਵਾਸ਼ਰ, ਹੈਲਪਰ, ਤੰਦੂਰੀਏ ਕੁੱਕ, ਵੇਟਰ ਅਤੇ ਸ਼ੈਫ ਦੀ ਫੌਰੀ ਲੋੜ ਹੈ
ਸੰਪਰਕ ਕਰੋ
ਫੋਨ: 913-269-5727
Korma Sutra Cuisine of India
*Overland Park, Kansas*
31-

ਚੱਕ ਲਓ, ਚੱਕ ਲਓ!!
ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ ਬਹੁਤ ਹੀ ਵਾਜਬ ਕੀਮਤਾਂ ਪੀ ਓ ਐਸ ਅਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ



Upgrade your Security Cameras to High Definition at very reasonable prices




*For a Free Demo of our new HD Cameras*
*Please Contact us*: Balbir S Sidhu
209-495-3905 (Cell)
www.dvrunlimited.com
Toll Free (888) 233-4566
DVRunlimited Inc.
Installation Available

Golden State Realty
9912 Kapalua Ln., Elk Grove, CA 95624



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014
*Please Contact For*
Commercial
or
Residential
Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
*Call: Sohanpreet 'Sam' Chahal*
Ph: 916-612-5773
**email:** samchahal@hotmail.com
**Serving all over California**

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਜੇਲ੍ਹ ਬਰੇਕ ਕਾਂਡ ਬਾਰੇ ਪੁਲਿਸ ਦੀ ਕਾਰਗੁਜ਼ਾਰੀ ਉਤੇ ਸਵਾਲ



**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੇ ਤਿੰਨ ਮੁਲਜ਼ਮ ਜਗਤਾਰ ਸਿੰਘ ਹਵਾਰਾ, ਪਰਮਜੀਤ ਸਿੰਘ ਭਿਉਰਾ ਤੇ ਜਗਤਾਰ ਸਿੰਘ ਤਾਰਾ ਵੱਲੋਂ ਜਨਵਰੀ 2004 ਵਿਚ ਸੁਰੰਗ ਪੁੱਟ ਕੇ ਜੇਲ੍ਹ ਵਿਚੋਂ ਫ਼ਰਾਰ ਹੋਣ ਦੇ ਮਾਮਲੇ ਵਿਚ ਅਦਾਲਤ ਨੇ ਪੁਲਿਸ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਚੁੱਕੇ ਹਨ। ਯੂ.ਟੀ. ਦੇ ਚੀਫ਼ ਜੁਡੀਸ਼ਲ ਮੈਜਿਸਟਰੇਟ ਅਨੁਭਵ ਸ਼ਰਮਾ ਨੇ ਜੇਲ੍ਹ ਬਰੇਕ ਕੇਸ ਲਈ ਚੰਡੀਗੜ੍ਹ ਪੁਲਿਸ ਦੀ ਕਾਰਗੁਜ਼ਾਰੀ ਉਤੇ ਉਂਗਲ ਉਠਾਉਂਦਿਆਂ ਕਿਹਾ ਹੈ ਕਿ ਪੁਲਿਸ ਨੇ ਘਟਨਾ ਵਾਪਰਨ ਤੋਂ ਪਹਿਲਾਂ ਤੇ ਬਾਅਦ ਵਿਚ ਅੱਖਾਂ ਬੰਦ ਕਰੀ ਰੱਖੀਆਂ ਸਨ।

ਪੁਲਿਸ ਨੇ ਮਾਮਲੇ ਦੀ ਜਾਂਚ ਬਹੁਤ ਗ਼ੈਰ-ਜ਼ਿੰਮੇਵਾਰਾਨਾ ਢੰਗ ਨਾਲ ਕੀਤੀ ਤੇ ਗ਼ਲਤ ਤੱਥ ਰਲਗੱਡ ਕਰੀ ਰੱਖੇ। ਅਦਾਲਤ ਵੱਲੋਂ 11 ਅਗਸਤ ਨੂੰ 123 ਪੰਨਿਆਂ ਦਾ ਫ਼ੈਸਲਾ ਸੁਣਾਇਆ ਗਿਆ ਸੀ। ਅਦਾਲਤ ਨੇ ਕਿਹਾ ਹੈ ਕਿ ਪੁਲਿਸ ਅਫ਼ਸਰ ਇਕ-ਦੂਜੇ ਉਤੇ ਜ਼ਿੰਮੇਵਾਰੀ ਪਾਉਣ ਵਿਚ ਉਲਝੇ ਰਹੇ, ਜਦੋਂਕਿ ਸੁਰੰਗ ਪੁੱਟੇ ਜਾਣ ਦੀ ਸੂਚਨਾ ਮਿਲਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ। ਮੁਲਜ਼ਮਾਂ ਨੇ ਜੇਲ੍ਹ ਦੀ ਬੈਰਕ ਵਿਚ ਲੱਗੀ ਗਰਿੱਲ ਦੇ ਅੱਗੇ ਪਰਦੇ ਲਾ ਰੱਖੇ ਸਨ। ਬੈਰਕ ਵਿਚੋਂ ਮਿੱਟੀ ਦੇ ਭਰੇ 40 ਥੈਲੇ ਵੀ ਮਿਲੇ ਸਨ। ਇਸ ਤੋਂ ਬਿਨਾਂ ਕਾਫ਼ੀ ਲੰਮਾ ਕੱਪੜਾ ਵੀ ਮਿਲਿਆ ਸੀ। ਉਹ ਬਾਹਰਲੀ ਕੰਧ ਤੱਕ ਪੁੱਟੀ ਸੁਰੰਗ ਵਿਚ 50 ਫ਼ੁੱਟ ਤੱਕ ਰੀਂਗ ਕੇ ਗਏ ਸਨ। ਉਥੇ ਮਿਲੀਆਂ ਕਮੀਜ਼ਾਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਆਪਣਾ ਮਿਸ਼ਨ ਪੂਰਾ ਕਰਨ ਤੋਂ ਬਾਅਦ ਕੱਪੜੇ ਵੀ ਬਦਲੇ ਸਨ। ਫ਼ਰਾਰ ਹੋਣ ਦੀ ਰਾਤ ਉਨ੍ਹਾਂ ਦੀ ਬੈਰਕ ਵਿਚ ਤੜਕੇ ਤਿੰਨ ਵਜੇ ਤੱਕ ਟੀ.ਵੀ. ਚੱਲਦਾ ਰਿਹਾ ਸੀ, ਜਦੋਂਕਿ ਭੱਜਣ ਦਾ ਪਤਾ ਸਵੇਰੇ ਸਵਾ ਅੱਠ ਵਜੇ ਲੱਗਿਆ ਸੀ। ਜੇਲ੍ਹ ਸੁਪਰਡੈਂਟ ਤੋਂ ਲੈ ਕੇ ਬੈਰਕ ਵਾਰਡਨ ਤੱਕ ਸਭ ਇਕ-ਦੂਜੇ ਉਤੇ ਜ਼ਿੰਮੇਵਾਰੀ ਪਾ ਕੇ ਆਪ ਬਚਦੇ ਰਹੇ ਹਨ।

ਜੇਲ੍ਹ ਬਰੇਕ ਕੇਸ ਦੇ ਮੁੱਖ ਸਾਜ਼ਿਸ਼ਕਾਰ ਨਰੈਣ ਸਿੰਘ ਚੌਰਾ ਨੂੰ ਜੇਲ੍ਹ ਵਿਚੋਂ ਫ਼ਰਾਰ ਹੋਣ ਦੇ ਦਿਨ ਸਿਰਫ਼ ਬਿਜਲੀ ਕੱਟਣ ਦਾ ਕੰਮ ਦਿੱਤਾ ਗਿਆ ਸੀ। ਪੁਲਿਸ ਕੋਲ ਫੋਨਾਂ ਦਾ ਅਜਿਹਾ ਕੋਈ ਰਿਕਾਰਡ ਨਹੀਂ ਜਿਸ ਵਿਚ ਉਨ੍ਹਾਂ ਦੀ ਗੱਲਬਾਤ ਹੋਣ ਦਾ ਸਬੂਤ ਪੇਸ਼ ਕੀਤਾ ਗਿਆ ਹੋਵੇ। ਉਸ ਨੂੰ ਗ੍ਰਿਫ਼ਤਾਰ ਕਰਨ ਸਮੇਂ ਉਸ ਤੋਂ ਸੈੱਲ ਫੋਨ ਬਰਾਮਦ ਹੋਇਆ ਸੀ ਪਰ ਪੁਲਸ ਇਹ ਦੱਸਣ ਵਿਚ ਅਸਫ਼ਲ ਰਹੀ ਕਿ ਗੱਲ ਕਿਸ ਨਾਲ ਚੱਲਦੀ ਸੀ। ਅਦਾਲਤ ਨੇ ਫ਼ੈਸਲੇ ਦੇ ਅੰਤ ਵਿਚ ਕਿਹਾ ਹੈ ਕਿ ਸਰਕਾਰੀ ਧਿਰ ਇਸ ਵੱਡੀ ਸਾਜ਼ਿਸ਼ ਨੂੰ ਸਾਬਤ ਕਰਨ ਵਿਚ ਬੁਰੀ ਤਰ੍ਹਾਂ ਅਸਫ਼ਲ ਰਹੀ।

## ਅਗਾਊਂ ਜਾਣਕਾਰੀ ਦੇ ਬਾਵਜੂਦ ਮੀਟੀ ਰੱਖੀਆਂ ਅੱਖਾਂ

ਚੰਡੀਗੜ੍ਹ ਪੁਲਿਸ ਨੂੰ ਜਗਤਾਰ ਸਿੰਘ ਹਵਾਰਾ, ਪਰਮਜੀਤ ਸਿੰਘ ਭਿਉਰਾ ਤੇ ਜਗਤਾਰ ਸਿੰਘ ਤਾਰਾ ਦੀ ਬੈਰਕ ਨੰਬਰ ਸੱਤ ਵਿਚੋਂ ਮਿੱਟੀ ਬਾਹਰ ਕੱਢ ਕੇ ਜੇਲ੍ਹ ਅੰਦਰਲੇ ਗੁਰਦੁਆਰੇ ਨੇੜੇ ਸੁੱਟਣ ਦੀ ਇਤਲਾਹ ਵੀ ਮਿਲ ਗਈ ਸੀ ਪਰ ਪੁਲਿਸ ਜੇਲ੍ਹ ਅਧਿਕਾਰੀਆਂ ਵੱਲੋਂ ਅਜਿਹਾ ਕੁਝ ਨਾ ਵਾਪਰਨ ਦੀ ਸੂਚਨਾ ਦੇਣ ਉਤੇ ਚੁੱਪ ਬੈਠ ਗਈ ਸੀ। ਇਹ ਵੀ ਕਿਹਾ ਗਿਆ ਹੈ ਕਿ ਪੁਲਿਸ ਦੇ ਉੱਚ ਅਧਿਕਾਰੀਆਂ ਨੇ ਜਾਂਚ ਲਈ ਟੀਮਾਂ ਦਾ ਗਠਨ ਤਾਂ ਜ਼ਰੂਰ ਕੀਤਾ ਸੀ ਪਰ ਆਪ ਕਦੇ ਅਦਾਲਤ ਵਿਚ ਆਉਣ ਦੀ ਖੇਚਲ ਨਹੀਂ ਕੀਤੀ। ਅਦਾਲਤ ਨੇ ਪਰਮਜੀਤ ਸਿੰਘ ਭਿਉਰਾ ਦੇ ਉਸ ਬਿਆਨ ਨੂੰ ਗੰਭੀਰਤਾ ਨਾਲ ਲਿਆ ਹੈ ਜਿਸ ਵਿਚ ਉਸ ਨੇ ਕਿਹਾ ਸੀ ਕਿ ਜੇਲ੍ਹ ਵਿਚੋਂ ਫ਼ਰਾਰ ਹੋਣ ਦੀ ਯੋਜਨਾ ਨਵੰਬਰ 2002 ਵਿਚ ਘੜੀ ਜਾ ਚੁੱਕੀ ਸੀ।

## ਤਾਰਾ ਵੱਲੋਂ ਬੇਅੰਤ ਸਿੰਘ ਕਤਲ ਕੇਸ ਲੜਨ ਤੋਂ ਵੀ ਨਾਂਹ



**ਚੰਡੀਗੜ੍ਹ:** ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੇ ਮੁਲਜ਼ਮ ਜਗਤਾਰ ਸਿੰਘ ਤਾਰਾ ਨੇ ਅਦਾਲਤੀ ਲੜਾਈ ਲੜਨ ਤੋਂ ਇਨਕਾਰ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਉਸ ਨੇ ਜੇਲ੍ਹ ਬਰੇਕ ਕੇਸ ਲੜਨ ਤੋਂ ਵੀ ਇਨਕਾਰ ਕਰ ਦਿੱਤਾ ਸੀ। ਜਗਤਾਰ ਸਿੰਘ ਤਾਰਾ ਦੇ ਵਕੀਲ ਸਿਮਰਜੀਤ ਸਿੰਘ ਨੇ ਉਸ ਨਾਲ ਜੇਲ੍ਹ ਵਿਚ ਮੁਲਾਕਾਤ ਕੀਤੀ। ਵਕੀਲ ਮੁਤਾਬਕ ਮੁਲਜ਼ਮ ਨੇ ਸਪਸ਼ਟ ਕਿਹਾ ਹੈ ਕਿ ਉਹ ਬੇਅੰਤ ਸਿੰਘ ਕਤਲ ਕੇਸ ਵਿਚ ਅਦਾਲਤੀ ਲੜਾਈ ਲੜਨ ਦੇ ਹੱਕ ਵਿਚ ਨਹੀਂ ਹੈ। ਮੁਲਜ਼ਮ ਦਾ ਕਹਿਣਾ ਹੈ ਕਿ ਬੇਅੰਤ ਸਿੰਘ ਕਤਲ ਕੇਸ ਦੀ ਪਹਿਲਾਂ ਚੱਲੀ ਸੁਣਵਾਈ ਵੇਲੇ ਉਸ ਨੇ ਅਦਾਲਤ ਨੂੰ ਦੱਸਿਆ ਸੀ ਕਿ ਉਸ ਦਾ ਭਾਰਤ ਦੇ ਕਾਨੂੰਨ ਵਿਚ ਵਿਸ਼ਵਾਸ ਨਹੀਂ ਹੈ ਤੇ ਉਹ ਅੱਜ ਵੀ ਆਪਣੇ ਬਿਆਨਾ 'ਤੇ ਕਾਇਮ ਹੈ ਜਦੋਂ ਪਹਿਲਾਂ ਇਹ ਕੇਸ ਚੱਲ ਰਿਹਾ ਸੀ ਤਾਂ ਜਗਤਾਰ ਸਿੰਘ ਤਾਰਾ ਜੇਲ੍ਹ ਵਿਚੋਂ ਭੱਜ ਗਿਆ ਸੀ ਤੇ ਉਸ ਦੀ ਗ਼ੈਰਹਾਜ਼ਰੀ ਵਿਚ ਕੇਸ ਦਾ ਫ਼ੈਸਲਾ ਸੁਣਾ ਦਿੱਤਾ ਗਿਆ ਸੀ।

# ਕੈਨੇਡਾ ਚੋਣਾਂ: ਸਿਆਸੀ ਧਿਰਾਂ ਵੱਲੋਂ ਪੰਜਾਬੀਆਂ ਉਤੇ ਡੋਰੇ



**ਬਰੈਂਪਟਨ:** ਕੈਨੇਡਾ ਦੀਆਂ 19 ਅਕਤੂਬਰ ਨੂੰ ਹੋਣ ਵਾਲੀਆਂ ਆਮ ਚੋਣਾਂ ਲਈ ਸਾਰੀਆਂ ਹੀ ਪਾਰਟੀ ਨੇ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਇਸ ਵਾਰ ਵੀ ਚੋਣਾਂ ਵਿਚ ਪੰਜਾਬੀ ਭਾਈਚਾਰਾ ਅਹਿਮ ਭੂਮਿਕਾ ਨਿਭਾਉਣ ਜਾ ਰਿਹਾ ਹੈ। ਇਸ ਕਰਕੇ ਤਕਰੀਬਨ ਸਾਰੀਆਂ ਹੀ ਪਾਰਟੀਆਂ ਨੇ ਪੰਜਾਬੀ ਮੂਲ ਦੇ ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਤਕਰੀਬਨ ਦੋ ਦਰਜਨ ਪੰਜਾਬੀ ਭਾਈਚਾਰੇ ਦੇ ਉਮੀਦਵਾਰ ਚੋਣ ਮੈਦਾਨ ਵਿਚ ਹਨ। ਪੰਜਾਬੀਆਂ ਦੀ ਸੰਘਣੀ ਆਬਾਦੀ ਵਾਲੇ ਇਲਾਕੇ ਬਰੈਂਪਟਨ ਵਿਚ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਪਾਰਟੀ ਲਈ ਚੋਣ ਪ੍ਰਚਾਰ ਕੀਤਾ। ਪ੍ਰਧਾਨ ਮੰਤਰੀ ਦੇ ਵਿਚਾਰ ਸੁਣਨ ਲਈ ਵੱਡੀ ਗਿਣਤੀ ਵਿਚ ਪੰਜਾਬੀ ਭਾਈਚਾਰਾ ਇਕੱਠਾ ਹੋਇਆ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਜਿਥੇ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਦਾ ਜ਼ਿਕਰ ਲੋਕਾਂ ਸਾਹਮਣੇ ਕੀਤਾ ਉਥੇ ਹੀ ਕੈਨੇਡਾ ਦੀ ਤਰੱਕੀ ਵਿਚ ਪੰਜਾਬੀਆਂ ਵੱਲੋਂ ਪਾਏ ਗਏ ਯੋਗਦਾਨ ਲਈ ਪ੍ਰਸ਼ੰਸਾ ਵੀ ਕੀਤੀ। ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਆਖਿਆ ਕਿ ਸਿੱਖਾਂ ਨੇ ਕੈਨੇਡਾ ਨੂੰ ਆਰਥਿਕ ਤੌਰ ਉੱਤੇ ਬਹੁਤ ਜ਼ਿਆਦਾ ਖ਼ੁਸ਼ਹਾਲ ਬਣਾਇਆ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਰੱਖਿਆ ਮੰਤਰੀ ਜੈਸਨ ਕੈਨੀ ਵੀ ਸਨ। ਕੈਨੇਡਾ ਦੀਆਂ ਚੋਣਾਂ ਵਿਚ ਮੁੱਖ ਮੁਕਾਬਲਾ ਕੰਜ਼ਰਵੇਟਿਵ ਪਾਰਟੀ, ਨਿਊ ਡੈਮੋਕ੍ਰੇਟਿਕ ਤੇ ਲਿਬਰਲ ਪਾਰਟੀ ਵਿਚਾਲੇ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਇਸ ਵਾਰ ਪਿਛਲੇ ਸਾਲ ਦੇ ਮੁਕਾਬਲੇ ਪੰਜਾਬੀ ਐਮ.ਪੀਜ਼ ਦੀ ਗਿਣਤੀ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਹੋਵੇਗੀ। 2011 ਦੀਆਂ ਚੋਣਾਂ ਵਿਚ ਪੰਜਾਬੀ ਮੂਲ ਦੇ ਨੌਂ ਮੈਂਬਰ ਸੰਸਦ ਵਿਚ ਪਹੁੰਚੇ ਸਨ। ਇਸ ਇਲਾਵਾ ਸਰਕਾਰ ਬਣਨ ਤੋਂ ਬਾਅਦ ਸਟੀਫਨ ਸਰਕਾਰ ਵਿਚ ਤਿੰਨ ਮੰਤਰੀ ਪੰਜਾਬੀ ਮੂਲ ਦੇ ਹਨ।

# ਹੀਰੋ ਸਾਈਕਲ ਦੇ ਚੇਅਰਮੈਨ ਓ ਪੀ ਮੁੰਜਾਲ ਦਾ ਦੇਹਾਂਤ



**ਲੁਧਿਆਣਾ:** ਦੇਸ਼ ਦੀ ਸਾਈਕਲ ਸਨਅਤ ਨੂੰ ਇਕ ਨਵੀਂ ਪਛਾਣ ਦਿਵਾਉਣ ਵਾਲੇ ਹੀਰੋ ਸਾਈਕਲ ਦੇ ਆਨਰੇਰੀ ਚੇਅਰਮੈਨ ਤੇ ਹੀਰੋ ਗਰੁੱਪ ਦੇ ਬਾਨੀਆਂ ਵਿਚੋਂ ਇਕ ਓ.ਪੀ ਮੁੰਜਾਲ (85) ਦਾ ਇਥੋਂ ਦੇ ਡੀ.ਐਮ.ਸੀ. ਹੀਰੋ ਹਾਰਟ ਸੈਂਟਰ ਵਿਚ ਦੇਹਾਂਤ ਹੋ ਗਿਆ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਸ੍ਰੀ ਮੁੰਜਾਲ ਨੇ ਸਨਅਤੀ ਸਰਗਰਮੀਆਂ ਤੋਂ ਬੀਤੇ ਮਹੀਨੇ ਹੀ ਸੇਵਾਮੁਕਤੀ ਲਈ ਸੀ ਤੇ ਉਨ੍ਹਾਂ ਦੇ ਪੁੱਤਰ ਪੰਕਜ ਮੁੰਜਾਲ ਨੇ ਹੀਰੋ ਮੋਟਰਜ਼ ਗਰੁੱਪ ਦੇ ਚੇਅਰਮੈਨ ਤੇ ਐਮ.ਡੀ. ਨੇ ਜ਼ਿੰਮੇਵਾਰੀ ਸੰਭਾਲੀ ਸੀ।

ਉਨ੍ਹਾਂ ਦਾ ਜਨਮ 1928 ਵਿਚ ਟੋਬਾ ਟੇਕ ਸਿੰਘ ਦੀ ਤਹਿਸੀਲ ਕਮਾਲਿਆ (ਪਾਕਿਸਤਾਨ) ਵਿਚ ਹੋਇਆ ਸੀ। ਉਨ੍ਹਾਂ ਨੇ ਆਪਣੇ ਭਰਾਵਾਂ ਬ੍ਰਿਜਮੋਹਨ ਲਾਲ ਮੁੰਜਾਲ, ਦਇਆਨੰਦ ਮੁੰਜਾਲ ਤੇ ਸਤਿਆਨੰਦ ਮੁੰਜਾਲ ਨਾਲ ਅੰਮ੍ਰਿਤਸਰ ਵਿਚ ਆ ਕੇ 1944 ਵਿਚ ਸਾਈਕਲਾਂ ਦੇ ਕਲਪੁਰਜ਼ੇ ਬਣਾਉਣ ਦਾ ਕੰਮ ਸ਼ੁਰੂ ਕੀਤਾ। ਸਾਲ 1956 ਵਿਚ ਮੁੰਜਾਲ ਪਰਿਵਾਰ ਲੁਧਿਆਣਾ ਆ ਗਿਆ, ਜਿਥੇ ਉਨ੍ਹਾਂ ਨੇ 50000 ਰੁਪਏ ਦਾ ਕਰਜ਼ਾ ਲੈ ਕੇ ਭਾਰਤ ਦੀ ਸਭ ਤੋਂ ਪਹਿਲੀ ਸਾਈਕਲ ਕੰਪਨੀ ਹੀਰੋ ਸਥਾਪਤ ਕੀਤੀ। ਪਹਿਲੇ ਸਾਲ ਵਿਚ 629 ਸਾਈਕਲ ਬਣਾਈਆਂ ਤੇ ਬਾਅਦ ਵਿਚ ਸ੍ਰੀ ਮੁੰਜਾਲ ਨੇ ਕਦੇ ਪਿਛੇ ਮੁੜ ਕੇ ਨਹੀਂ ਦੇਖਿਆ। ਸਾਲ 1986 ਵਿਚ ਹੀਰੋ ਦਾ ਨਾਮ ਦੁਨੀਆਂ ਭਰ ਵਿਚ ਸਭ ਤੋਂ ਜ਼ਿਆਦਾ ਸਾਈਕਲ ਬਣਾਉਣ ਵਾਲੀ ਕੰਪਨੀ ਵਿਚ ਸ਼ੁਮਾਰ ਹੋ ਗਿਆ। ਇਸ ਸਾਲ ਕੰਪਨੀ ਰੋਜ਼ਾਨਾ 19000 ਸਾਈਕਲ ਬਣਾ ਰਹੀ ਸੀ। ਸ੍ਰੀ ਮੁੰਜਾਲ ਤੇ ਉਨ੍ਹਾਂ ਦੇ ਭਰਾ ਬ੍ਰਿਜਮੋਹਨ ਮੁੰਜਾਲ ਨੇ ਇਸ ਤੋਂ ਬਾਅਦ ਕਈ ਖੇਤਰਾਂ ਵਿਚ ਹੱਥ ਅਜ਼ਮਾਇਆ ਤੇ ਉਨ੍ਹਾਂ ਨੂੰ ਭਾਰੀ ਸਫਲਤਾ ਮਿਲੀ। ਮੋਟਰਸਾਈਕਲ ਤੇ ਆਈ.ਟੀ. ਖੇਤਰ ਵਿਚ ਕੁਝ ਸਮੇਂ ਵਿਚ ਹੀ ਛਾ ਗਏ।।

ਸ੍ਰੀ ਮੁੰਜਾਲ ਨੂੰ ਦੇਸ਼ ਦੀ ਸਨਅਤ ਵਿਚ ਅਹਿਮ ਯੋਗਦਾਨ ਪਾਉਣ ਲਈ ਕੌਮੀ ਤੇ ਕੌਮਾਂਤਰੀ ਪੁਰਸਕਾਰਾਂ ਨਾਲ ਸਨਮਾਨਤ ਵੀ ਕੀਤਾ ਗਿਆ ਹੈ। ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਉਦਯੋਗ ਰਤਨ ਅਵਾਰਡ ਵੀ ਦਿੱਤਾ ਗਿਆ। ਪੰਜਾਬ ਵਿਚ ਹੀਰੋ ਸਾਈਕਲ ਦੇ ਸਥਾਪਤ ਹੋਣ ਦੇ ਨਾਲ ਇਥੇ ਭਾਰੀ ਸਨਅਤੀ ਵਿਕਾਸ ਹੋਇਆ। ਰਾਜ ਦੇ ਨੌਜਵਾਨਾਂ ਨੂੰ ਰੁਜ਼ਗਾਰ ਮਿਲਿਆ ਤੇ ਇਥੇ ਸੈਂਕੜੇ ਦੀ ਗਿਣਤੀ ਵਿਚ ਛੋਟੀਆਂ ਤੇ ਅਨੂ ਇਕਾਈਆਂ ਦਾ ਵਿਕਾਸ ਹੋਇਆ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ੍ਰੀ ਮੁੰਜਾਲ ਦੇ ਦੇਹਾਂਤ ਉਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਪ੍ਰਕਾਸ਼ ਦਿਹਾੜੇ ਬਾਰੇ ਨਿਤਿਸ਼ ਨੂੰ ਮਿਲਿਆ ਸਿੱਖਾਂ ਦਾ ਵਫ਼ਦ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਖ਼ਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਨੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨਾਲ ਮੁਲਾਕਾਤ ਕਰਕੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦਾ 350 ਸਾਲਾ ਪ੍ਰਕਾਸ਼ ਦਿਹਾੜਾ ਬਿਹਾਰ ਸਰਕਾਰ ਵੱਲੋਂ ਕੌਮੀ ਪੱਧਰ ਉਤੇ ਮਨਾਉਣ ਦੀ ਅਪੀਲ ਕੀਤੀ ਹੈ। ਮੁੱਖ ਮੰਤਰੀ ਨੇ ਸਿੱਖ ਵਫ਼ਦ ਨੂੰ ਹਾਂ ਪੱਖੀ ਹੁੰਗਾਰਾ ਦਿੱਤਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਦਾ 350 ਸਾਲਾ ਪ੍ਰਕਾਸ਼ ਪੁਰਬ ਤਖ਼ਤ ਸ੍ਰੀ ਪਟਨਾ ਸਾਹਿਬ ਬਿਹਾਰ ਵਿਖੇ ਪੰਜ ਜਨਵਰੀ 2017 ਨੂੰ ਮਨਾਉਣ ਦੀ ਯੋਜਨਾ ਹੈ, ਜਿਸ ਬਾਰੇ ਅਗਾਊਂ ਪ੍ਰਬੰਧ ਕੀਤੇ ਜਾ ਰਹੇ ਹਨ। ਸਿੱਖ ਨੁਮਾਇੰਦਿਆਂ ਦਾ ਵਫ਼ਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੀ ਅਗਵਾਈ ਹੇਠ ਬਿਹਾਰ ਦੇ ਮੁੱਖ ਮੰਤਰੀ ਨੂੰ ਮਿਲਿਆ ਹੈ। ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਨਿਤਿਸ਼ ਕੁਮਾਰ ਨਾਲ ਸਦਭਾਵਨਾ ਵਾਲੇ ਮਾਹੌਲ ਵਿਚ ਗੱਲਬਾਤ ਹੋਈ ਹੈ ਤੇ ਉਨ੍ਹਾਂ ਸਿੱਖ ਮੰਗਾਂ 'ਤੇ ਵਿਚਾਰ ਕਰਨ ਦਾ ਭਰੋਸਾ ਦਿਵਾਇਆ ਹੈ।

ਸਿੱਖ ਵਫ਼ਦ ਨੇ ਮੰਗ ਕੀਤੀ ਕਿ ਪ੍ਰਕਾਸ਼ ਦਿਹਾੜਾ ਮਨਾਉਣ ਬਾਰੇ ਬਿਹਾਰ ਸਰਕਾਰ ਤੇ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦਰਮਿਆਨ ਆਪਸੀ ਤਾਲਮੇਲ ਕਮੇਟੀ ਕਾਇਮ ਕੀਤੀ ਜਾਵੇ ਤੇ ਉਸ ਦਾ ਕੋਆਰਡੀਨੇਟਰ ਬਿਹਾਰ ਸਰਕਾਰ ਵੱਲੋਂ ਸਕੱਤਰ ਪੱਧਰ ਦੇ ਅਧਿਕਾਰੀ ਨੂੰ ਲਾਇਆ ਜਾਵੇ। ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਹੋਣ ਵਾਲੇ ਸਮਾਗਮਾਂ ਸਮੇਂ ਬਿਹਾਰ ਸਰਕਾਰ ਕੁੰਭ ਮੇਲੇ ਵਾਂਗ ਟੈਂਟਾਂ ਦਾ ਸ਼ਹਿਰ ਬਣਾਉਣ ਦੀ ਵਿਵਸਥਾ ਕਰੇ। ਤਖ਼ਤ ਪਟਨਾ ਸਾਹਿਬ ਦੇ ਨਜ਼ਦੀਕ ਆਧੁਨਿਕ ਸਹੂਲਤਾਂ ਭਰਪੂਰ ਹਸਪਤਾਲ, ਸਾਫ਼-ਸਫ਼ਾਈ ਤੇ ਬਿਜਲੀ, ਪਾਣੀ ਦੀ ਵਿਵਸਥਾ ਨੂੰ ਸੁਚਾਰੂ ਰੂਪ ਵਿਚ ਕੀਤਾ ਜਾਵੇ, ਗੁਰਦੁਆਰਾ ਗੁਰੂ ਕਾ ਬਾਗ ਵਿਖੇ ਬਣੇ ਰਿਹਾਇਸ਼ੀ ਕਮਰਿਆਂ ਦੇ ਕੋਲ ਸੇਵਾਦਾਰ ਤੇ ਮੁਲਾਜ਼ਮਾਂ ਦੀ ਸੁਰੱਖਿਆ ਲਈ ਪੁਲਿਸ ਲਾਈ ਜਾਵੇ।

## ਮੁੱਖ ਮੰਤਰੀ ਵੱਲੋਂ ਮੰਗਾਂ 'ਤੇ ਵਿਚਾਰ ਕਰਨ ਦਾ ਭਰੋਸਾ



## ਸਰਕਾਰ ਸਾਹਮਣੇ ਇਹ ਮੰਗ ਰੱਖੀਆਂ

-ਦਸਵੇਂ ਪਾਤਸ਼ਾਹ ਦੇ ਜੀਵਨ, ਦਰਸ਼ਨ ਤੇ ਸਿੱਖਿਆਵਾਂ ਬਾਰੇ ਸੈਮੀਨਾਰ ਤੇ ਕਾਨਫਰੰਸ ਕਰਵਾਏ ਜਾਣ

-ਗੁਰੂ ਗੋਬਿੰਦ ਸਿੰਘ ਦੇ ਨਾਂ ਉਤੇ ਮੈਡੀਕਲ ਕਾਲਜ ਜਾਂ ਇੰਜਨੀਅਰਿੰਗ ਕਾਲਜ ਖੋਲ੍ਹਿਆ ਜਾਵੇ

-ਗੁਰੂ ਸਾਹਿਬ ਨੂੰ ਸਮਰਪਤ ਕੌਮੀ ਪੱਧਰ 'ਤੇ ਡਾਕ ਟਿਕਟ ਤੇ ਸਿੱਕੇ ਜਾਰੀ ਕੀਤੇ ਜਾਣ

-ਉਨ੍ਹਾਂ ਦੇ ਜੀਵਨ ਤੇ ਸਿੱਖਿਆ ਬਾਰੇ ਪੰਜਾਬੀ, ਅੰਗਰੇਜ਼ੀ ਤੇ ਹਿੰਦੀ ਭਾਸ਼ਾਵਾਂ ਵਿਚ ਪੁਸਤਕਾਂ ਛਪਵਾ ਕੇ ਸਰਕਾਰੀ ਤੌਰ 'ਤੇ ਵੰਡੀਆਂ ਜਾਣ

-ਪੰਜਾਬ ਤੋਂ ਬਿਹਾਰ ਜਾਣ ਵਾਲੀ ਰੇਲ ਗੱਡੀ ਦਾ ਨਾਂ ਗੁਰੂ ਸਾਹਿਬ ਦੇ ਨਾਂ ਉਤੇ ਰੱਖਿਆ ਜਾਵੇ

-ਬਿਹਾਰ ਵਿਚ ਵੱਸਦੇ ਸਿੱਖ ਭਾਈਚਾਰੇ ਨੂੰ ਘੱਟ ਗਿਣਤੀ ਦੇ ਰੂਪ ਵਿਚ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣ

-ਪਟਨਾ ਰੇਲਵੇ ਸਟੇਸ਼ਨ ਤੋਂ ਤਖ਼ਤ ਸਾਹਿਬ ਤੱਕ ਜਾਣ ਵਾਲੀ ਸੜਕ ਦਾ ਨਾਂ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ' ਮਾਰਗ ਰੱਖਿਆ ਜਾਵੇ

- ਪੰਜਾਬ ਨੂੰ ਜਾਣ ਵਾਲੇ ਕੌਮੀ ਰਾਜ ਮਾਰਗ ਦਾ ਨਾਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਦੇ ਨਾਂ 'ਤੇ ਰੱਖਿਆ ਜਾਵੇ

## ਪਿਸ਼ਾਵਰ ਸਕੂਲ ਹਮਲੇ ਦੇ ਛੇ ਦੋਸ਼ੀਆਂ ਨੂੰ ਸਜ਼ਾ-ਏ-ਮੌਤ

**ਇਸਲਾਮਾਬਾਦ:** ਪਿਸ਼ਾਵਰ ਵਿਚ ਫ਼ੌਜ ਵੱਲੋਂ ਚਲਾਏ ਜਾਂਦੇ ਸਕੂਲ ਵਿਚ 150 ਵਿਅਕਤੀਆਂ ਖ਼ਾਸਕਰ ਸਕੂਲੀ ਬੱਚਿਆਂ ਦਾ ਸਮੂਹਿਕ ਕਤਲੇਆਮ ਕਰਨ ਵਿਚ ਸ਼ਾਮਲ ਛੇ ਅਤਿਵਾਦੀਆਂ ਨੂੰ ਸੈਨਿਕ ਅਦਾਲਤਾਂ ਨੇ ਮੌਤ ਦੀ ਸਜ਼ਾ ਸੁਣਾਈ ਹੈ ਜਦਕਿ ਇਕ ਨੂੰ ਉਮਰ ਕੈਦ ਦੀ ਸਜ਼ਾ ਦੇਣ ਦਾ ਐਲਾਨ ਕੀਤਾ ਗਿਆ ਹੈ। ਫ਼ੌਜ ਦੇ ਬੁਲਾਰੇ ਮੇਜਰ ਜਨਰਲ ਆਸਿਮ ਬਾਜਵਾ ਨੇ ਦੱਸਿਆ ਕਿ ਪਿਛਲੇ ਸਾਲ ਦਸੰਬਰ ਵਿਚ ਪਿਸ਼ਾਵਰ ਸਕੂਲ ਉਤੇ ਹਮਲੇ ਵਿਚ ਸ਼ਾਮਲ ਸੱਤ ਅਤਿਵਾਦੀਆਂ ਵਿਚੋਂ ਛੇ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ ਜਦਕਿ ਇਕ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਹੈ। ਦੋਸ਼ੀ ਠਹਿਰਾਏ ਸੱਤ ਅਤਿਵਾਦੀ ਵਿਚੋਂ ਛੇ ਤੌਹੀਦਵਾਲ ਜਹਾਦ ਗਰੁੱਪ ਨਾਲ ਜਦਕਿ ਇਕ ਤਹਿਰੀਕ-ਏ-ਤਾਲਿਬਾਨ ਨਾਲ ਸਬੰਧਤ ਹੈ। ਅਤਿਵਾਦੀਆਂ ਕੋਲ ਅੱਗੇ ਅਪੀਲ ਕਰਨ ਦਾ ਹੱਕ ਹੈ। 16 ਦਸੰਬਰ 2014 ਨੂੰ ਅਤਿਵਾਦੀਆਂ ਵੱਲੋਂ ਪਿਸ਼ਾਵਰ ਵਿਚ ਆਰਮੀ ਪਬਲਿਕ ਸਕੂਲ 'ਤੇ ਕੀਤੇ ਹਮਲੇ ਵਿਚ 125 ਬੱਚਿਆਂ ਸਮੇਤ 151 ਵਿਅਕਤੀ ਮਾਰੇ ਗਏ ਸਨ। ਇਸ ਹਮਲੇ ਦੀ ਤਹਿਰੀਕ-ਏ-ਤਾਲਿਬਾਨ ਨੇ ਜ਼ਿੰਮੇਵਾਰੀ ਲਈ ਸੀ।

# ਕਤਲੇਆਮ 84: ਮੁਆਵਜ਼ੇ 'ਤੇ ਸਿਆਸਤ ਚਮਕਾਉਣ ਲਈ ਜ਼ੋਰ-ਅਜ਼ਮਾਇਸ਼

**ਨਵੀਂ ਦਿੱਲੀ:** ਨਵੰਬਰ 1984 ਦੇ ਸਿੱਖ ਕਤਲੇਆਮ ਪੀੜਤਾਂ ਨੂੰ ਪੰਜ-ਪੰਜ ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਲਈ ਸਿਆਸੀ ਧਿਰਾਂ ਸਰਗਰਮ ਹੋ ਗਈਆਂ ਹਨ। ਭਾਜਪਾ ਆਗੂ ਜਿਥੇ ਮੋਦੀ ਸਰਕਾਰ ਦੀ ਪਿੱਠ ਥਾਪੜ ਰਹੇ ਹਨ, ਉਥੇ ਆਮ ਆਦਮੀ ਪਾਰਟੀ ਮੁਆਵਜ਼ੇ ਨੂੰ ਪ੍ਰਵਾਨਗੀ ਦੇ ਕੇ ਪੀੜਤਾਂ ਨਾਲ ਕੀਤਾ ਵਾਅਦਾ ਨਿਭਾਉਣ ਦੀ ਗੱਲ ਆਖ ਰਹੀ ਹੈ। ਰਾਜ਼ੌਰੀ ਗਾਰਡਨ ਤੋਂ 'ਆਪ' ਦੇ ਵਿਧਾਇਕ ਜਰਨੈਲ ਸਿੰਘ ਦਾ ਕਹਿਣਾ ਹੈ ਕਿ ਕੁਝ ਮਹੀਨੇ ਪਹਿਲਾਂ ਹੀ ਸ੍ਰੀ ਕੇਜਰੀਵਾਲ ਨੇ ਐਲਾਨ ਕੀਤਾ ਸੀ ਕਿ ਜੇਕਰ ਕੇਂਦਰ ਸਰਕਾਰ ਨੇ ਸਿੱਖ ਕਤਲੇਆਮ ਪੀੜਤਾਂ ਨੂੰ ਐਲਾਨਿਆਂ ਮੁਆਵਜ਼ਾ ਨਾ ਦਿੱਤਾ ਤਾਂ ਦਿੱਲੀ ਸਰਕਾਰ ਇਹ ਮੁਆਵਜ਼ਾ ਦੇਵੇਗੀ। ਹੁਣ ਉਸੇ ਮੁਤਾਬਕ ਹੀ ਇਹ ਵਾਅਦਾ ਪੂਰਾ ਕੀਤਾ ਜਾਵੇਗਾ। ਉਧਰ ਭਾਜਪਾ ਦਾ ਦਾਅਵਾ ਹੈ ਕਿ ਪੀੜਤਾਂ ਨੂੰ ਰਕਮ ਕੇਂਦਰ ਸਰਕਾਰ ਵੱਲੋਂ ਹੀ ਦਿੱਤੀ ਜਾਣੀ ਹੈ ਤੇ ਕੇਜਰੀਵਾਲ ਇਸ ਮੁੱਦੇ 'ਤੇ ਸਿਆਸਤ ਖੇਡ ਰਹੇ ਹਨ। ਆਗੂਆਂ ਨੇ ਕਿਹਾ ਕਿ ਭਾਜਪਾ ਨੇ 31 ਜੁਲਾਈ ਨੂੰ ਕੇਂਦਰ ਸਰਕਾਰ ਨੂੰ ਚੇਤਾਇਆ ਸੀ ਕਿ ਕੇਂਦਰ ਸਰਕਾਰ ਵੱਲੋਂ ਪੀੜਤ ਸਿੱਖਾਂ ਲਈ ਐਲਾਨੇ ਪੰਜ-ਪੰਜ ਲੱਖ ਰੁਪਏ ਦਿੱਤੇ ਜਾਣ। ਭਾਜਪਾ ਦੇ ਆਗੂਆਂ ਸਤੀਸ਼ ਉਪਾਧਿਆਏ ਤੇ ਰਾਜੀਵ ਬੱਬਰ ਨੇ ਕਿਹਾ ਕਿ ਇਹ ਰਕਮ ਕੇਂਦਰ ਸਰਕਾਰ ਵੱਲੋਂ ਹੀ ਦਿੱਤੀ ਜਾਣੀ ਹੈ। ਦੂਜੇ ਪਾਸੇ ਪੀੜਤ ਪਰਿਵਾਰਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਵੱਲੋਂ ਮੁਆਵਜ਼ੇ ਦੀ ਰਕਮ ਦੇਣ ਵਿਚ ਢਿੱਲ ਦਿਖਾਈ ਜਾ ਰਹੀ ਸੀ ਪਰ ਹੁਣ ਕੇਜਰੀਵਾਲ ਸਰਕਾਰ ਨੇ ਪਹਿਲ ਕਰ ਦਿੱਤੀ ਹੈ ਜਿਸ ਤੋਂ ਹੋਰ ਸਿਆਸੀ ਪਾਰਟੀਆਂ ਦੀਆਂ ਨੀਤੀਆਂ ਦਾ ਸਾਫ਼ ਪਤਾ ਚੱਲਦਾ ਹੈ।

ਦੱਸਣਯੋਗ ਹੈ ਕਿ ਕੇਜਰੀਵਾਲ ਸਰਕਾਰ ਨੇ ਕੇਂਦਰ ਵੱਲੋਂ 1984 ਦੇ ਸਿੱਖ ਦੰਗਾ ਪੀੜਤਾਂ ਲਈ ਐਲਾਨੀ ਪ੍ਰਤੀ ਪਰਿਵਾਰ ਪੰਜ ਲੱਖ ਦੀ ਮੁਆਵਜ਼ਾ ਰਾਸ਼ੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਮੁਆਵਜ਼ੇ ਵਾਲੀ ਰਾਸ਼ੀ 120 ਕਰੋੜ ਦੇ ਕਰੀਬ ਬਣਦੀ ਹੈ ਤੇ ਕੇਂਦਰ ਸਰਕਾਰ ਵੱਲੋਂ ਬਾਅਦ ਵਿਚ ਇਹ ਰਾਸ਼ੀ ਦਿੱਲੀ ਸਰਕਾਰ ਨੂੰ ਮੋੜ ਦਿੱਤੀ ਜਾਵੇਗੀ। ਸਰਕਾਰ ਮੁਤਾਬਕ ਦਿੱਲੀ ਵਿਚ 2300 ਦੇ ਕਰੀਬ ਦੰਗਾ ਪੀੜਤਾਂ ਦੇ ਪਰਿਵਾਰ ਰਹਿੰਦੇ ਹਨ ਜਿਨ੍ਹਾਂ ਨੂੰ ਪਿਛਲੇ ਛੇ ਮਹੀਨਿਆਂ ਤੋਂ ਮੁਆਵਜ਼ੇ ਦੇ ਚੈੱਕ ਨਹੀਂ ਮਿਲੇ।

ਨਵੰਬਰ '84 ਪੀੜਤਾਂ ਦੇ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਕਿ ਕੇਜਰੀਵਾਲ ਸਰਕਾਰ ਨੇ ਉਨ੍ਹਾਂ (ਫੂਲਕਾ) ਦੀ ਬੇਨਤੀ ਉਪਰ ਇਹ ਮੁਆਵਜ਼ਾ ਦੇਣ ਦਾ ਫੈਸਲਾ ਕੀਤਾ ਹੈ ਜਿਸ ਦਾ ਸਵਾਗਤ ਹੈ। ਸ. ਫੂਲਕਾ ਨੇ ਕਿਹਾ ਕਿ ਇਹ ਮੁਆਵਜ਼ਾ 2006 ਵਿਚ ਵੰਡੇ ਗਏ ਮੁਆਵਜ਼ੇ ਦੇ ਆਧਾਰ ਉਪਰ ਹੀ ਦਿੱਤਾ ਜਾਵੇਗਾ ਤਾਂ ਜੋ ਇਸ ਵਿਚ ਕੋਈ ਭ੍ਰਿਸ਼ਟਾਚਾਰ ਨਾ ਕਰ ਸਕੇ। ਕਈ ਥਾਂਵਾਂ ਤੋਂ ਰਿਪੋਰਟਾਂ ਆਈਆਂ ਹਨ ਕਿ ਕੁਝ ਆਗੂ ਨਵੇਂ ਫਾਰਮ ਭਰਨ ਲੱਗੇ ਸਨ ਤੇ ਇਸ ਤਰ੍ਹਾਂ ਅਜਿਹੇ ਆਗੂਆਂ ਵੱਲੋਂ ਇਸ ਮੁਆਵਜ਼ੇ ਵਿਚੋਂ ਵੀ 'ਟਾਂਕਾ' ਲਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਗਈਆਂ ਸਨ। ਸ. ਜਰਨੈਲ ਸਿੰਘ ਨੇ ਕਿਹਾ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਦਿਲਵਾਉਣਾ ਸ਼੍ਰੋਮਣੀ ਅਕਾਲੀ ਦਲ ਤੇ ਉਨ੍ਹਾਂ ਦੀ ਭਾਈਵਾਲ ਭਾਜਪਾ ਦੀ ਜ਼ਿੰਮੇਵਾਰੀ ਹੈ ਕਿਉਂਕਿ ਪੁਲਿਸ ਉਨ੍ਹਾਂ ਕੋਲ ਹੈ ਤੇ ਐਸ.ਆਈ.ਟੀ. ਉਨ੍ਹਾਂ ਬਣਾਈ ਹੋਈ ਹੈ ਜਿਸ ਨੇ ਪਹਿਲੇ ਛੇ ਮਹੀਨੇ ਡੱਕਾ ਤੋੜ ਕੇ ਦੂਹਰਾ ਨਹੀਂ ਕੀਤਾ ਤੇ ਹੁਣ ਐਸ.ਆਈ.ਟੀ. ਦੇ ਕਾਰਜਕਾਲ ਵਿਚ ਇਕ ਸਾਲ ਦਾ ਹੋਰ ਵਾਧਾ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਇਨਸਾਫ਼ ਲਈ 31 ਸਾਲ ਦੀ ਉਡੀਕ ਹੋ ਚੁੱਕੀ ਹੈ।



### ਪੀੜਤਾਂ ਦੀ ਪਟੀਸ਼ਨ 'ਤੇ ਸੀ.ਬੀ.ਆਈ. ਨੂੰ ਨੋਟਿਸ

**ਨਵੀਂ ਦਿੱਲੀ:** ਸਥਾਨਕ ਅਦਾਲਤ ਨੇ 1984 ਵਿਚ ਸਿੱਖਾਂ ਦੇ ਸਮੂਹਿਕ ਕਤਲੇਆਮ ਵਿਚ ਕਾਂਗਰਸੀ ਨੇਤਾ ਜਗਦੀਸ਼ ਟਾਈਟਲਰ ਦੀ ਭੂਮਿਕਾ ਦੇ ਬਾਵਜੂਦ ਉਸ ਨੂੰ ਕਲੀਨ ਚਿੱਟ ਦੇ ਕੇ ਕੇਸ ਬੰਦ ਕਰਨ ਲਈ ਦਾਇਰ ਰਿਪੋਰਟ ਖਿਲਾਫ ਪੀੜਤਾਂ ਸਿੱਖਾਂ ਵੱਲੋਂ ਦਾਇਰ ਰੋਸ ਪਟੀਸ਼ਨ 'ਤੇ ਸੀ.ਬੀ.ਆਈ. ਨੂੰ ਨੋਟਿਸ ਜਾਰੀ ਕੀਤਾ ਹੈ। ਅਦਾਲਤ ਨੇ ਇਸ ਮਾਮਲੇ ਵਿਚ ਤੀਸਰੀ ਕਲੋਜ਼ਰ ਰਿਪੋਰਟ ਪੇਸ਼ ਕਰਨ ਵਿਰੁੱਧ ਦਾਇਰ ਰੋਸ ਪਟੀਸ਼ਨ ਉਤੇ ਸੀ.ਬੀ.ਆਈ. ਕੋਲੋਂ ਜਵਾਬ ਮੰਗਿਆ ਹੈ ਤੇ ਮਾਮਲੇ ਦੀ ਸੁਣਵਾਈ 11 ਸਤੰਬਰ ਉਤੇ ਪਾ ਦਿੱਤੀ ਹੈ। ਬਿਨੇਕਾਰ ਲਖਵਿੰਦਰ ਕੌਰ ਜਿਸ ਦਾ ਪਤੀ ਬਾਦਲ ਸਿੰਘ ਦੰਗਿਆਂ ਵਿਚ ਮਾਰਿਆ ਗਿਆ ਸੀ, ਦੀ ਪਟੀਸ਼ਨ ਵਿਚ ਅਦਾਲਤ ਤੋਂ ਮੰਗ ਕੀਤੀ ਗਈ ਹੈ ਕਿ ਮੁਲਜ਼ਮ ਖਿਲਾਫ ਉਪਲਬਧ ਸਬੂਤਾਂ ਨੂੰ ਕੇਸ ਵਿਚ ਸ਼ਾਮਲ ਕਰਨ ਲਈ ਮਾਮਲੇ ਦੀ ਅੱਗੋਂ ਜਾਂਚ ਕਰਨ ਦੀ ਹਦਾਇਤ ਕੀਤੀ ਜਾਵੇ। ਇਹ ਪਟੀਸ਼ਨ ਸੀਨੀਅਰ ਵਕੀਲ ਐਚ.ਐਸ. ਫੂਲਕਾ ਰਾਹੀਂ ਦਾਇਰ ਕੀਤੀ ਗਈ ਹੈ ਜਿਹੜੇ ਪੀੜਤਾਂ ਦੇ ਮਾਮਲਿਆਂ ਦੀ ਪੈਰਵੀ ਕਰਦੇ ਹਨ।

# ਇਕਸਾਰ ਵੈਟ ਵਾਲਾ ਫਾਰਮੂਲਾ ਪੰਜਾਬ ਦੇ ਕੰਮ ਨਾ ਆਇਆ

**ਜਲੰਧਰ:** ਗੁਆਂਢੀ ਰਾਜਾਂ ਵੱਲੋਂ ਡੀਜ਼ਲ ਉਤੇ ਵੈਟ ਦੀ ਦਰ ਵਧਾਉਣ ਦੇ ਬਾਵਜੂਦ ਪੰਜਾਬ ਦੇ ਸਰਹੱਦੀ ਪੰਪਾਂ ਦੀ ਵਿਕਰੀ ਵਿਚ ਵਾਧਾ ਨਹੀਂ ਹੋ ਸਕਿਆ ਹੈ। ਇਸ ਦਾ ਇਕ ਕਾਰਨ ਪੰਜਾਬ ਵਿਚ ਸਰਚਾਰਜ ਲੱਗਣ ਨਾਲ ਡੀਜ਼ਲ ਮਹਿੰਗਾ ਹੈ ਤੇ ਦੂਸਰੇ ਪਾਸੇ ਹਿਮਾਚਲ ਪ੍ਰਦੇਸ਼ ਨੇ ਅਜੇ ਤੱਕ ਵੀ ਡੀਜ਼ਲ ਉਤੇ ਵੈਟ ਦੀ ਦਰ ਵਿਚ ਵਾਧਾ ਨਹੀਂ ਕੀਤਾ ਹੈ। ਪੰਜਾਬ ਦੇ ਕਹਿਣ ਉਤੇ ਹੀ ਹਰਿਆਣਾ ਨੇ ਤਾਂ ਡੀਜ਼ਲ 'ਤੇ ਵੈਟ ਦੀ ਦਰ ਵਧਾ ਕੇ 17.22 ਕਰ ਦਿੱਤੀ ਸੀ ਤੇ ਹਿਮਾਚਲ ਵਿਚ ਅਜੇ ਵੀ ਡੀਜ਼ਲ ਉਤੇ ਵੈਟ ਦੀ ਦਰ 16 ਫ਼ੀਸਦੀ ਹੈ ਜਦਕਿ ਸਰਚਾਰਜ ਕਰਕੇ ਪੰਜਾਬ ਵਿਚ ਵੈਟ ਦੀ ਦਰ 17.62 ਫ਼ੀਸਦੀ ਹੈ। ਹਿਮਾਚਲ ਪ੍ਰਦੇਸ਼ ਵਿਚ ਸੀਮੈਂਟ ਦੇ ਸੱਤ ਕਾਰਖ਼ਾਨੇ ਹਨ ਤੇ ਇਥੇ ਹੀ ਵਿਕਰੀ ਕਰ ਵਿਭਾਗ ਦਾ ਬੈਰੀਅਰ ਹੈ ਜਿਥੋਂ ਕਿ 7000 ਦੇ ਕਰੀਬ ਸੀਮੈਂਟ ਨਾਲ ਭਰੇ ਟਰੱਕ ਨਿਕਲਦੇ ਹਨ ਪਰ ਜ਼ਿਆਦਾਤਰ ਟਰੱਕਾਂ ਨੂੰ ਹਿਮਾਚਲ ਦੇ ਨਾਲਾਗੜ੍ਹ ਵਿਚ ਡੀਜ਼ਲ ਸਸਤਾ ਪੈਂਦਾ ਹੈ। ਸ਼ੰਭੂ ਬੈਰੀਅਰ ਦਾ ਅੰਬਾਲਾ ਨਾਲੋਂ 26 ਪੈਸੇ ਪ੍ਰਤੀ ਲੀਟਰ ਦਾ ਫ਼ਰਕ ਹੈ। ਪੰਪ ਮਾਲਕ ਜਥੇਬੰਦੀ ਦੇ ਆਗੂ ਅਸ਼ਵਿੰਦਰ ਮਾਗੀਆ ਦੱਸਦੇ ਹਨ ਕਿ ਪਹਿਲਾਂ ਤਾਂ ਕਿਹਾ ਜਾ ਰਿਹਾ ਸੀ ਕਿ ਹਰਿਆਣਾ ਵੱਲੋਂ ਡੀਜ਼ਲ ਉਤੇ ਵੈਟ ਵਧਾਉਣ ਨਾਲ ਪੰਜਾਬ ਦੇ ਸਰਹੱਦੀ ਪੰਪਾਂ ਦੀ ਵਿੱਕਰੀ ਵਧੇਗੀ, ਇਸ ਵਿਚ ਕੋਈ ਫ਼ਰਕ ਨਹੀਂ ਪਿਆ ਹੈ। ਪੰਜਾਬ ਨੂੰ ਹਿਮਾਚਲ ਪ੍ਰਦੇਸ਼ ਨਾਲ ਗੱਲਬਾਤ ਕਰਕੇ ਹਰਿਆਣਾ ਦੇ ਬਰਾਬਰ ਡੀਜ਼ਲ 'ਤੇ ਵੈਟ ਕਰਨ ਦੀ ਮੰਗ ਕਰਨੀ ਚਾਹੀਦੀ ਹੈ। ਪੰਜਾਬ ਦੇ ਸਰਹੱਦੀ ਪੰਪਾਂ ਉਤੇ ਡੀਜ਼ਲ ਦੀ ਵਿਕਰੀ ਵਿਚ ਵਾਧਾ ਨਹੀਂ ਹੋਇਆ ਹੈ। ਇਸ ਦਾ ਹੋਰ ਕਾਰਨ ਪੰਜਾਬ ਵਿਚ ਡੀਜ਼ਲ 'ਤੇ ਵੈਟ 17.62 ਫ਼ੀਸਦੀ ਹੈ ਤੇ ਇਹ ਇਕ ਰੁਪਏ



ਸਰਚਾਰਜ ਲੱਗਣ ਕਰਕੇ ਹੀ ਵਧਿਆ ਹੈ, ਜਦੋਂ ਤੇਲ ਕੰਪਨੀਆਂ ਤੇਲ ਦੇ ਰੇਟ ਘਟਾਉਂਦੀਆਂ ਹਨ ਤਾਂ ਪੰਜਾਬ ਦਾ ਡੀਜ਼ਲ ਹੋਰ ਮਹਿੰਗਾ ਹੋ ਜਾਂਦਾ ਹੈ। ਪੰਜਾਬ ਵਿਚ ਡੀਜ਼ਲ ਉਤੇ ਵੈਟ ਦੀ ਦਰ 17.25 ਸਰਚਾਰਜ ਸਮੇਤ ਰੱਖਣੀ ਚਾਹੀਦੀ ਹੈ। ਪੰਜਾਬ ਵਿਚ ਹੀ ਤੇਲ ਕੰਪਨੀਆਂ ਵੱਲੋਂ ਫ਼ੈਸਲਾ ਨਾ ਲਏ ਜਾਣ ਕਰਕੇ ਕਈ ਸ਼ਹਿਰਾਂ ਵਿਚ ਤੇਲ ਦੇ ਅਲੱਗ-ਅਲੱਗ ਰੇਟ ਹਨ ਜਿਨ੍ਹਾਂ ਵਿਚ ਸੰਗਰੂਰ ਵਿਚ ਤੇਲ ਸਸਤਾ ਹੈ ਤੇ ਇਸੇ ਤਰ੍ਹਾਂ ਨਾਲ ਜਲੰਧਰ ਤੇ ਪਠਾਨਕੋਟ ਵਿਚਕਾਰ ਹੀ ਡੀਜ਼ਲ ਦਾ 70 ਪੈਸੇ ਦਾ ਫ਼ਰਕ ਹੈ।

# ਸੁਰਜੀਤ ਪਾਤਰ ਨੂੰ ਬਾਵਾ ਬਲਵੰਤ ਜਨਮ ਸ਼ਤਾਬਦੀ ਐਵਾਰਡ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਵੱਲੋਂ ਪੰਜ ਪਾਂਡਵ ਯਾਦਗਾਰ ਕਮੇਟੀ ਦੇ ਸਹਿਯੋਗ ਨਾਲ ਪੰਜਾਬੀ ਦੇ ਯੁੱਗ-ਕਵੀ ਬਾਵਾ ਬਲਵੰਤ ਦੀ ਜਨਮ ਸ਼ਤਾਬਦੀ ਨੂੰ ਸਮਰਪਤ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਪੰਜਾਬੀ ਸਾਹਿਤਕਾਰ ਡਾ. ਸੁਰਜੀਤ ਪਾਤਰ ਨੂੰ ਬਾਵਾ ਬਲਵੰਤ ਜਨਮ ਸ਼ਤਾਬਦੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਡਾ. ਪਾਤਰ ਨੇ ਕਿਹਾ ਕਿ ਪੰਜਾਬ ਦਾ ਸੰਗੀਤ ਨਾਲ ਗੂੜ੍ਹਾ ਰਿਸ਼ਤਾ ਰਿਹਾ ਹੈ।



ਸੰਗੀਤ ਮਨੁੱਖ ਦੇ ਮਨ ਉਤੇ ਡੂੰਘਾ ਪ੍ਰਭਾਵ ਛੱਡਦਾ ਹੈ ਤੇ ਮਨ ਦੀ ਸ਼ਾਂਤੀ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਆਪਣੇ ਪ੍ਰਧਾਨਗੀ ਭਾਸ਼ਣ ਵਿਚ ਡਾ. ਜਸਪਾਲ ਸਿੰਘ ਨੇ ਕਿਹਾ ਕਿ ਮੌਜੂਦਾ ਪੰਜਾਬੀ ਸੰਗੀਤ ਦਾ ਸ਼ਾਸਤਰੀ ਸੰਗੀਤ ਨਾਲੋਂ ਸਬੰਧ ਟੁੱਟਦਾ ਜਾ ਰਿਹਾ ਹੈ। ਪੰਜਾਬੀ ਸੰਗੀਤ ਭਾਵੇਂ ਸਾਰੇ ਵਿਸ਼ਵ ਵਿਚ ਹਰਮਨ-ਪਿਆਰਾ ਹੋ ਰਿਹਾ ਹੈ ਪਰ ਇਸ ਦਾ ਪੱਧਰ ਡਿੱਗਦਾ ਜਾ ਰਿਹਾ ਹੈ, ਜਿਸ ਵੱਲ ਧਿਆਨ ਦੇਣ ਦੀ ਲੋੜ ਹੈ। ਇਸ ਮੌਕੇ ਡਾ. ਜਸਪਾਲ ਸਿੰਘ ਨੇ ਵਿਭਾਗ ਵੱਲੋਂ ਤਿਆਰ ਕੀਤੀ ਗਈ ਵੈੱਬਸਾਈਟ ਦਾ ਉਦਘਾਟਨ ਕੀਤਾ। ਵਿਭਾਗ ਵੱਲੋਂ ਤਿਆਰ ਕੀਤੀ ਇਕ ਆਡੀਓ ਸੀ.ਡੀ. ਵੀ ਜਾਰੀ ਕੀਤੀ ਗਈ।

# ਮੌਕਾ ਨਾ ਸਾਂਭਿਆ ਤਾਂ ਪਾਣੀ ਨੂੰ ਤਰਸੇਗਾ ਪੰਜਾਬ

**ਚੰਡੀਗੜ੍ਹ:** 'ਨੈਸ਼ਨਲ ਏਅਰੋਨੋਟਿਕਸ ਤੇ ਸਪੇਸ ਐਡਮਨਿਸਟਰੇਸ਼ਨ' (ਨਾਸਾ) ਦੀ ਤਾਜ਼ਾ ਰਿਪੋਰਟ ਵਿਚ ਪੰਜਾਬ ਤੇ ਹਰਿਆਣੇ ਵਿਚ ਧਰਤੀ ਹੇਠਲਾ ਪਾਣੀ ਛੇਤੀ ਹੀ ਖ਼ਤਮ ਬਾਰੇ ਖ਼ੁਲਾਸਾ ਹੋਇਆ ਹੈ। ਕੇਂਦਰੀ ਖੇਤੀਬਾੜੀ ਮੰਤਰਾਲੇ ਵੱਲੋਂ ਪੰਜਾਬ ਸਰਕਾਰ ਨੂੰ ਭੇਜੀ ਨਾਸਾ ਦੀ ਇਸ ਰਿਪੋਰਟ ਵਿਚ ਕਿਹਾ ਗਿਆ ਕਿ ਉਤਰੀ ਭਾਰਤ ਵਿਚ ਧਰਤੀ ਹੇਠਲੇ ਪਾਣੀ ਨਾਲ ਸਿੰਜੀ ਜਾਣ ਵਾਲੀ ਜ਼ਮੀਨ ਥੱਲਿਓਂ ਪਾਣੀ ਖ਼ਤਮ ਹੋ ਰਿਹਾ ਹੈ। ਪਾਣੀ ਘਟਣ ਉਤੇ ਚਿੰਤਾ ਜ਼ਾਹਰ ਕਰਦਿਆਂ ਰਿਪੋਰਟ ਵਿਚ ਕਿਹਾ ਗਿਆ ਕਿ ਜਿੰਨੀ ਤੇਜ਼ੀ ਨਾਲ ਪੀਣ ਤੇ ਫ਼ਸਲਾਂ ਲਈ ਧਰਤੀ ਥੱਲਿਓਂ ਪਾਣੀ ਕੱਢਿਆ ਜਾ ਰਿਹਾ ਹੈ, ਉਸ ਦੀ ਬਹੁਤ ਘੱਟ ਮਾਤਰਾ ਵਿਚ ਮੀਂਹਾਂ ਨਾਲ ਪੂਰਤੀ ਹੋ ਸਕਦੀ ਹੈ। ਪੰਜਾਬ ਸਰਕਾਰ ਦੇ ਧਿਆਨ ਦੀ ਮੰਗ ਕਰਦੀ ਇਸ ਰਿਪੋਰਟ ਵਿਚ ਖੇਤੀਬਾੜੀ ਮੰਤਰਾਲੇ ਦੇ ਸੰਯੁਕਤ ਸਕੱਤਰ ਆਰਬੀ ਸਿਨਹਾ ਨੇ ਅਪੀਲ ਕੀਤੀ ਕਿ ਪਾਣੀ ਦੇ ਤੇਜ਼ੀ ਨਾਲ ਘਟਦੇ ਪੱਧਰ ਨੂੰ ਠੱਲ੍ਹਣ ਲਈ ਫੌਰੀ ਢੁਕਵੇਂ ਕਦਮ ਚੁੱਕੇ ਜਾਣ। ਇਸ ਉਤੇ ਚਿੰਤਾ ਜ਼ਾਹਰ ਕਰਦਿਆਂ ਕੁਝ ਦਿਨ ਪਹਿਲਾਂ ਕੇਂਦਰੀ ਖੇਤੀਬਾੜੀ ਸਕੱਤਰ ਸ਼ਿਰਾਜ ਹੁਸੈਨ ਨੇ ਪੰਜਾਬ ਦੇ ਸਿੰਜਾਈ ਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕੀਤਾ ਸੀ, ਜਿਸ ਦੌਰਾਨ ਅਪੀਲ ਕੀਤੀ ਗਈ ਸੀ ਕਿ ਉਹ ਸਥਿਤੀ ਦੀ ਗੰਭੀਰਤਾ ਨੂੰ ਸਮਝਣ ਤੇ ਪਾਣੀ ਦੇ ਡਿੱਗਦੇ ਪੱਧਰ ਨੂੰ ਠੱਲ੍ਹਣ ਲਈ ਕਾਰਵਾਈ ਕਰਨ।



ਰਿਪੋਰਟ ਵਿਚ ਕਿਹਾ ਗਿਆ ਕਿ ਪੰਜਾਬ, ਹਰਿਆਣਾ ਤੇ ਰਾਜਸਥਾਨ ਵਿਚ ਅਜਿਹੇ ਸਾਰੇ ਕਾਰਕ ਮੌਜੂਦ ਹਨ, ਜੋ ਧਰਤੀ ਹੇਠਲੇ ਪਾਣੀ ਦੀ ਤੇਜ਼ੀ ਨਾਲ ਵਰਤੋਂ ਲਈ ਜ਼ਿੰਮੇਵਾਰ ਹਨ। ਇਨ੍ਹਾਂ ਵਿਚ ਆਬਾਦੀ ਵਿਚ ਤੇਜ਼ੀ ਨਾਲ ਵਾਧਾ, ਤੇਜ਼ ਆਰਥਿਕ ਵਿਕਾਸ ਤੇ ਕਿਸਾਨੀ ਜ਼ਿੰਮੇਵਾਰ ਹੈ। ਇਸ ਖਿੱਤੇ ਵਿਚ ਧਰਤੀ ਹੇਠਲੇ ਪਾਣੀ ਦੀ ਵਰਤੋਂ ਦਾ 95 ਫੀਸਦੀ ਸਿਰਫ਼ ਖੇਤੀ ਲਈ ਹੁੰਦਾ ਹੈ। ਰਿਪੋਰਟ ਵਿਚ ਚੇਤਾਵਨੀ ਦਿੱਤੀ ਗਈ ਹੈ ਕਿ ਜੇ ਧਰਤੀ ਹੇਠਲੇ ਪਾਣੀ ਦੀ ਸਮਝਦਾਰੀ ਨਾਲ ਵਰਤੋਂ ਯਕੀਨੀ ਬਣਾਉਣ ਲਈ ਕਦਮ ਨਾ ਚੁੱਕੇ ਗਏ ਤਾਂ ਇਸ ਖਿੱਤੇ ਵਿਚ ਆਬਾਦੀ ਦੇ ਵੱਡੇ ਹਿੱਸੇ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ, ਜਿਨ੍ਹਾਂ ਵਿਚ ਪੀਣ ਵਾਲੇ ਪਾਣੀ ਦੀ ਕਮੀ ਦੇ ਨਾਲ ਖੇਤੀਬਾੜੀ ਉਤਪਾਦਨ ਵੀ ਡਿੱਗ ਸਕਦਾ ਹੈ।

# ਵਿਰਾਸਤੀ ਇਮਾਰਤਾਂ ਦੀ ਪੁਰਾਤਨ ਦਿੱਖ ਸੰਭਾਲਣ ਲਈ ਹੰਭਲਾ

**ਅੰਮ੍ਰਿਤਸਰ (ਬਿਊਰੋ):** ਇਤਿਹਾਸਕ ਗੁਰਦੁਆਰਿਆਂ ਦੀਆਂ ਪੁਰਾਤਨ ਇਮਾਰਤਾਂ ਦੀ ਸਾਂਭ-ਸੰਭਾਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਹੀਲਾ ਵਸੀਲਾ ਵਰਤੇਗੀ, ਜਿਸ ਨਾਲ ਉਨ੍ਹਾਂ ਦੀ ਪੁਰਾਤਨ ਦਿੱਖ ਕਾਇਮ ਰਹਿ ਸਕੇ। ਕਾਰ ਸੇਵਾ ਕਰਨ ਵਾਲੇ ਸੰਤਾਂ ਨੂੰ ਗੁਰਦੁਆਰਾ ਦੇ ਮਾਸਟਰ ਪਲਾਨ ਅਨੁਸਾਰ ਹੀ ਸੇਵਾ ਕਰਨ ਦੀ ਆਗਿਆ ਦਿੱਤੀ ਜਾਵੇਗੀ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਸਾਰੇ ਗੁਰਦੁਆਰਿਆਂ ਦੇ ਮੈਨੇਜਰਾਂ ਤੇ ਸਕੱਤਰਾਂ ਨੂੰ ਹਦਾਇਤਾਂ ਹਨ ਕਿ ਪੁਰਾਤਨ ਤੇ ਇਤਿਹਾਸਕ ਇਮਾਰਤ ਦੇ ਅਸਲ ਸਰੂਪ ਨਾਲ ਛੇੜ-ਛਾੜ ਨਾ ਕੀਤੀ ਜਾਵੇ, ਸਗੋਂ ਉਨ੍ਹਾਂ ਦੇ ਪੁਰਾਤਨ ਸਰੂਪ ਅਨੁਸਾਰ ਹੀ ਸਾਂਭ-ਸੰਭਾਲ ਕੀਤੀ ਜਾਵੇ। ਕਈ ਪੁਰਾਤਨ ਇਮਾਰਤਾਂ ਨੂੰ ਸਿੱਖ



ਇਤਿਹਾਸ ਦੇ ਅਜੂਬੇ ਵਜੋਂ ਸਾਂਭਣ ਦਾ ਯਤਨ ਕੀਤਾ ਗਿਆ ਹੈ। ਦੀਵਾਨ ਟੋਡਰ ਮੱਲ ਦੀ ਹਵੇਲੀ ਨੂੰ ਮਾਹਿਰਾਂ ਦੇ ਸਹਿਯੋਗ ਨਾਲ ਪੁਰਾਤਨ ਦਿੱਖ ਦਿੱਤੀ ਜਾ ਰਹੀ ਹੈ। ਚਮਕੌਰ ਦੀ ਕੱਚੀ ਗੜ੍ਹੀ, ਫਤਹਿਗੜ੍ਹ ਸਾਹਿਬ ਵਿਖੇ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਕੈਦ ਦੀ ਯਾਦ ਨਾਲ ਜੁੜਿਆ ਠੰਢੇ ਬੁਰਜ ਦੀ ਵੀ ਪੁਰਾਤਨ ਦਿੱਖ ਨੂੰ ਸੰਭਾਲਣ ਦਾ ਯਤਨ ਕੀਤਾ ਗਿਆ ਹੈ।

ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਨੂੰ ਸਮਰਪਿਤ ਗੁਰਦੁਆਰਾ ਫਤਹਿਗੜ੍ਹ ਸਾਹਿਬ ਦੇ ਐਨ ਨਜ਼ਦੀਕ ਹੀ ਥੇਹ ਵਾਲੇ ਸਥਾਨ ਉਤੇ ਮਿਊਜ਼ੀਅਮ ਬਣਾਇਆ ਜਾ ਰਿਹਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦੇ ਸਿੱਖ ਰਾਜ ਦੀ ਰਾਜਧਾਨੀ ਮੁਖਲਿਸਗੜ੍ਹ ਲੋਹਗੜ੍ਹ ਵਿਖੇ ਵੀ ਅਜਿਹੀ ਯਾਦਗਾਰ ਬਣਾਈ ਜਾ ਰਹੀ ਹੈ। ਆਨੰਦਪੁਰ ਸਾਹਿਬ ਵਿਖੇ ਗੁਰੂ ਕਾਲ ਨਾਲ ਸਬੰਧਤ ਕਿਲ੍ਹਿਆਂ ਨੂੰ ਵੀ ਪੁਰਾਤਨ ਰੂਪ ਵਿਚ ਸੁਰਜੀਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੁਰਾਤਨ ਇਮਾਰਤਾਂ ਬਣਾਉਣ ਤੇ ਉਨ੍ਹਾਂ ਦੇ ਰੱਖ ਰਖਾਓ ਲਈ ਵੱਖਰਾ ਸੈੱਲ ਕਾਇਮ ਕੀਤਾ ਗਿਆ ਹੈ ਤੇ ਵਿਸ਼ੇਸ਼ ਸਬ ਕਮੇਟੀ ਵੀ ਬਣਾਈ ਗਈ ਹੈ।

# ਆਜ਼ਾਦੀ ਦਿਹਾੜੇ 'ਤੇ ਕੈਦੀਆਂ ਨੂੰ ਸਜ਼ਾ ਮੁਆਫੀ ਦਾ ਤੋਹਫ਼ਾ

**ਬਠਿੰਡਾ:** ਜੇਲ੍ਹ ਵਿਭਾਗ ਵੱਲੋਂ ਆਜ਼ਾਦੀ ਦਿਹਾੜੇ ਮੌਕੇ ਸਜ਼ਾ ਵਿਚ ਦਿੱਤੀ ਮੁਆਫੀ ਨਾਲ ਪੰਜਾਬ ਦੀਆਂ ਜੇਲ੍ਹਾਂ ਵਿਚੋਂ 61 ਕੈਦੀ ਰਿਹਾਅ ਹੋ ਗਏ ਜਦੋਂ ਕਿ 20 ਕੈਦੀ ਜੁਰਮਾਨਾ ਨਾ ਉਤਾਰੇ ਜਾਣ ਕਾਰਨ ਰਿਹਾਅ ਨਹੀਂ ਹੋ ਸਕੇ। ਪੰਜਾਬ ਸਰਕਾਰ ਵੱਲੋਂ ਯਕਮੁਸ਼ਤ ਸਜ਼ਾ ਵਿਚ ਛੋਟ ਦੇਣ ਦੇ ਐਲਾਨ ਤਹਿਤ ਇਕ ਮਹੀਨੇ ਤੋਂ ਇਕ ਸਾਲ ਤੱਕ ਦੀ ਸਜ਼ਾ ਵਿਚ ਮੁਆਫ਼ੀ ਦਿੱਤੀ ਗਈ ਹੈ। ਜੇਲ੍ਹ ਮਹਿਕਮੇ ਨੇ 10 ਸਾਲ ਤੋਂ 20 ਸਾਲ ਦੀ ਸਜ਼ਾ ਵਾਲੇ ਕੈਦੀਆਂ ਨੂੰ ਇਕ ਸਾਲ, ਸੱਤ ਤੋਂ 10 ਸਾਲ ਦੀ ਸਜ਼ਾ ਵਾਲੇ ਕੈਦੀਆਂ ਨੂੰ ਨੌਂ ਮਹੀਨੇ, ਪੰਜ ਤੋਂ ਸੱਤ ਸਾਲ ਵਾਲਿਆਂ ਨੂੰ ਛੇ ਮਹੀਨੇ, ਤਿੰਨ ਤੋਂ ਪੰਜ ਸਾਲ ਵਾਲੇ ਕੈਦੀਆਂ ਨੂੰ ਤਿੰਨ ਮਹੀਨੇ ਤੇ ਤਿੰਨ ਸਾਲ ਤੱਕ ਦੀ ਸਜ਼ਾ ਵਾਲੇ ਕੈਦੀਆਂ ਨੂੰ ਇਕ ਮਹੀਨੇ ਦੀ ਸਜ਼ਾ ਵਿਚ ਮੁਆਫੀ ਦਿੱਤੀ ਹੈ।

ਇਸ ਮੁਆਫੀ ਦੇ ਯੋਗ 81 ਕੈਦੀਆਂ ਦੀ ਸ਼ਨਾਖ਼ਤ ਹੋਈ ਸੀ ਜਿਨ੍ਹਾਂ ਵਿਚੋਂ 20 ਕੈਦੀ ਜੁਰਮਾਨਾ ਨਾ ਤਾਰਨ ਕਰਕੇ ਜੇਲ੍ਹ ਵਿਚੋਂ ਰਿਹਾਅ ਨਾ ਹੋ ਸਕੇ। ਜੇਲ੍ਹ ਵਿਭਾਗ ਪੰਜਾਬ ਅਨੁਸਾਰ ਕਪੂਰਥਲਾ ਜੇਲ੍ਹ ਵਿਚੋਂ ਸਭ ਤੋਂ ਜ਼ਿਆਦਾ 10



ਕੈਦੀ ਆਜ਼ਾਦੀ ਦਿਹਾੜੇ ਮੌਕੇ ਰਿਹਾਅ ਹੋਏ ਹਨ ਜਦੋਂ ਕਿ ਚਾਰ ਕੈਦੀ ਜੁਰਮਾਨਾ ਨਾ ਤਾਰਨ ਕਰਕੇ ਰਿਹਾਅ ਨਾ ਹੋ ਸਕੇ। ਲੁਧਿਆਣਾ ਜੇਲ੍ਹ ਦੇ ਅੱਠ ਕੈਦੀਆਂ ਨੂੰ ਸਜ਼ਾ ਵਿਚ ਮੁਆਫੀ ਮਿਲੀ ਹੈ। ਹੁਸ਼ਿਆਰਪੁਰ ਜੇਲ੍ਹ ਵਿਚੋਂ ਪੰਜ ਕੈਦੀ ਰਿਹਾਅ ਹੋਏ ਹਨ ਜਦੋਂ ਕਿ ਪਟਿਆਲਾ ਜੇਲ੍ਹ ਵਿਚੋਂ ਚਾਰ ਕੈਦੀ ਰਿਹਾਅ ਹੋਏ ਹਨ। ਇਸੇ ਤਰ੍ਹਾਂ ਬਠਿੰਡਾ ਜੇਲ੍ਹ ਵਿਚੋਂ ਦੋ ਤੇ ਫਿਰੋਜ਼ਪੁਰ ਜੇਲ੍ਹ ਵਿਚੋਂ ਤਿੰਨ ਕੈਦੀ ਰਿਹਾਅ ਹੋਏ ਹਨ। ਫਰੀਦਕੋਟ ਜੇਲ੍ਹ ਵਿਚੋਂ ਪੰਜ ਤੇ ਰੋਪੜ ਜੇਲ੍ਹ ਵਿਚੋਂ ਦੋ ਕੈਦੀ ਰਿਹਾਅ ਹੋਏ ਹਨ। ਜੇਲ੍ਹ ਵਿਭਾਗ ਪੰਜਾਬ ਦੇ ਡੀ.ਆਈ.ਜੀ ਲਖਵਿੰਦਰ ਸਿੰਘ ਜਾਖੜ ਦਾ ਕਹਿਣਾ ਹੈ ਕਿ ਸਜ਼ਾ ਮੁਆਫੀ ਤਹਿਤ 81 ਕੈਦੀ ਯੋਗ ਪਾਏ ਗਏ ਸਨ ਜਿਨ੍ਹਾਂ ਵਿਚੋਂ 61 ਰਿਹਾਅ ਕਰ ਦਿੱਤੇ ਗਏ ਹਨ। ਇਹ ਛੋਟ ਉਨ੍ਹਾਂ ਕੈਦੀਆਂ ਨੂੰ ਨਹੀਂ ਦਿੱਤੀ ਗਈ, ਜੋ ਗੰਭੀਰ ਦੋਸ਼ਾਂ ਜਾਂ ਸੀ.ਬੀ.ਆਈ. ਮਾਮਲਿਆਂ ਤਹਿਤ ਬੰਦ ਹਨ। ਇਸ ਤੋਂ ਇਲਾਵਾ, ਜਿਨ੍ਹਾਂ ਕੈਦੀਆਂ ਨੂੰ ਦਾ ਫਾਰਨ ਐਕਟ 1946, ਪਾਸਪੋਰਟ ਐਕਟ 1967 ਤੇ ਨਾਰਕੋਟਿਕ ਡਰੱਗ ਐਂਡ ਸਾਈਕੋਟ੍ਰੋਪਿਕ ਸਬਸਟਾਸਜ ਐਕਟ 1985 ਤਹਿਤ ਸਜ਼ਾ ਹੋਈ ਹੈ, ਉਹ ਛੋਟ ਦੇ ਹੱਕਦਾਰ ਨਹੀਂ ਬਣੇ।

## ਹਾਈਟੈੱਕ ਹੋਣਗੀਆਂ ਪੰਜਾਬ ਦੀਆਂ ਜੇਲ੍ਹਾਂ

**ਪਟਿਆਲਾ:** ਪੰਜਾਬ ਦੀਆਂ ਜੇਲ੍ਹਾਂ ਵਿਚ ਲੜਾਈ ਝਗੜਿਆਂ ਸਮੇਤ ਵਧ ਰਹੀਆਂ ਹੋਰ ਘਟਨਾਵਾਂ ਉਤੇ ਪੈਨੀ ਨਿਗਾਹ ਰੱਖਣ ਲਈ ਪੰਜਾਬ ਸਰਕਾਰ ਨੇ ਸੂਬੇ ਦੀ ਹਰੇਕ ਜੇਲ੍ਹ ਵਿਚਲੀ ਹਰੇਕ ਬੈਰਕ ਤੇ ਸੈੱਲ ਵਿਚ ਸੀ.ਸੀ.ਟੀ.ਵੀ. ਕੈਮਰੇ ਲਾਉਣ ਦਾ ਪ੍ਰੋਜੈਕਟ ਤਿਆਰ ਕੀਤਾ ਹੈ। ਇਸ ਪ੍ਰੋਜੈਕਟ ਦੀ ਸ਼ੁਰੂਆਤ ਅਤਿ ਸੁਰੱਖਿਅਤ ਜੇਲ੍ਹ ਨਾਭਾ ਤੋਂ ਕੀਤੀ ਜਾ ਰਹੀ ਹੈ। ਗੈਂਗ ਵਾਰ ਨਾਲ ਜੁੜੇ ਕੁਝ ਵਿਅਕਤੀਆਂ ਨੇ ਜੇਲ੍ਹਾਂ ਵਿਚ ਬੈਠਿਆਂ ਹੀ ਜੇਲ੍ਹ ਵਿਭਾਗ ਨੂੰ ਵਖਤ ਪਾਇਆ ਹੋਇਆ ਹੈ। ਨਸ਼ੀਲੇ ਪਦਾਰਥਾਂ ਦੀ ਵਰਤੋਂ ਤੇ ਸਮਗਲਿੰਗ ਨੇ ਜੇਲ੍ਹ ਵਿਭਾਗ ਦੇ ਕੰਨਾਂ ਨੂੰ ਹੱਥ ਲਵਾ ਦਿੱਤੇ ਹਨ। ਭਾਵੇਂ ਪਹਿਲਾਂ ਵੀ ਕੁਝ ਜੇਲ੍ਹਾਂ ਵਿਚ ਕੈਮਰੇ ਲਾਏ ਗਏ ਹਨ ਪਰ ਇਹ ਜੇਲ੍ਹਾਂ ਦੇ ਮੁੱਖ ਗੇਟਾਂ 'ਤੇ ਹੀ ਨਿਗਾਹ ਰੱਖਦੇ ਹਨ। ਪੰਜਾਬ ਵਿਚਲੀਆਂ 28 ਜੇਲ੍ਹਾਂ ਵਿਚ ਇਸ ਵੇਲੇ ਤਿੰਨ ਹਜ਼ਾਰ ਦੇ ਕਰੀਬ ਕੈਦੀ ਤੇ ਹਵਾਲਾਤੀ ਹਨ। ਇਨ੍ਹਾਂ ਕੈਮਰਿਆਂ ਨੂੰ ਆਨਲਾਈਨ ਪਹਿਲਾਂ ਮੁੱਖ ਦਫ਼ਤਰ ਨਾਲ ਜੋੜਿਆ ਜਾਵੇਗਾ। ਮੁੱਖ ਦਫ਼ਤਰ ਵਿਚ ਸਾਰੀਆਂ ਦਾ ਇਕ ਮੁੱਖ ਕੰਟਰੋਲ ਰੂਮ ਬਣੇਗਾ, ਜਿਥੋਂ ਕੈਦੀਆਂ ਦੀ ਹਰਕਤ ਉਤੇ ਨਜ਼ਰ ਰੱਖੀ ਜਾਵੇਗੀ।

# ਆਤਮਘਾਤੀ ਹਮਲੇ 'ਚ ਲਹਿੰਦੇ ਪੰਜਾਬ ਦਾ ਮੰਤਰੀ ਹਲਾਕ

**ਲਾਹੌਰ:** ਪਾਕਿਸਤਾਨੀ ਪੰਜਾਬ ਦੇ ਗ੍ਰਹਿ ਮੰਤਰੀ ਸ਼ੁਜਾ ਖਾਨਜ਼ਾਦਾ ਦੀ ਆਤਮਘਾਤੀ ਬੰਬਾਰ ਹਮਲੇ ਵਿਚ ਮੌਤ ਹੋ ਗਈ। ਅਟਕ ਜ਼ਿਲ੍ਹੇ ਵਿਚ ਮੰਤਰੀ ਦੇ ਘਰ ਦੇ ਬਾਹਰ ਡੇਰੇ ਵਿਚ ਹੋਏ ਇਸ ਭਿਆਨਕ ਹਮਲੇ ਵਿਚ ਘੱਟੋ ਘੱਟ 27 ਲੋਕ ਮਾਰੇ ਗਏ ਤੇ 17 ਜ਼ਖ਼ਮੀ ਹੋ ਗਏ। ਹਮਲੇ ਸਮੇਂ ਮੰਤਰੀ ਆਪਣੇ ਸਮਰਥਕਾਂ ਦੇ ਨਾਲ ਮੀਟਿੰਗ ਕਰ ਰਿਹਾ ਸੀ। ਇਸ ਦੌਰਾਨ ਆਤਮਘਾਤੀ ਬੰਬਾਰ ਅੰਦਰ ਦਾਖਲ ਹੋ ਗਿਆ ਤੇ ਖ਼ੁਦ ਨੂੰ ਤਬਾਹ ਕਰ ਲਿਆ। ਪੰਜਾਬ ਐਮਰਜੈਂਸੀ ਵਿਭਾਗ ਦੇ ਤਰਜ਼ਮਾਨ ਦੀਬਾ ਸਹਿਨਾਜ਼ ਨੇ ਦੱਸਿਆ ਆਤਮਘਾਤੀ ਹਮਲਾ ਅਟਕ ਜ਼ਿਲ੍ਹੇ ਵਿਚ ਮੰਤਰੀ ਦੇ ਜੱਦੀ ਪਿੰਡ ਸ਼ਾਦੀ ਖਾਨ ਸਥਿਤ ਦਫਤਰ ਵਿਚ ਹੋਇਆ ਜਿਸ ਵਿਚ ਗ੍ਰਹਿ ਮੰਤਰੀ ਸ਼ੁਜਾ ਖਾਨਜ਼ਾਦਾ, ਇਕ ਡੀ.ਐਸ.ਪੀ. ਸਮੇਤ 19 ਲੋਕ ਮਾਰੇ ਗਏ ਹਨ। ਇਸ ਹਮਲੇ ਵਿਚ 17 ਲੋਕ ਜ਼ਖਮੀ ਵੀ ਹੋਏ ਹਨ। ਡੀ.ਐਸ. ਪੀ ਪਛਾਣ ਸ਼ੌਕਤ ਸ਼ਾਹ ਵਜੋਂ ਹੋਈ ਹੈ। ਹਮਲੇ ਵਿਚ ਇਮਾਰਤ ਦੀ ਛੱਤ ਉਡ ਗਈ ਤੇ ਵੱਡੀ ਗਿਣਤੀ ਵਿਚ ਲੋਕ ਮਲਵੇ ਥੱਲੇ ਦੱਬੇ ਗਏ। ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਸਲਾਹਕਾਰ ਸਈਅਦ ਇਲਾਹੀ ਨੇ ਗ੍ਰਹਿ ਮੰਤਰੀ ਦੀ ਮੌਤ ਦੀ ਪੁਸ਼ਟੀ ਕੀਤੀ ਹੈ।

ਰਾਵਲਪਿੰਡੀ ਦੇ ਕਮਿਸ਼ਨਰ ਜ਼ਾਹੀਦ ਸਈਅਦ ਨੇ ਦੱਸਿਆ ਕਿ ਘਰ ਦੇ ਬਾਹਰ ਡੇਰੇ ਵਿਚ ਉਸ ਸਮੇਂ ਚਾਲੀ-ਪੰਜਾਹ ਲੋਕ ਮੌਜੂਦ ਸਨ ਜਦੋਂ ਆਤਮਘਾਤੀ ਬੰਬਾਰ ਘੁਸਣ ਵਿਚ ਕਾਮਯਾਬ ਹੋ ਗਿਆ ਤੇ ਧਮਾਕਾ ਕਰ ਦਿੱਤਾ। ਸ੍ਰੀ ਖਾਨਜ਼ਾਦਾ ਸੇਵਾਮੁਕਤ ਕਰਨਲ ਸਨ। ਹਮਲੇ ਸਮੇਂ ਉਹ ਆਪਣੇ ਇਲਾਕੇ ਦੇ ਲੋਕਾਂ ਦੇ ਨਾਲ ਮੀਟਿੰਗ ਕਰ



ਰਿਹਾ ਸੀ। 'ਡਾਨ' ਅਖ਼ਬਾਰ ਅਨੁਸਾਰ ਪਾਬੰਦੀਸ਼ੁਦਾ ਜਥੇਬੰਦੀ ਲਸ਼ਕਰ-ਏ-ਝੰਗਵੀ ਨੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਗ੍ਰਹਿ ਵਿਭਾਗ ਦੇ ਸੂਤਰਾਂ ਅਨੁਸਾਰ ਜੁਲਾਈ ਵਿਚ ਲਸ਼ਕਰ-ਏ-ਝੰਗਵੀ ਦੇ ਮੁਖੀ ਮਲਿਕ ਇਸ਼ਹਾਕ ਨੂੰ ਸੁਰੱਖਿਆ ਬਲਾਂ ਵੱਲੋਂ ਮਾਰੇ ਜਾਣ ਤੋਂ ਬਾਅਦ ਗ੍ਰਹਿ ਮੰਤਰੀ ਅਤਿਵਾਦੀਆਂ ਦੇ ਨਿਸ਼ਾਨੇ ਉੱਤੇ ਸੀ। ਖੁਫ਼ੀਆ ਵਿਭਾਗ ਅਨੁਸਾਰ ਪੰਜਾਬ ਵਿਚ ਕੋਈ 150 ਦੇ ਕਰੀਬ ਆਤਮਘਾਤੀ ਬੰਬਾਰ ਹਨ। ਲੋਕ, ਗ੍ਰਹਿ ਮੰਤਰੀ ਦੀ ਹੱਤਿਆ ਲਈ ਪੰਜਾਬ ਸਰਕਾਰ ਵੱਲੋਂ ਉਸ ਦੀ ਸੁਰੱਖਿਆ ਲਈ ਵਰਤੀ ਅਣਗਹਿਲੀ ਨੂੰ ਜ਼ਿੰਮੇਵਾਰ ਠਹਿਰਾਅ ਰਹੇ ਹਨ।

## ਜਵਾਬੀ ਕਾਰਵਾਈ ਵਿਚ 40 ਅਤਿਵਾਦੀ ਮਾਰੇ

**ਇਸਲਾਮਾਬਾਦ:** ਅਫਗਾਨਿਸਤਾਨ ਦੀ ਸਰਹੱਦ ਨਾਲ ਲੱਗਦੇ ਪਾਕਿਸਤਾਨ ਦੇ ਉੱਤਰੀ ਵਜ਼ੀਰੇਸਤਾਨ ਇਲਾਕੇ ਵਿਚ ਸੁਰੱਖਿਆ ਬਲਾਂ ਨੇ 40 ਅਤਿਵਾਦੀ ਮਾਰ ਦਿੱਤੇ ਹਨ। 'ਐਕਸਪ੍ਰੈੱਸ ਟ੍ਰਿਬਿਊਨ' ਨੇ ਪਾਕਿਸਤਾਨ ਦੀ ਫ਼ੌਜ ਦੇ ਹਵਾਲੇ ਨਾਲ ਦੱਸਿਆ ਕਿ ਫ਼ੌਜ ਵੱਲੋਂ ਕੀਤੇ ਹਵਾਈ ਹਮਲਿਆਂ ਵਿਚ ਐਤਵਾਰ ਬਾਅਦ ਦੁਪਹਿਰ ਉੱਤਰੀ ਵਜ਼ੀਰੇਸਤਾਨ ਦੇ ਸ਼ਾਵਲ ਇਲਾਕੇ ਵਿਚ ਘੱਟੋ ਘੱਟ ਚਾਲੀ ਅਤਿਵਾਦੀ ਮਾਰੇ ਗਏ। ਇਹ ਹਮਲੇ ਪੰਜਾਬ ਦੇ ਗ੍ਰਹਿ ਮੰਤਰੀ ਦੀ ਅਤਿਵਾਦੀ ਹਮਲੇ ਵਿਚ ਹੱਤਿਆ ਤੋਂ ਬਾਅਦ ਆਰੰਭੀ ਜਵਾਬੀ ਕਾਰਵਾਈ ਦੇ ਵਜੋਂ ਕੀਤੇ ਗਏ ਹਨ।

# ਯੂਨੀਵਰਸਿਟੀ ਦੇ ਖੇਡ ਡਾਇਰੈਕਟਰ ਖਿਲਾਫ ਧੋਖਾਧੜੀ ਦਾ ਕੇਸ ਦਰਜ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਪੰਜ ਵਾਰ ਮੌਲਾਨਾ ਅਬੁਲ ਕਲਾਮ ਆਜ਼ਾਦ ਟਰਾਫੀ ਜਿਤਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਯੂਨੀਵਰਸਿਟੀ ਦੇ ਖੇਡ ਡਾਇਰੈਕਟਰ ਡਾ. ਰਾਜ ਕੁਮਾਰ ਸ਼ਰਮਾ ਉਤੇ ਪਟਿਆਲਾ ਪੁਲਿਸ ਵੱਲੋਂ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਗਿਆ।

ਡਾ. ਸ਼ਰਮਾ ਨੇ ਆਪਣੀ ਨਿਯੁਕਤੀ ਸਮੇਂ ਖੇਡਾਂ ਦੇ ਦੋ ਜਾਅਲੀ ਸਰਟੀਫਿਕੇਟ ਦਿੱਤੇ ਸਨ ਜਿਸ ਬਾਰੇ ਪਟਿਆਲਾ ਪੁਲਿਸ ਨੇ ਜਾਂਚ ਕੀਤੀ ਸੀ। ਜਾਂਚ ਵਿਚ ਪਾਇਆ ਗਿਆ ਕਿ ਡਾ. ਸ਼ਰਮਾ ਨੇ ਯੂਨੀਵਰਸਿਟੀ ਦੇ ਖੇਡ ਵਿਭਾਗ ਵਿਚ ਬਤੌਰ ਲੈਕਚਰਾਰ ਭਰਤੀ ਹੋਣ ਸਮੇਂ ਖੇਡਾਂ ਦੇ ਜੋ ਦੋ ਸਰਟੀਫਿਕੇਟ ਦਿੱਤੇ ਸੀ, ਉਹ ਫਰਜ਼ੀ ਪਾਏ ਸਨ।

# ਡੇਰਾ ਸਿਰਸਾ ਮੁਖੀ ਦੀ ਨਵੀਂ ਫਿਲਮ

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀ ਨਵੀਂ ਫ਼ਿਲਮ ਐਮ.ਐਸ.ਜੀ-2 ਦਾ ਨਵਾਂ ਪੋਸਟਰ ਜਾਰੀ ਹੋ ਗਿਆ ਹੈ। ਇਹ ਫ਼ਿਲਮ ਆਉਣ ਵਾਲੇ ਦਿਨਾਂ ਵਿਚ ਰਲੀਜ਼ ਹੋਵੇਗੀ ਜਿਸ ਨੂੰ ਲੈ ਕੇ ਡੇਰਾ ਸਿਰਸਾ ਮੁਖੀ ਦੇ ਸ਼ਰਧਾਲੂਆਂ ਵਿਚ ਬੇਹੱਦ ਉਤਸੁਕਤਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੀ ਫਿਲਮ ਮੈਸੰਜਰ ਆਫ ਗੌਡ (ਐਮ.ਐਸ.ਜੀ) ਆਈ ਸੀ। ਡੇਰਾ ਮੁਖੀ ਦੀ ਪਹਿਲੀ ਉਤੇ ਸੈਂਸਰ ਬੋਰਡ ਨੇ ਰੋਕ ਲਗਾ ਦਿੱਤੀ ਸੀ ਜਿਸ ਤੋਂ ਬਾਅਦ ਫ਼ਿਲਮ ਦਾ ਨਾਂ ਬਦਲਣ ਉਤੇ ਫ਼ਿਲਮ ਰਲੀਜ਼ ਹੋਈ ਸੀ। ਸੈਂਸਰ ਬੋਰਡ ਵੱਲੋਂ ਸਹਿਮਤੀ ਮਿਲਣ ਦੇ ਬਾਵਜੂਦ ਇਸ ਫ਼ਿਲਮ ਉਤੇ ਪੰਜਾਬ ਸਮੇਤ ਕਈ ਰਾਜਾਂ ਦੀਆਂ ਸਰਕਾਰਾਂ ਨੇ ਕਾਨੂੰਨ ਵਿਵਸਥਾ ਨੂੰ ਵੇਖਦਿਆਂ ਪਾਬੰਦੀ ਲਗਾ ਦਿੱਤੀ ਸੀ।




ਡੇਰਾ ਮੁਖੀ ਦੀ ਪਹਿਲੀ ਫ਼ਿਲਮ ਦਾ ਸਿੱਖ ਜਥੇਬੰਦੀਆਂ ਵੱਲੋਂ ਕਾਫੀ ਵਿਰੋਧ ਕੀਤਾ ਗਿਆ ਸੀ। ਸਿੱਖ ਭਾਈਚਾਰੇ ਦਾ ਇਲਜ਼ਾਮ ਸੀ ਕਿ ਕਈ ਕ੍ਰਿਮੀਨਲ ਕੇਸਾਂ ਵਿਚ ਫਸੇ ਵਿਅਕਤੀ ਨੂੰ 'ਗੌਡਮੈਨ' ਬਣਨ ਦਾ ਕੋਈ ਹੱਕ ਨਹੀਂ ਹੈ। ਉਹ ਸਿੱਖ ਸਮਾਜ ਦੀਆਂ ਭਾਵਨਾਵਾਂ ਨੂੰ ਭੜਕਾ ਰਿਹਾ ਹੈ ਕਿਉਂਕਿ ਉਸ ਨੇ ਕਿਸੇ ਸਮੇਂ ਸਿੱਖ ਗੁਰੂ ਸਹਿਬਾਨ ਦੀ ਨਕਲ ਕੀਤੀ ਸੀ।

# ਭਾਰਤ-ਪਾਕਿਸਤਾਨ ਸਰਹੱਦ ਉਤੇ ਗੂੰਜੇ 'ਬੋਲੇ ਸੋ ਨਿਹਾਲ' ਦੇ ਜੈਕਾਰੇ

**ਅਟਾਰੀ:** ਹਿੰਦ-ਪਾਕਿ ਦੋਸਤੀ ਮੰਚ ਵੱਲੋਂ ਫੋਕਲੋਰ ਰਿਸਰਚ ਅਕਾਦਮੀ ਤੇ ਪੰਜਾਬ ਜਾਗਰਤੀ ਮੰਚ ਸਮੇਤ ਹੋਰ ਹਮਖ਼ਿਆਲ ਜਥੇਬੰਦੀਆਂ ਦੇ ਸਹਿਯੋਗ 20ਵਾਂ ਹਿੰਦ-ਪਾਕਿ ਪੰਜਾਬੀ ਦੋਸਤੀ ਮੇਲਾ ਮਨਾਇਆ ਗਿਆ। ਇਸ ਮੌਕੇ ਖਾਸ ਗੱਲ ਇਹ ਰਹੀ ਕਿ ਭਾਰਤ ਵੱਲੋਂ ਪੁੱਜੇ ਲੋਕਾਂ ਨੇ ਸਰਹੱਦ ਵਿਖੇ 'ਬੋਲੇ ਸੌ ਨਿਹਾਲ' ਦੇ ਜੈਕਾਰੇ ਲਾਏ ਤਾਂ ਪਾਕਿਸਤਾਨੀ ਲੋਕਾਂ ਨੇ ਇਸਦਾ ਜਵਾਬ 'ਸਤਿ ਸ੍ਰੀ ਅਕਾਲ' ਬੋਲ ਕੇ ਦਿੱਤਾ।

ਅਟਾਰੀ-ਵਾਹਗਾ ਸਰਹੱਦ ਉਤੇ ਦੋਵਾਂ ਮੁਲਕਾਂ ਵਿਚਕਾਰ ਦੋਸਤੀ ਦੇ ਹਮਾਇਤੀਆਂ ਵੱਲੋਂ ਮੋਮਬੱਤੀਆਂ ਬਾਲ ਕੇ ਸਦੀਆਂ ਪੁਰਾਣੀ ਭਾਈਚਾਰਕ ਸਾਂਝ ਨੂੰ ਮੁੜ ਸੁਰਜੀਤ ਕਰਨ, ਖਿੱਤੇ ਵਿਚ ਅਮਨ-ਸ਼ਾਂਤੀ ਤੇ ਦੋਸਤੀ ਦਾ ਸੁਨੇਹਾ ਦਿੱਤਾ। ਇਸ ਵਾਰ ਵੀ ਪਾਕਿਸਤਾਨ ਵਾਲੇ ਪਾਸਿਉਂ ਸਾਫਮਾ ਦੇ ਸਕੱਤਰ ਜਨਰਲ ਇਮਤਿਆਜ਼ ਆਲਮ, ਸਈਦਾ ਦੀਪ ਤੇ ਸਰਮਤ ਮਨਜ਼ੂਰ ਦੀ ਅਗਵਾਈ ਹੇਠ ਤੇ ਭਾਰਤ ਵਾਲੇ ਪਾਸਿਉਂ ਕੌਮਾਂਤਰੀ ਅਟਾਰੀ ਸਰਹੱਦ ਵਿਖੇ ਹਿੰਦ-ਪਾਕਿ ਦੋਸਤੀ ਮੰਚ ਦੇ ਜਨਰਲ ਸਕੱਤਰ ਸਤਨਾਮ ਸਿੰਘ ਮਾਣਕ,

## ਸਰਹੱਦ 'ਤੇ ਪਾਈਆਂ ਭਾਈਚਾਰਕ ਸਾਂਝ ਦੀਆਂ ਬਾਤਾਂ



ਫੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਦੇ ਪ੍ਰਧਾਨ ਰਾਮੇਸ਼ ਯਾਦਵ ਤੇ ਦੀਪਕ ਬਾਲੀ ਦੀ ਅਗਵਾਈ ਹੇਠ ਪੱਛਮੀ ਬੰਗਾਲ ਤੋਂ ਸੰਸਦ ਮੈਂਬਰ ਮੁਹੰਮਦ ਸਲੀਮ, ਮੁੰਬਈ ਤੋਂ ਉੱਘੇ ਪੱਤਰਕਾਰ ਜਤਿਨ ਦੇਸਾਈ ਸਮੇਤ ਦੋਵਾਂ ਮੁਲਕਾਂ ਦੇ ਸਾਫ਼ਮਾ ਮੈਂਬਰਾਂ, ਉੱਘੇ ਸਿਆਸਤਦਾਨਾਂ ਤੇ ਬੁੱਧੀਜੀਵੀਆਂ ਦੀ ਹਾਜ਼ਰੀ ਵਿਚ ਮੋਮਬੱਤੀਆਂ ਜਗਾ ਕੇ ਦੋਵਾਂ ਮੁਲਕਾਂ ਵਿਚਕਾਰ ਅਮਨ-ਸ਼ਾਂਤੀ ਤੇ ਆਪਸੀ ਭਾਈਚਾਰੇ ਦਾ ਸੁਨੇਹਾ ਦਿੱਤਾ।

ਅਟਾਰੀ-ਵਾਹਗਾ ਸਰਹੱਦ ਵਿਖੇ ਪੁੱਜੇ ਦੋਵਾਂ ਮੁਲਕਾਂ ਦੇ ਹਮਖ਼ਿਆਲੀ ਲੋਕਾਂ ਨੂੰ ਭਾਰਤ ਵਾਲੇ ਪਾਸਿਉਂ ਸਤਨਾਮ ਸਿੰਘ ਮਾਣਕ ਤੇ ਪਾਕਿਸਤਾਨ ਵਾਲੇ ਪਾਸਿਉਂ ਜਨਾਬ ਇਮਤਿਆਜ਼ ਆਲਮ ਨੇ ਇਕ ਦੂਸਰੇ ਨੂੰ ਆਵਾਜ਼ ਦੇ ਕੇ ਦੋਵਾਂ ਮੁਲਕਾਂ ਦੇ ਆਜ਼ਾਦੀ ਦਿਵਸ ਦੀ ਮੁਬਾਰਕਬਾਦ ਦਿੱਤੀ। ਇਸ ਮੌਕੇ ਕੌਮਾਂਤਰੀ ਸਰਹੱਦ ਦੇ ਗੇਟਾਂ ਉਤੇ ਪਹੁੰਚੇ ਦੋਵਾਂ ਮੁਲਕਾਂ ਦੇ ਲੋਕਾਂ ਨੇ ਜ਼ੋਰ-ਸ਼ੋਰ ਨਾਲ 'ਹਿੰਦ-ਪਾਕਿ ਦੋਸਤੀ' ਜ਼ਿੰਦਾਬਾਦ, ਅਤਿਵਾਦ ਖ਼ਿਲਾਫ਼ ਦੋਵਾਂ ਸਰਕਾਰਾਂ ਨੂੰ ਮੂੰਹ ਤੋੜਵਾਂ ਜਵਾਬ ਦੇਣ, ਦੋਵਾਂ ਮੁਲਕਾਂ ਦੇ ਲੋਕਾਂ ਨੂੰ ਆਪਸ ਵਿਚ ਮਿਲਾਉਣ ਲਈ ਖੁੱਲ੍ਹੇ ਵੀਜ਼ੇ ਦੇਣ ਲਈ ਨਾਅਰੇ ਲਗਾ ਕੇ ਅਪੀਲ ਕੀਤੀ।

## ਦੋਵਾਂ ਮੁਲਕਾਂ ਨੂੰ ਮਿਲੇ ਕੇ ਅਤਿਵਾਦ ਦੇ ਟਾਕਰੇ ਦਾ ਸੱਦਾ

ਤੇਰਾਂ ਸੂਤਰੀ ਪ੍ਰਸਤਾਵਿਤ ਐਲਾਨਨਾਮੇ ਵਿਚ ਆਪਸੀ ਸਾਂਝ ਨੂੰ ਬਹਾਲ ਕਰਨ ਲਈ ਲੋੜੀਂਦੇ ਉੱਦਮ ਜ਼ਾਹਰ ਕੀਤੇ। ਇਸ ਐਲਾਨਨਾਮੇ ਅਨੁਸਾਰ ਦੇਸ਼ ਦੀ ਵੰਡ ਮੌਕੇ ਹੋਈ ਫਿਰਕੂ ਹਿੰਸਾ ਦੌਰਾਨ ਮਾਰੇ ਗਏ ਦਸ ਲੱਖ ਲੋਕਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਂਟ ਕੀਤੀ ਗਈ ਤੇ ਅਜੋਕੇ ਸਮੇਂ ਵਿਚ ਦੋਵਾਂ ਦੇਸ਼ਾਂ ਵਿਚ ਅਤਿਵਾਦ ਨੂੰ ਬੜਾਵਾ ਦੇਣ ਵਾਲੀਆਂ ਤਾਕਤਾਂ ਦੀ ਪੁਰਜ਼ੋਰ ਨਿੰਦਾ ਕੀਤੀ। ਆਪਸੀ ਵਪਾਰ ਨੂੰ ਵਾਧਾ ਦੇਣ ਲਈ ਖੁੱਲਦਿਲੀ ਵਿਖਾਉਣ, ਲਾਹੌਰ ਤੇ ਅੰਮ੍ਰਿਤਸਰ ਵਿਚ ਵੀਜ਼ਾ ਕੇਂਦਰ ਖੋਲ੍ਹਣ ਤੇ ਕਸ਼ਮੀਰ ਸਮੇਤ ਸਮੂਹ ਦੁਵੱਲੇ ਮਸਲੇ ਗੱਲਬਾਤ ਰਾਹੀਂ ਸੁਲਝਾਉਣ ਦੀ ਅਪੀਲ ਕੀਤੀ ਗਈ। ਅਮਨ ਦੀਆਂ ਹਮਾਇਤੀ ਜਥੇਬੰਦੀਆਂ ਵੱਲੋਂ ਇਥੇ ਪੰਜਾਬ ਨਾਟਸ਼ਾਲਾ ਵਿਖੇ ਸੈਮੀਨਾਰ ਦੌਰਾਨ ਕੌਮਾਂਤਰੀ ਅਤਿਵਾਦ ਦੀ ਚੁਣੌਤੀ ਮੂਹਰੇ ਦੱਖਣੀ ਏਸ਼ੀਆਈ ਮੁਲਕਾਂ ਦੀ ਭੂਮਿਕਾ 'ਤੇ ਚਰਚਾ ਹੋਈ।

# ਦੂਜੀ ਸੰਸਾਰ ਜੰਗ ਦੇ ਸਿੱਖ ਹੀਰੋ ਸਨ ਕਰਨਲ ਹਰਵੰਤ ਸਿੰਘ

**ਪਟਿਆਲਾ:** ਭਾਰਤ ਦੇ ਪਲੇਠੇ ਆਜ਼ਾਦੀ ਸਮਾਰੋਹ ਦੌਰਾਨ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ ਤਿਰੰਗਾ ਲਹਿਰਾਉਣ ਮੌਕੇ ਡਿਪਟੀ ਪਰੇਡ ਕਮਾਂਡਰ ਵਜੋਂ



*ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨਾਲ ਕਰਨਲ ਹਰਵੰਤ ਸਿੰਘ।*

ਸੇਵਾ ਨਿਭਾਉਣ ਵਾਲੇ ਕਰਨਲ ਹਰਵੰਤ ਸਿੰਘ ਦਾ ਦੇਹਾਂਤ ਹੋ ਗਿਆ ਹੈ। ਬਹਾਦਰੀ ਜ਼ਰੀਏ ਅਨੇਕਾਂ ਅਹਿਮ ਪ੍ਰਾਪਤੀਆਂ ਤੇ ਸਨਮਾਨਾਂ ਨਾਲ ਲੈਸ 95 ਸਾਲਾ ਇਹ ਆਰਮੀ ਅਫਸਰ ਦੂਜੀ ਸੰਸਾਰ ਜੰਗ ਦਾ ਹੀਰੋ ਵੀ ਸੀ। ਉਨ੍ਹਾਂ ਨੂੰ ਬ੍ਰਿਟਿਸ਼ ਫ਼ੌਜ ਦੇ ਬਹਾਦਰੀ ਐਵਾਰਡ 'ਮਿਲਟਰੀ ਕਰਾਸ' ਦਾ ਸਨਮਾਨ ਵੀ ਮਿਲਿਆ।

ਆਜ਼ਾਦੀ ਤੋਂ ਤੁਰੰਤ ਬਾਅਦ ਪਾਕਿਸਤਾਨੀ ਘੁਸਪੈਠੀਆਂ ਤੋਂ ਸ੍ਰੀਨਗਰ ਨੂੰ ਬਚਾਉਣ ਵਾਲੇ ਬਹਾਦਰ ਨਾਇਕਾਂ ਵਿਚ ਵੀ ਉਨ੍ਹਾਂ ਨੂੰ ਸ਼ਾਮਲ ਹੋਣ ਦਾ ਮਾਣ ਹਾਸਲ ਸੀ। ਇਸ ਵੇਲੇ ਉਨ੍ਹਾਂ ਦੀ ਚੌਥੀ ਪੀੜ੍ਹੀ ਵੀ ਫ਼ੌਜ ਵਿਚ ਅਫ਼ਸਰ ਰੈਂਕ ਉਤੇ ਸੇਵਾ ਨਿਭਾ ਰਹੀ ਹੈ। ਉਨ੍ਹਾਂ ਦਾ ਪਰਿਵਾਰ ਕਈ ਸਾਲਾਂ ਤੋਂ ਪਟਿਆਲੇ ਰਹਿ ਰਿਹਾ ਹੈ।

ਸਿੱਖ ਰੈਜੀਮੈਂਟ ਦੀ ਦੂਜੀ ਬਟਾਲੀਅਨ ਵਿਚ ਸਤੰਬਰ 1941 ਵਿਚ ਕਮਿਸ਼ਨ ਹਾਸਲ ਕਰਨ ਉਪਰੰਤ ਕਰਨਲ ਹਰਵੰਤ ਸਿੰਘ ਨੇ ਬ੍ਰਿਟਿਸ਼ ਆਰਮੀ ਵੱਲੋਂ ਦੂਜੇ ਸੰਸਾਰ ਯੁੱਧ ਦੌਰਾਨ ਦੁਸ਼ਮਣ ਦੇ ਨਾਲ ਲੋਹਾ ਲਿਆ। ਉਨ੍ਹਾਂ 1944 ਵਿਚ ਇਟਲੀ ਵਿਖੇ ਗਥਿਕ ਲਾਇਨ 'ਤੇ ਜਰਮਨ ਫ਼ੌਜਾਂ ਵਿਰੁੱਧ ਜੰਗ ਦੌਰਾਨ ਬਹਾਦਰੀ ਦਾ ਸਬੂਤ ਦਿੰਦਿਆਂ, 'ਮਿਲਟਰੀ ਕਰਾਸ' ਜਿੱਤਿਆ। ਬਾਅਦ ਵਿਚ ਉਨ੍ਹਾਂ ਨੇ ਮਲਾਇਆ ਵਿਚ 'ਪਹਿਲੀ ਸਿੱਖ ਰੈਜੀਮੈਂਟ' ਵਿਚ ਸੇਵਾ ਨਿਭਾਈ। ਜੰਮੂ-ਕਸ਼ਮੀਰ ਦੀ ਜੰਗ ਦੌਰਾਨ ਪਹਿਲੀ ਜਨਵਰੀ 1949 ਨੂੰ ਹੋਏ ਗੋਲੀਬੰਦੀ ਦੇ ਐਲਾਨ ਤੱਕ ਡਟੇ ਰਹੇ। ਦਸੰਬਰ 1951 ਵਿਚ ਫ਼ੌਜਾਂ ਭਾਰਤੀ ਸੈਨਾ ਵਿਚ ਸ਼ਾਮਲ ਕਰਨ ਮੌਕੇ ਉਨ੍ਹਾਂ ਨੇ 'ਚੌਥੀ ਸਿੱਖ ਰੈਜੀਮੈਂਟ' ਦੀ ਕਮਾਂਡ ਵੀ ਸੰਭਾਲੀ, ਜੋ 'ਚੌਥੀ ਸਿੱਖ ਰਾਜਪੂਤਾਨਾ ਰਾਈਫਲਜ਼' ਵਿਚ ਤਬਦੀਲ ਕਰ ਦਿੱਤੀ ਗਈ ਸੀ।

ਦੂਜੀ ਸੰਸਾਰ ਜੰਗ ਦੇ ਹੀਰੋ ਕਰਨਲ (ਰਿਟਾਇਰਡ) ਹਰਵੰਤ ਸਿੰਘ ਦੇ ਪੁੱਤਰ ਕਰਨਲ (ਰਿਟਾਇਰਡ) ਡੀ.ਐਸ. ਸਿੱਧੂ ਨੇ ਦੱਸਿਆ ਕਿ ਕਰਨਲ ਹਰਵੰਤ ਸਿੰਘ ਦਾ ਦੇਹਾਂਤ 4 ਅਗਸਤ ਨੂੰ ਹੋਇਆ ਸੀ ਅਤੇ ਅੰਤਿਮ ਰਸਮਾਂ ਉਪਰੰਤ 10 ਅਗਸਤ ਨੂੰ ਭੋਗ ਪਾ ਦਿਤਾ ਗਿਆ ਸੀ। ਉਨ੍ਹਾਂ ਸਤੰਬਰ 1941 ਵਿਚ ਦੂਜੀ ਸੰਸਾਰ ਜੰਗ ਦੌਰਾਨ ਇਰਾਕ, ਫਲਸਤੀਨ, ਉਤਰੀ ਅਫਰੀਕਾ, ਸਾਈਪਰਸ, ਇਟਲੀ ਵਿਚ ਆਪਣੀ ਬਟਾਲੀਅਨ ਨਾਲ ਸੇਵਾਵਾਂ ਨਿਭਾਈਆਂ।

# ਬਿਹਾਰ ਵਿਚ ਭਾਜਪਾ ਖ਼ਿਲਾਫ਼ ਮੋਰਚਾ

**ਪਟਨਾ:** ਬਿਹਾਰ ਦੀਆਂ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਜਨਤਾ ਦਲ (ਯੂ), ਆਰ.ਜੇ.ਡੀ. ਤੇ ਕਾਂਗਰਸ ਵੱਲੋਂ ਇਕੱਠਿਆਂ ਭਾਜਪਾ ਨੂੰ ਚੁਣੌਤੀ ਦਿੱਤੀ ਜਾਵੇਗੀ। ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਐਲਾਨ ਕੀਤਾ ਕਿ ਜਨਤਾ ਦਲ (ਯੂ) ਤੇ ਆਰ.ਜੇ.ਡੀ. 100-100 ਤੇ ਕਾਂਗਰਸ 40 ਸੀਟਾਂ 'ਤੇ ਚੋਣ ਲੜੇਗੀ। ਇਸ ਮੌਕੇ ਆਰ.ਜੇ.ਡੀ. ਦੇ ਮੁਖੀ ਲਾਲੂ ਪ੍ਰਸਾਦ ਯਾਦਵ ਤੇ ਕਾਂਗਰਸ ਦੇ ਜਨਰਲ ਸਕੱਤਰ ਤੇ ਬਿਹਾਰ ਮਾਮਲਿਆਂ ਦੇ ਇੰਚਾਰਜ ਸੀ.ਪੀ. ਜੋਸ਼ੀ ਦੀ ਹਾਜ਼ਰੀ ਵਿਚ ਵੱਡੇ ਧਰਮ ਨਿਰਪੱਖ ਗਠਜੋੜ ਦਾ ਐਲਾਨ ਕੀਤਾ ਗਿਆ। ਨਿਤੀਸ਼ ਤੇ ਲਾਲੂ ਨੂੰ ਇਕ ਮੰਚ 'ਤੇ ਲਿਆਉਣ ਵਾਲੇ ਮੁਲਾਇਮ ਸਿੰਘ ਯਾਦਵ ਦੀ ਸਮਾਜਵਾਦੀ ਪਾਰਟੀ ਨੂੰ ਕੋਈ ਸੀਟ ਨਹੀਂ ਦਿੱਤੀ ਗਈ।


ਤੰਦੂਰੀਏ ਅਤੇ ਹੋਰ ਸਟਾਫ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਸਥਿਤ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ, ਵੇਟਰ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਫੌਰੀ ਲੋੜ ਹੈ।

ਰਿਹਾਇਸ਼ ਫਰੀ, ਚੰਗੀ ਤਨਖਾਹ

ਸੰਪਰਕ ਕਰੋ: 317-313-9651

34



ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?

ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

Ph:(408) 687-1899
(408) 729-6691
Fax:(408)292-6200

EX Member:
The California Homeopathic Society
National Center For Homeopathy- USA

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)


## ਕਬੱਡੀ ਪ੍ਰੋਮੋਟਰ ਗੁਰਦਿਆਲ ਸਿੰਘ ਢਿੱਲੋਂ ਦਾ ਦੇਹਾਂਤ

**ਫਰੀਮਾਂਟ (ਬਿਊਰੋ):** ਖੇਡ ਪ੍ਰੋਮੋਟਰ 53 ਸਾਲਾ ਗੁਰਦਿਆਲ ਸਿੰਘ ਢਿੱਲੋਂ ਦਾ ਲੰਘੇ ਸੋਮਵਾਰ ਦੇਹਾਂਤ ਹੋ ਗਿਆ। ਉਹ ਨਾਮੁਰਾਦ ਬਿਮਾਰੀ ਕੈਂਸਰ ਤੋਂ ਪੀੜਤ ਸਨ। ਉਹ ਬੇਅ ਏਰੀਆ ਸਪੋਰਟਸ ਕਲੱਬ ਦੇ ਸੀਨੀਅਰ ਵਾਈਸ ਚੇਅਰਮੈਨ ਸਨ। ਉਨ੍ਹਾਂ ਨੇ ਆਪਣਾ ਸਮਾਜਿਕ ਜੀਵਨ ਆਪਣੇ ਕਾਰੋਬਾਰ



ਦੇ ਨਾਲ ਖੇਡਾਂ, ਖਾਸ ਤੌਰ 'ਤੇ ਕਬੱਡੀ ਨੂੰ ਸਮਰਪਿਤ ਹੋ ਕੇ ਗੁਜ਼ਾਰਿਆ।

ਸ. ਢਿੱਲੋਂ ਆਪਣੇ ਪਿਛੇ ਪਤਨੀ ਤੋਂ ਇਲਾਵਾ ਦੋ ਬੇਟੇ ਅਤੇ ਇਕ ਬੇਟੀ ਛੱਡ ਗਏ ਹਨ। ਸਵਰਗੀ ਢਿੱਲੋਂ ਦਾ ਅੰਤਿਮ ਸਸਕਾਰ 21 ਅਗਸਤ, ਸ਼ੁੱਕਰਵਾਰ ਨੂੰ ਐਲਨ ਮੋਰਚਰੀ (274 ਬਰੌਡਵੇਅ, ਟਰਲਕ) ਵਿਖੇ ਦੁਪਹਿਰ 12 ਤੋਂ ਦੋ ਵਜੇ ਦਰਮਿਆਨ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਟਰਲਕ ਵਿਖੇ ਹੋਵੇਗੀ।

ਗੁਰਦਿਆਲ ਸਿੰਘ ਢਿੱਲੋਂ ਦੀ ਬੇਵਕਤ ਮੌਤ 'ਤੇ ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ, ਕਬੱਡੀ ਖਿਡਾਰੀ ਤੀਰਥ ਸਿੰਘ ਗਾਖਲ, ਕਬੱਡੀ ਫੈਡਰੇਸ਼ਨ ਆਫ ਕੈਲੀਫੋਰਨੀਆ ਦੇ ਚੇਅਰਮੈਨ ਸੁਰਜੀਤ ਸਿੰਘ ਟੁੱਟ, ਪ੍ਰਧਾਨ ਸੁਰਿੰਦਰ ਸਿੰਘ ਅਟਵਾਲ, ਸੁਰਿੰਦਰ ਸਿੰਘ ਨਿੱਜਰ, ਅੰਮ੍ਰਿਤਪਾਲ ਸਿੰਘ ਨਿੱਜਰ, ਖੇਡ ਪ੍ਰੋਮੋਟਰ ਜੌਹਨ ਸਿੰਘ ਗਿੱਲ ਤੇ ਬੇਅ ਏਰੀਆ ਸਪੋਰਟਸ ਕਲੱਬ ਦੇ ਪ੍ਰਧਾਨ ਬਲਜੀਤ ਸਿੰਘ ਸੰਧੂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ. ਢਿੱਲੋਂ ਦੀ ਮੌਤ ਨਾਲ ਖੇਡ ਪ੍ਰੇਮੀਆਂ, ਖਾਸ ਕਰ ਕਬੱਡੀ ਨਾਲ ਜੁੜੇ ਲੋਕਾਂ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਹੋਰ ਜਾਣਕਾਰੀ ਲਈ ਬਲਜੀਤ ਸਿੰਘ ਸੰਧੂ ਨਾਲ ਫੋਨ 510-881-6969 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰਦੁਆਰਾ ਸਿੰਘ ਸਭਾ ਦੇ ਲੰਗਰ ਹਾਲ ਲਈ ਫੰਡ ਰੇਜ਼ਰ 23 ਨੂੰ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਸਿੰਘ ਸਭਾ ਦੇ ਲੰਗਰ ਹਾਲ ਦੀ ਇਮਾਰਤ ਦੀ ਉਸਾਰੀ ਲੋੜੀਂਦੇ ਪੈਸੇ ਦੀ ਘਾਟ ਕਰਕੇ ਨਵੀਂ ਇਮਾਰਤ ਦੇ ਨਾਲ ਨਹੀਂ ਕੀਤੀ ਜਾ ਸਕੀ। ਲੰਗਰ ਹਾਲ ਲਈ ਲੋੜੀਂਦੀ ਮਾਇਆ ਇਕੱਤਰ ਕਰਨ ਲਈ ਇਕ ਸਮਾਗਮ 23 ਅਗਸਤ, ਐਤਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਗੁਰੂਘਰ ਵਿਖੇ ਹੋਵੇਗਾ। ਗੁਰੂਘਰ ਵਿਚ ਹਮੇਸ਼ਾ ਦੀ ਤਰ੍ਹਾਂ ਵਿਸ਼ੇਸ਼ ਦੀਵਾਨ ਸਜਣਗੇ। ਲੰਗਰ ਦੀ ਸੇਵਾ ਅਸ਼ੋਕਾ ਰੈਸਟੋਰੈਂਟ, ਸੈਲਮਾ ਵਾਲੇ ਮਨਮੋਹਨ ਸਿੰਘ ਸੰਧੂ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਹੋਵੇਗੀ।

ਹੋਰ ਜਾਣਕਾਰੀ ਲਈ ਹਰਜਿੰਦਰ ਸਿੰਘ ਢਿੱਲੋਂ ਨਾਲ ਫੋਨ (559) 940-8400 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।




# ਤਰਲੋਚਨ ਸਿੰਘ ਨਾਹਲ, ਗੁਰਮੇਲ ਸਿੰਘ ਬਾਠ ਨੇ ਫਰੀਮਾਂਟ ਤੋਂ ਬੈਂਕਰਪਟ ਕੰਪਨੀ ਦਾ ਬੁਲਾਇਆ ਝੂਠ ਦਾ ਟਰੱਕ

## ਜਸਵੰਤ ਸਿੰਘ ਹੋਠੀ ਦੇ ਗੁਰਦੁਆਰੇ ਤੋਂ ਇੱਕ ਹੋਰ ਲੋਡ ਚੁੱਕ ਪਹੁੰਚਾ ਸੈਨ ਹੋਜ਼ੇ ਸੁਧਾਰ ਕਮੇਟੀ ਗੁਰੂ ਘਰ ਦੀ ਸੰਗਤ ਨੂੰ ਟੋਕਰੇ ਭਰ-ਭਰ ਵੰਡਣ ਲੱਗੀ

## ਹਰ ਝੂਠ ਦਾ ਜਵਾਬ ਤਰਤੀਬਵਾਰ ਦੇ ਰਹੇ ਹਾਂ, ਕ੍ਰਿਪਾ ਕਰਕੇ ਅਸਲੀ ਤੱਥ ਧਿਆਨ ਨਾਲ ਪੜ੍ਹੋ ਅਤੇ ਵਿਚਾਰੋ ਜੀ।


ਸਤਿਕਾਰਯੋਗ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥

ਅਖਬਾਰ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦਾ ਮੁੜ ਨਾਮਕਰਨ ਕਰਕੇ ਇਸ ਦਾ ਨਾਮ 'ਕੌਮਾਂਤਰੀ ਝੂਠ ਪ੍ਰਚਾਰ ਟਾਈਮਜ਼' ਕਰ ਦੇਣਾ ਚਾਹੀਦਾ ਹੈ। ਸੁਧਾਰ ਕਮੇਟੀ ਦਾ ਸਮਰਥਨ ਕਰਨ ਲਈ, ਉਨ੍ਹਾਂ ਨੇ ਜਿਸ ਝੂਠ ਦਾ ਸਹਾਰਾ ਲਿਆ ਹੈ, ਉਸ ਨਾਲ ਪਵਿੱਤਰ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਵੀ ਧੱਬਾ ਲੱਗਿਆ ਹੈ। ਸੁਧਾਰਕਾਂ ਦੀ ਸੁਧਾਰ ਕਮੇਟੀ (ਹੁਣ ਸਾਧ ਸੰਗਤ ਸਲੇਟ) ਦੇ ਨੁਮਾਇੰਦਿਆਂ ਦੇ ਹੱਕ ਵਿਚ ਕ੍ਰਿਪਾ ਕਰਕੇ ਵੋਟ ਨਾ ਪਾਇਓ, ਜਿਨ੍ਹਾਂ ਕੋਲ ਅਸਲ ਸੇਵਾ ਦਾ ਕੋਈ ਰਿਕਾਰਡ ਨਹੀਂ ਹੈ, ਪ੍ਰੰਤੂ ਉਹ ਝੂਠ ਦੇ ਸਹਾਰੇ ਆਪਣੀ ਮੁਹਿੰਮ ਚਲਾ ਰਹੇ ਹਨ।


ਝੂਠ ਨੰਬਰ 1: ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਨੇ ਹਾਲ ਹੀ ਵਿਚ ਇੱਕ ਝੂਠੀ ਕਹਾਣੀ ਛਾਪੀ ਹੈ, ਜਿਸ ਵਿਚ ਉਸ ਨੇ ਗੁਰਦੁਆਰਾ ਸਾਹਿਬ ਦੇ ਖਾਲੀ ਚੈਕਾਂ ਦਾ ਜ਼ਿਕਰ ਕਰਦੇ ਹੋਏ ਛਾਪਿਆ ਹੈ ਕਿ ਉਹ ਖਾਲੀ ਚੈਕ ਬੌਬ ਢਿੱਲੋਂ ਆਪਣੇ ਨਿਜੀ ਕੰਮਾਂ ਲਈ ਇਸਤੇਮਾਲ ਕਰਦੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸੁਧਾਰ ਕਮੇਟੀ ਦੇ ਸਮਰਥਕਾਂ ਜਸਵੰਤ ਸਿੰਘ ਹੋਠੀ ਅਤੇ ਬਲਬੀਰ ਸਿੰਘ ਢਿੱਲੋਂ ਕੋਲ ਕੁਝ ਖਾਲੀ ਚੈਕਾਂ ਦੀ ਫੋਟੋ ਕਾਪੀ ਹੈ ਜੋ ਕਿ ਉਹ ਉਸ ਵਕਤ ਫੋਟੋ ਕਾਪੀ ਕਰਕੇ ਲੈ ਗਏ ਸਨ, ਜਦੋਂ ਉਨ੍ਹਾਂ ਨੂੰ ਸਾਲ 2009 ਵਿਚ ਗੁਰਦੁਆਰਾ ਸਾਹਿਬ ਦੇ ਰਿਕਾਰਡ ਨੂੰ ਫੋਟੋ ਕਾਪੀ ਕਰਨ ਦੀ ਇਜਾਜ਼ਤ ਮਿਲੀ ਸੀ। ਹੁਣ ਉਨ੍ਹਾਂ ਫੋਟੋ ਕਾਪੀਆਂ ਨੂੰ ਇਹ ਝੂਠੀਆਂ ਅਫਵਾਹਾਂ ਫੈਲਾਉਣ ਲਈ ਵਰਤ ਰਹੇ ਹਨ। ਇਹ ਚੈਕ ਨੰਬਰ 2348 ਅਤੇ 2349 ਸਨ।





ਗੁਰਦੁਆਰਾ ਸਾਹਿਬ ਦੀ ਇਹ ਪਾਲਿਸੀ ਹੈ ਕਿ ਹਰ ਚੈਕ ਤੇ 3 ਖਜਾਨਚੀਆਂ ਦੇ ਦਸਤਖਤ ਹੋਣੇ ਜਰੂਰੀ ਹਨ, ਸਿਰਫ ਇਸ ਤਰ੍ਹਾਂ ਹੀ ਇਸ ਦਾ ਬੈਂਕ ਰਾਹੀਂ ਭੁਗਤਾਨ ਹੋ ਸਕਦਾ ਹੈ। ਕਈ ਵਾਰ ਛੋਟੇ ਬਿਲਾਂ ਦੇ ਭੁਗਤਾਨ ਨੂੰ ਆਸਾਨ ਕਰਨ ਲਈ, 2 ਖਜਾਨਚੀ ਚੈਕਾਂ ਉਤੇ ਪਹਿਲਾਂ ਹੀ ਦਸਤਖਤ ਕਰ ਦਿੰਦੇ ਹਨ, ਜਦੋਂਕਿ ਤੀਜਾ ਖਜਾਨਚੀ ਉਸ ਵਕਤ ਦਸਤਖਤ ਕਰਦਾ ਹੈ, ਜਦੋਂ ਚੈਕ ਜਾਰੀ ਕਰਨਾ ਹੁੰਦਾ ਹੈ। ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਨੇ ਜੋ ਖਾਲੀ ਚੈਕ ਦਰਸਾਏ ਹਨ, ਉਨ੍ਹਾਂ ਉਪਰ ਸਿਰਫ ਦੋ ਖਜਾਨਚੀਆਂ ਦੇ ਦਸਤਖਤ ਸਨ। ਜਸਵੰਤ ਹੋਠੀ ਅਤੇ ਬਲਬੀਰ ਢਿੱਲੋਂ ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਅਤੇ ਸੀਨੀਅਰ ਮੀਤ ਪ੍ਰਧਾਨ ਹੋਣ ਕਾਰਨ, ਚੈਕਾਂ ਉਤੇ ਦਸਤਖਤ ਕਰਨ ਦੀ ਪਰੰਪਰਾ ਬਾਰੇ ਚੰਗੀ ਤਰ੍ਹਾਂ ਜਾਣੂ ਹਨ। ਇਸ ਦੇ ਬਾਵਜੂਦ ਇਨ੍ਹਾਂ ਨੇ ਇਸ ਅਖਬਾਰ ਨਾਲ ਮਿਲ ਕੇ ਇਨ੍ਹਾਂ ਖਾਲੀ ਚੈਕਾਂ ਬਾਰੇ ਮਨ-ਘੜ੍ਹਤ ਕਹਾਣੀ ਅਖਬਾਰ ਵਿਚ ਛਪਵਾਈ ਤਾਂ ਕਿ ਸੰਗਤ ਦੇ ਮਨ ਵਿਚ ਮੌਜੂਦਾ ਪ੍ਰਬੰਧਕ ਕਮੇਟੀ ਬਾਰੇ ਗਲਤਫਹਿਮੀ ਪੈਦਾ ਹੋ ਜਾਵੇ।

ਅਸਲ ਵਿਚ ਜੋ ਚੈਕ ਭੁਗਤਾਨ ਲਈ ਜਾਰੀ ਕੀਤੇ ਗਏ ਹਨ, ਉਹ ਹੇਠਾਂ ਦਰਸਾਏ ਗਏ ਹਨ, ਉਹ ਚੈਕ ਦਸੰਬਰ 2009 ਵਿਚ ਟੈਲੀਫੋਨ ਕੰਪਨੀ ਅਤੇ ਰੇਡੀਓ ਗੀਤ ਸੰਗੀਤ ਨੂੰ 250 ਅਤੇ 750 ਡਾਲਰ ਦੇ ਜਾਰੀ ਕੀਤੇ ਗਏ ਸਨ। ਤੁਸੀ ਇਨ੍ਹਾਂ ਦੋਵੇਂ ਚੈਕਾਂ ਦੇ ਨੰਬਰਾਂ ਦਾ ਅਤੇ ਦਸਖਤਖਤਾਂ, ਜੋ ਕਿ 3 ਖਜਾਨਚੀਆਂ (ਸ. ਮਹਿੰਗਾ ਸਿੰਘ, ਸ. ਹਰਦੇਵ ਸਿੰਘ ਤੱਖਰ ਅਤੇ ਸ. ਸੋਹਣ ਸਿੰਘ ਧਨੋਤਾ ਵੱਲੋਂ ਕੀਤੇ ਗਏ ਸਨ, ਦਾ ਮਿਲਾਨ ਕਰ ਸਕਦੇ ਹੋ।




ਝੂਠ ਨੰਬਰ 2: ਸੰਗਤ ਦੇ ਮਨਾਂ ਵਿਚ ਹੋਰ ਗਲਤਫਹਿਮੀਆਂ ਪੈਦਾ ਕਰਨ ਦੇ ਮੰਤਵ ਨਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਕੀਮਤ ਬਾਰੇ ਵੀ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ। ਸ. ਬੌਬ ਢਿੱਲੋਂ ਨੇ ਕਿਹਾ ਹੈ ਕਿ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਦੂਜੇ ਫੇਜ਼ ਦੀ ਇਮਾਰਤ ਦੀ ਉਸਾਰੀ ਕਰਵਾਈ ਹੈ, ਜਿਸ ਵਿਚ ਮੇਨ ਹਾਲ, ਲੰਗਰ ਹਾਲ, ਸਕੂਲ ਏਰੀਆ ਅਤੇ ਰਾਗੀਆਂ ਅਤੇ ਪ੍ਰਚਾਰਕਾਂ ਦੇ ਰਹਿਣ ਲਈ ਕੁਆਰਟਰ ਹਨ ਅਤੇ ਜਿਸ ਦੀ ਉਸਾਰੀ ਦੀ ਕਾਫੀ ਘੱਟ ਲਾਗਤ ਯਾਨਿ 20 ਮਿਲੀਅਨ ਡਾਲਰ ਤੋਂ ਘੱਟ ਆਈ ਹੈ। ਜਦੋਂ ਕਿ ਇੱਕ ਬਾਹਰਲੀ ਕੰਪਨੀ ਜਿਸ ਦੀ ਨਾਹਲ-ਬਾਠ ਦੀ ਸੁਧਾਰ ਕਮੇਟੀ ਦੇ ਨਿਜੀ ਸਮਰਥਕ ਬਲਬੀਰ ਸਿੰਘ ਅਤੇ ਜਸਵੰਤ ਸਿੰਘ ਹੋਠੀ, ਜਸਜੀਤ ਸਿੰਘ ਚੇਲਾ ਪੂਰੇ ਜੋਰ ਨਾਲ ਸਿਫਾਰਸ਼ ਕਰਦੇ ਸਨ, ਨੇ ਇਸ ਉਸਾਰੀ ਦੇ ਖਰਚੇ ਦਾ ਅਨੁਮਾਨ 30 ਮਿਲੀਅਨ ਡਾਲਰ ਦੱਸਿਆ ਸੀ। ਸੰਗਤ ਨੂੰ ਗੁੰਮਰਾਹ ਕਰਨ ਲਈ ਇਹ ਲੋਕ ਵਰਤਮਾਨ ਫੇਜ਼ ਦੀ ਉਸਾਰੀ ਦੇ ਖਰਚੇ ਵਿਚ ਪਹਿਲੇ ਫੇਜ਼ ਦੇ ਖਰਚੇ 12 ਮਿਲੀਅਨ ਡਾਲਰ ਨੂੰ ਜੋੜ ਕੇ ਦਰਸਾ ਰਹੇ ਹਨ, ਜੋ ਕਿ ਪਹਿਲੇ ਫੇਜ਼ ਦਾ ਉਹ ਖਰਚਾ ਹੈ, ਜੋ ਗੁਰਦੁਆਰਾ ਸਾਹਿਬ ਦੀ ਸਾਈਟ ਮੋਰੀਲੋ ਐਵਨਿਊ ਦੇ ਲਈ ਪਹਾੜੀ ਨੂੰ ਪੱਧਰਾ ਕਰਨ, ਇਮਾਰਤ ਲਈ ਪਲੰਬਿੰਗ ਦੇ ਕੰਮ, ਬਿਜਲੀ ਦੇ ਕੰਡਿਊਟਾਂ ਦੇ ਕੰਮ ਅਤੇ ਦੱਖਣੀ ਹਾਲ, ਉਤਰੀ ਹਾਲ ਅਤੇ ਗੁਰਦੁਆਰਾ ਸਾਹਿਬ ਦੀ ਮੁੱਖ ਲਾਬੀ 'ਤੇ ਖਰਚਿਆ ਗਿਆ। ਇਹ ਪਹਿਲੇ ਫੇਜ਼ ਦਾ ਖਰਚਾ ਹੈ, ਜਿਸ ਨੂੰ ਦੂਜੇ ਫੇਜ਼ ਦੇ ਖਰਚੇ 20 ਮਿਲੀਅਨ ਵਿਚ ਸ਼ਾਮਿਲ ਕਰਕੇ ਭੰਡੀ ਪ੍ਰਚਾਰ ਲਈ ਮੌਜੂਦਾ ਦੂਸਰੇ ਫੇਜ਼ ਦੀ ਲਾਗਤ 32 ਮਿਲੀਅਨ ਡਾਲਰ ਦੱਸੀ ਜਾ ਰਹੀ ਹੈ।

ਇਥੇ ਜ਼ਿਕਰਯੋਗ ਹੈ ਕਿ ਪਹਿਲੇ ਫੇਜ਼ ਦੀ ਉਸਾਰੀ ਸਾਲ 2001-2004 ਦੌਰਾਨ ਉਦੋਂ ਕੀਤੀ ਗਈ ਸੀ, ਜਦੋਂ ਬਲਵੰਤ ਸਿੰਘ ਚਾਹਲ ਅਤੇ ਬਲਬੀਰ ਢਿੱਲੋਂ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਅਤੇ ਮੀਨ ਪ੍ਰਧਾਨ ਸਨ ਅਤੇ ਉਹ ਚੈਕ ਦਸਤਖਤ ਕਰਨ ਲਈ ਅਧਿਕਾਰਿਤ ਸਨ।



*Estimated Settlement Statement*

Settlement Date:
Print Date: 7/24/2003

File No: 0129-611058ala
Officer: Sue Haney/VB


| Buyer Charge | Buyer Credit | Charge Description | Seller Charge | Seller Credit |
|---|---|---|---|---|
| 50.00 | | Record Grant Deed to First American Title Company | | |
| | | **Disbursements Paid:** | | |
| 270,000.00 | | Finder's Fee to Silicon Valley Strategies, Inc. | | |
| | | Reconveyance Fee to Escrow Control Company | 45.00 | |
| | | Notary & Signing Fee to Bay Area Signups | 150.00 | |

ਝੂਠ ਨੰਬਰ 3: ਗੁਰਦੁਆਰਾ ਸਾਹਿਬ ਨੇ ਅੰਮ੍ਰਿਤਸਰ ਟਾਈਮਜ਼ ਅਤੇ ਇਸ ਦੇ ਮਾਲਕਾਂ, ਜਿਨ੍ਹਾਂ ਵਿਚ ਜਸਜੀਤ ਚੇਲਾ ਵੀ ਸ਼ਾਮਿਲ ਸੀ, ਉਤੇ ਝੂਠ ਛਾਪ ਕੇ ਅਤੇ ਅਫਵਾਹਾਂ ਫੈਲਾ ਕੇ ਹੱਤਕ ਇੱਜ਼ਤ ਕਰਨ ਦਾ ਮੁਕੱਦਮਾ ਦਾਇਰ ਕੀਤਾ ਗਿਆ ਸੀ। ਇਸ ਡਰ ਤੋਂ ਕਿ ਉਹ ਮੁਕਦੱਮੇ ਵਿਚ ਹਾਰ ਜਾਣਗੇ

ਅਤੇ ਉਨ੍ਹਾਂ ਨੂੰ ਭਾਰੀ ਜੁਰਮਾਨਾ ਅਦਾ ਕਰਨਾ ਪਵੇਗਾ, ਦੋਵੇਂ ਜਸਜੀਤ ਸਿੰਘ ਚੇਲਾ ਅਤੇ ਇਸ ਅਖ਼ਬਾਰ ਨੇ ਬੈਂਕਰਪਸੀ ਫਾਈਲ ਕਰ ਦਿੱਤੀ। ਉਸ ਕਾਰਨ 'ਅੰਮ੍ਰਿਤਸਰ ਟਾਈਮਜ਼' ਤਾਂ ਬੰਦ ਹੋ ਗਿਆ ਪ੍ਰੰਤੂ ਇਨ੍ਹਾਂ ਨੇ ਅਖ਼ਬਾਰ ਇੱਕ ਨਵੇਂ ਨਾਮ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਨਾਲ ਸ਼ੁਰੂ ਕਰ ਲਿਆ।

ਸਾਧ ਸੰਗਤ ਜੀ, ਅਸੀਂ ਸੱਚਾਈ ਦੇ ਨਾਲ ਪੂਰਨ ਆਪਣਾ ਜੀਵਨ ਬਤੀਤ ਕਰੀਏ, ਇਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਡੇ ਲਈ ਉਪਦੇਸ਼ ਹੈ। ਤੁਸੀ ਇਹ ਕਲਪਨਾ ਕਰ ਸਕਦੇ ਹੋ ਕਿ ਜਿਹੜੇ ਲੋਕ ਗੁਰੂਦੁਆਰਾ ਸਾਹਿਬ ਦੀਆਂ ਚੋਣਾਂ ਨੂੰ ਲੈ ਕੇ ਇੰਨਾ ਝੂਠ ਬੋਲ ਸਕਦੇ ਹਨ, ਉਹ ਵਿਅਕਤੀ ਸਾਡੇ ਮਹਾਨ ਗੁਰੂਆਂ ਦਾ ਉਪਦੇਸ਼ ਆਮ ਜਨਤਾ ਤੱਕ ਕਿਵੇਂ ਪਹੁੰਚਾਉਣਗੇ। ਇਹ ਲੋਕ ਜਸਵੰਤ ਸਿੰਘ ਹੋਠੀ ਅਤੇ ਜਸਜੀਤ ਸਿੰਘ ਚੇਲੇ ਦੀ ਛੱਤਰੀ ਥੱਲੇ ਤਰਲੋ ਮੱਛੀ ਹੋਏ ਕੋਰੇ ਝੂਠ ਦੀਆਂ ਟੋਕਰੀਆਂ ਚੱਕੀ ਸੰਗਤ ਵਿਚ ਕੂੜ ਖਿਲਾਰ ਰਹੇ ਹਨ। ਕ੍ਰਿਪਾ ਕਰਕੇ ਆਪਣੇ ਗੁਰਦੁਆਰਾ ਸਾਹਿਬ ਨੂੰ ਇਨ੍ਹਾਂ 'ਝੂਠੇ' ਵਿਅਕਤੀਆਂ ਤੋਂ ਬਚਾਓ, ਜੋ ਕਿ ਆਪਣੇ ਸਵਾਰਥ ਲਈ ਝੂਠ ਅਤੇ ਦੂਜੇ ਗਲਤ ਤਰੀਕਿਆਂ ਦਾ ਸਹਾਰਾ ਲੈਂਦੇ ਹਨ।

ਝੂਠ ਨੰਬਰ 4: 270,000 ਡਾਲਰ ਦਾ ਮੁੱਦਾ: ਸੁਧਾਰ ਕਮੇਟੀ ਦੇ ਮੁੱਖੀ ਤਰਲੋਚਨ ਸਿੰਘ ਅਤੇ ਉਸ ਦੇ ਸਮਰਥਕ ਬਲਬੀਰ ਸਿੰਘ ਢਿੱਲੋਂ, ਜਸਵੰਤ ਸਿੰਘ ਹੋਠੀ ਅਤੇ ਇਨ੍ਹਾਂ ਦੇ ਹਰਮਨ ਪਿਆਰੇ ਬੈਂਕਰਪਟ ਜਸਜੀਤ ਸਿੰਘ ਚੇਲਾ ਨੇ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿਚ ਇਹ ਮੁੱਦਾ ਉਠਾਇਆ ਹੈ ਕਿ ਗੁਰਦੁਆਰਾ ਸਾਹਿਬ ਨੇ 270,000 ਡਾਲਰ ਫਾਈਂਡਿੰਗ ਫੀਸ ਅਦਾ ਕੀਤੀ ਹੈ। ਅਗਰ ਤੁਸੀਂ ਸੈਟਲਮੈਂਟ ਸਟੇਟਮੈਂਟ ਨੂੰ ਧਿਆਨ ਨਾਲ ਪੜ੍ਹੋ ਤਾਂ 270,000 ਡਾਲਰ ਬਾਇਅਰ (ਖਰੀਦਣ ਵਾਲਾ) ਐਕਸਪੈਂਸਿਸ ਕਾਲਮ ਵਿਚ ਖੜ੍ਹਾ ਦਰਸਾਇਆ ਗਿਆ ਹੈ। ਬਰੈਡਰੈਕ ਐਂਡ ਲੋਗਨ, ਉਹ ਖਰੀਦਦਾਰ ਹਨ, ਜਿਨ੍ਹਾਂ ਕਿਊਂਬੀ ਰੋਡ ਜਾਇਦਾਦ ਨੂੰ ਦੋ ਹਿੱਸਿਆ ਵਿਚ, ਸਾਢੇ 3 ਏਕੜ 6 ਮਿਲੀਅਨ ਸਾਢੇ 7 ਲੱਖ ਡਾਲਰ ਅਤੇ ਡੇਢ ਏਕੜ 3 ਮਿਲੀਅਨ 2 ਲੱਖ 40 ਹਜ਼ਾਰ ਡਾਲਰ ਵਿਚ ਖਰੀਦਿਆ। ਜਦੋਂ ਬਿਲਡਰ ਪਹਿਲੇ ਸਾਢੇ 3 ਏਕੜ 'ਤੇ ਮਕਾਨਾਂ ਦੀ ਉਸਾਰੀ ਦਾ ਕੰਮ ਕਰ ਰਹੇ ਹਨ ਤਾਂ ਗੁਰਦੁਆਰਾ ਸਾਹਿਬ ਡੇਢ ਏਕੜ 'ਤੇ ਬਿਰਾਜਮਾਨ ਸਨ। ਗੁਰਦੁਆਰਾ ਸਾਹਿਬ ਨੇ ਕੋਈ ਵੀ ਫਾਈਂਡਿੰਗ ਫੀਸ ਅਤੇ ਕੋਈ ਵੀ ਕਮਿਸ਼ਨ ਆਰ.ਈ. ਕਮਿਸ਼ਨ ਅਦਾ ਨਹੀ ਕੀਤਾ। ਉਸੇ ਲੇਖ ਵਿਚ ਇਨ੍ਹਾਂ ਲੋਕਾਂ ਨੇ 1999 ਦੇ ਦੋ ਚੈਕ ਪ੍ਰਕਾਸ਼ਿਤ ਕੀਤੇ, ਜੋ ਕੇ ਮੇਅਰ ਚੱਕ ਰੀਡ ਨੂੰ ਅਦਾ ਕੀਤੇ ਗਏ ਸਨ। ਚੱਕ ਰੀਡ ਮੇਅਰ ਚੁਣੇ ਜਾਣ ਤੋਂ ਪਹਿਲਾਂ ਵਕੀਲ ਸੀ ਅਤੇ ਗੁਰਦੁਆਰਾ ਸਾਹਿਬ ਦੀ ਨੁਮਾਇੰਦਗੀ ਐਵਰਗਰੀਨ ਕੋਆਲੀਟੀਸ਼ਨ ਦੇ ਖਿਲਾਫ ਕਰਦੇ ਸਨ, ਸਾਫ ਹੈ ਕਿ ਗੁਰਦੁਆਰਾ ਸਾਹਿਬ ਵੱਲੋਂ ਵਕੀਲ ਦੀ ਫੀਸ ਅਦਾ ਕੀਤੀ ਗਈ ਹੈ। ਇਹ ਲੋਕ ਸੰਗਤ ਨੂੰ ਗਲਤ ਤੱਥ ਦਰਸਾ ਕੇ, ਉਨ੍ਹਾਂ ਦੇ ਆਧਾਰ 'ਤੇ ਮੂਰਖ ਬਣਾਉਣਾ ਚਾਹੁੰਦੇ ਹਨ, ਜਿਸ ਵਿਚ ਉਹ ਕਾਮਯਾਬ ਨਹੀਂ ਹੋਣਗੇ।


1) Planning Commission hearing on the 3.5 Ac Rezoning was discussed. Surjit Bains + Balbir Dhillon will prepare to respond to any questions at the hearing and few others will attend the Commission meeting on Wed May 8, 03.
2. It is agreed to sign the agreement to sell 1.5 Ac. for $3.24 million to the same developer that purchased the other parcel.
3. Estimated $1.7 million additional

ਝੂਠ ਨੰਬਰ 5: ਸੁਧਾਰ ਕਮੇਟੀ ਅਤੇ ਬਲਬੀਰ ਸਿੰਘ ਢਿੱਲੋਂ ਦੀ ਜੁੰਡਲੀ ਝੂਠ ਬੋਲ ਰਹੀ ਹੈ ਕਿ ਕਿਊਂਬੀ ਰੋਡ ਵਾਲੀ ਜਮੀਨ 12 ਮਿਲੀਅਨ ਡਾਲਰ ਦੀ ਵਿਕਦੀ ਸੀ ਪਰ ਬੌਬ ਢਿੱਲੋਂ ਨੇ ਨਹੀਂ ਵਿਕਣ ਦਿੱਤੀ।

| | |
|---|---|
| Buyer: | Braddock & Logan Group II, L.P. |
| Address: | 4155 Blackhawk Plaza Circle #201, Danville, CA 94526 |
| Seller: | Sikh Gurdwara-San Jose |
| Address: | , CA |

| Buyer Charge | Buyer Credit | Charge Description | Seller Charge | Seller Credit |
|---|---|---|---|---|
| | | Consideration: | | |
| 6,750,000.00 | | Total Consideration | | 6,750,000.00 |

5/28/2000 ਨੂੰ ਪੋਲਟੀ ਹਾਊਸ ਕਾਰਪੋਰੇਸ਼ਨ ਨੇ 5 ਏਕੜ ਜਮੀਨ ਸਾਢੇ 7 ਮਿਲੀਅਨ ਡਾਲਰ ਵਿਚ ਖਰੀਦਣ ਦੀ ਪੇਸ਼ਕਸ਼ ਕੀਤੀ ਸੀ, ਬਲਬੀਰ ਸਿੰਘ ਢਿੱਲੋਂ (ਜੋ ਇਸ ਜਮੀਨ ਨੂੰ ਵੇਚਣ ਦੇ ਮੋਹਰੀ ਸਨ) ਅਤੇ ਹੋਰ ਕਮੇਟੀ ਮੈਂਬਰ ਕਾਹਲੇ ਪੈ ਗਏ ਕਿ ਇਸ ਨੂੰ ਜਲਦੀ ਵੇਚ ਦੇਵੋ। ਪ੍ਰਤੂ ਬੌਬ ਢਿੱਲੋਂ, ਜਿਸ ਨੂੰ ਪਤਾ ਸੀ ਕਿ ਇਸ ਦੀ ਕੀਮਤ ਇਸ ਤੋਂ ਕਿਤੇ ਵਧੇਰੇ ਹੈ, ਨੇ ਕਰੜੇ ਸ਼ਬਦਾਂ ਵਿਚ ਕਿਹਾ ਕਿ "ਜੇ ਤੁਹਾਡੀ ਬਾਂਹ ਵੇਲਣੇ ਵਿਚ ਆਈ ਹੈ ਤਾਂ ਮੈਨੂੰ ਸਾਢੇ 7 ਮਿਲੀਅਨ ਡਾਲਰ ਦੀ ਵੇਚ ਦੇਵੋ।" ਇੰਨੀ ਗੱਲ ਸੁਣਦੇ ਸਾਰ ਸਾਰੇ ਸੁਸਰੀ ਹੋ ਗਏ ਕਿ ਸ਼ਾਇਦ ਇਸ ਦੀ ਕੀਮਤ ਜਿਆਦਾ ਹੀ ਹੋਵੇ।


2/25/2001 ਕਮਿਊਨਿਟੀ ਹੋਮ ਬਿਲਡਰ ਨੇ 10 ਮਿਲੀਅਨ ਡਾਲਰ ਦੀ ਪੇਸ਼ਕਸ਼ ਲਿਆਂਦੀ, ਜਿਸ ਦੀ ਸ਼ਰਤ ਸੀ ਕਿ 25 ਹਜ਼ਾਰ ਡਾਲਰ ਬਿਨਾਂ ਵਾਪਸ ਕੀਤੇ ਜਮਾ ਕਰਵਾਵੇ। ਥੋੜ੍ਹੇ ਚਿਰ ਬਾਅਦ ਖਰੀਦਦਾਰ ਨੇ ਨਾਂਹ ਕਰ ਦਿੱਤੀ ਅਤੇ ਗੁਰੂ ਘਰ ਨੂੰ ਦਿੱਤਾ ਹੋਇਆ 25 ਹਜ਼ਾਰ ਡਾਲਰ ਵੀ ਗੁਆ ਬੈਠਾ।


2/21/2002 ਬਲਬੀਰ ਸਿੰਘ ਢਿੱਲੋਂ ਨੂੰ ਇਸ ਜਮੀਨ ਦਾ ਲਿਸਟਿੰਗ ਏਜੰਟ ਬਣਾ ਦਿੱਤਾ ਅਤੇ ਜਮੀਨ ਦੀ ਕੀਮਤ 11 ਮਿਲੀਅਨ ਡਾਲਰ ਰੱਖ ਦਿੱਤੀ।

10/27/2002 ਨੂੰ ਬਰੈਡਰੈਕ ਐਂਡ ਲੋਗਨ ਨੇ ਸਾਢੇ 3 ਏਕੜ ਜਮੀਨ ਦੀ ਪੌਣੇ 7 ਮਿਲੀਅਨ ਡਾਲਰ ਦੀ ਪੇਸ਼ਕਸ਼ ਦਿੱਤੀ ਜਿਹੜੀ ਕਮੇਟੀ ਨੇ ਪ੍ਰਵਾਨ ਕਰ ਲਈ ਅਤੇ ਗੁਰਦੁਆਰਾ ਸਾਹਿਬ ਰਹਿੰਦੀ ਡੇਢ ਏਕੜ ਜਮੀਨ ਵਿਚ ਚਲਦਾ ਰਿਹਾ।

5/5/2003 ਨੂੰ ਬਰੈਡਰੈਕ ਐਂਡ ਲੋਗਨ ਨੇ ਬਾਕੀ ਦੀ ਡੇਢ ਏਕੜ ਜਮੀਨ ਦੀ 3 ਮਿਲੀਅਨ 2 ਲੱਖ 40 ਹਜ਼ਾਰ ਡਾਲਰ ਦੀ ਪੇਸ਼ਕਸ਼ ਦਿੱਤੀ ਅਤੇ ਕਮੇਟੀ ਨੇ ਪ੍ਰਵਾਨ ਕਰ ਲਈ। ਇਸ ਤਰ੍ਹਾਂ ਨਾਲ ਸਾਰੀ 5 ਏਕੜ ਜਮੀਨ 9 ਮਿਲੀਅਨ 9 ਲੱਖ 90 ਹਜ਼ਾਰ ਡਾਲਰ ਵਿਚ ਵੇਚੀ ਅਤੇ ਬੌਬ ਢਿੱਲੋਂ ਦੀ ਸਿਆਣਪ ਨਾਲ ਗੁਰੂ ਘਰ ਨੂੰ ਢਾਈ ਮਿਲੀਅਨ ਡਾਲਰ ਦਾ ਫਾਇਦਾ ਹੋਇਆ। ਇਸ ਤੋਂ ਇਲਾਵਾ ਹੋਰ ਕੋਈ ਵੀ ਖਰੀਦਦਾਰ ਨਹੀਂ ਆਇਆ। ਸੁਧਾਰ ਕਮੇਟੀ (ਹੁਣ ਸਾਧ ਸੰਗਤ ਸਲੇਟ) ਦੇ ਕੂੜ ਪ੍ਰਚਾਰ ਤੋਂ ਬਚੋ।

ਗੁਰੂ ਪਿਆਰੀ ਸਾਧ ਸੰਗਤ ਜੀ, ਤੁਸੀਂ ਭਲੀ ਭਾਂਤ ਜਾਣਦੇ ਹੋ ਕਿ ਜਸਜੀਤ ਸਿੰਘ ਚੇਲਾ ਦੀ ਜੁੰਡਲੀ ਅਧੀਨ ਫਰੀਮਾਂਟ ਗੁਰੂ ਘਰ ਦੀ ਉਨੀ ਤਰੱਕੀ ਨਹੀਂ ਹੋ ਸਕੀ, ਜਿੰਨੀ ਸੈਨ ਹੋਜ਼ੇ ਗੁਰੂ ਘਰ ਨੇ ਤਰੱਕੀ ਕੀਤੀ ਹੈ। (ਹਾਲਾਂ ਕਿ ਫਰੀਮਾਂਟ ਗੁਰੂ ਘਰ ਦੀ ਆਮਦਨ ਹਮੇਸ਼ਾ ਸੈਨ ਹੋਜ਼ੇ ਗੁਰੂ ਘਰ ਦੀ ਆਮਦਨ ਤੋਂ ਵੱਧ ਰਹੀ ਹੈ) ਸੈਨ ਹੋਜ਼ੇ ਗੁਰੂ ਘਰ ਦੀ ਮੌਜੂਦਾ ਪ੍ਰਬੰਧਕ ਕਮੇਟੀ ਨੇ ਅਕਾਲ ਪੁਰਖ ਦੀ ਮਿਹਰ ਅਤੇ ਸੰਗਤ ਦੇ ਸਹਿਯੋਗ ਨਾਲ 30 ਮਿਲੀਅਨ ਡਾਲਰ ਵਾਲਾ ਦੂਜੇ ਫੇਸ ਵਾਲਾ ਪ੍ਰਾਜੈਕਟ 20 ਮਿਲੀਅਨ ਡਾਲਰ ਤੋਂ ਘੱਟ ਖਰਚੇ ਵਿਚ ਮੁਕੰਮਲ ਕੀਤਾ ਹੈ।


6) Offer for 3.85 land has been accepted from Braddock + Logan for $6,750,000 for ±3 Acres of land.
7) New project's design approval is set to be heard on Oct 30, 2002 at 10AM.
End of meeting


Community home builders offer had been accepted. Final contracts will be reviewed by Bhupinder Singh Dhillon, Pritam Singh Grewal, Jit Singh Bainiwal, Singh Chahal and Balbir Singh Dhillon.

ਸੈਨ ਹੋਜ਼ੇ ਗੁਰੂ ਘਰ ਨੂੰ ਬੈਂਕ ਨੇ ਸਾਢੇ 13 ਮਿਲੀਅਨ ਡਾਲਰ ਲੋਨ ਵੀ ਦੇ ਦਿੱਤਾ ਸੀ, ਜਿਸ ਦਾ 2 ਮਿਲੀਅਨ ਡਾਲਰ ਵੀ ਉਤਾਰ ਦਿੱਤਾ ਹੈ। ਕੋਈ ਨਾ ਕੋਈ ਕਾਰਨ ਤਾਂ ਹੈ ਕਿ ਸੈਨ ਹੋਜ਼ੇ ਗੁਰੂ ਘਰ ਦੀ ਮੌਜੂਦਾ ਕਮੇਟੀ ਨੇ ਇੰਨੇ ਵੱਡੇ-ਵੱਡੇ ਕੰਮਾਂ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਜਸਜੀਤ ਸਿੰਘ ਚੇਲੇ ਦੀ ਛਤਰੀ ਥੱਲੇ ਚਲਣ ਵਾਲੀਆਂ ਟੋਲੀਆਂ ਤੋਂ ਸੈਨ ਹੋਜ਼ੇ ਗੁਰੂ ਘਰ ਦੀ ਸੰਗਤ ਨੂੰ ਸੁਚੇਤ ਰਹਿਣ ਦੀ ਲੋੜ ਹੈ।

**ਸਮੂਹ ਸੰਗਤ ਨੂੰ ਬੇਨਤੀ ਹੈ ਕਿ 30 ਅਗਸਤ ਦਿਨ ਐਤਵਾਰ ਨੂੰ ਮੌਜੂਦਾ ਪ੍ਰਬੰਧਕ ਕਮੇਟੀ ਦੇ ਸਾਰੇ 21 ਉਮੀਦਵਾਰਾਂ ਨੂੰ ਆਪਣਾ ਕੀਮਤੀ ਵੋਟ ਪਾ ਕੇ ਸੈਨ ਹੋਜ਼ੇ ਗੁਰੂ ਘਰ ਨੂੰ ਅਸਫਲ ਜੁੰਡਲੀਆਂ ਤੋਂ ਬਚਾਓ।**

# ਜਾਰੀ ਕਰਤਾ: ਬੌਬ ਢਿੱਲੋਂ ਅਤੇ ਹਰਦੇਵ ਸਿੰਘ ਤੱਖਰ

Paid Advt.

ਪੰਜਾਬ ਟਾਈਮਜ਼

*ਸਨਿਚਰਵਾਰ, 22 ਅਗਸਤ 2015*

# ਕੇਂਦਰ ਤੇ ਕੁਦਰਤ ਦੇ ਕੌਤਕ

ਐਤਕੀਂ ਮੀਂਹਾਂ ਬਾਰੇ ਸਭ ਸਰਕਾਰੀ ਭਵਿੱਖਵਾਣੀਆਂ ਝੂਠੀਆਂ ਸਾਬਤ ਹੋਈਆਂ ਹਨ। ਕੱਲ੍ਹ ਤੱਕ ਇਹੀ ਖਬਰਾਂ ਸਨ ਕਿ ਮੀਂਹ ਘੱਟ ਪੈਣਗੇ, ਪਰ ਹੋਇਆ ਇਸ ਦੇ ਐਨ ਉਲਟ ਹੈ। ਮੌਸਮ ਬਾਰੇ ਪ੍ਰਾਈਵੇਟ ਸੰਸਥਾਵਾਂ ਨੇ ਘੱਟ ਮੀਂਹਾਂ ਦੀ ਪੇਸ਼ੀਨਗੋਈ ਤਾਂ ਕੀਤੀ ਸੀ, ਪਰ ਇੰਨੇ ਘੱਟ ਮੀਂਹ ਪੈਣ ਬਾਰੇ ਨਹੀਂ ਸੀ ਕਿਹਾ, ਜਿੰਨਾ ਮੌਸਮ ਬਾਰੇ ਸਰਕਾਰੀ ਸੰਸਥਾਵਾਂ ਰੌਲਾ ਪਾ ਰਹੀਆਂ ਸਨ। ਅੱਜ ਮੀਂਹਾਂ ਕਰ ਕੇ ਮੁਲਕ ਦੇ ਕਈ ਹਿੱਸਿਆਂ ਵਿਚ ਹੜ੍ਹਾਂ ਵਰਗੀ ਹਾਲਤ ਹੈ। ਪੰਜਾਬ ਵਿਚ ਡੈਮਾਂ ਦਾ ਪਾਣੀ ਛੱਡਣ ਕਾਰਨ ਕਈ ਥਾਂਈਂ ਹਜ਼ਾਰਾਂ ਏਕੜ ਫਸਲ ਪਾਣੀ ਵਿਚ ਡੁੱਬ ਗਈ ਹੈ। ਕੁਦਰਤ ਦੇ ਕਹਿਰ ਦੇ ਬਾਵਜੂਦ ਇਨ੍ਹਾਂ ਥਾਂਵਾਂ ਵਿਚ ਸਰਕਾਰੀ ਇਮਦਾਦ ਨਾਦਾਰਦ ਹੈ। ਹਾਂ, ਵੱਖ ਵੱਖ ਸਿਆਸੀ ਧਿਰਾਂ, ਖਾਸ ਕਰ ਕੇ ਸੱਤਾ ਨਾਲ ਜੁੜੇ ਲੀਡਰਾਂ ਦੇ ਬਿਆਨ ਜ਼ਰੂਰ ਅਖਬਾਰਾਂ ਦਾ ਸ਼ਿੰਗਾਰ ਬਣ ਰਹੇ ਹਨ।

ਉਪਰੋਂ ਕੇਂਦਰ ਸਰਕਾਰ ਨੇ ਵੀ ਲੋਕਾਂ ਨਾਲ ਖੂਬ ਕੌਤਕ ਖੇਡਿਆ ਹੈ। ਪੰਜਾਬ ਵੱਲੋਂ ਭੇਜੇ ਗਏ 10 ਪ੍ਰਾਜੈਕਟਾਂ ਵਿਚੋਂ 5 ਪ੍ਰਾਜੈਕਟ ਇਸ ਨੇ ਰੋਕ ਲਏ ਅਤੇ ਇਕ ਰੱਦ ਕਰ ਦਿੱਤਾ ਹੈ। ਕੁੱਲ 4 ਪ੍ਰਾਜੈਕਟ ਹੀ ਪਾਸ ਕੀਤੇ ਹਨ। ਪੰਜਾਬ ਸਰਕਾਰ ਨੇ ਇਨ੍ਹਾਂ 10 ਪ੍ਰਾਜੈਕਟਾਂ ਲਈ ਕੁੱਲ 721 ਕਰੋੜ ਮੰਗੇ ਸਨ, ਪਰ ਇਸ ਵਿਚੋਂ ਫਿਲਹਾਲ 181 ਕਰੋੜ ਰੁਪਿਆਂ ਨੂੰ ਹੀ ਹਰੀ ਝੰਡੀ ਮਿਲੀ ਹੈ। ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਨੂੰ ਜ਼ਰੂਰ 6 ਹੜ੍ਹ ਪ੍ਰਾਜੈਕਟਾਂ ਲਈ 1181 ਕਰੋੜ ਰੁਪਏ ਮਿਲ ਗਏ ਹਨ। ਅਜਿਹਾ ਉਸ ਵਕਤ ਹੋਇਆ ਹੈ ਜਦੋਂ ਕੇਂਦਰ ਅਤੇ ਪੰਜਾਬ- ਦੋਹੀਂ ਥਾਂਈਂ ਇਕੋ ਧਿਰ (ਅਕਾਲੀ ਦਲ-ਭਾਰਤੀ ਜਨਤਾ ਪਾਰਟੀ) ਸੱਤਾ ਵਿਚ ਹੈ। ਇਹੀ ਨਹੀਂ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੇ ਬਿਆਨਾਂ ਵਿਚ ਕਹਿੰਦੇ ਰਹੇ ਹਨ ਕਿ ਕੇਂਦਰ ਵਿਚ ਉਨ੍ਹਾਂ ਦੇ ਭਾਈਵਾਲਾਂ ਦੀ ਸਰਕਾਰ ਹੈ, ਹੁਣ ਪੰਜਾਬ ਦੇ ਵਾਰੇ-ਨਿਆਰੇ ਹੋ ਜਾਣਗੇ। ਹੁਣ ਕਿਤੇ ਆ ਕੇ ਉਨ੍ਹਾਂ ਦੇ ਇਨ੍ਹਾਂ ਬਿਆਨਾਂ ਵਿਚ ਤਬਦੀਲੀ ਦਿਸਣੀ ਸ਼ੁਰੂ ਹੋਈ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਨ੍ਹਾਂ ਦੀ ਪਾਰਟੀ- ਭਾਰਤੀ ਜਨਤਾ ਪਾਰਟੀ, ਵੱਲੋਂ ਕੋਈ ਖਾਸ ਹੁੰਗਾਰਾ ਨਾ ਭਰਨ ਕਰ ਕੇ ਹੁਣ ਮੁੱਖ ਮੰਤਰੀ ਨੇ ਕਹਿਣਾ ਅਰੰਭ ਕਰ ਦਿੱਤਾ ਹੈ ਕਿ ਕੇਂਦਰ ਨੇ ਸਦਾ ਹੀ ਸੂਬੇ ਨਾਲ ਵਿਤਕਰਾ ਕੀਤਾ ਹੈ। ਇਸ ਵੇਲੇ ਕੇਂਦਰ ਵਿਚ ਅਕਾਲੀ ਦਲ ਦੀ ਆਗੂ ਅਤੇ ਮੁੱਖ ਮੰਤਰੀ ਦੀ ਨੂੰਹ ਹਰਸਿਮਰਤ ਕੌਰ ਬਾਦਲ ਮੰਤਰੀ ਹੈ। ਜੇ ਹੁਣ ਵੀ ਪੰਜਾਬ ਦੀ ਦਿੱਲੀ ਵਿਚ ਨਹੀਂ ਚੱਲਣੀ, ਤਾਂ ਫਿਰ ਕਦੋਂ ਚੱਲਣੀ ਹੈ? ਹੋਰ ਤਾਂ ਹੋਰ, ਅਕਾਲੀ ਦਲ ਨੇ ਆਪਣੀ ਹੋਂਦ ਦਿਖਾਲਣ ਲਈ ਗੜ੍ਹਕਾ ਤਾਂ ਕੀ ਮਾਰਨਾ ਹੈ, ਦਿੱਲੀ ਵਿਚ ਜਾ ਕੇ ਕਦੀ ਕੋਈ ਗੱਲ ਵੀ ਨਹੀਂ ਕੀਤੀ; ਰੋਸ ਤੱਕ ਜ਼ਾਹਿਰ ਨਹੀਂ ਕੀਤਾ। ਉਲਟਾ ਪ੍ਰਧਾਨ ਮੰਤਰੀ ਨੂੰ ਮਿਲਣ ਲਈ ਤਰਲੇ ਜ਼ਰੂਰ ਕੱਢੇ ਜਾ ਰਹੇ ਹਨ, ਪਰ ਤਰਲਿਆਂ ਦੇ ਬਾਵਜੂਦ ਪ੍ਰਧਾਨ ਮੰਤਰੀ ਦੇ ਦਫਤਰੋਂ ਮਿਲਣੀ ਲਈ ਸਮਾਂ ਵੀ ਨਹੀਂ ਮਿਲ ਰਿਹਾ। ਦੂਜੇ ਸੂਬਿਆਂ ਦੇ ਮੁਖੀਆਂ ਨੂੰ ਪ੍ਰਧਾਨ ਮੰਤਰੀ ਝੱਟ ਮਿਲ ਰਹੇ ਹਨ।

ਅਸਲ ਵਿਚ ਕੇਂਦਰ ਅਤੇ ਸੂਬਿਆਂ ਦੇ ਸਬੰਧਾਂ ਬਾਰੇ ਮੁੱਢ ਤੋਂ ਹੀ ਸਿਆਸਤ ਹੁੰਦੀ ਆਈ ਹੈ। ਵੱਧ ਅਧਿਕਾਰਾਂ ਦਾ ਮੁੱਦਾ ਰਾਹ ਵਿਚ ਹੀ ਦਮ ਤੋੜਦਾ ਰਿਹਾ ਹੈ। ਸਥਾਨਕ ਮਸਲੇ ਜਿਉਂ ਦੀ ਤਿਉਂ ਰਹਿੰਦੇ ਹਨ। ਹੁਣ ਹੜ੍ਹਾਂ ਦੀ ਮਾਰ ਦਾ ਹੀ ਮਸਲਾ ਹੈ। ਬਰਸਾਤ ਤੋਂ ਐਨ ਪਹਿਲਾਂ ਹਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਦੇ ਬਿਆਨ ਧੜਾ-ਧੜ ਅਖਬਾਰਾਂ ਵਿਚ ਛਪਦੇ ਹਨ ਕਿ ਬਰਸਾਤ ਦੇ ਮੱਦੇਨਜ਼ਰ ਸਭ ਪ੍ਰਬੰਧ ਮੁਕੰਮਲ ਹਨ, ਪਰ ਹਾਲਾਤ ਇਹ ਹੈ ਕਿ ਹਰ ਸਾਲ ਘੱਗਰ ਤੇ ਹੋਰ ਨਦੀਆਂ/ਦਰਿਆਵਾਂ ਦਾ ਪਾਣੀ ਹਜ਼ਾਰਾਂ ਏਕੜ ਫਸਲ ਤਬਾਹ ਕਰ ਜਾਂਦਾ ਹੈ। ਹੜ੍ਹਾਂ ਦੇ ਪ੍ਰਬੰਧਾਂ ਵਿਚੋਂ ਇਕ ਵੱਡਾ ਮਸਲਾ ਡਰੇਨਾਂ ਦੀ ਸਫਾਈ ਦਾ ਹੈ। ਪੂਰੇ ਸਾਲ ਦੌਰਾਨ ਡਰੇਨਾਂ ਦੀ ਸਫਾਈ ਦਾ ਕੰਮ ਹੀ ਮੁਕੰਮਲ ਨਹੀਂ ਹੁੰਦਾ। ਬਹੁਤੀ ਵਾਰੀ ਤਾਂ ਇਸ ਕਾਰਜ ਲਈ ਰੱਖਿਆ ਪੈਸਾ ਵੀ ਅਣਵਰਤਿਆ ਰਹਿ ਜਾਂਦਾ ਹੈ।

ਪਿਛਲੇ ਕੁਝ ਸਾਲਾਂ ਤੋਂ ਖੁੰਭਾਂ ਵਾਂਗ ਉਠੇ ਡਿਵੈਲਪਰਾਂ ਨੇ ਨਦੀਆਂ-ਨਾਲਿਆਂ ਵਾਲੀਆਂ ਜ਼ਮੀਨਾਂ ਉਤੇ ਕਬਜ਼ੇ ਜਮਾ ਕੇ ਉਸਾਰੀਆਂ ਕਰ ਲਈਆਂ ਹੋਈਆਂ ਹਨ। ਨਤੀਜਨ, ਪਾਣੀ ਦਾ ਲਾਂਘਾ ਡੱਕਿਆ ਗਿਆ ਹੈ। ਬਹੁਤੀ ਥਾਂਈਂ ਪਾਣੀ ਨਾਲ ਨੁਕਸਾਨ ਇਸ ਇਕੱਲੇ ਕਾਰਨ ਹੁੰਦਾ ਹੈ ਕਿ ਪਾਣੀ ਦੇ ਵਹਾਅ ਲਈ ਲਾਂਘਾ ਨਹੀਂ ਹੁੰਦਾ। ਇਨ੍ਹਾਂ ਸਾਰੇ ਕੰਮਾਂ ਦੇ ਪ੍ਰਬੰਧ ਦਾ ਜ਼ਿੰਮਾ ਬਿਨਾਂ ਸ਼ੱਕ ਸੂਬਾ ਸਰਕਾਰ ਦਾ ਹੈ, ਪਰ ਹੁਣ ਤੱਕ ਪੰਜਾਬ ਦੀ ਸ਼ਾਇਦ ਹੀ ਕੋਈ ਅਜਿਹੀ ਸਰਕਾਰ ਹੋਵੇ ਜਿਸ ਨੇ ਇਸ ਪਾਸੇ ਸੰਜੀਦਗੀ ਨਾਲ ਸੋਚਿਆ ਹੋਵੇ ਅਤੇ ਕੰਮ ਵਿਢਿਆ ਹੋਵੇ। ਇਹ ਤਾਂ ਉਹ ਕਾਰਜ ਹਨ ਜਿਹੜੇ ਬਿਨਾਂ ਕਿਸੇ ਮੰਗ ਤੋਂ ਪ੍ਰਸ਼ਾਸਕੀ ਪੱਧਰ 'ਤੇ ਆਪੇ ਹੀ ਹੋਣੇ ਚਾਹੀਦੇ ਹਨ, ਪਰ ਇਨ੍ਹਾਂ ਕੰਮਾਂ ਬਾਰੇ ਚਰਚਾ ਉਦੋਂ ਹੀ ਅਰੰਭ ਹੁੰਦੀ ਹੈ ਜਦੋਂ ਇਹ ਸਿਰ ਉਤੇ ਆਣ ਚੜ੍ਹਦੇ ਹਨ। ਉਸ ਵੇਲੇ ਆਗੂਆਂ ਅਤੇ ਅਫਸਰਾਂ ਦੇ ਬਿਆਨ ਤਾਂ ਅਖਬਾਰਾਂ ਵਿਚ ਛਪ ਸਕਦੇ ਹਨ, ਪਰ ਉਦੋਂ ਕੰਮ ਦੇ ਲਿਹਾਜ਼ ਨਾਲ ਵੇਲਾ ਲੰਘ ਚੁੱਕਾ ਹੁੰਦਾ ਹੈ। ਅਸਲ ਵਿਚ ਅਜਿਹੇ ਮਸਲੇ ਸਰਕਾਰ ਜਾਂ ਪ੍ਰਸ਼ਾਸਨ ਲਈ ਕਦੀ ਮਸਲੇ ਹੀ ਨਹੀਂ ਬਣਦੇ। ਹੁਣ ਵੀ ਲੋਕ ਪਾਣੀ ਦੀ ਮਾਰ ਹੇਠ ਹਨ, ਪਰ ਕੋਈ ਉਨ੍ਹਾਂ ਦੀ ਸਾਰ ਲੈਣ ਵਾਲਾ ਨਹੀਂ ਹੈ। ਕਈ ਥਾਂਈਂ ਤਾਂ ਲੋਕਾਂ ਨੇ ਖੁਦ ਹਿੰਮਤ ਜੁਟਾ ਕੇ ਟੁੱਟੇ ਬੰਨ੍ਹ ਪੂਰਨ ਦਾ ਕਾਰਜ ਕੀਤਾ ਹੈ। ਇਸ ਤਰ੍ਹਾਂ ਦੇ ਹਾਲਾਤ ਵਿਚ ਸੂਬਾ ਅਤੇ ਕੇਂਦਰ ਸਰਕਾਰਾਂ ਤੋਂ ਕੀ ਆਸ ਰੱਖੀ ਜਾ ਸਕਦੀ ਹੈ? ਹਰ ਖੇਤਰ ਦੇ ਹਰ ਮਾਮਲੇ ਵਿਚ ਸਰਕਾਰਾਂ ਦੀ ਇਹ ਮਾੜੀ ਕਾਰਗੁਜ਼ਾਰੀ ਨਿੱਤ ਦਿਨ ਸਾਹਮਣੇ ਆ ਰਹੀ ਹੈ, ਪਰ ਕੋਈ ਨਿੱਗਰ ਬਦਲ ਨਾ ਹੋਣ ਦੀ ਸੂਰਤ ਵਿਚ ਗੱਲ, ਬਿਆਨਾਂ ਅਤੇ ਗੱਲਾਂ ਤੋਂ ਅਗਾਂਹ ਨਹੀਂ ਵਧਦੀ। ਜਿਸ ਦਿਨ ਅੱਕੇ ਹੋਏ ਲੋਕਾਂ ਨੇ ਇਹ ਥੋਥੀਆਂ ਗੱਲਾਂ ਕਰਨ ਵਾਲੇ ਅਤੇ ਮੌਸਮੀ ਬਿਆਨ ਦਾਗਣ ਵਾਲਿਆਂ ਨੂੰ ਚੌਰਾਹੇ ਵਿਚ ਰੋਕ ਕੇ ਖੜ੍ਹਾ ਲਿਆ, ਉਸੇ ਦਿਨ ਨਵਾਂ ਅਧਿਆਏ ਸ਼ੁਰੂ ਹੋ ਜਾਵੇਗਾ। ਉਦੋਂ ਫਿਰ ਵਿਤਕਰਿਆਂ ਵਾਲੀ ਸਸਤੀ ਸਿਆਸਤ ਦਾ ਵੀ ਭੋਗ ਪੈ ਜਾਵੇਗਾ ਅਤੇ ਲੋਕਾਂ ਨੂੰ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਵੀ ਮਿਲ ਜਾਣਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਅਰਥ 'ਘਰ ਵਾਪਸੀ' ਦੇ!*

ਮੌਕਾ ਦੇਖ ਟਪੂਸੀਆਂ ਮਾਰ ਜਾਂਦੇ, ਮੁੱਲ ਆਪਣਾ ਜਿਨ੍ਹਾਂ ਨੇ ਵੱਟਣਾ ਜੀ।
ਬਣਦੇ ਪਲਾਂ ਦੇ ਵਿਚ ਚੁਫੇਰਗੜ੍ਹੀਏ, ਔਖਾ ਖੰਡੇ ਦੀ ਧਾਰ 'ਤੇ ਨੱਚਣਾ ਜੀ।
ਖੜ੍ਹੇ ਰਹਿਣ ਜੋ ਸੱਚ-ਸਿਧਾਂਤ ਉਤੇ, ਭਾਗੀਂ ਉਨ੍ਹਾਂ ਦੇ ਧੂੜ ਹੀ ਫੱਕਣਾ ਜੀ।
ਜਾਵੇ ਸਮਝਿਆ ਉਸੇ ਨੂੰ 'ਘਾਗ ਨੇਤਾ', ਜਿਸ ਨੂੰ ਆ ਗਿਆ ਲੋਕਾਂ ਨੂੰ ਹੱਕਣਾ ਜੀ।
ਯੁਗ ਬਦਲਿਆ ਬਦਲ ਗਏ ਭਾਵ ਪਹਿਲੇ, ਹੀਣਾ ਰਿਹਾ ਨਾ 'ਨੱਕ ਦਾ ਕੱਟਿਆ' ਜੀ।
ਹੁਣ ਕਹਿੰਦੇ ਨੇ ਹੋਈ 'ਘਰ ਵਾਪਸੀ' ਐ, ਪਹਿਲੇ ਕਹਿੰਦੇ ਸੀ 'ਥੁੱਕਿਆ ਚੁੱਟਿਆ' ਜੀ।

# ਪਿਛੇ ਮੁੜ ਪਿਆ ਪੰਜਾਬ?

*ਲੋਕ ਜਾਣਨਾ ਚਾਹੁੰਦੇ ਹਨ ਕਿ ਸੂਬਾ ਸਰਕਾਰ, ਖ਼ਾਸਕਰ ਇਸ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਅੰਮ੍ਰਿਤਸਰ ਦੇ ਵਿਕਾਸ ਅਤੇ ਸੁੰਦਰੀਕਰਨ ਲਈ ਘੱਟੋ-ਘੱਟ ਇੱਕ ਦਰਜਨ ਪ੍ਰੋਜੈਕਟ ਸ਼ੁਰੂ ਕਰਨ ਦੇ ਕੀਤੇ ਐਲਾਨਾਂ ਦੇ ਬਾਵਜੂਦ, ਸਿਫ਼ਤੀ ਦੇ ਘਰ ਵਜੋਂ ਜਾਣਿਆ ਜਾਂਦਾ ਸ਼ਹਿਰ ਗੰਦਗੀ ਦਾ ਢੇਰ ਕਿਉਂ ਬਣ ਰਿਹਾ ਹੈ? ਕਾਰਨ ਸਪਸ਼ਟ ਹੈ ਕਿ ਇਨ੍ਹਾਂ ਵਿਚੋਂ ਕੋਈ ਪ੍ਰੋਜੈਕਟ ਸਹੀ ਮਾਅਨਿਆਂ ਵਿਚ ਸ਼ੁਰੂ ਨਹੀਂ ਹੋਇਆ... ਰਿਪੋਰਟਾਂ ਨੇ ਜਿੱਥੇ ਪੰਜਾਬ ਦੇ ਹੁਕਮਰਾਨਾਂ ਵੱਲੋਂ ਪੰਜਾਬ ਦੇ ਵਿਕਾਸ ਅਤੇ ਅਮਨ-ਕਾਨੂੰਨ ਦੀ ਸਥਿਤੀ ਬਾਰੇ ਕੀਤੇ ਜਾਂਦੇ ਵੱਡੇ ਵੱਡੇ ਦਾਅਵਿਆਂ ਦਾ ਸੱਚ ਉਜਾਗਰ ਕਰ ਦਿੱਤਾ ਹੈ, ਉਥੇ ਗੁਰੂਆਂ, ਪੀਰਾਂ-ਫ਼ਕੀਰਾਂ ਤੇ ਯੋਧਿਆਂ ਦੀ ਇਸ ਧਰਤੀ ਨੂੰ ਦੁਨੀਆਂ ਦੀ ਨਾ ਸਹੀ, ਮੁਲਕ ਦੀ ਸਭ ਤੋਂ ਸੋਹਣੀ ਥਾਂ ਬਣਾਉਣ ਦੀ ਤਾਂਘ ਰੱਖਣ ਵਾਲੇ ਲੋਕਾਂ ਨੂੰ ਨਿਰਾਸ਼ ਵੀ ਕੀਤਾ ਹੈ। ਉਂਜ, ਡੁੱਲ੍ਹੇ ਬੇਰਾਂ ਦਾ ਅਜੇ ਵੀ ਬਹੁਤਾ ਕੁਝ ਨਹੀਂ ਵਿਗੜਿਆ। ਜੇ ਸੂਰਤ ਨੂੰ 'ਪਲੇਗ ਦੇ ਘਰ' ਤੋਂ ਮੁਲਕ ਦੇ ਸਭ ਤੋਂ ਸਵੱਛ ਸ਼ਹਿਰਾਂ ਵਿਚ ਬਦਲਿਆ ਜਾ ਸਕਦਾ ਹੈ ਤਾਂ ਅੰਮ੍ਰਿਤਸਰ ਨੂੰ ਕਿਉਂ ਨਹੀਂ?*

ਹਾਲ ਹੀ ਵਿਚ ਦੋ ਵੱਖੋ-ਵੱਖ ਮਾਮਲਿਆਂ ਬਾਰੇ ਆਈਆਂ ਦੋ ਸਰਵੇਖਣ ਰਿਪੋਰਟਾਂ ਨਾ ਸਿਰਫ਼ ਪੰਜਾਬ ਦੀ ਤਰਸਯੋਗ ਹਾਲਤ ਹੀ ਬਿਆਨਦੀਆਂ ਹਨ, ਬਲਕਿ ਇਹ ਵੀ ਦਰਸਾਉਂਦੀਆਂ ਹਨ ਕਿ ਵਿਕਾਸ ਦੇ ਦਾਅਵਿਆਂ ਤੋਂ ਬਿਲਕੁਲ ਉਲਟ, ਸੂਬੇ ਦੀ ਹਾਲਤ ਦਿਨੋ-ਦਿਨ ਨਿਘਰਦੀ ਜਾ ਰਹੀ ਹੈ। ਸੂਬੇ ਦੀ ਇਸ ਅਧੋਗਤੀ ਲਈ ਸਿਆਸੀ ਅਤੇ ਪ੍ਰਸ਼ਾਸਕੀ ਲੀਡਰਸ਼ਿਪ ਦੀ ਡੰਗਟਪਾਊ ਪਹੁੰਚ ਅਤੇ ਵਚਨਬੱਧਤਾ ਦੀ ਘਾਟ ਹੀ ਜ਼ਿੰਮੇਵਾਰ ਹੈ।

ਕੇਂਦਰ ਸਰਕਾਰ ਦੇ ਸ਼ਹਿਰੀ ਵਿਕਾਸ ਮੰਤਰਾਲੇ ਨੇ ਕੌਮੀ ਸਫ਼ਾਈ ਨੀਤੀ ਅਧੀਨ ਅੰਮ੍ਰਿਤਸਰ ਸਣੇ ਮੁਲਕ ਦੇ 'ਏ' ਸ਼੍ਰੇਣੀ ਸ਼ਹਿਰਾਂ ਦੇ ਸਾਫ਼-ਸਫ਼ਾਈ ਪੱਖੋਂ ਕਰਵਾਏ ਸਰਵੇਖਣ ਦੀ ਰਿਪੋਰਟ ਜਾਰੀ ਕੀਤੀ ਹੈ। ਇਸ ਨੀਤੀ ਅਧੀਨ 476 ਸ਼ਹਿਰਾਂ ਦਾ ਸਰਵੇਖਣ ਗਿਆ। ਇਨ੍ਹਾਂ ਵਿਚੋਂ ਸਿੱਖਾਂ ਲਈ ਸਭ ਤੋਂ ਮੁਕੱਦਸ ਸ਼ਹਿਰ, ਅੰਮ੍ਰਿਤਸਰ ਦਾ ਸਫ਼ਾਈ ਪੱਖੋਂ 430ਵਾਂ ਨੰਬਰ ਹੈ। ਗੁਰੂ ਕੀ ਨਗਰੀ ਵਜੋਂ



**ਜਗਤਾਰ ਸਿੰਘ**
ਫੋਨ: +91-97797-11201

ਜਾਣੇ ਜਾਂਦੇ ਅੰਮ੍ਰਿਤਸਰ ਦਾ ਇਹ ਹਾਲ ਸੁਣ ਕੇ ਹਰ ਪੰਜਾਬੀ, ਖ਼ਾਸ ਕਰ ਸਿੱਖਾਂ ਦਾ ਸਿਰ ਨੀਵਾਂ ਹੋ ਗਿਆ। ਜਲੰਧਰ ਦਾ 28ਵਾਂ ਅਤੇ ਲੁਧਿਆਣੇ ਦਾ ਨੰਬਰ 381ਵਾਂ ਹੈ। ਅੰਮ੍ਰਿਤਸਰ ਦਾ ਤਾਂ ਐਨਾ ਬੁਰਾ ਹਾਲ ਹੈ ਕਿ ਬਿਹਾਰ ਦੀ ਰਾਜਧਾਨੀ ਪਟਨਾ ਦੀ ਹਾਲਤ ਵੀ ਇਸ ਤੋਂ ਕਿਤੇ ਬਿਹਤਰ ਹੈ।


ਅੰਮ੍ਰਿਤਸਰ ਸ਼ਹਿਰ ਦੇ ਸਾਫ਼-ਸਫ਼ਾਈ ਪੱਖੋਂ ਕੌਮੀ ਪੱਧਰ ਉਤੇ ਹੇਠਲੇ ਦਰਜੇ ਨੂੰ ਵੇਖਣ ਸਮੇਂ ਇਹ ਨੁਕਤਾ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਇੱਥੇ ਸਿੱਖਾਂ ਦਾ ਸਭ ਤੋਂ ਮੁਕੱਦਸ ਅਸਥਾਨ ਸ੍ਰੀ ਦਰਬਾਰ ਸਾਹਿਬ ਹੈ; ਬਲਕਿ ਇਹ ਕਹਿਣਾ ਦਰੁਸਤ ਹੋਵੇਗਾ ਕਿ ਇਹ ਸ਼ਹਿਰ ਹੀ ਸ੍ਰੀ ਦਰਬਾਰ ਸਾਹਿਬ ਦੇ ਸੰਸਥਾਪਨ ਤੋਂ ਬਾਅਦ ਇਸ ਦੇ ਆਲੇ ਦੁਆਲੇ ਵਸਿਆ ਸੀ। ਕਈ ਸਾਲ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਇਰਦ-ਗਿਰਦ ਉਸਰੇ ਬਾਜ਼ਾਰਾਂ ਨੂੰ ਸੁੰਦਰੀਕਰਨ ਦੇ ਨਾਂ ਉਤੇ ਢਾਹ ਕੇ ਅਮੀਰ ਵਿਰਾਸਤ ਨੂੰ ਮਲੀਆਮੇਟ ਕਰ ਦਿੱਤਾ ਗਿਆ। ਇਹ ਸੁੰਦਰੀਕਰਨ ਪ੍ਰੋਜੈਕਟ ਦਰਅਸਲ ਖਾੜਕੂਵਾਦ ਵਿਰੋਧੀ ਮੁਹਿੰਮ ਦਾ ਹੀ ਹਿੱਸਾ ਸੀ। ਇਸ ਸਕੀਮ ਤਹਿਤ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਨੂੰ ਬਾਕੀ ਸ਼ਹਿਰ ਨਾਲੋਂ ਨਿਖੇੜਿਆ ਜਾਣਾ ਸੀ ਤਾਂ ਜੋ ਭਵਿੱਖ ਵਿਚ ਇਸ ਦੀ ਪਹਿਲਾਂ ਦੀ ਤਰ੍ਹਾਂ ਕਿਲ੍ਹਾਬੰਦੀ ਨਾ ਕੀਤੀ ਜਾ ਸਕੇ।

ਪੰਜਾਬ ਦੇ ਲੋਕ ਇਹ ਜਾਣਨਾ ਚਾਹੁੰਦੇ ਹਨ ਕਿ ਸੂਬੇ ਦੀ ਸਰਕਾਰ, ਖ਼ਾਸਕਰ ਇਸ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਅੰਮ੍ਰਿਤਸਰ ਸ਼ਹਿਰ ਦੇ ਵਿਕਾਸ ਅਤੇ ਸੁੰਦਰੀਕਰਨ ਲਈ ਘੱਟੋ-ਘੱਟ ਇੱਕ ਦਰਜਨ ਪ੍ਰੋਜੈਕਟ ਸ਼ੁਰੂ ਕਰਨ ਦੇ ਕੀਤੇ ਗਏ, ਐਲਾਨਾਂ ਦੇ ਬਾਵਜੂਦ 'ਸਿਫ਼ਤੀ ਦੇ ਘਰ' ਵਜੋਂ ਜਾਣਿਆ ਜਾਂਦਾ ਅੰਮ੍ਰਿਤਸਰ ਸ਼ਹਿਰ ਗੰਦਗੀ ਦਾ ਢੇਰ ਕਿਉਂ ਬਣਦਾ ਜਾ ਰਿਹਾ ਹੈ? ਕਾਰਨ ਸਪਸ਼ਟ ਹੈ ਕਿ ਇਨ੍ਹਾਂ ਵਿਚੋਂ ਕੋਈ ਪ੍ਰੋਜੈਕਟ ਸਹੀ ਮਾਅਨਿਆਂ ਵਿਚ ਸ਼ੁਰੂ ਹੀ ਨਹੀਂ ਹੋਇਆ।

ਕੇਂਦਰ ਸਰਕਾਰ ਦੀ ਇਸ ਰਿਪੋਰਟ ਨੇ ਅੰਮ੍ਰਿਤਸਰ ਲੋਕ ਸਭਾ ਹਲਕੇ ਦੇ ਸਾਬਕਾ ਲੋਕ ਸਭਾ ਮੈਂਬਰ ਨਵਜੋਤ ਸਿੰਘ ਸਿੱਧੂ ਦਾ ਇਹ ਸਟੈਂਡ ਦਰੁਸਤ ਸਿੱਧ ਕਰ ਦਿੱਤਾ ਹੈ ਕਿ ਅੰਮ੍ਰਿਤਸਰ ਸ਼ਹਿਰ ਦਾ ਵਿਕਾਸ ਅਕਾਲੀ-ਭਾਜਪਾ ਸਰਕਾਰ ਦੇ ਏਜੰਡੇ ਉਤੇ ਹੀ ਨਹੀਂ ਹੈ, ਇਸੇ ਲਈ ਹੀ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਕਰੋੜਾਂ ਰੁਪਏ ਹੋਰਨਾਂ ਸ਼ਹਿਰਾਂ ਨੂੰ ਦੇ ਦਿੱਤੇ ਗਏ ਸਨ। ਉਨ੍ਹਾਂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਵੀ ਅੰਮ੍ਰਿਤਸਰ ਸ਼ਹਿਰ ਦੇ ਇੱਕ ਹਲਕੇ ਤੋਂ ਐਮ.ਐਲ.ਏ. ਹਨ ਅਤੇ ਪਿਛਲੇ ਕਈ ਸਾਲਾਂ ਤੋਂ ਆਪਣੇ ਹਲਕੇ ਨਾਲ ਕੀਤੀ ਜਾ ਰਹੀ ਵਿਤਕਰੇ ਖ਼ਿਲਾਫ ਰੌਲਾ ਪਾ ਰਹੇ ਹਨ। ਕੇਂਦਰੀ ਸ਼ਹਿਰੀ ਵਿਕਾਸ ਮੰਤਰਾਲੇ ਦੇ ਸਰਵੇਖਣ ਦੀ ਰਿਪੋਰਟ ਨੇ ਇਹ ਤੱਥ ਜੱਗ-ਜ਼ਾਹਿਰ ਕਰ ਦਿੱਤਾ ਹੈ ਕਿ ਇੱਕ ਹਲਕੇ ਦੀ ਹੀ ਨਹੀਂ, ਬਲਕਿ ਸਾਰੇ ਸ਼ਹਿਰ ਦੀ ਹੀ ਹਾਲਤ ਬੁਰੀ ਹੈ।

ਅੰਮ੍ਰਿਤਸਰ ਸ਼ਹਿਰ ਦੀ ਇਹ ਬਦਤਰ ਹਾਲਤ ਦਰਅਸਲ ਸੂਬੇ ਦੀ ਬਿਮਾਰ ਅਤੇ ਖ਼ੁਦਗਰਜ਼ ਅਫ਼ਸਰਸ਼ਾਹੀ ਦੀ ਮੂੰਹ ਬੋਲਦੀ ਤਸਵੀਰ ਹੈ, ਜਦੋਂਕਿ ਇੱਥੋਂ ਦੀ ਸਿਆਸੀ ਲੀਡਰਸ਼ਿਪ ਦੀ ਤਾਂ ਨਾ ਕੋਈ ਇੱਛਾ ਸ਼ਕਤੀ ਹੀ ਹੈ ਅਤੇ ਨਾ ਹੀ ਕੋਈ ਦ੍ਰਿਸ਼ਟੀ। ਇਸ ਲਈ ਅੰਮ੍ਰਿਤਸਰ ਸ਼ਹਿਰ ਦਾ ਗੰਦਾ ਹੀ ਗੰਦਾ ਹੋਈ ਜਾਣਾ ਕੋਈ ਅਲੋਕਾਰ ਗੱਲ ਨਹੀਂ ਹੈ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ 1997 ਵਿਚ ਆਪਣੀ ਸਰਕਾਰ ਬਣਨ ਵੇਲੇ ਅੰਮ੍ਰਿਤਸਰ ਸ਼ਹਿਰ ਨੂੰ ਪੈਰਿਸ ਬਣਾਉਣ ਦਾ ਐਲਾਨ ਕਰਨ ਵਾਲਾ ਬਾਦਲ ਪਰਿਵਾਰ 2007 ਤੋਂ ਲਗਾਤਾਰ ਪੰਜਾਬ ਵਿਚ ਰਾਜ ਕਰ ਰਿਹਾ ਹੈ।

ਸਫ਼ਾਈ ਸਰਵੇਖਣ ਰਿਪੋਰਟ ਤੋਂ ਇਲਾਵਾ ਦੂਜੀ ਰਿਪੋਰਟ ਸੂਬਾ ਸਰਕਾਰ ਦੀ ਕਾਰਗੁਜ਼ਾਰੀ ਅਤੇ ਕੰਮ ਕਰਨ ਦੇ ਨਾਕਸ ਢੰਗ ਦੀ ਤਸਵੀਰ ਦਿਖਾਉਂਦੀ ਹੈ। ਫੈਡਰੇਸ਼ਨ ਆਫ ਇੰਡੀਅਨ ਚੈਂਬਰ ਆਫ ਕਾਮਰਸ (ਫਿੱਕੀ) ਦੀ ਇਹ ਰਿਪੋਰਟ ਦੱਸਦੀ ਹੈ ਕਿ ਸੂਬੇ ਵਿਚ ਬੜੀ ਤੇਜ਼ੀ ਨਾਲ 'ਚੋਰ-ਬਾਜ਼ਾਰੀ'



*ਫਿੱਕੀ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸੂਬੇ ਵਿਚ ਹੋ ਰਹੇ ਨਾਜਾਇਜ਼ ਕਾਰੋਬਾਰ ਬਾਰੇ ਸੂਬਾ ਸਰਕਾਰ ਨੂੰ ਭਲੀ-ਭਾਂਤ ਪਤਾ ਹੈ। ਜੇ ਜਾਣਦਿਆਂ ਵੀ ਸਰਕਾਰ ਨਾਜਾਇਜ਼ ਕਾਰੋਬਾਰ ਨੂੰ ਠੱਲ੍ਹ ਨਹੀਂ ਪਾਉਂਦੀ ਤਾਂ ਇਸ ਦੇ ਦੋ ਹੀ ਕਾਰਨ ਹੋ ਸਕਦੇ ਹਨ। ਪਹਿਲਾ, ਹੁਕਮਰਾਨ ਧਿਰ ਵਿਚ ਰਾਜਸੀ ਇੱਛਾ ਸ਼ਕਤੀ ਤੇ ਜੁਰਅਤ ਦੀ ਘਾਟ ਅਤੇ ਦੂਜਾ, ਖ਼ੁਦ ਇਸ ਕਾਰੋਬਾਰ ਵਿਚ ਭਾਈਵਾਲ ਹੋਣਾ।*

ਦੀ ਮੁਤਵਾਜ਼ੀ ਆਰਥਿਕਤਾ ਖੜ੍ਹੀ ਹੋ ਰਹੀ ਹੈ। ਸ਼ਾਇਦ ਇਹੀ ਸੂਬੇ ਵਿਚ ਹੋ ਰਿਹਾ ਇੱਕੋ-ਇੱਕ ਵਿਕਾਸ ਹੈ।

ਆਰਥਿਕਤਾ ਨੂੰ ਤਬਾਹ ਕਰ ਰਹੀਆਂ ਸਮਗਲਿੰਗ ਤੇ ਜਾਅਲਸਾਜ਼ੀ ਸਰਗਰਮੀਆਂ ਵਿਰੋਧੀ ਕਮੇਟੀ ਦੀ ਇਸ ਵੱਡ-ਅਕਾਰੀ ਰਿਪੋਰਟ 'ਨਾਜ਼ਾਇਜ-ਮਾਰਕੀਟ: ਕੌਮੀ ਹਿੱਤਾਂ ਨੂੰ ਖ਼ਤਰਾ' ਵਿਚ ਦਰਸਾਇਆ ਗਿਆ ਹੈ ਕਿ ਨਿੱਜੀ ਵਸਤਾਂ ਦੇ ਉਤਪਾਦਨ ਤੇ ਡੱਬਾਬੰਦ ਭੋਜਨ, ਕੰਪਿਊਟਰ ਦਾ ਸਾਜ਼ੋ-ਸਾਮਾਨ, ਮੋਟਰ ਗੱਡੀਆਂ, ਮੋਬਾਈਲ ਫੋਨ, ਤੰਬਾਕੂ, ਸ਼ਰਾਬ ਅਤੇ ਇੱਥੋਂ ਤਕ ਕਿ ਮੀਡੀਆ ਤੇ ਮਨੋਰੰਜਨ ਖੇਤਰਾਂ ਵਿਚ ਉਭਰ ਰਿਹਾ ਨਾਜ਼ਾਇਜ ਤੇ ਕਾਲਾ ਬਾਜ਼ਾਰ ਮੁਲਕ ਦੀ ਆਰਥਿਕਤਾ ਅਤੇ ਕੌਮੀ ਹਿੱਤਾਂ ਨੂੰ ਵੱਡੀ ਢਾਹ ਲਾ ਰਿਹਾ ਹੈ। ਇਸ ਰਿਪੋਰਟ ਅਨੁਸਾਰ ਸਾਲ 2014 ਵਿਚ ਚੋਰ-ਬਾਜ਼ਾਰੀ ਕਾਰਨ ਉਤਪਾਦਨ ਸਨਅਤ ਦੇ ਸੱਤ ਖੇਤਰਾਂ ਵਿਚ 39,239 ਕਰੋੜ ਰੁਪਏ ਦਾ ਘਾਟਾ ਪਿਆ ਹੈ, ਜਦੋਂਕਿ ਸਾਲ 2012 ਵਿਚ ਇਹ ਘਾਟਾ 26,190 ਰੁਪਏ ਦਾ ਸੀ। ਇਸ ਨਾਜ਼ਾਇਜ ਮਾਰਕੀਟ ਕਾਰਨ 34,020 ਕਰੋੜ ਰੁਪਏ ਦੇ ਅਸਿੱਧੇ ਅਤੇ 5,218 ਕਰੋੜ ਰੁਪਏ ਦੇ ਸਿੱਧੇ ਟੈਕਸਾਂ ਦੀ ਚੋਰੀ ਹੋਈ ਹੈ।

ਇਹ ਰਿਪੋਰਟ ਦੱਸਦੀ ਹੈ ਕਿ ਇਨ੍ਹਾਂ ਹੀ ਖੇਤਰਾਂ ਵਿਚ ਪੰਜਾਬ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਕਾਲੇ ਬਾਜ਼ਾਰ ਵਜੋਂ ਉਭਰ ਰਿਹਾ ਹੈ। ਮੁਲਕ ਵਿਚ ਨਾਜਾਇਜ਼ ਸਿਗਰਟਾਂ ਤੇ ਸ਼ਰਾਬ ਦਾ ਸਭ ਤੋਂ ਵੱਧ ਕਾਰੋਬਾਰ ਇੱਥੇ ਹੀ ਹੁੰਦਾ ਹੈ। ਸੂਬੇ ਵਿਚ ਹੋ ਰਹੇ ਸਿਗਰਟਾਂ ਤੇ ਕੁੱਲ ਕਾਰੋਬਾਰ ਵਿਚੋਂ 20 ਫ਼ੀਸਦੀ ਨਜ਼ਾਇਜ ਹੀ ਹੁੰਦਾ ਹੈ। ਕਾਨੂੰਨਨ ਵਿਕਣ ਵਾਲੀਆਂ ਸਿਗਰਟਾਂ ਦੀ ਸਪਲਾਈ ਲਗਾਤਾਰ ਘੱਟ ਰਹੀ ਹੈ ਕਿਉਂਕਿ ਵੱਧ ਮੁਨਾਫ਼ੇ ਦੇ ਲਾਲਚ ਵਿਚ ਆ ਕੇ ਜਾਇਜ਼ ਸਿਗਰਟ ਵੇਚਣ ਵਾਲਿਆਂ ਨੇ ਵੀ ਨਾਜਾਇਜ਼ ਸਿਗਰਟਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ ਹਨ। ਸੂਬੇ ਵਿਚ ਸ਼ਰਾਬ, ਖ਼ਾਸ ਕਰ ਕੇ ਦੇਸੀ ਤੇ ਭਾਰਤ ਵਿਚ ਬਣਨ ਵਾਲੀ ਵਿਦੇਸ਼ੀ ਸ਼ਰਾਬ ਦਾ ਨਾਜਾਇਜ਼ ਕਾਰੋਬਾਰ ਵੀ ਬਹੁਤ ਵੱਡੀ ਪੱਧਰ ਉਤੇ ਹੋ ਰਿਹਾ ਹੈ। ਇਸ ਰਿਪੋਰਟ ਵਿਚ ਇੱਥੇ ਹੋ ਰਹੇ ਨਾਜਾਇਜ਼ ਰੇਤਾ-ਬੱਜਰੀ ਦੇ ਕਾਰੋਬਾਰ ਦਾ ਜ਼ਿਕਰ ਨਹੀਂ ਹੈ। ਟਰਾਂਸਪੋਰਟ ਅਤੇ ਕੇਬਲ ਦੇ ਨਾਜਾਇਜ਼ ਕਾਰੋਬਾਰ ਤੋਂ ਹੋ ਰਹੇ ਸਰਕਾਰੀ ਖ਼ਜ਼ਾਨੇ ਨੂੰ ਲੱਗ ਰਹੇ ਚੂਨੇ ਦਾ ਅੰਦਾਜ਼ਾ ਵੀ ਨਹੀਂ ਲਾਇਆ ਗਿਆ। ਜੇ ਇਨ੍ਹਾਂ ਸਾਰੇ ਨਜਾਇਜ਼ ਕਾਰੋਬਾਰਾਂ ਕਾਰਨ ਟੈਕਸ ਚੋਰੀ ਦੇ ਰੂਪ ਵਿਚ ਪੈ ਰਹੇ ਘਾਟੇ ਨੂੰ ਗਿਣ ਲਈਏ ਤਾਂ ਪੰਜਾਬ ਦੀ ਨਿੱਘਰ ਰਹੀ ਆਰਥਿਕਤਾ ਦੇ ਕਾਰਨਾਂ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਫਿੱਕੀ ਦੀ ਇਸ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਸੂਬੇ ਵਿਚ ਹੋ ਰਹੇ ਇਸ ਨਾਜਾਇਜ਼ ਕਾਰੋਬਾਰ ਸਬੰਧੀ ਸੂਬਾ ਸਰਕਾਰ ਨੂੰ ਭਲੀ-ਭਾਂਤ ਪਤਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਜੇ ਜਾਣਦਿਆਂ-ਬੁਝਦਿਆਂ ਵੀ ਸਰਕਾਰ ਇਸ ਨਾਜਾਇਜ਼ ਕਾਰੋਬਾਰ ਨੂੰ ਠੱਲ੍ਹ ਨਹੀਂ ਪਾਉਂਦੀ ਤਾਂ ਇਸ ਦੇ ਦੋ ਹੀ ਕਾਰਨ ਹੋ ਸਕਦੇ ਹਨ। ਪਹਿਲਾ, ਹੁਕਮਰਾਨ ਧਿਰ ਵਿਚ ਰਾਜਸੀ ਇੱਛਾ ਸ਼ਕਤੀ ਤੇ ਜੁਰਅਤ ਦੀ ਘਾਟ ਅਤੇ ਦੂਜਾ, ਖ਼ੁਦ ਇਸ ਕਾਰੋਬਾਰ ਵਿਚ ਭਾਈਵਾਲ ਹੋਣਾ। ਹੁਕਮਰਾਨ ਧਿਰ, ਖ਼ਾਸ ਕਰ ਕੇ ਸੂਬਾ ਸਰਕਾਰ ਦੇ ਇੱਕ ਵਜ਼ੀਰ ਦਾ ਨਾਂ ਰੇਤੇ-ਬਜਰੀ ਦੀ ਕਾਲਾ-ਬਾਜ਼ਾਰੀ ਵਿਚ ਬੋਲਦਾ ਆ ਰਿਹਾ ਹੈ ਜਦੋਂਕਿ ਸੂਬੇ ਦੇ ਮੁੱਖ ਰਾਜਸੀ ਘਰਾਣੇ ਉਤੇ ਟਰਾਂਸਪੋਰਟ, ਕੇਬਲ ਅਤੇ ਰੀਅਲ ਅਸਟੇਟ ਦੇ ਕਾਰੋਬਾਰ ਉਤੇ ਕਬਜ਼ਾ ਕਰ ਲੈਣ ਦੇ ਦੋਸ਼ ਵੀ ਲੱਗਦੇ ਆ ਰਹੇ ਹਨ।

ਇਨ੍ਹਾਂ ਦੋਵਾਂ ਰਿਪੋਰਟਾਂ ਨੇ ਜਿੱਥੇ ਪੰਜਾਬ ਦੇ ਹੁਕਮਰਾਨਾਂ ਵੱਲੋਂ ਪੰਜਾਬ ਦੇ ਵਿਕਾਸ ਅਤੇ ਅਮਨ-ਕਾਨੂੰਨ ਦੀ ਸਥਿਤੀ ਬਾਰੇ ਕੀਤੇ ਜਾਂਦੇ ਵੱਡੇ ਵੱਡੇ ਦਾਅਵਿਆਂ ਦਾ ਸੱਚ ਉਜਾਗਰ ਕਰ ਦਿੱਤਾ ਹੈ, ਉੱਥੇ ਗੁਰੂਆਂ, ਪੀਰਾਂ-ਫ਼ਕੀਰਾਂ ਤੇ ਯੋਧਿਆਂ ਦੀ ਇਸ ਧਰਤੀ ਨੂੰ ਦੁਨੀਆਂ ਦੀ ਨਾ ਸਹੀ, ਮੁਲਕ ਦੀ ਸਭ ਤੋਂ ਸੋਹਣੀ ਥਾਂ ਬਣਾਉਣ ਦੀ ਤਾਂਘ ਰੱਖਣ ਵਾਲੇ ਲੋਕਾਂ ਨੂੰ ਨਿਰਾਸ਼ ਵੀ ਕੀਤਾ ਹੈ।

ਉਂਜ, ਡੁੱਲ੍ਹੇ ਬੇਰਾਂ ਦਾ ਅਜੇ ਵੀ ਬਹੁਤਾ ਕੁਝ ਨਹੀਂ ਵਿਗੜਿਆ। ਪੂਰੇ ਪੰਜਾਬ ਨੂੰ ਇਸ ਰਿਪੋਰਟ ਨੂੰ ਚੁਣੌਤੀ ਮੰਨ ਕੇ ਅੰਮ੍ਰਿਤਸਰ ਸ਼ਹਿਰ ਨੂੰ ਮੁਲਕ ਦਾ ਸਭ ਤੋਂ ਸੁੰਦਰ ਤੇ ਸਾਫ਼-ਸੁਥਰਾ ਸ਼ਹਿਰ ਬਣਾਉਣ ਦਾ ਅੱਜ ਤੋਂ ਹੀ ਤਹੱਈਆ ਕਰ ਲੈਣਾ ਚਾਹੀਦਾ ਹੈ। ਇਹ ਸੰਭਵ ਹੈ, ਬਸ਼ਰਤੇ ਅਜਿਹਾ ਕਰਨ ਦੀ ਰਾਜਸੀ ਅਤੇ ਪ੍ਰਸ਼ਾਸਕੀ ਇੱਛਾ-ਸ਼ਕਤੀ ਦਰਸਾਈ ਜਾਵੇ। ਜੇ ਸੂਰਤ ਨੂੰ 'ਪਲੇਗ ਦੇ ਘਰ' ਤੋਂ ਦੇਸ਼ ਦੇ ਸਭ ਤੋਂ ਸਵੱਛ ਸ਼ਹਿਰਾਂ ਵਿਚ ਬਦਲਿਆ ਜਾ ਸਕਦਾ ਹੈ ਤਾਂ ਅੰਮ੍ਰਿਤਸਰ ਨੂੰ ਕਿਉਂ ਨਹੀਂ?

# ਕੋਈ ਤੁਰ ਗਿਆ ਨਿਤਾਣਾ, ਮਾਣ ਨੂੰ ਆਵਾਜ਼ਾਂ ਮਾਰਦਾ

ਸੰਗਰੂਰ ਜ਼ਿਲ੍ਹੇ ਦੇ ਮੰਡੇਰ ਕਲਾਂ ਪਿੰਡ ਦੇ ਖੇਤ ਮਜ਼ਦੂਰ ਨੂੰ ਕੀਟਨਾਸ਼ਕ ਦਵਾਈ ਚੜ੍ਹਨ ਉਸ ਦੀ ਨਾਲ ਮੌਤ ਹੋ ਗਈ। ਭੂਰਾ ਸਿੰਘ ਬਾਰੇ ਚਾਰ ਫਿਕਰਿਆਂ ਦੀ ਖ਼ਬਰ ਛਪੀ ਹੈ ਕਿ ਦਵਾਈ ਚੜ੍ਹਨ ਤੋਂ ਬਾਅਦ ਹਸਪਤਾਲ ਜਾਣ ਤੋਂ ਪਹਿਲਾਂ ਉਸ ਦੀ ਮੌਤ ਹੋ ਗਈ। ਆਖ਼ਰੀ ਫਿਕਰੇ ਵਿਚ ਲਿਖਿਆ ਹੈ ਕਿ 'ਪਿੰਡ ਦੇ ਪਤਵੰਤਿਆਂ' ਨੇ ਗ਼ਰੀਬ ਪਰਿਵਾਰ ਲਈ ਮੁਆਵਜ਼ੇ ਦੀ ਮੰਗ ਕੀਤੀ ਹੈ। ਅਠਾਰਾਂ ਅਗਸਤ ਨੂੰ ਇਹ ਖ਼ਬਰ 'ਪੰਜਾਬ ਦੀ ਆਵਾਜ਼' ਵਜੋਂ ਦੁਨੀਆਂ ਵਿਚ ਸਭ ਤੋਂ ਵੱਧ ਪੜ੍ਹੇ ਜਾਂਦੇ ਪੰਜਾਬੀ ਅਖ਼ਬਾਰ ਵਿਚ ਛਪੀ ਹੈ।



**ਦਲਜੀਤ ਅਮੀ**
ਫੋਨ: +1 (253) 455-8932

ਇਸ ਖ਼ਬਰ ਵਿਚੋਂ ਬਹੁਤ ਕੁਝ ਗ਼ੈਰ-ਹਾਜ਼ਰ ਹੈ। ਭੂਰਾ ਸਿੰਘ ਦੀ ਪਛਾਣ ਵਿਚੋਂ ਖੇਤ ਮਜ਼ਦੂਰ ਹੋਣ ਤੋਂ ਬਿਨਾਂ ਸਭ ਕੁਝ ਗ਼ੈਰ-ਹਾਜ਼ਰ ਹੈ। ਉਸ ਦੀ ਉਮਰ ਤੋਂ ਲੈ ਕੇ ਪਰਿਵਾਰ ਬਾਰੇ ਕੋਈ ਤਫ਼ਸੀਲ ਨਹੀਂ ਮਿਲਦੀ। ਉਸ ਲਈ ਮੁਆਵਜ਼ੇ ਦੀ ਮੰਗ ਕਰਨ ਵਾਲੇ ਬੇਪਛਾਣ ਪਤਵੰਤੇ ਹਨ। ਜਦੋਂ ਅਖ਼ਬਾਰਾਂ ਬਿਆਨ ਦੇਣ ਵਾਲਿਆਂ ਦੇ ਨਾਮਾਂ ਨੂੰ ਤਰਜੀਹ ਦਿੰਦੀਆਂ ਹਨ ਅਤੇ ਬਿਆਨ ਦੇਣ ਵਾਲੇ ਆਪਣੇ ਨਾਮਾਂ ਲਈ 'ਸਭ ਕੁਝ ਕਰਦੇ' ਹਨ ਤਾਂ ਭੂਰਾ ਸਿੰਘ ਦੀ ਵਾਰੀ ਮੁਆਵਜ਼ੇ ਦੀ ਮੰਗ ਬੇਨਾਮ ਕਿਉਂ ਹੈ? ਜਦੋਂ ਅਖ਼ਬਾਰਾਂ ਵਿਚ ਛਪਣ ਲਈ, ਮਰਨ ਵਾਲੇ ਦੇ ਘਰ ਦੇ ਜੀਆਂ ਦੀ ਗਿਣਤੀ ਦਿੱਤੀ ਜਾਂਦੀ ਹੈ ਤਾਂ ਭੂਰਾ ਸਿੰਘ ਦੇ ਮਾਪੇ, ਭੈਣ-ਭਾਈ ਅਤੇ ਪੁੱਤ-ਧੀ ਖ਼ਬਰ ਵਿਚ ਗ਼ੈਰ-ਹਾਜ਼ਰ ਕਿਉਂ ਹਨ?

ਇਹ ਉਕਾਈ ਵੀ ਹੋ ਸਕਦੀ ਹੈ। ਖ਼ਬਰ ਦੇਰ ਨਾਲ ਆਈ ਹੋਣ ਕਰ ਕੇ ਸਮੇਂ ਸਿਰ ਭੇਜਣ ਦੀ ਜਲਦੀ ਨਾਲ ਤਫ਼ਸੀਲ ਰਹਿ ਗਈ ਹੋ ਸਕਦੀ ਹੈ। ਅਖ਼ਬਾਰ ਕੋਲ ਥਾਂ ਨਾ ਹੋਣ ਕਾਰਨ ਖ਼ਬਰ ਨੂੰ ਛੋਟੀ ਕਰਨ ਦੀ ਮਜਬੂਰੀ ਵੀ ਹੋ ਸਕਦੀ ਹੈ। ਦੂਜਾ ਪੱਖ ਇਹ ਵੀ ਹੈ ਕਿ ਇਹ ਉਕਾਈ ਨਹੀਂ ਹੋ ਸਕਦੀ। ਬਿਆਨ ਬੇਨਾਮਾ ਸਫ਼ਰ ਨਹੀਂ ਕਰਦਾ। ਪਰਿਵਾਰ ਦੇ ਜੀਆਂ ਦੀ ਹਾਲਤ ਕਮਾਊ ਜੀਅ ਦੀ ਮੌਤ ਦੀ ਖ਼ਬਰ ਦੇ ਨਾਲ ਨਾਲ ਤੁਰਦੀ ਹੈ। ਭੂਰਾ ਸਿੰਘ ਖੇਤ ਮਜ਼ਦੂਰੀ ਕਰਦਾ ਸੀ ਤਾਂ ਉਸ ਦੇ ਘਰ ਦੀ ਹਾਲਤ ਮਾੜੀ ਹੀ ਹੋਵੇਗੀ। ਇਹ ਸਮਝਣ ਲਈ ਤਾਂ ਮਾਹਰ ਹੋਣ ਜਾਂ ਭਰੋਸੇਯੋਗ ਸੂਤਰਾਂ ਦੀ ਲੋੜ ਨਹੀਂ। ਖੇਤ ਮਜ਼ਦੂਰੀ ਦਾ ਜ਼ੋਰ ਵਾਲਾ ਕੰਮ ਸਮਾਜ ਦਾ ਸਭ ਤੋਂ ਗ਼ਰੀਬ ਤਬਕਾ ਕਰਦਾ ਹੈ। ਜੇ ਖੇਤ ਮਜ਼ਦੂਰ ਪੰਜਾਬੀ ਪਿਛੋਕੜ ਦਾ ਹੋਵੇ ਤਾਂ ਉਹ ਤਕਰੀਬਨ ਦਲਿਤ ਹੀ ਹੋਵੇਗਾ। ਜੇ ਉਸ ਲਈ ਮੁਆਵਜ਼ੇ ਦੀ ਮੰਗ ਬੇਨਾਮੀ ਛਪੀ ਹੈ ਤਾਂ ਸੰਭਾਵਨਾ ਹੈ ਕਿ ਉਸ ਪਿੰਡ ਵਿਚ ਕੋਈ ਮਜ਼ਦੂਰ ਜਥੇਬੰਦੀ ਨਾ ਹੋਵੇ। ਘੱਟੋ-ਘੱਟ ਭੂਰਾ ਸਿੰਘ ਦਾ ਕਿਸੇ ਜਥੇਬੰਦੀ ਨਾਲ ਰਾਬਤਾ ਨਾ ਹੋਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ। ਇਸ ਲੇਖ ਦਾ ਮਕਸਦ ਇਸ ਖ਼ਬਰ ਦੀ ਪੱਤਰਕਾਰੀ ਪੱਖੋਂ ਪੜਚੋਲ ਕਰਨਾ ਨਹੀਂ ਹੈ, ਸਗੋਂ ਇਸ ਪਿਛਲੇ ਸਮਾਜਕ-ਸਿਆਸੀ ਰੁਝਾਨ ਦੀ ਸ਼ਨਾਖ਼ਤ ਕਰਨਾ ਹੈ।

ਪੰਜਾਬ ਵਿਚ ਖੇਤੀ ਦੌਰਾਨ ਕਈ ਤਰ੍ਹਾਂ ਦੇ ਹਾਦਸੇ ਲਗਾਤਾਰ ਵਾਪਰਦੇ ਹਨ। ਹੁਣ ਮਸ਼ੀਨਾਂ ਬਿਹਤਰ ਹੋ ਜਾਣ ਕਾਰਨ ਬਾਹਾਂ ਵੱਢੀਆਂ ਜਾਣ ਦੇ ਹਾਦਸੇ ਘਟ ਗਏ ਹਨ, ਪਰ ਸੱਟਾਂ ਲੱਗਦੀਆਂ ਹਨ। ਕੀਟਨਾਸ਼ਕ ਦਵਾਈ ਚੜ੍ਹਨ ਨਾਲ ਬਿਮਾਰ ਹੋਣ ਜਾਂ ਮੌਤ ਹੋਣ ਦੀਆਂ ਖ਼ਬਰਾਂ ਅਖ਼ਬਾਰਾਂ ਦੀ ਕੰਨੀ ਵਿਚ ਛਪਦੀਆਂ ਰਹਿੰਦੀਆਂ ਹਨ। ਖੇਤੀ ਹਾਦਸਿਆਂ ਦੇ ਮੁਆਵਜ਼ੇ ਲਈ ਮੰਡੀਕਰਨ ਬੋਰਡ ਕੋਲ ਯੋਜਨਾਵਾਂ ਹਨ, ਪਰ ਇਹ ਪੈਰਵੀ ਖੁਣੋਂ ਜਾਂ ਬਾਬੂਸ਼ਾਹੀ ਦੀ ਘੇਸਲ ਕਰਨ ਜ਼ਿਆਦਾਤਰ ਅਣਵਰਤੀਆਂ ਹੀ ਰਹਿ ਜਾਂਦੀਆਂ ਹਨ। ਇਨ੍ਹਾਂ ਯੋਜਨਾਵਾਂ ਦੀ ਜਾਣਕਾਰੀ ਵੀ ਘੱਟ ਲੋਕਾਂ ਨੂੰ ਹੈ। ਭੂਰਾ ਸਿੰਘ ਉਸ ਤਬਕੇ ਦਾ ਨੁਮਾਇੰਦਾ ਬਣਦਾ ਹੈ ਜੋ ਜ਼ਿੰਦਗੀ ਦੀਆਂ ਸੁੱਖ-ਸਹੂਲਤਾਂ ਦੇ ਨਾਲ ਨਾਲ ਹਕੂਕ ਅਤੇ ਮੁਆਵਜ਼ਿਆਂ ਦੀ ਪੈਰਵੀ ਪੱਖੋਂ ਮੁਹਤਾਜ ਹੈ। ਉਸ ਦੇ ਮੁਆਵਜ਼ੇ ਦੀ ਬੇਨਾਮ ਪੈਰਵੀ ਅਤੇ ਅਧੂਰੀ ਖ਼ਬਰ ਇਸੇ ਮੁਹਤਾਜੀ ਦੀ ਨੁਮਾਇੰਦਗੀ ਕਰਦੀ ਹੈ। ਇਹ ਵਿਅਕਤੀਗਤ ਅਤੇ ਸਮਾਜਕ ਮੁਹਤਾਜੀ ਹੈ ਜੋ ਪਰਉਪਕਾਰ ਜਾਂ ਤਰਸ ਦੀ ਬੇਨਾਮ ਬੋਲੀ ਰਾਹੀਂ ਪੇਸ਼ ਹੁੰਦੀ ਹੈ।

ਭੂਰਾ ਸਿੰਘ ਦਾ ਜ਼ਿੰਦਗੀ ਤੇ ਮੌਤ ਦਾ ਅਹਿਮ ਪੱਖ ਮੌਜੂਦਾ ਨਿਜ਼ਾਮ ਨਾਲ ਜੁੜਦਾ ਹੈ। ਸੁਰੱਖਿਆ ਦੀ ਜ਼ਾਮਨੀ ਭਰਨ ਵਾਲਾ ਨਿਜ਼ਾਮ ਕਾਮਿਆਂ ਦੀ ਸੁਰੱਖਿਆ ਬਾਬਤ ਕੀ ਸੋਚਦਾ ਹੈ? ਖੇਤੀ ਵਿਚ ਹਾਦਸਿਆਂ ਦੀ ਗਿਣਤੀ ਵਿਚ ਵਾਧਾ ਸਨਅਤ ਅਤੇ ਆਵਾਜਾਈ ਵਾਲੇ ਹਾਦਸਿਆਂ ਨਾਲੋਂ ਜ਼ਿਆਦਾ ਹੈ। ਸਨਅਤ ਵਿਚ ਜਥੇਬੰਦਕ ਤਾਕਤ ਸੁਰੱਖਿਆ ਨੇਮ ਲਾਗੂ ਕਰਨ ਵਿਚ ਕੁਝ ਹੱਦ ਤੱਕ ਕਾਮਯਾਬ ਹੋਈ ਹੈ। ਆਵਾਜਾਈ ਦੇ ਆਪਹੁਦਰੇਪਣ ਅਤੇ ਨਾਕਸ ਪ੍ਰਬੰਧ ਦੇ ਬਾਵਜੂਦ ਕੁਝ ਸੁਰੱਖਿਆ ਨੇਮਾਂ ਨੂੰ ਲਾਗੂ ਕਰਨ ਦਾ ਕੁਝ ਬੰਦੋਬਸਤ ਹੈ। ਚੇਤਨਾ ਮੁਹਿੰਮਾਂ ਹਨ ਅਤੇ ਬੰਦਾ ਆਪਣੀ ਜਾਨ ਬਚਾਉਣ ਲਈ ਕੁਝ ਸੁਚੇਤ ਵੀ ਰਹਿੰਦਾ ਹੈ। ਖੇਤੀ ਖੇਤਰ ਵਿਚ ਸੁਰੱਖਿਆ ਨੇਮ ਨਾਮ ਦਾ ਕੁਝ ਵੀ ਨਹੀਂ ਹੈ। ਕਿਰਤ ਮਹਿਕਮਾ ਕਦੇ ਵੀ ਖੇਤੀ ਕਾਮਿਆਂ ਦੀ ਸੁਰੱਖਿਆ ਲਈ ਸਰਗਰਮ ਨਹੀਂ ਹੋਇਆ। ਜੇ ਭੂਰਾ ਸਿੰਘ ਸਮਾਜਕ ਮੁਹਤਾਜੀ ਦਾ ਸ਼ਿਕਾਰ ਹੋਇਆ ਹੈ ਤਾਂ ਕਿਰਤ ਮਹਿਕਮੇ ਦੀ ਨਜ਼ਰਅੰਦਾਜ਼ੀ ਦੀ ਮਾਰ ਵਿਚ ਵੀ ਆਇਆ ਹੈ। ਜ਼ਹਿਰੀਲੀਆਂ ਦਵਾਈ ਛਿੜਕਣਾ ਕਾਮਿਆਂ ਨੂੰ ਖ਼ਤਰੇ ਦੀ ਜੱਦ ਵਿਚ ਲਿਆਉਂਦਾ ਹੈ। ਇਨ੍ਹਾਂ ਖ਼ਤਰਿਆਂ ਤੋਂ ਬਚਾਅ ਲਈ ਲੋੜੀਂਦੇ ਕੱਪੜੇ, ਨਕਾਬ ਅਤੇ ਸਮਾਂ ਲਾਗੂ ਕਰਨ ਬਾਰੇ ਕਿਰਤ ਮਹਿਕਮਾ ਸਦਾ ਚੁੱਪ ਰਿਹਾ ਹੈ। ਵਗਦੀ ਹਵਾ ਅਤੇ ਤੇਜ਼ ਧੁੱਪ ਜਾਂ ਹੁੰਮਸ ਵਾਲੇ ਮੌਸਮ ਤੋਂ ਦਵਾਈ ਦਾ ਛਿੜਕਾਅ ਕਰਨ ਵਾਲੇ ਮਜ਼ਦੂਰ ਨੂੰ ਬਚਾਉਣਾ ਕਿਸ ਦੀ ਜ਼ਿੰਮੇਵਾਰੀ ਹੈ? ਖੇਤੀ ਖੇਤਰ ਨਾਲ ਜੁੜੀ ਕਾਮਿਆਂ ਦੀ ਸੁਰੱਖਿਆ ਦਾ ਮਸਲਾ ਹਮੇਸ਼ਾ ਖੇਤ ਮਾਲਕਾਂ ਉਤੇ ਛੱਡ ਦਿੱਤਾ ਜਾਂਦਾ ਹੈ ਅਤੇ ਨਿਗਰਾਨੀ ਦਾ ਕੋਈ ਬੰਦੋਬਸਤ ਕੀਤਾ ਹੀ ਨਹੀਂ ਜਾਂਦਾ। ਸੁਆਲ ਇਹ ਹੈ ਕਿ ਜੇ ਖੇਤੀ ਮਹਿਕਮਾ ਧਾਨ ਦੀ ਪਨੀਰੀ ਲਗਾਉਣ ਅਤੇ ਝੋਨਾ ਲਗਾਉਣ ਦੀਆਂ ਤਰੀਕਾਂ ਤੈਅ ਕਰ ਸਕਦਾ ਹੈ ਅਤੇ ਲਾਗੂ ਕਰਵਾ ਸਕਦਾ ਹੈ, ਤਾਂ ਕਾਮਿਆਂ ਵਾਲੇ ਸੁਰੱਖਿਆ ਨੇਮ ਕਿਉਂ ਲਾਗੂ ਨਹੀਂ ਕੀਤੇ ਜਾ ਸਕਦੇ?



ਭੂਰਾ ਸਿੰਘ ਡਾਕਟਰੀ ਸਹਾਇਤਾ ਮਿਲਣ ਤੋਂ ਪਹਿਲਾਂ ਪੂਰਾ ਹੋ ਗਿਆ। ਜੇ ਉਸ ਦੀ ਮੌਤ ਦਾ ਸਮਾਂ, ਸਥਾਨ ਅਤੇ ਮੌਸਮ ਪਤਾ ਲੱਗੇ ਤਾਂ ਪਤਾ ਲੱਗੇਗਾ ਕਿ ਅਗਸਤ ਦੇ ਹੁੰਮਸ ਵਾਲੇ ਮਾਹੌਲ ਵਿਚ ਦਵਾਈ ਚੜ੍ਹਨ ਦਾ ਖ਼ਦਸ਼ਾ ਕਿੰਨਾ ਜ਼ਿਆਦਾ ਸੀ। ਹੁੰਮਸ, ਮੋਢਿਆਂ ਉਤੇ ਦਵਾਈ ਦਾ ਵਜ਼ਨ ਅਤੇ ਛਿੜਕੀ ਗਈ ਦਵਾਈ ਦੀ ਬੂਦਬੂ ਕਾਮਿਆਂ ਦੇ ਆਲੇ-ਦੁਆਲੇ ਮੌਤ ਵਾਂਗ ਮੰਡਰਾਉਂਦੀ ਹੈ। ਲਗਾਤਾਰ ਕੰਮ ਦੀ ਥਕਾਵਟ ਕਾਮਿਆਂ ਦੁਆਲੇ ਖ਼ਦਸ਼ਿਆਂ ਦਾ ਘੇਰਾ ਤੰਗ ਕਰ ਦਿੰਦੀ ਹੈ। ਇਨ੍ਹਾਂ ਹਾਲਾਤ ਵਿਚ ਭੂਰਾ ਸਿੰਘ ਦੀ ਮੌਤ ਹੋਈ ਜਾਪਦੀ ਹੈ। ਜਦੋਂ ਇਨ੍ਹਾਂ ਖ਼ਦਸ਼ਿਆਂ ਦੀ ਨੁਮਾਇੰਦਗੀ ਸਿਆਸੀ-ਸਮਾਜਕ ਚਰਚਾ ਵਿਚੋਂ ਗ਼ੈਰ-ਹਾਜ਼ਰ ਹੋਵੇ ਤਾਂ ਭੂਰਾ ਸਿੰਘ ਦੀ ਮੁਹਤਾਜੀ ਮਾਰੂ ਹੋ ਨਿਬੜਦੀ ਹੈ। ਜੇ ਭੂਰਾ ਸਿੰਘ ਦੀ ਜ਼ਿੰਦਗੀ ਨਜ਼ਰਅੰਦਾਜ਼ ਕੀਤੀ ਜਾ ਸਕਦੀ ਹੈ, ਤਾਂ ਉਸ ਦੀ ਮੌਤ ਲਈ ਕਸੂਰਵਾਰ ਧਿਰਾਂ ਵੀ ਤਾਂ ਸ਼ਨਾਖ਼ਤ ਤੋਂ ਬਾਹਰ ਰਹਿ ਸਕਦੀਆਂ ਹਨ। ਇਹ ਦਲੀਲਾਂ ਦਿੱਤੀਆਂ ਜਾ ਸਕਦੀਆਂ ਹਨ ਕਿ ਖੇਤੀ ਸੰਕਟ ਹੈ ਅਤੇ ਕਿਸਾਨ ਅਵੇਸਲੇ ਹੋ ਜਾਂਦੇ ਹਨ। ਦਰਅਸਲ ਇਹ ਦਲੀਲਾਂ ਮਹਿਜ਼ ਅਰਥਚਾਰੇ ਦੀ ਸਮਝ ਵਿਚੋਂ ਆਉਂਦੀਆਂ ਹਨ ਅਤੇ ਸਮਾਜਕ ਗਲਬੇ ਨੂੰ ਮਜ਼ਬੂਤ ਕਰਨ ਦਾ ਸਬੱਬ ਬਣਦੀਆਂ ਹਨ। ਕਾਮਿਆਂ ਦੀ ਸੁਰੱਖਿਆ ਨੂੰ ਸਮਾਜਕ, ਮਨੁੱਖੀ, ਜਮਹੂਰੀ ਅਤੇ ਸ਼ਹਿਰੀ ਹਕੂਕ ਪੱਖੋਂ ਕਿਉਂ ਨਹੀਂ ਵੇਖਿਆ ਜਾਂਦਾ? ਉਨ੍ਹਾਂ ਦੀ ਦਰਦਨਾਕ ਹੋਣੀ ਵਾਲੀ ਦਲੀਲ ਖੇਤੀ ਸੰਕਟ ਦੀ ਹੋਰ ਮਾਰ ਉਤੇ ਲਾਗੂ ਕਿਉਂ ਨਹੀਂ ਕੀਤੀ ਜਾਂਦੀ? ਭੂਰਾ ਸਿੰਘ ਦੀ ਮੌਤ ਕਿਸੇ ਸੰਕਟ ਦੀ ਮਾਰ ਵਿਚ ਕੀਤੀ ਖ਼ੁਦਕੁਸ਼ੀ ਤੋਂ ਘੱਟ ਕਿਉਂ ਹੈ?

ਇਨ੍ਹਾਂ ਹਾਲਾਤ ਵਿਚ ਸੁਆਲ ਪੈਦਾ ਹੁੰਦਾ ਹੈ ਕਿ ਭੂਰਾ ਸਿੰਘ ਦੀ ਮੌਤ ਹਾਦਸਾ ਹੈ ਜਾਂ ਕੁਝ ਹੋਰ? ਮੌਜੂਦਾ ਵਿਦਵਾਨੀ ਚੇਤਨਾ ਅਤੇ ਕਾਨੂੰਨ ਵਿਚ ਭੂਰਾ ਸਿੰਘ ਦੀ ਸੁਰੱਖਿਆ ਦੀ ਚਾਰਾਜੋਈ ਦੀਆਂ ਸੰਭਾਵਨਾਵਾਂ ਹਨ। ਉਸ ਦੀ ਜ਼ਿੰਦਗੀ ਨੂੰ ਮਨੁੱਖੀ, ਜਮਹੂਰੀ ਅਤੇ ਸ਼ਹਿਰੀ ਹਕੂਕ ਪੱਖੋਂ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਸ ਤੋਂ ਬਾਅਦ 'ਸਰਬੱਤ ਦੇ ਭਲੇ' ਦੀ ਅਰਦਾਸ ਵਿਚ ਉਸ ਦੀ ਚਿੰਤਾ ਕਦੇ ਸ਼ਾਮਿਲ ਨਹੀਂ ਹੋਈ। ਮਨੁੱਖ ਦੀ ਬੰਦ-ਖ਼ਲਾਸੀ ਵਾਲੀ ਸਿਆਸਤ ਦਾ ਸੁਫ਼ਨਾ ਭੂਰਾ ਸਿੰਘ ਦੀ ਅੱਖਾਂ ਵਿਚ ਨਹੀਂ ਲਿਸ਼ਕਿਆ। ਉਸ ਦੀ ਜ਼ਿੰਦਗੀ ਨੂੰ ਦਰਪੇਸ਼ ਖ਼ਦਸ਼ੇ ਕਦੇ 'ਪੰਥ ਲਈ ਖ਼ਤਰਾ' ਨਹੀਂ ਬਣੇ ਅਤੇ ਨਾ ਹੀ ਮੁਲਕ ਦੀ ਸੁਰੱਖਿਆ ਦਾ ਸੁਆਲ ਬਣੇ। ਅਖ਼ਤਿਆਰਾਂ ਦੀ ਤਕਨੀਕੀ ਬੋਲੀ ਤੱਕ ਮਹਿਦੂਦ ਹੋਈ ਸਰਕਾਰੀ ਕਾਰਗੁਜ਼ਾਰੀ ਵਿਚ ਭੂਰਾ ਸਿੰਘ ਦੀ ਮਿਹਨਤ ਪ੍ਰਾਪਤੀ ਵਜੋਂ ਅਤੇ ਮੌਤ ਨਾ-ਕਾਮਯਾਬੀ ਵਜੋਂ ਦਰਜ ਨਹੀਂ ਹੋਈ।

ਇਨ੍ਹਾਂ ਹਾਲਾਤ ਵਿਚ ਭੂਰਾ ਸਿੰਘ ਦੀ ਪੈਰਵੀ ਦਾ ਬੇਨਾਮ ਰਹਿ ਜਾਣਾ ਕੋਈ 'ਜੱਗੋਂ ਤੇਰਵੀਂ ਗੱਲ' ਨਹੀਂ ਹੈ, ਪਰ ਮਨੁੱਖਾ ਜੀਵਨ ਅਤੇ ਇਤਿਹਾਸ 'ਜੱਗੋਂ ਤੇਰਵੀਆਂ' ਦਾ ਮੁਹਤਾਜ ਕਦੋਂ ਹੋ ਗਿਆ? ਭੂਰਾ ਸਿੰਘ ਦੀ ਮੌਤ ਭਾਵੇਂ ਕਿਸੇ ਥਾਣੇ-ਅਦਾਲਤੀ ਕਾਰਵਾਈ ਦਾ ਵਿਸ਼ਾ ਨਾ ਬਣੇ, ਪਰ ਇਹ ਕਤਲ ਤਾਂ ਹੈ। ਭੂਰੇ ਦੇ ਨਾਮ ਉਤੇ ਭਾਵੇਂ ਕਿਸੇ ਚੋਣ ਦੇ ਨਤੀਜੇ ਨਾ ਬਦਲਣ, ਪਰ ਉਸ ਦਾ ਕਤਲ ਤਾਂ ਸਿਆਸੀ ਕਤਲ ਬਣਦਾ ਹੈ। ਭੂਰਾ ਸਿੰਘ ਉਹ ਨਿਮਾਣਾ-ਨਿਤਾਣਾ ਪੰਜਾਬੀ ਹੈ ਜੋ ਮਾਣ ਨੂੰ ਆਵਾਜ਼ਾਂ ਮਾਰਦਾ ਕਤਲ ਹੋਇਆ ਹੈ। ਉਹ ਕੁਝ ਸੁਆਲ ਹਵਾ ਵਿਚ ਛੱਡ ਗਿਆ ਹੈ। ਕੀ ਪੰਜਾਬ ਵਿਚ ਮਨੁੱਖੀ ਮਾਣ ਦੇ ਜਾਗਣ ਜਾਂ ਬਹੁੜਨ ਦੀ ਸੰਭਾਵਨਾ ਕਾਇਮ ਹੈ? ਭੂਰਾ ਸਿੰਘ ਦਾ ਨਾਮ ਹੀ ਭੂਰਾ ਹੈ, ਪਰ ਉਸ ਦਾ ਇਤਿਹਾਸ ਕਾਲੀ ਸਿਆਹੀ ਨਾਲ ਚਿੱਟੇ ਕਾਗ਼ਜ਼ ਉਤੇ ਲਿਖਿਆ ਜਾ ਸਕਦਾ ਹੈ।

# ਸ਼ਖ਼ਸੀ ਵੈਰ ਨੂੰ ਮਰਿਆਦਾ ਬਣਾਉਣ ਦੇ ਖਤਰੇ

ਸੰਸਦ ਦੇ ਇੱਕ ਹੋਰ ਸੈਸ਼ਨ ਦਾ ਭੋਗ ਪੈ ਗਿਆ ਹੈ। ਇਸ 'ਰੁੜ੍ਹ ਗਏ' ਸੈਸ਼ਨ ਦੀਆਂ ਦੋ ਝਲਕੀਆਂ ਉਸ ਸੰਕਟ ਦੀ ਸੂਹ ਦੇ ਰਹੀਆਂ ਹਨ ਜਿਹੜਾ ਮਰਿਆਦਾ ਦੀਆਂ ਹੱਦਾਂ ਉਲੀਕ ਰਿਹਾ ਹੈ। ਇਹੀ ਨਹੀਂ, ਇਹ ਸੰਕਟ ਉਨ੍ਹਾਂ ਗ਼ੈਰ-ਜਮਹੂਰੀ ਚਾਲਾਂ ਬਾਰੇ ਵੀ ਦੱਸ ਰਿਹਾ ਹੈ ਜੋ ਭਾਰਤ ਦੇ ਉਦਾਰ ਸਿਆਸੀ ਸਭਿਆਚਾਰ ਦੇ ਜਿੰਦ-ਪ੍ਰਾਣ ਕੱਢ ਰਹੀਆਂ ਹਨ।

ਪਹਿਲਾਂ ਸੋਨੀਆ ਗਾਂਧੀ ਦੇ ਲਹਿਰਾਉਂਦੇ ਮੁੱਕੇ ਦੀ ਗੱਲ। ਕਾਂਗਰਸ ਪ੍ਰਧਾਨ ਦੇ ਆਪਣੇ ਸਾਥੀਆਂ ਨਾਲ, ਸੰਸਦ ਦੇ ਬਾਹਰ ਪ੍ਰਚੰਡ ਵਿਖਾਵੇ ਦੀ ਤਸਵੀਰ ਮੁਲਕ ਦੀ ਤਕਰੀਬਨ ਹਰ ਅਖ਼ਬਾਰ ਦੇ ਪਹਿਲੇ ਸਫ਼ੇ 'ਤੇ ਛਪੀ। ਇਸ ਅਕਸ ਦੀ ਕਰੜਾਈ ਹੈਰਾਨ ਕਰਨ ਵਾਲੀ ਸੀ। ਸੋਨੀਆ ਉਹ ਲੀਡਰ ਹੈ ਜੋ 10 ਸਾਲ ਤੋਂ ਵੱਧ ਸਮੇਂ ਦੌਰਾਨ ਪੂਰੇ ਸੰਜਮ ਨਾਲ ਪੇਸ਼ ਆਉਂਦੀ ਰਹੀ। ਐਪਰ, ਐਤਕੀਂ ਗੱਲ ਹੋਰ ਹੀ ਬਣ ਗਈ। ਉਨ੍ਹਾਂ ਵਰ੍ਹਿਆਂ ਤੋਂ ਕਮਾਈ ਸੰਜੀਦਗੀ ਛੱਡ ਦਿੱਤੀ। ਮੰਨਿਆਂ ਕਿ ਤਿੱਖਾ ਵਿਰੋਧ ਅਤੇ ਤਰਫ਼ਦਾਰੀ ਕਈ ਵਾਰ ਆਨੰਦ ਬਖ਼ਸ਼ ਸਕਦੇ ਹਨ, ਪਰ ਇਹ ਨਿਰੀ ਨਾਖ਼ੁਸ਼ਗਵਾਰ ਤੇ ਨਾਗਵਾਰਾ ਉਕਾਈ ਸੀ। ਉਨ੍ਹਾਂ ਵੱਲੋਂ ਬੰਨ੍ਹੇ ਇਸ ਨਜ਼ਾਰੇ ਨੇ ਅਸਲ ਵਿਚ, ਰਾਹੁਲ ਗਾਂਧੀ ਦੀ ਇੰਨੀ ਹੀ ਨਾ-ਬਖ਼ਸ਼ਣਯੋਗ ਕਾਰਵਾਈ ਨੂੰ ਢਕ ਲਿਆ ਜਦੋਂ ਉਹ ਬਾਂਹ ਦੁਆਲੇ ਕਾਲੀ ਪੱਟੀ ਬੰਨ੍ਹ ਕੇ ਲੋਕ ਸਭਾ ਵਿਚ ਅੱਪੜੇ। ਉਨ੍ਹਾਂ ਦੇ ਪੜਨਾਨਾ ਤੇ ਭਾਰਤੀ ਸੰਸਦ ਦੇ ਪਿਤਾਮਾ ਜਵਾਹਰ ਲਾਲ ਨਹਿਰੂ ਜੇ ਜ਼ਿੰਦਾ ਹੁੰਦੇ ਤਾਂ ਰਾਹੁਲ ਦੇ ਇਸ ਵਿਹਾਰ ਤੋਂ ਭੌਂਚੱਕੇ ਰਹਿ ਜਾਂਦੇ।



**ਹਰੀਸ਼ ਖਰੇ**

ਅਜਾਈਂ ਗਏ ਸੈਸ਼ਨ ਦਾ ਦੂਜਾ ਸਥਾਈ ਅਕਸ ਮੋਦੀ ਦੀ ਖ਼ਾਲੀ ਪਈ ਕੁਰਸੀ ਦਾ ਹੈ। ਗ਼ੈਰ-ਹਾਜ਼ਰ ਪ੍ਰਧਾਨ ਮੰਤਰੀ ਸੰਸਦੀ ਕਲੇਸ਼ ਤੋਂ ਅਟੰਕ ਤੇ ਬੇਪ੍ਰਵਾਹ ਹੀ ਰਹੇ। ਤਿੰਨ ਹਫ਼ਤਿਆਂ ਦੌਰਾਨ ਉਨ੍ਹਾਂ ਦੀ ਆਵਾਜ਼ ਸਿਰਫ਼ ਇੱਕ ਵਾਰ ਹੀ ਸੁਣੀ, ਜਦੋਂ ਉਹ ਪਟਨਾ ਵਿਚ ਭਾਜਪਾ ਦੀ ਬਿਹਾਰ ਮੁਹਿੰਮ ਦਾ ਆਗਾਜ਼ ਕਰਨ ਗਏ ਸਨ। ਉਥੇ ਵਾਲਾ ਮੋਦੀ ਪ੍ਰਸੰਨ ਚਿੱਤ ਤੇ ਜੋਸ਼ ਵਿਚ ਉਬਾਲੇ ਮਾਰਦਾ ਅਤੇ ਪੱਖਪਾਤੀ ਰਾਜਨੀਤੀ ਵਿਚ ਗੜੁੱਚ ਹੋ ਕੇ ਤੈਸ਼ ਤੇ ਤੁਅਸਬ ਦੇ ਤੁਣਕੇ ਮਾਰਦਾ ਮੋਦੀ ਸੀ। ਇਹ ਉਹ ਦੋ ਅਕਸ ਹਨ ਜਿਹੜੇ ਸਾਨੂੰ ਅਹਿਮ ਜਮਹੂਰੀ ਅੜਾਉਣੀ ਦੀਆਂ ਤਹਿਆਂ ਫਰੋਲਣ ਵੱਲ ਸੇਧਿਤ ਕਰਦੇ ਹਨ।

ਮੁਲਕ ਕਿਸ ਨੇ ਚਲਾਉਣਾ ਹੈ, ਇਹ ਫ਼ੈਸਲਾ ਚੋਣਾਂ ਦੌਰਾਨ ਹੁੰਦਾ ਹੈ। ਇਸ ਅਮਲ ਦੌਰਾਨ, ਸੱਤਾ ਧਿਰ ਨੂੰ ਵੰਗਾਰਨ ਵਾਲਾ ਦਲੀਲ ਦਿੰਦਾ ਹੈ ਕਿ ਪਹਿਲਾਂ ਵਾਲੀ ਸਰਕਾਰ ਨੂੰ ਬਾਹਰ ਦਾ ਰਸਤਾ ਕਿਉਂ ਦਿਖਾਇਆ ਜਾਣਾ ਬਣਦਾ ਹੈ ਅਤੇ ਸੱਤਾਧਾਰੀ ਧਿਰ ਆਪਣੇ ਕੰਮਾਂ ਬਾਰੇ ਤਫ਼ਸੀਲ ਦੇ ਕੇ ਆਪਣੀ ਅਹਿਮੀਅਤ ਜਚਾਉਂਦੀ ਹੈ। ਚੋਣਾਂ ਮਗਰੋਂ ਜੇਤੂ ਅਤੇ ਹਾਰਨ ਵਾਲੇ ਹੱਥ ਮਿਲਾਉਂਦੇ ਹਨ, ਚੋਣ ਮੁਹਿੰਮ ਦੌਰਾਨ ਚੜ੍ਹੀ ਕੁੜੱਤਣ ਭੁਲਾ ਕੇ ਸੰਸਦ ਵਿਚ ਆਪਣੇ ਬੈਠਣ ਵਾਲੀ ਜਗ੍ਹਾ ਬਦਲਦੇ ਹਨ, ਤੇ ਇਸ ਦੇ ਨਾਲ ਹੀ ਸਰਕਾਰ ਦਾ ਕੰਮ ਸਹਿਜ ਨਾਲ ਚੱਲ ਪੈਂਦਾ ਹੈ। ਦੋਹਾਂ ਧਿਰਾਂ ਕਾਰ-ਵਿਹਾਰ ਦੇ ਇਸ ਅਮਲ ਦਾ ਮਤਲਬ ਸਮਝਦੀਆਂ ਹਨ ਅਤੇ ਇਕ-ਦੂਜੇ ਦਾ ਮਾਣ ਰੱਖਦੀਆਂ ਹਨ। ਜੇਤੂ ਤੋਂ ਫਰਾਖ਼ਦਿਲੀ ਅਤੇ ਹਾਰਨ ਵਾਲੇ ਤੋਂ ਚੰਗੇ ਵਿਹਾਰ ਦੀ ਤਵੱਕੋ ਕੀਤੀ ਜਾਂਦੀ ਹੈ। ਹੁਣ ਅੜਾਉਣੀ ਇਹ ਹੈ ਕਿ ਜਦੋਂ ਹਰ ਧਿਰ ਦੇ ਵਿਚਾਰ ਆਪੋ-ਆਪਣੇ ਹੋਣ, ਤਾਂ ਇਹ ਤੈਅ ਕਰਨਾ ਹੀ ਸਮੱਸਿਆ ਬਣ ਜਾਂਦੀ ਹੈ ਕਿ ਜੇਤੂ ਤੇ ਹਾਰਨ ਵਾਲੇ ਦਾ ਰੁਖ਼ ਕੀ ਹੋਵੇ।

ਮਈ, 2014 ਤੋਂ ਬਾਅਦ ਜਿਹੜਾ 'ਨਵਾਂ ਯੁੱਗ' ਮੁਲਕ ਵਿਚ 'ਉਦੈਮਾਨ' ਹੋਇਆ, ਉਸ ਵਿਚ ਕਿਤਾਬੀ ਵਾਜਬੀਅਤ ਜਾਰੀ ਰਹਿਣੀ ਸੰਭਵ ਨਹੀਂ ਸੀ ਜਾਪਦੀ। ਉਂਜ, ਜਿਹੜੀ ਗ਼ੈਰਵਾਜਬੀਅਤ ਹੁਣ ਸੰਸਦੀ ਸੰਕਟ ਦਾ ਸਬੱਬ ਬਣਨ ਤੱਕ ਜਾ ਅੱਪੜੀ ਹੈ, ਇਸ ਦਾ ਮੁੱਢ ਸ਼ਾਇਦ 2014 ਵਾਲੀ ਚੋਣ ਮੁਹਿੰਮ ਦੌਰਾਨ ਹੀ ਬੰਨ੍ਹਿਆ ਗਿਆ ਸੀ। ਮੋਦੀ ਨੇ 2014 ਵਾਲੇ ਮੁਕਾਬਲੇ ਨੂੰ ਸ਼ਖ਼ਸੀ ਪੁੱਠ ਚਾੜ੍ਹ ਕੇ ਖੁਣਸ ਦਾ ਬੁਰਜ ਉਸਾਰਿਆ ਅਤੇ ਭਾਜਪਾ ਦੀ ਲੀਡਰਸ਼ਿਪ ਨੇ ਇਸ ਦੀ ਹਮਾਇਤ ਕੀਤੀ। ਇਹ ਮੁਹਿੰਮ 'ਮਾਂ-ਬੇਟੇ' ਤੇ ਇਨ੍ਹਾਂ ਦੀ 'ਸਰਕਾਰ ਦੀਆਂ ਮੰਨੀਆਂ/ਮਿਥੀਆਂ ਵਧੀਕੀਆਂ ਤੇ ਕਮਜ਼ੋਰੀਆਂ' ਦੇ ਖ਼ਿਲਾਫ਼ ਸੀ ਅਤੇ ਨਾਲ ਹੀ ਬਦਲਵੀਂ ਮਨੋਹਰ 'ਮੋਦੀ ਸਰਕਾਰ' ਦਾ ਵਾਅਦਾ ਕੀਤਾ ਗਿਆ ਸੀ।

ਸ਼ਾਇਦ ਇਸੇ ਕਰ ਕੇ ਚੋਣਾਂ ਮਗਰੋਂ ਹੋਣ ਵਾਲੀ ਸਹਿਜ ਤਬਦੀਲੀ ਦੀ ਮਰਿਆਦਾ ਵਾਲਾ ਸਬਰ ਮੋਦੀ ਅਤੇ ਨਵੇਂ ਸੱਤਾ ਪ੍ਰਬੰਧ ਤੋਂ ਕੰਨੀ ਖਿਸਕਾ ਗਿਆ। ਪ੍ਰਧਾਨ ਮੰਤਰੀ ਜੋ ਮੁਲਕ ਦੇ ਲੀਡਰ ਦੇ ਨਾਲ ਨਾਲ ਸਦਨ ਦੇ ਵੀ ਲੀਡਰ ਹਨ, ਦੀ ਇਸ ਸਹਿਜ ਤਬਦੀਲੀ ਲਈ ਸੁਘੜ-ਸੁਚੱਜੀ ਜ਼ਿੰਮੇਵਾਰੀ ਬਣਦੀ ਸੀ। ਇਹੀ ਤਾਂ ਜੇਤੂ ਦਾ ਫ਼ਰਜ਼ ਤੇ ਜ਼ਿੰਮੇਵਾਰੀ ਹੁੰਦੀ ਹੈ। ਬਦਕਿਸਮਤੀ ਨੂੰ ਅਜਿਹਾ ਹੋਇਆ ਨਹੀਂ। ਬਾਅਦ ਵਿਚ ਵੱਖ ਵੱਖ ਰਾਜਾਂ ਦੀਆਂ ਚੋਣ ਮੁਹਿੰਮਾਂ ਨੇ ਮਾਮਲਾ ਹੋਰ ਵੀ ਪੇਚੀਦਾ ਬਣਾ ਦਿੱਤਾ ਜਿੱਥੇ ਵਿਰੋਧੀਆਂ ਨੂੰ ਝੰਬਣ ਦੀ ਲਤ ਨੇ ਪ੍ਰਧਾਨ ਮੰਤਰੀ ਨੂੰ ਹੋਰ ਤੁਣਕਾ ਲਾਈ ਰੱਖਿਆ।

ਸਹਿਜ ਤਬਦੀਲੀ ਤੋਂ ਪਾਸਾ ਵੱਟਣ ਦਾ ਮਤਲਬ ਜਮਹੂਰੀ ਮੁਖ਼ਾਲਫ਼ਤ ਦੇ ਵਿਚਾਰ ਦਾ ਤਿਰਸਕਾਰ ਹੀ ਹੈ। ਇਹ ਤਿਰਸਕਾਰ ਦੋਹਾਂ ਪਾਸਿਆਂ ਵੱਲੋਂ ਮਹਿਸੂਸ ਕੀਤਾ ਗਿਆ। ਇਸ ਦਾ ਨਾਖ਼ੁਸ਼ਗਵਾਰ ਨਤੀਜਾ ਇਹ ਹੈ ਕਿ ਤਰਫ਼ਦਾਰਾਂ ਦੀ ਵੱਡੀ ਫ਼ੌਜ ਨਫ਼ਰਤ ਫੈਲਾਅ ਰਹੀ ਹੈ। ਪੱਤਰਕਾਰਾਂ, ਸੰਪਾਦਕਾਂ, ਕਾਲਮਨਵੀਸਾਂ, ਐਂਕਰਾਂ, ਬਲੌਗਰਾਂ, ਸਾਈਬਰ ਸੂਰਬੀਰਾਂ ਦਾ ਪੂਰਾ ਕੋੜਮਾ 'ਕੱਠਾ ਹੋ ਗਿਆ ਹੈ ਜਿਹੜਾ ਸੋਸ਼ਲ ਮੀਡੀਆ ਰਾਹੀਂ ਨਫ਼ਰਤ ਵਾਲੀ ਭੱਠੀ ਤਪਾ ਰਿਹਾ ਹੈ। ਸੱਤਾਧਿਰ ਨੂੰ ਲੱਗਦਾ ਹੈ ਕਿ ਇਸ ਕੋਲ ਕਾਂਗਰਸ ਅੰਦਰ ਨਹਿਰੂ-ਗਾਂਧੀ ਪਰਿਵਾਰ ਦੇ ਮੁਰਾਤਬੇ ਨੂੰ ਪੁਰਜ਼ਾ ਪੁਰਜ਼ਾ ਕਰਨਾ ਦਾ ਲਾਇਸੈਂਸ ਹੈ। ਤੇ ਇਸ ਅਮਲ ਵਿਚ, ਕੋਈ ਪਾਸਾ ਸੁੱਕਾ ਨਹੀਂ ਛੱਡਿਆ ਜਾਵੇਗਾ। ਭਾਜਪਾ ਦੇ ਰਣਨੀਤੀ-ਘਾੜੇ ਦਿਨ-ਦੀਵੀ ਇਹ ਸੁਪਨੇ ਲੈਣ ਦੇ ਹੱਕਦਾਰ ਹਨ ਕਿ ਕਾਂਗਰਸ ਪਾਰਟੀ, ਗਾਂਧੀਆਂ ਦੇ ਜੂਲੇ ਵਿਚੋਂ ਨਿਕਲਣ ਲਈ ਬੇਚੈਨ ਹੋ ਰਹੀ ਹੈ; ਪਰ ਜੇ ਉਹ ਇਹ ਸੋਚਦੇ ਹਨ ਕਿ ਉਹ ਗਾਂਧੀਆਂ ਨੂੰ ਇਉਂ ਘੇਰਾ ਪਾ ਸਕਦੇ ਹਨ ਅਤੇ ਪਰਿਵਾਰ ਇਸ ਨੂੰ ਸਵੀਕਾਰ ਕਰ ਲਵੇਗਾ, ਤਾਂ ਉਨ੍ਹਾਂ ਨੂੰ ਢੁਕਵੇਂ ਜਵਾਬੀ ਵਾਰਾਂ ਲਈ ਤਿਆਰ ਰਹਿਣਾ ਚਾਹੀਦਾ ਹੈ।


ਲਲਿਤ ਮੋਦੀ ਨਾਂ ਦੇ ਸੱਜਣ ਪੁਰਖ ਦੀ ਬਦੌਲਤ ਸਾਰਾ ਸਿਆਸੀ ਮਾਹੌਲ ਬਦਲ ਗਿਆ ਹੈ। ਕਾਂਗਰਸ ਕੋਲ ਇਹ ਕਹਿਣ ਦੀ ਦਲੀਲ ਹੈ ਕਿ ਲਲਿਤਗੇਟ ਨੇ ਮੋਦੀ ਸਰਕਾਰ ਦੀ ਸਦਾਚਾਰ ਵਾਲੀ ਚਮਕ-ਦਮਕ ਉਡੰਤ ਕਰ ਦਿੱਤੀ ਹੈ। ਸੁਸ਼ਮਾ ਸਵਰਾਜ ਨੇ ਦੁਪਿਆਰੇ ਲਲਿਤ ਮੋਦੀ ਨਾਲ ਆਪਣੇ ਸਬੰਧਾਂ ਅਤੇ ਵਿਵਾਦਾਂ ਵਿਚ ਘਿਰੇ ਮਿਸਟਰ ਕਿਊ. ਨਾਲ ਗਾਂਧੀਆਂ ਦੇ ਸਬੰਧਾਂ ਵਿਚਕਾਰ (ਅ)ਨੈਤਿਕ ਤੁਲਨਾ ਇਕ ਤਰ੍ਹਾਂ ਨਾਲ ਸਵੀਕਾਰ ਕਰ ਲਈ ਹੈ। ਕਾਂਗਰਸ ਨੂੰ ਇਹ ਤਸੱਲੀ ਹੋ ਸਕਦੀ ਹੈ ਕਿ ਇਸ ਨੇ ਗਿਣਤੀ ਦੇ ਸਿਰਫ਼ 44 ਬੰਦਿਆਂ ਨਾਲ ਹੀ ਮੋਦੀ ਸਰਕਾਰ ਨੂੰ ਲੂਹ ਛੱਡਿਆ ਹੈ। ਇਸ ਨੇ ਉਹ ਕੁਝ ਕਰ ਦਿਖਾਇਆ ਜਿਸ ਨੂੰ ਵਾਸ਼ਲਾਵ ਹੈਵੇਲ ਨੇ 'ਨਿਤਾਣਿਆਂ ਦਾ ਤਾਣ' ਕਿਹਾ ਸੀ।

ਹੁਣ ਹਾਲਾਤ ਦੇ ਮੱਦੇਨਜ਼ਰ ਕਾਂਗਰਸ ਲਈ ਵੰਗਾਰ ਇਹ ਹੈ ਕਿ ਉਹ ਸਰਕਾਰ ਖ਼ਿਲਾਫ਼ ਬੰਨ੍ਹੀ ਮੁਹਿੰਮ ਨੂੰ ਬਰਕਰਾਰ ਕਿਵੇਂ ਰੱਖੇ। ਜੋ ਕੁਝ ਭਾਜਪਾ ਨੇ ਪਿਛਲੀ ਯੂਪੀਏ ਸਰਕਾਰ ਨਾਲ ਕੀਤਾ ਸੀ, ਉਹੋ ਭਾਜੀ ਹੁਣ ਕਾਂਗਰਸ ਵੱਲੋਂ ਭਾਜਪਾ ਨੂੰ ਮੋੜੀ ਜਾ ਰਹੀ ਹੈ। ਇਹ ਆਪਣੇ-ਆਪ ਵਿਚ ਛੋਟਾ-ਮੋਟਾ ਦਾਅ-ਪੇਚ ਹੋ ਸਕਦਾ ਹੈ, ਇਸ ਨੂੰ ਪੂਰੀ ਰਣਨੀਤੀ ਨਹੀਂ ਕਿਹਾ ਜਾ ਸਕਦਾ। ਕਾਂਗਰਸ ਆਪਣੇ-ਆਪ ਨੂੰ ਜਮਹੂਰੀ ਮਰਿਆਦਾ ਪਾਲਣ ਵਾਲੀ, ਸੁਭਾਵਿਕ ਤੇ ਅਸਲੀ ਪਾਰਟੀ ਹੋਣ ਦਾ ਤਸੱਵਰ ਕਰਦੀ ਹੈ ਅਤੇ ਜਮਹੂਰੀ ਸੰਸਥਾਵਾਂ ਤੇ ਸਦਾਚਾਰ ਦੀ ਹਿਤੈਸ਼ੀ ਵੀ ਮੰਨਦੀ ਹੈ। ਕਾਂਗਰਸ ਦਾ ਇਤਿਹਾਸ, ਵਿਰਸਾ ਤੇ ਵਿਰਾਸਤ, ਪਾਰਟੀ ਨੂੰ ਪ੍ਰੇਰ ਸਕਦਾ ਹੈ ਕਿ ਸੰਸਦ ਕਿਤੇ ਨਿਰਰਥਕ ਸੰਸਥਾ ਬਣ ਕੇ ਨਾ ਰਹਿ ਜਾਵੇ। ਸੱਤਾਵਾਦੀ ਸੁਰਾਂ ਵਾਲਿਆਂ ਨੂੰ ਇਸ ਤੋਂ ਚੰਗੀ ਹੋਰ ਕੋਈ ਗੱਲ ਕੀ ਹੋ ਸਕਦੀ ਹੈ ਕਿ ਜਵਾਬਦੇਹੀ ਦਾ ਸੰਵਿਧਾਨਕ ਮੰਚ ਲੰਗੜਾ ਹੋ ਕੇ ਰਹਿ ਜਾਵੇ। ਨਾਗਪੁਰ ਵਾਲਾ ਟੋਲਾ ਤਾਂ ਕਦੇ ਵੀ ਜਮਹੂਰੀ ਮਰਿਆਦਾਵਾਂ ਤੇ ਸੰਸਥਾਵਾਂ ਦਾ ਬਹੁਤਾ ਹਾਮੀ ਨਹੀਂ ਰਿਹਾ।

ਉਂਝ, ਇਹ ਗੱਲ ਸਮਝੋਂ ਬਾਹਰ ਹੈ ਕਿ ਕਾਂਗਰਸ ਦੀ ਲੀਡਰਸ਼ਿਪ ਨੇ 'ਸੂਟ-ਬੂਟ ਕੀ ਸਰਕਾਰ' ਵਾਲਾ ਬੜਾ ਜ਼ੋਰਦਾਰ ਤੇ ਅਸਰਦਾਰ ਨਾਅਰਾ ਛੱਡ ਕਿਉਂ ਦਿੱਤਾ। ਦੂਜੇ, ਸੰਸਦ ਅਜਿਹਾ ਮੰਚ ਹੈ ਜਿਥੇ ਵਿਰੋਧੀ ਧਿਰ, ਸੱਤਾਧਾਰੀ ਪਾਰਟੀ ਨੂੰ ਆਪਣੇ ਕੰਮਾਂ ਤੇ ਕਰਤੂਤਾਂ ਦੀ ਪੈਰਵੀ ਕਰਨ ਜਾਂ ਸਫ਼ਾਈ ਦੇਣ ਲਈ ਮਜਬੂਰ ਕਰ ਸਕਦੀ ਹੈ। ਅਜਿਹੇ ਮੰਚ ਨੂੰ ਤਿਆਗਣਾ ਦਰੁਸਤ ਨਹੀਂ। ਤੀਜੇ, ਮੋਦੀ ਨੇ ਅਜੇ ਤੱਕ ਅਜਿਹਾ ਕੋਈ ਇਸ਼ਾਰਾ ਨਹੀਂ ਸੁੱਟਿਆ ਕਿ ਉਹ ਸੰਸਦੀ ਸੰਸਥਾਵਾਂ ਦੇ ਆਮ ਕੰਮ-ਕਾਰ ਨੂੰ ਰਵਾਂ ਕਰਨ ਵਾਲੇ ਦਸਤੂਰ, ਵਿਹਾਰ ਤੇ ਚੱਜ-ਆਚਾਰ ਨੂੰ ਹੁਲਾਰਾ ਦੇਣਗੇ; ਸਗੋਂ ਰਸਮੀ ਨਫ਼ਾਸਤ ਤੇ ਨਜ਼ਾਕਤ ਨਾ ਪਾਲਣ ਵਿਚ ਮਾਣ ਮਹਿਸੂਸ ਕੀਤਾ ਜਾ ਰਿਹਾ ਹੈ। ਮੋਦੀ ਵੱਲੋਂ ਜਮਹੂਰੀ ਸੰਵਾਦ ਅਤੇ ਗੱਲਬਾਤ ਲਈ ਬੀਜੀ ਨਫ਼ਰਤ ਦੇ ਬਾਵਜੂਦ, ਹੁਣ ਉਦਾਰਚਿੱਤ ਅਤੇ ਆਜ਼ਾਦ ਖ਼ਿਆਲ ਆਗੂਆਂ ਦਾ ਫ਼ਰਜ਼ ਤੇ ਜ਼ਿੰਮੇਦਾਰੀ ਬਣਦੀ ਹੈ ਕਿ ਜਮਹੂਰੀ ਸੰਸਥਾਵਾਂ ਤੇ ਮਰਿਆਦਾ ਨੂੰ ਹੁਲਾਰਾ ਦਿੱਤਾ ਜਾਵੇ ਅਤੇ ਇਨ੍ਹਾਂ ਦਾ ਸਰੂਪ ਕਾਇਮ ਰੱਖਿਆ ਜਾਵੇ।

ਲਿਖਤੁਮ

# ਪੁਆੜੇ ਪ੍ਰਧਾਨਗੀ ਦੇ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਤਮਾਮ ਅਹੁਦਿਆਂ ਵਿਚੋਂ ਸਭ ਤੋਂ ਵੱਧ ਤਾਕਤਵਰ ਸਮਝੀ ਜਾਂਦੀ 'ਪ੍ਰਧਾਨ ਜੀ' ਦੀ ਪਦਵੀ ਬਾਰੇ ਕੁਝ ਲਿਖਣ ਲੱਗਿਆਂ ਸੋਚਿਆ ਕਿ 'ਮਹਾਨ ਕੋਸ਼' ਵੀ ਫਰੋਲ ਲਿਆ ਜਾਵੇ। ਦੇਖੀਏ ਕਿ ਇਸ ਮਹਾਨ ਅਹੁਦੇ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਕੀ ਲਿਖ ਗਏ ਹਨ। ਪ੍ਰਧਾਨ ਦੇ ਇੰਦਰਾਜ ਹੇਠ ਮਾਮੂਲੀ ਜਿਹੀ ਜਾਣਕਾਰੀ ਲਿਖੀ ਦੇਖ ਬੜੀ ਮਾਯੂਸੀ ਹੋਈ। ਪ੍ਰਧਾਨ ਦੀ ਸ਼ਾਨ ਵਿਚ ਘੱਟ ਤੋਂ ਘੱਟ ਇਕ ਪੂਰਾ ਸਫ਼ਾ ਤਾਂ ਲਿਖ ਦਿੰਦੇ ਭਾਈ ਕਾਨ੍ਹ ਸਿੰਘ ਹੁਰੀਂ? ਜਾਪਦਾ ਹੈ, 'ਮਹਾਨ ਕੋਸ਼' ਦੇ ਕਰਤਾ ਦੇ ਹਯਾਤੀ ਦੌਰਾਨ ਪ੍ਰਧਾਨਗੀ ਵਾਸਤੇ ਅਜੋਕੇ ਦੌਰ ਵਰਗੀ ਖਿੱਚ-ਧੂਹ ਨਹੀਂ ਹੁੰਦੀ ਹੋਣੀ। ਇਸੇ ਕਰ ਕੇ ਉਨ੍ਹਾਂ ਇਸ ਸਰਵੋਤਮ ਅਹੁਦੇ ਦੇ ਅਰਥ ਕਰਦਿਆਂ ਸਿਰਫ਼ ਇੰਨਾ ਕੁ ਹੀ ਲਿਖਿਆ ਹੈ, ਸਭ ਤੋਂ ਉਚਾ, ਸ੍ਰੇਸ਼ਟ, ਮੁਖੀਆ।

ਇਨ੍ਹਾਂ ਤਿੰਨ ਅਰਥਾਂ ਤੋਂ ਇਲਾਵਾ ਉਨ੍ਹਾਂ ਪਟਿਆਲਾ ਪਤਿ ਬਾਬਾ ਆਲਾ ਸਿੰਘ ਦੀ 'ਪਰਧਾਨ' ਨਾਮ ਵਾਲੀ ਵਿਦਵਾਨ ਧੀ ਦਾ ਹਵਾਲਾ ਦੇ ਕੇ, ਗੁਰਬਾਣੀ ਦੀ ਉਹ ਤੁਕ ਵੀ ਲਿਖੀ ਹੋਈ ਹੈ ਜਿਸ ਵਿਚ 'ਪ੍ਰਧਾਨ' ਸ਼ਬਦ ਵਰਤਿਆ ਹੋਇਆ ਹੈ: ਜਿਨਿ ਮਨਿ ਵਸਿਆ ਪਾਰਬ੍ਰਹਮ ਸੇ ਪੂਰੇ ਪਰਧਾਨ॥ ਹੋ ਸਕਦਾ ਹੈ ਕਿ ਅਜੋਕੇ ਦੌਰ ਵਿਚ ਕਿਸੇ ਕਰਮਾਂ ਵਾਲੀ ਸੰਸਥਾ ਕੋਲ ਅਜਿਹਾ ਪ੍ਰਧਾਨ ਹੋਵੇ ਜਿਸ ਉਤੇ ਗੁਰਬਾਣੀ ਦੀ ਇਹ ਪੰਕਤੀ ਢੁਕਦੀ ਹੋਵੇ; ਨਹੀਂ ਤਾਂ ਅਜੋਕੇ ਪ੍ਰਧਾਨਾਂ ਦੀ ਕਾਰਗੁਜ਼ਾਰੀ ਦੇਖਦਿਆਂ ਕਹਿ ਸਕਦੇ ਹਾਂ ਕਿ ਉਨ੍ਹਾਂ ਦੇ ਹਿਰਦੇ ਵਿਚ ਪਾਰਬ੍ਰਹਮ ਦੀ ਜਗ੍ਹਾ 'ਅਹੰ' ਭਰਿਆ ਹੋਇਆ ਹੈ। ਸਿਆਸੀ ਦਲਾਂ ਦੇ ਪ੍ਰਧਾਨਾਂ ਦੀ ਗੱਲ ਛੱਡੋ, ਧਾਰਮਿਕ ਸਭਾ-ਸੁਸਾਇਟੀਆਂ ਦੇ ਪ੍ਰਧਾਨ ਵੀ ਪਾਰਬ੍ਰਹਮ ਵਸਿਆ ਹੋਣ ਦਾ ਨਾਟਕ ਭਾਵੇਂ ਕਰੀ ਜਾਣ, ਪਰ ਉਨ੍ਹਾਂ ਦੀ ਰੂਹ ਵਿਚੋਂ ਪ੍ਰਧਾਨਗੀ ਦੀ ਕੁਰਸੀ ਕਦੇ ਨਿਕਲਦੀ ਹੀ ਨਹੀਂ। ਨਾਮ ਪਿਛੇ ਇਕ ਵਾਰ 'ਪ੍ਰਧਾਨ' ਲਗਵਾ ਕੇ ਪ੍ਰਧਾਨ ਸਾਹਿਬ ਚਾਹੁਣ ਲੱਗ ਪੈਂਦੇ ਨੇ, ਇਹ ਮਹਾਨ ਲਕਬ ਜਿਉਂਦੇ ਜੀਅ ਉਹਦੇ ਨਾਲੋਂ ਜੁਦਾ ਨਾ ਹੋਵੇ।

ਦਹਾਕਿਆਂ ਤੋਂ ਚਲੀ ਆ ਰਹੀ ਪ੍ਰਧਾਨਗੀ ਖੁੱਸਣ ਤੋਂ ਬਾਅਦ, ਮੁੜ ਪ੍ਰਧਾਨ ਬਣਨ ਲਈ ਬਾਦਲ ਦਲ ਨਾਲ ਜੂਝਣ ਤੋਂ ਬਾਅਦ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਬਾਦਲ ਟੱਬਰ ਦੀ ਅਧੀਨਗੀ ਕਬੂਲ ਕੇ ਆਪਣੀ ਲਾਲਸਾ ਪੂਰੀ ਕਰ ਲਈ ਸੀ। ਉਨ੍ਹੀਂ ਦਿਨੀਂ ਜਥੇਦਾਰ ਟੌਹੜਾ ਨੇ ਆਨੰਦਪੁਰ ਸਾਹਿਬ ਵਿਖੇ ਮੀਟਿੰਗ ਰੱਖੀ। ਮੀਟਿੰਗ ਵਿਚ ਕਿਸੇ ਬੜਬੋਲੇ ਪੱਤਰਕਾਰ ਨੇ ਜਥੇਦਾਰ ਟੌਹੜਾ ਨੂੰ ਕਸੂਤਾ ਜਿਹਾ ਸਵਾਲ ਪੁੱਛ ਲਿਆ, ਟੌਹੜਾ ਸਾਹਿਬ, ਤੁਸੀਂ ਸਿੱਖਾਂ ਦੀ ਪਾਰਲੀਮੈਂਟ ਕਹੀ ਜਾਂਦੀ ਸੰਸਥਾ ਦੇ ਲੰਬਾ ਅਰਸਾ ਪ੍ਰਧਾਨ ਰਹੇ ਹੋਣ ਨਾਤੇ, 'ਸਿੱਖ ਫਿਤਰਤ' ਵਿਚ ਆਈ ਇਸ ਕਮਜ਼ੋਰੀ ਬਾਰੇ ਦੱਸੋ ਕਿ ਨਵਾਬੀਆਂ ਨੂੰ ਠੋਕਰਾਂ ਮਾਰਨ ਵਾਲੇ ਪ੍ਰਧਾਨਗੀਆਂ ਨੂੰ ਕਿਉਂ ਚਿੰਬੜਨ ਲੱਗ ਪਏ?

ਸਾਰੇ ਜਥੇਦਾਰ ਟੌਹੜਾ ਵੱਲ ਦੇਖਣ ਲੱਗ ਪਏ ਕਿ ਉਹ ਤਾਂ ਖੁਦ ਇਸ ਗੱਲੋਂ 'ਕਾਣੇ' ਹਨ, ਹੁਣ ਕੀ ਜਵਾਬ ਦੇਣਗੇ? ਪਰ ਹਾਜ਼ਰ-ਜਵਾਬ ਜਥੇਦਾਰ ਟੌਹੜਾ ਨੇ ਇਸ ਸਵਾਲ ਨੂੰ ਮਜ਼ਾਕ ਵਿਚ ਟਾਲਦਿਆਂ ਕਿਹਾ, "ਓਏ ਕਾਕਾ! ਤੂੰ ਪ੍ਰਧਾਨਗੀ ਦੀ ਗੱਲ ਕਰਦੈਂ, ਸਿੱਖ ਤਾਂ ਹੱਥ ਵਿਚ ਆਇਆ ਕੜਾਹ ਪ੍ਰਸਾਦ ਵਾਲਾ ਥਾਲ ਨਹੀਂ ਛੱਡਦਾ!"

ਸਿੱਖ ਸਿਆਸਤ ਵਿਚ ਇਕ ਮੌਕੇ ਪ੍ਰਧਾਨਗੀ ਲਈ ਦਾਅਵੇਦਾਰ ਬਣੇ ਦੋ ਬਜ਼ੁਰਗ ਆਗੂਆਂ ਦੀ ਕਹਾਣੀ ਵੀ ਬੜੀ ਦਿਲਚਸਪ ਹੈ। ਇਹ ਉਨ੍ਹਾਂ ਵੇਲਿਆਂ ਦੀ ਵਾਰਤਾ ਹੈ, ਜਦੋਂ ਪ੍ਰਧਾਨ ਹਾਲੇ ਲਿਫ਼ਾਫ਼ਿਆਂ ਵਿਚੋਂ ਨਹੀਂ ਸੀ ਨਿਕਲਦਾ। ਮੈਂਬਰਾਂ ਦੀ ਰਾਏ ਨਾਲ ਹੀ ਕਿਸੇ ਇਕ ਨੂੰ ਪ੍ਰਧਾਨ ਬਣਾ ਦਿੱਤਾ ਜਾਂਦਾ ਸੀ। ਇਕ ਵਾਰ ਅਜਿਹਾ ਹੋਇਆ ਕਿ ਸਲਾਹ-ਮਸ਼ਵਰਾ ਚੱਲਦਿਆਂ ਪ੍ਰਧਾਨਗੀ ਦੇ ਚਾਹਵਾਨ ਦੋ ਆਗੂਆਂ ਦੇ ਹਮਾਇਤੀ ਬਰੋ-ਬਰਾਬਰ ਗਿਣਤੀ ਵਿਚ ਹੋ ਗਏ। 'ਇਕ ਅਨਾਰ ਦੋ ਬਿਮਾਰ' ਦੇਖ ਕੇ ਦੋਹਾਂ ਧੜਿਆਂ ਵਿਚੋਂ ਪੰਜ ਸਿੰਘ ਚੁਣ ਕੇ ਉਨ੍ਹਾਂ ਨੂੰ ਅਖਤਿਆਰ ਦਿੱਤੇ ਗਏ ਕਿ ਉਹ ਦੋਹਾਂ ਦਾਅਵੇਦਾਰਾਂ ਵਿਚੋਂ ਇਕ ਨੂੰ ਪ੍ਰਧਾਨ ਥਾਪ ਦੇਣ। ਉਨ੍ਹਾਂ ਦਾ ਫੈਸਲਾ ਸਭ ਨੇ ਪ੍ਰਵਾਨ ਕਰਨ ਦਾ ਵਚਨ ਦੇ ਦਿੱਤਾ।

ਪੰਜਾਂ ਸਿੰਘਾਂ ਨੇ ਦੋਹਾਂ ਵਿਚੋਂ ਇਕ ਨੂੰ ਸਾਊ-ਸ਼ਰੀਫ਼, ਪੰਥਪ੍ਰਸਤ ਅਤੇ ਤਿਆਗੀ ਬਿਰਤੀ ਵਾਲਾ ਸਮਝ ਕੇ ਵੱਖਰੇ ਕਮਰੇ ਵਿਚ ਬੁਲਾ ਲਿਆ ਤੇ ਦੱਸਿਆ ਕਿ ਪ੍ਰਧਾਨਗੀ ਦਾ ਹੱਕਦਾਰ ਤੂੰ ਹੀ ਹੈਂ, ਇਸ ਵਿਚ ਕੋਈ ਸ਼ੱਕ ਨਹੀਂ; ਪਰ ਅਸੀਂ ਇਕ ਫਾਰਮੂਲੇ ਅਧੀਨ ਤੁਹਾਡਾ ਦੋਹਾਂ ਦਾ ਮਾਣ ਸਤਿਕਾਰ ਬਰਾਬਰ ਕਰ ਦੇਣਾ ਹੈ। ਸਕੀਮ ਇਹ ਬਣੀ ਕਿ ਪੰਜੇ ਸਿੰਘ ਬਾਹਰ ਜਾ ਕੇ ਅੰਦਰ ਬੁਲਾਏ ਗਏ ਇਸ ਆਗੂ ਦੇ ਗਲ ਵਿਚ ਹਾਰ ਤੇ ਸਿਰੋਪਾ ਪਾ ਕੇ ਉਸ ਨੂੰ ਪ੍ਰਧਾਨ ਥਾਪਣ ਦਾ ਐਲਾਨ ਕਰ ਦੇਣਗੇ, ਪਰ ਉਹ ਜੈਕਾਰਿਆਂ ਦੀ ਗੂੰਜ ਵਿਚ ਆਪਣੇ ਗਲੋਂ ਹਾਰ ਤੇ ਸਿਰੋਪਾ ਲਾਹ ਕੇ ਦੂਜੇ ਆਗੂ ਦੇ ਗਲ ਵਿਚ ਪਾ ਦੇਵੇਗਾ।

ਬੰਦ ਕਮਰੇ ਵਿਚ ਪੰਜਾਂ ਸਿੰਘਾਂ ਸਾਹਮਣੇ ਪ੍ਰਧਾਨਗੀ ਦਾ 'ਤਿਆਗ ਕਰਨਾ' ਮੰਨਣ ਵਾਲਾ ਜਥੇਦਾਰ, ਬਾਹਰ ਆ ਕੇ ਨਿਮਰਤਾ ਨਾਲ ਖਲੋ ਗਿਆ। ਤੈਅਸ਼ੁਦਾ ਸਕੀਮ ਅਨੁਸਾਰ ਪੰਜਾਂ ਸਿੰਘ ਨੇ ਉਹਦੇ ਗਲ ਵਿਚ ਹਾਰ ਤੇ ਸਿਰੋਪਾ ਪਾ ਕੇ ਜੈਕਾਰੇ ਛੱਡ ਦਿੱਤੇ। ਜੈਕਾਰਿਆਂ ਦੇ ਜਵਾਬ ਵਿਚ ਉਹ ਵੀ ਜਾਹੋ-ਜਲਾਲ ਨਾਲ 'ਬੋਲੇ ਸੋ ਨਿਹਾਲ' ਕਰਨ ਲੱਗ ਪਿਆ। ਪੰਜੇ ਸਿੰਘ ਉਸ ਦੇ ਅਗਲੇ 'ਐਕਸ਼ਨ' ਦੀ ਤਵੱਕੋ ਕਰ ਰਹੇ ਸਨ, ਪਰ ਉਹ ਸਭ ਦੇ ਦੇਖਦਿਆਂ ਮਾਈਕ 'ਤੇ ਜਾ ਗੱਜਿਆ। ਫਤਿਹ ਬੁਲਾ ਕੇ ਜਥੇਦਾਰ ਨੇ ਪ੍ਰਧਾਨ 'ਚੁਣਨ' ਲਈ ਪੰਜਾਂ ਸਿੰਘਾਂ ਤੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਨਾ ਸ਼ੁਰੂ ਕਰ ਦਿੱਤਾ।

ਉਰਦੂ ਦੀ ਕਹਾਵਤ ਹੈ, 'ਬੜੇ ਮੀਆਂ ਤੋ ਬੜੇ ਮੀਆਂ, ਛੋਟੇ ਮੀਆਂ ਸੁਭਾਨ ਅੱਲਾ'! ਆਪਣੀ ਜ਼ਿੰਦਗੀ ਦੇ ਸ਼ੁਰੂਆਤੀ ਦੌਰ ਵਿਚ ਮੈਂ ਇਕ ਐਸੇ ਪ੍ਰਧਾਨ ਦਾ ਜਲਵਾ ਜਾਂ ਟੌਰ-ਟੱਪਾ ਵੀ ਦੇਖਿਆ ਹੋਇਆ ਹੈ, ਜੋ ਸ਼ਾਇਦ ਸਭ ਤੋਂ ਛੋਟੀ ਉਮਰ ਦਾ ਪ੍ਰਧਾਨ ਸੀ। ਜਦੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਅਕਾਲੀ ਦਲ ਦੇ ਪ੍ਰਧਾਨ ਬਣੇ ਤਾਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਮਾਤ ਦੇਣ ਲਈ, ਜ਼ੋਰਾਂ-ਸ਼ੋਰਾਂ ਨਾਲ ਅਕਾਲੀ ਦਲ ਦਾ ਯੂਥ ਵਿੰਗ ਕਾਇਮ ਕੀਤਾ ਗਿਆ ਸੀ। ਸਾਡੇ ਜ਼ਿਲ੍ਹੇ ਦੇ ਦੋਹ-ਚਹੁੰ ਪਿੰਡਾਂ ਵਿਚ ਸਕੂਲੋਂ ਭੱਜੇ ਵਿਹਲੜ ਜਿਹੇ ਮੁੰਡੇ ਨੂੰ ਸਰਕਲ ਪ੍ਰਧਾਨ ਬਣਾ ਦਿੱਤਾ ਗਿਆ। ਉਸ ਇਲਾਕੇ ਦੇ ਕਿਸੇ ਪਿੰਡ ਵਿਚ ਦੋਹ ਟੱਬਰਾਂ ਦੀ ਲੜਾਈ ਹੋ ਗਈ। ਉਸ ਯੂਥ ਵਿੰਗੀਏ ਮੁੰਡੇ ਨੇ ਇਕ ਧਿਰ ਦੀ ਮਦਦ ਕਰਨ ਵਾਸਤੇ ਪੁਲਿਸ ਚੌਕੀ ਫੋਨ ਕੀਤਾ। ਚੌਕੀ ਇੰਚਾਰਜ ਨੇ ਅੱਗਿਓਂ ਪੁੱਛਿਆ ਹੋਵੇਗਾ ਕਿ ਕੌਣ ਸਾਹਿਬ ਬੋਲ ਰਹੇ ਹੋ ਜੀ? ਬਣਾ-ਸੁਆਰ ਕੇ ਯੂਥ ਵਿੰਗੀਆ ਬੋਲਿਆ, "ਮੈਂ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ...ਯੂਥ ਵਿੰਗ ਸਰਕਲ...ਫਲਾਣਾ-ਫਲਾਣਾ...।"

ਇਸ ਵਾਕ ਵਿਚਲੇ 'ਪ੍ਰਧਾਨ' ਲਫ਼ਜ਼ ਨੂੰ ਜਦ ਉਸ ਛੋਕਰੂ ਜਿਹੇ ਨੇ ਬੇਲੋੜਾ ਲਮਕਾ ਕੇ, ਤੇ ਰਤਾ ਘਰੋੜ ਕੇ ਬੋਲਿਆ ਤਾਂ ਕੋਲ ਖੜ੍ਹਿਆਂ ਨੇ ਅਸੀਂ ਬੜੀ ਮੁਸ਼ਕਿਲ ਨਾਲ ਆਪਣਾ ਹਾਸਾ ਰੋਕਿਆ। ਸਾਡਾ ਇਹ ਹਾਸਾ ਕੁਝ ਦਿਨਾਂ ਬਾਅਦ ਫੁਹਾਰਿਆਂ ਵਾਂਗ ਛੁੱਟ ਪਿਆ। ਪਿੰਡ ਵਿਚ ਮੌਕਾ ਦੇਖਣ ਚੌਕੀ ਇੰਚਾਰਜ ਆਪ ਗਿਆ ਤੇ ਯੂਥ ਵਿੰਗੀਏ ਮੁੰਡੇ ਦਾ ਨਾਂ ਲੈ ਕੇ ਪੁੱਛਿਆ, ਬਈ ਉਹ ਕਿਹੜਾ ਐ ਜਿਹਨੇ ਮੈਨੂੰ ਫੋਨ ਕੀਤਾ ਸੀ? ਨਵੇਂ ਨਵੇਂ ਬਣੇ ਉਸ 'ਜਥੇਦਾਰ' ਦੇ ਖੜ੍ਹੇ ਹੋਣ 'ਤੇ ਚੌਕੀ ਇੰਚਾਰਜ ਠਹਾਕਾ ਮਾਰ ਕੇ ਹੱਸਿਆ, "ਜਥੇਦਾਰ, ਤੂੰ ਤਾਂ ਮੈਨੂੰ ਉਸ ਦਿਨ ਡਰਾ ਹੀ ਦਿੱਤਾ ਸੀ।"

ਨਕਲ ਉਤਾਰਦਾ ਚੌਕੀ ਇੰਚਾਰਜ ਕਹਿੰਦਾ, "ਪ...ਰ...ਧਾ...ਨ ਸ਼...ਰ...ਰੋ...ਮ...ਣੀ ਅਕਾਲੀ ਦਲ...! ਹਾ...ਹਾ...ਹਾ...! ਮੈਂ ਸੋਚਿਆ, ਲੌਂਗੋਵਾਲ ਸਾਹਿਬ ਦਾ ਫੋਨ ਆ ਗਿਐ।" ਪੁਲਸੀਏ ਵੱਲੋਂ ਲਾਈ ਨਕਲ ਸੁਣ ਕੇ ਇਕੱਠ ਵਿਚ ਹਾਸਾ ਮਚ ਗਿਆ।

ਕਿਸੇ ਸਭਾ-ਸੁਸਾਇਟੀ ਦਾ ਪ੍ਰਧਾਨ ਬਣਨਾ ਬਹੁਤ ਮਾਣ ਵਾਲੀ ਗੱਲ ਹੈ। ਸੁਹਿਰਦ, ਸੂਝਵਾਨ ਤੇ ਅਗਾਂਹਵਧੂ ਸੋਚ ਵਾਲੇ ਮੁਖੀਏ, ਆਪਣੀਆਂ ਸੰਸਥਾਵਾਂ ਲਈ ਬੇੜੀਆਂ ਬੰਨੇ ਲਾਉਣ ਵਾਲੇ ਮਲਾਹ ਹੋ ਨਿਬੜਦੇ ਹਨ। ਤਿਆਗ ਭਾਵਨਾ ਨਾਲ ਸੇਵਾ ਨਿਭਾਉਣ ਵਾਲੇ ਅਜਿਹੇ ਪ੍ਰਧਾਨ ਜੇ ਕਿਸੇ ਵਜ੍ਹਾ ਆਪਣੇ ਅਸਤੀਫ਼ੇ ਦੀ ਪੇਸ਼ਕਸ਼ ਵੀ ਕਰਨ ਤਾਂ ਅਕਸਰ ਉਨ੍ਹਾਂ 'ਤੇ ਦਬਾਅ ਪਾਇਆ ਜਾਂਦਾ ਹੈ ਕਿ ਉਹ ਸੰਸਥਾ ਦੀ ਸੇਵਾ ਕਰਦੇ ਰਹਿਣ। ਮਨ-ਚਿਤ ਵਿਚ ਥੋੜ੍ਹੀ ਬਹੁਤੀ ਵੀ ਤਿਆਗ ਬਿਰਤੀ ਰੱਖਣ ਵਾਲੇ ਅਜਿਹੇ ਪ੍ਰਧਾਨ ਕਦੇ ਵੀ ਕੁਰਸੀ ਲਈ ਰਾਲਾਂ ਨਹੀਂ ਵਗਾਉਣਗੇ।

ਇਸ ਦੇ ਉਲਟ ਪ੍ਰਧਾਨਗੀ ਨੂੰ ਜੱਟ-ਜੱਫਾ ਮਾਰੀ ਬੈਠੇ ਪ੍ਰਧਾਨ ਆਪਣੀ ਸੰਸਥਾ ਲਈ ਹੀ ਨਹੀਂ, ਸਗੋਂ ਪੂਰੀ ਕੌਮ ਲਈ ਨਮੋਸ਼ੀ ਦਾ ਕਾਰਨ ਬਣਦੇ ਹਨ। ਦੁਖੀ ਹਿਰਦੇ ਨਾਲ ਇਹ ਗੱਲ ਕਹਿਣੀ ਪੈਂਦੀ ਹੈ ਕਿ ਦੁਨੀਆਂ ਭਰ ਦੇ ਬਹੁਤੇ ਗੁਰਦੁਆਰਿਆਂ ਦਾ ਪ੍ਰਬੰਧ ਜੱਫਾ-ਮਾਰ ਪ੍ਰਧਾਨਾਂ ਨੇ ਸਾਂਭਿਆ ਹੋਇਆ ਹੈ। ਇਸੇ ਕਾਰਨ ਕਿਸੇ ਵਿਰਲੇ ਗੁਰਦੁਆਰੇ ਨੂੰ ਛੱਡ ਕੇ, ਸਭ ਦੇ ਕਚਹਿਰੀਆਂ ਵਿਚ ਮੁਕੱਦਮੇ ਚੱਲਦੇ ਹਨ।

ਕਈ ਹਾਲਤਾਂ ਵਿਚ ਪ੍ਰਧਾਨ ਦਾ ਓਨਾ ਕਸੂਰ ਨਹੀਂ ਹੁੰਦਾ ਜਿੰਨਾ ਉਸ ਨੂੰ ਪ੍ਰਧਾਨ ਬਣਾਉਣ ਵਾਲੇ ਮੈਂਬਰਾਂ ਦਾ ਹੁੰਦਾ ਹੈ। ਚੰਗੀ ਭਲੀ ਚੱਲ ਰਹੀ ਕਿਸੇ ਜਥੇਬੰਦੀ ਦੇ ਮੈਂਬਰਾਂ ਵਿਚੋਂ ਇਕ ਅੱਧ ਨੂੰ ਪ੍ਰਧਾਨਗੀ ਦੀ ਲਾਲਸਾ ਦਾ ਰੋਗ ਚਿੰਬੜ ਜਾਂਦਾ ਹੈ। ਇਸੇ ਲਾਲਸਾ ਅਧੀਨ ਉਸ ਨੂੰ ਪ੍ਰਧਾਨ ਤੇ ਉਸ ਦੇ ਸਮਰਥਕਾਂ ਵਿਚ ਦੁਨੀਆਂ ਭਰ ਦੇ ਐਬ ਨਜ਼ਰ ਆਉਣ ਲੱਗ ਪੈਂਦੇ ਹਨ। ਪ੍ਰਧਾਨ ਨੂੰ ਸਾਰਥਕ ਸਹਿਯੋਗ ਦੇਣ ਦੀ ਬਜਾਏ 'ਨਾਰਾਜ਼' ਮੈਂਬਰ ਜਾਂ ਤਾਂ ਸਾਥੀ ਮੈਂਬਰਾਂ ਦੀ ਜੋੜ-ਤੋੜ ਕਰਨ ਲੱਗ ਪੈਂਦਾ ਹੈ। ਜਦੋਂ ਆਪ ਪ੍ਰਧਾਨ ਹੁੰਦੇ ਹਨ ਤਾਂ ਪ੍ਰਧਾਨਗੀ ਛੱਡਣ ਦਾ ਨਾਂ ਨਹੀਂ ਲੈਂਦੇ ਅਤੇ ਇਸ ਪਿਛੇ ਗੁਰਦੁਆਰੇ ਦਾ ਅਤੇ ਵਿਰੋਧੀਆਂ ਦਾ ਹਜ਼ਾਰਾਂ ਡਾਲਰ ਖਰਚਾ ਦਿੰਦੇ ਹਨ। ਜਦੋਂ ਪ੍ਰਧਾਨਗੀ ਖੁਸਦੀ ਹੈ ਤਾਂ ਨਵੇਂ ਬਣੇ ਪ੍ਰਧਾਨ ਵਿਰੁਧ ਪ੍ਰਧਾਨਗੀ ਨੂੰ ਚਿੰਬੜੇ ਰਹਿਣ ਦੇ ਦੋਸ਼ ਲਾਉਣ ਲੱਗਦੇ ਹਨ ਅਤੇ ਮਾਮਲਾ ਫਿਰ ਅਦਾਲਤਾਂ ਵਿਚ...। ਜੇ ਚਾਰੇ ਸਿਰੇ ਪ੍ਰਧਾਨਗੀ ਖੋਹੀ ਨਾ ਜਾ ਸਕੇ, ਤਦ ਇਕ ਹੋਰ ਗੁਰਦੁਆਰਾ ਬਣਾ ਕੇ 'ਪ੍ਰਧਾਨ ਸਾਹਿਬ' ਸਦਾਉਣ ਦੀ ਰੀਝ ਪੂਰੀ ਕਰ ਲਈ ਜਾਂਦੀ ਹੈ। ਇਕ ਹੀ ਪਿੰਡ-ਮੁਹੱਲੇ ਵਿਚ ਜਦੋਂ ਵੀ ਕਿਤੇ ਦੂਜਾ ਗੁਰਦੁਆਰਾ ਬਣਦਾ ਹੈ, ਉਹਦੇ ਪਿਛੇ ਕਾਰਨ ਤਕਰੀਬਨ ਇਹੀ ਹੁੰਦਾ ਹੈ।

ਸਿਰਫ ਗੁਰਦੁਆਰੇ ਹੀ ਨਹੀਂ, ਨਵੀਆਂ ਨਵੀਆਂ ਸਭਾ-ਸੁਸਾਇਟੀਆਂ, ਜਥੇਬੰਦੀਆਂ ਜਾਂ ਪਾਰਟੀਆਂ ਬਣਨ ਪਿਛੇ ਵੀ ਬਹੁਤਾ 'ਪ੍ਰਧਾਨਗੀ ਦਾ ਕੀੜਾ' ਹੀ ਕਾਰਨ ਹੁੰਦਾ ਹੈ। ਇਸੇ ਵਜ੍ਹਾ ਕਾਰਨ ਅਕਾਲੀ ਦਲ ਬਣਦੇ-ਟੁੱਟਦੇ ਰਹਿੰਦੇ ਹਨ। ਇਹ ਰੋਗ ਐਨਾ ਵਸੀਹ ਹੋ ਚੁਕਾ ਹੈ ਕਿ ਟਕਸਾਲਾਂ ਤੇ ਫੈਡਰੇਸ਼ਨਾਂ ਦੀ ਗਿਣਤੀ ਹੀ ਕੋਈ ਨਹੀਂ। ਕਿਸੇ ਮਾਰੂ ਵਬਾ ਵਾਂਗ ਪ੍ਰਧਾਨਗੀ ਦੀ ਭੁੱਖ ਨੇ ਪੰਜਾਬੀਆਂ ਦੀਆਂ ਤਮਾਮ ਜਥੇਬੰਦੀਆਂ ਨੂੰ ਇੱਕ ਤੋਂ ਦੋ-ਦੋ, ਤਿੰਨ-ਤਿੰਨ ਧੜੇਬੰਦੀਆਂ ਵਿਚ ਵੰਡ ਛੱਡਿਆ ਹੈ। ਸਿਤਮ ਦੀ ਗੱਲ ਹੈ ਕਿ ਗੁਰਦੁਆਰਿਆਂ ਦੀਆਂ ਸਟੇਜਾਂ ਉਤੇ ਨਵਾਬੀ ਲੈ ਕੇ ਵੀ ਘੋੜਿਆਂ ਦੀ ਲਿੱਦ ਚੁੱਕਣ ਵਾਲੇ ਸਰਦਾਰ ਕਪੂਰ ਸਿੰਘ ਦਾ ਪ੍ਰਸੰਗ ਸੁਣਾਇਆ ਜਾ ਰਿਹਾ ਹੁੰਦੈ, ਤੇ ਉਥੇ ਹੀ ਪ੍ਰਧਾਨਗੀ-ਯੁਧ ਲੜਨ ਦੀਆਂ ਸਕੀਮਾਂ ਬਣ ਰਹੀਆਂ ਹੁੰਦੀਆਂ ਹਨ! ਪ੍ਰਧਾਨਗੀ ਦੀ ਮਹਿਮਾ ਕੌਮ ਲਈ ਸਰਾਪ ਬਣੀ ਹੋਈ ਹੈ ਇਸ ਵੇਲੇ। ਅਫਸੋਸ!

---

## ਕਾਵਿ-ਕਿਆਰੀ

### ਚੋਣ!

ਬਾਬੇ ਨਾਨਕ ਜਾਨਸ਼ੀਨ ਕਿੰਜ ਚੁਣਿਆ ਸੀ,
ਬਾਕੀ ਗੁਰੂਆਂ ਨੀਤੀ ਓਹੀਓ ਧਾਰੀ ਸੀ।
ਦਸਵੇਂ ਨਾਨਕ ਪੰਜ ਸਿੰਘਾਂ ਨੂੰ ਚੁਣਨ ਸਮੇਂ,
ਸਿਰ ਦੇਵਣ ਦੀ 'ਵਾਜ ਸੰਗਤ ਵਿਚ ਮਾਰੀ ਸੀ।
ਜਥੇਦਾਰਾਂ ਜਰਨੈਲਾਂ ਦੀ ਚੋਣ ਸਮੇਂ,
ਸਿੱਖਾਂ ਦੀ ਹਰ ਯੋਗਤਾ ਗਈ ਵਿਚਾਰੀ ਸੀ।

ਬਹੁ-ਸੰਮਤੀ ਤੋਂ ਸਰਬ-ਸੰਮਤੀ ਉਪਰ ਸੀ,
ਗੁਣਾਂ ਦਾ ਪਲੜਾ ਗਿਣਤੀ ਨਾਲੋਂ ਭਾਰੀ ਸੀ।
ਵਿਚਾਰਧਾਰਾ ਪ੍ਰਧਾਨ ਸਦਾ ਸੀ ਨਿੱਜ ਨਾਲੋਂ,
ਤਾਹੀਓਂ ਪੰਚ-ਪ੍ਰਧਾਨੀ ਗਈ ਸਤਿਕਾਰੀ ਸੀ।
ਲੋਕਤੰਤਰ ਤੇ ਸਿੱਖੀ ਵਿਚਲਾ ਫਰਕ ਇਹੋ,
ਸਿਰਾਂ ਦੀ ਗਿਣਤੀ ਨਾਲੋਂ ਬੁੱਧ ਸਵਿਕਾਰੀ ਸੀ।

ਹਰ ਅਹੁਦਾ ਸੰਗਤ ਤੋਂ ਰਹਿੰਦਾ ਛੋਟਾ ਸੀ,
ਸੇਵਾ ਵੀ ਨਿਸ਼ਕਾਮੀ, ਪਰ-ਉਪਕਾਰੀ ਸੀ।
ਸਹਿਣਸ਼ੀਲਤਾ, ਮਿੱਠਤ ਅਤੇ ਨਿਮਰਤਾ ਸੀ,
ਅੱਜ ਵਾਂਗੂੰ ਨਾ ਅਹੁਦਾ ਕੋਈ ਹੰਕਾਰੀ ਸੀ।
ਨਿੱਜ ਨੂੰ ਛੱਡ ਕੇ ਭਲਾ ਜਗਤ ਦਾ ਮੰਗਦੀ ਜੋ,
ਗੁਰਮਤਿ ਬਖਸ਼ੀ ਨੀਤੀ ਬਹੁਤ ਪਿਆਰੀ ਸੀ।
ਜਦ ਤੋਂ ਇਨ੍ਹਾਂ ਗੁਰਮਤਿ-ਜੁਗਤੀ ਛੱਡੀ ਹੈ,
ਤਦ ਤੋਂ ਹੋਈ ਸ਼ੁਰੂ ਸਿੱਖਾਂ ਦੀ ਖੁਆਰੀ ਸੀ।

*-ਡਾ. ਗੁਰਮੀਤ ਸਿੰਘ ਬਰਸਾਲ*
*ਕੈਲੀਫੋਰਨੀਆ।*

---

### ਕਲਾਮ ਨੂੰ ਸਲਾਮ

ਭਾਰਤ ਵਰਸ਼ ਅੱਜ ਕਰੇ ਸਲਾਮ
ਨਾਮ ਸੀ ਜਿਸ ਦਾ ਅਬਦੁੱਲ ਕਲਾਮ
ਤਰੱਕੀ ਦੇ ਰਾਹ ਉਹ ਗਿਆ ਵਿਖਾ।
ਸੰਸਾਰ ਵਿਚ ਗਿਆ ਦੇਸ ਦਾ ਨਾਮ ਚਮਕਾ।

ਧਰਮ-ਜਾਤ ਤੋਂ ਉਪਰ ਆ ਕੇ
ਬਣਾ ਗਿਆ ਐਸੇ ਹਥਿਆਰ ਨਵੇਂ
ਲੋੜ ਸੀ ਭਾਰਤ ਨੂੰ ਜਿਸ ਦੀ ਹਰ ਥਾਂ।
ਸੰਸਾਰ ਵਿਚ ਗਿਆ ਦੇਸ ਦਾ ਨਾਮ ਚਮਕਾ।

ਮਿਜ਼ਾਇਲ ਮੈਨ ਵਜੋਂ ਜਾਣਿਆ ਜਾਵੇਗਾ
ਗਿਆਨ ਦਾ ਸੀ ਉਸ ਅੰਦਰ ਵਗਦਾ ਦਰਿਆ
ਕਾਢਾਂ ਕੱਢ ਉਹ ਗਿਆ ਪਿਰਤ ਨਵੀਂ ਪਾ।
ਸੰਸਾਰ ਵਿਚ ਗਿਆ ਦੇਸ ਦਾ ਨਾਮ ਚਮਕਾ।

ਰੋਜ਼ ਰੋਜ਼ ਨਾ ਇਹ ਹੀਰੇ ਜੰਮਦੇ
ਲੱਭਣੇ ਪੈਂਦੇ ਵਿਚੋਂ ਇਹ ਕੋਲਿਆਂ ਬਲਦੇ
'ਥਾਂਦੀ' ਸਿਰ ਝੁਕ ਜਾਂਦਾ ਜੰਮਿਆ ਜਿਸ ਮਾਂ।
ਸੰਸਾਰ ਵਿਚ ਗਿਆ ਦੇਸ ਦਾ ਨਾਮ ਚਮਕਾ।

*-ਸਤਵਿੰਦਰ ਥਾਂਦੀ ਦੌਲਤਪੁਰੀ*
*ਇੰਡੀਆਨਾ*

---

### ਠੇਕੇਦਾਰ ਦੀ ਪੁਕਾਰ

ਟੈਂਡਰ ਲਿਸਟ ਸੌਂਪੀ ਠੇਕੇਦਾਰ ਭਗਵੇਂ
ਸੜਕਾਂ, ਨਹਿਰਾਂ ਬਣਾਉਣ ਦੀ ਖੁੱਲ੍ਹ ਬਖਸ਼ੋ।
ਕਮਿਸ਼ਨ ਦਸਵੰਧ ਦੀ ਥਾਂ ਅੱਧੋ ਅੱਧ ਹੋਊ
ਸਾਨੂੰ ਲੁੱਟ ਮਚਾਉਣ ਦੀ ਖੁੱਲ੍ਹ ਬਖਸ਼ੋ।
ਹਊਆ ਵਿਜੀਲੈਂਸ ਜਾਂਚ ਦਾ ਖੜ੍ਹਾ ਕਰਕੇ
ਸਾਨੂੰ ਅਫਸਰ ਡਰਾਉਣ ਦੀ ਖੁੱਲ੍ਹ ਬਖਸ਼ੋ।
ਚੋਣਾਂ ਆਉਣ 'ਤੇ ਦੇਵਾਂਗੇ ਪਾਰਟੀ ਫੰਡ
ਬਿਲ ਪਾਸ ਕਰਾਉਣ ਦੀ ਖੁੱਲ੍ਹ ਬਖਸ਼ੋ।
ਸੜਕ ਖਿਲਰੇ, ਛੇਤੀ ਹੀ ਨਹਿਰ ਟੁੱਟੇ
'ਗਿੱਲ' ਟਾਕੀਆਂ ਲਾਉਣ ਦੀ ਖੁੱਲ੍ਹ ਬਖਸ਼ੋ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

---

### ਵਕਤ

ਵਕਤ ਬੁਰਾ ਨਹੀਂ ਸਦਾ ਇਹ ਰਹਿਣਾ
ਇਹ ਟਲ ਜਾਣਾ ਹੈ ਯਾਰਾ।
ਹਾਰ ਨਾ ਦਿਲ ਨੂੰ, ਸਮਾਂ ਖੁਸ਼ੀ ਦਾ
ਆਖਰ ਆਉਣਾ ਹੈ ਯਾਰਾ।

ਸਬਰ, ਲਗਨ ਤੇ ਮਿਹਨਤ ਨਾਲ
ਕੰਮ ਬਸ ਕਰ ਲੈ ਤੂੰ।
ਕਸ਼ਟ ਮੁਸੀਬਤ ਦੁੱਖ ਔਕੜ ਨੂੰ
ਇਕ ਵਾਰ ਜਰ ਲੈ ਤੂੰ।
ਕਾਮਯਾਬੀ ਦਾ ਰਾਜ਼, ਗਮ ਤੋਂ
ਨਾ ਘਬਰਾਉਣਾ ਹੈ ਯਾਰਾ...

ਜ਼ਿੰਦਗੀ ਮਿਲੀ ਹੈ ਜੀਣ ਲਈ
ਕਿਉਂ ਮਰੂੰ ਮਰੂੰ ਹੈ ਕਰਨਾ।
ਇਰਾਦੇ ਬੁਲੰਦ ਹੋਣ ਤਾਂ ਫਿਰ ਕਿਉਂ
ਮੌਤ ਤੋਂ ਹੈਗਾ ਡਰਨਾ।
ਹਿੱਕ ਤਾਣ ਕੇ ਇਸ ਜੱਗ 'ਚੋਂ
ਫਿਰ ਆਖਰ ਜਾਣਾ ਹੈ ਯਾਰਾ...

ਨਜ਼ਰਾਂ ਫੇਰਨ ਵਾਲਿਆਂ ਨੂੰ ਤੂੰ
ਫੇਰ ਲੈਣ ਦੇ ਨਜ਼ਰਾਂ।
ਲੋੜ ਪੈਣ 'ਤੇ ਇਕ ਦਿਨ ਤੇਰੀਆਂ
ਹੋਣੀਆਂ ਉਨ੍ਹਾਂ ਨੂੰ ਕਦਰਾਂ।
ਜ਼ਿੰਦਗੀ ਨਾਮ ਗਮ ਵਿਚ ਵੀ
ਮੁਸਕਾਉਣਾ ਹੀ ਹੈ ਯਾਰਾ...

ਹਿੰਮਤ ਕਰੇ ਅਗਰ ਇਨਸਾਨ
ਤਾਂ ਕੀ ਨਹੀਂ ਹੋ ਸਕਦਾ।
ਨਾਮੁਮਕਿਨ ਵੀ ਫਿਰ ਉਸ ਨੂੰ
ਮੁਮਕਿਨ ਜਿਹਾ ਹੈ ਲੱਗਦਾ।
ਉਸ ਅੱਗੇ ਫੌਲਾਦ ਨੇ ਵੀ
ਪਿਘਲ ਜਾਣਾ ਹੈ ਯਾਰਾ...

*-ਦਿਲਪ੍ਰੀਤ ਮਾਨ*
*ਫੋਨ: 559-291-7116*

---

### ਮੇਰਾ ਘਰ

ਦਰਖ਼ਤਾਂ ਦੀਆਂ ਦੀਵਾਰਾਂ ਅਸਮਾਨ ਦੀ ਛੱਤ ਹੋਵੇ
ਧਰਤੀ ਦੇ ਵਿਹੜੇ ਵਿਚ ਗੈਰਤ ਤੇ ਸੱਤ ਹੋਵੇ
ਬੁੱਢਿਆਂ ਤੇ ਨਿੱਕਿਆਂ ਨੂੰ ਜੀਵਨ ਦੀ ਮੱਤ ਹੋਵੇ
ਬਾਲੜੀਆਂ ਧੀਆਂ ਦੀ ਲੱਥਦੀ ਨਾ ਪੱਤ ਹੋਵੇ।

ਵਿਹੜੇ ਵਿਚ ਹਰੇ ਭਰੇ ਰੁੱਖਾਂ ਦੀ ਛਾਂ ਹੋਵੇ
ਬੈਠੀ ਉਸ ਛਾਂ ਥੱਲੇ ਬੁੱਢੜੀ ਜਿਹੀ ਮਾਂ ਹੋਵੇ
ਰਿਹਾ ਬੋਲ ਬਨੇਰੇ 'ਤੇ ਇਕ ਕਾਲਾ ਕਾਂ ਹੋਵੇ
ਮੇਰਾ ਇਹ ਘਰ ਸੋਹਣਾ ਸਵਰਗਾਂ ਜਿਹਾ ਤਾਂ ਹੋਵੇ।

ਇਸ ਘਰ ਦੇ ਕੋਲ ਜਿਹੇ ਇਕ ਵਗਦੀ ਨਦੀ ਹੋਵੇ
ਭਾਵੇਂ ਹੋਵੇ ਵਰਤਮਾਨ ਜਾਂ ਬੀਤੀ ਸਦੀ ਹੋਵੇ
ਜਿਥੇ ਪਿਆਰ ਹੀ ਪਿਆਰ ਰਵੇ ਨਫ਼ਰਤ ਨਾ ਕਦੀ ਹੋਵੇ
ਇਸ ਘਰ ਦੇ ਨੇੜੇ ਵੀ ਰੱਬ ਜੀ, ਨਾ ਬਦੀ ਹੋਵੇ।

ਫੁੱਲ ਖਿੜਦੇ ਰਹਿਣ ਸਦਾ ਬੂਟਿਆਂ 'ਤੇ ਹਰਿਆਲੀ
ਠੰਢੜੀ ਜਿਹੀ ਹਵਾ ਵਗੇ ਝੂਮ ਡਾਲੀ ਡਾਲੀ
ਮੇਰਾ ਬਾਗ ਰਹੇ ਖਿੜਿਆ ਸਦਾ ਹੱਸਦਾ ਰਹੇ ਮਾਲੀ
ਪਰਿਵਾਰ ਦੇ ਚਿਹਰੇ 'ਤੇ ਸਦਾ ਖੇਡੇ ਖੁਸ਼ਹਾਲੀ।

ਇਸ ਘਰ ਦੇ ਮਾਲਕ ਨੂੰ ਮੇਰੇ ਨਾਲ ਪਿਆਰ ਹੋਵੇ
ਉਹਦੀ ਹਰ ਇਕ ਗਲ ਉਤੇ ਮੈਨੂੰ ਇਤਬਾਰ ਹੋਵੇ
ਸਦਾ ਕੌਲ ਰਹਿਣ ਪੁੱਗਦੇ ਨਾ ਗਲਤ ਕਰਾਰ ਹੋਵੇ
ਕੁਝ ਐਸਾ ਹੋਵੇ ਨਾ ਜਿੰਦ ਸ਼ਰਮਸਾਰ ਹੋਵੇ।

ਮੇਰੇ ਇਸ ਘਰ ਅੰਦਰ ਸਦਾ ਵੱਸਦਾ ਸੁਖ ਹੋਵੇ
ਮੇਰੇ ਇਸ ਘਰ ਅੰਦਰ ਨਾ ਕਦੀ ਵੀ ਦੁਖ ਹੋਵੇ
ਸਦਾ ਬਰਕਤ ਵੱਸਦੀ ਰਹੇ ਨਾ ਕਦੀ ਵੀ ਭੁੱਖ ਹੋਵੇ
ਕੋਈ ਬੂਟਾ ਸੁੱਕੇ ਨਾ, ਹਰਿਆ ਹਰ ਰੁੱਖ ਹੋਵੇ।

ਮੇਰੇ ਘਰ ਵਿਚ ਖੁਸ਼ੀਆਂ ਦਾ ਵੱਜਦਾ ਸੰਗੀਤ ਰਹੇ
ਮੇਰੇ ਘਰ ਵਿਚ ਸਭਨਾਂ ਦੀ ਆਪਸ ਵਿਚ ਪ੍ਰੀਤ ਰਹੇ
ਸੇਵਾ ਤੇ ਸਿਮਰਨ ਦੀ ਮੇਰੇ ਘਰ ਵਿਚ ਰੀਤ ਰਹੇ
ਗੁਰੂ ਨਾਨਕ ਨਾਲ ਜੁੜੀ ਸਦਾ ਹੀ 'ਸੁਰਜੀਤ' ਰਹੇ।

*-ਬੀਬੀ ਸੁਰਜੀਤ ਕੌਰ*
*ਸੈਕਰਾਮੈਂਟੋ, ਕੈਲੀਫੋਰਨੀਆ।*

# ਇਉਂ ਫੋਲ੍ਹੇ ਭਾਰਤੀ ਲੀਡਰਾਂ ਨੇ ਇਕ ਦੂਜੇ ਦੇ ਪੋਤੜੇ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਤੇਰਾਂ ਅਗਸਤ ਨੂੰ ਖਤਮ ਹੋਇਆ ਪਾਰਲੀਮੈਂਟ ਦਾ ਮੌਨਸੂਨ ਸੈਸ਼ਨ ਬਾਕੀ ਦਿਨਾਂ ਨਾਲੋਂ ਬਾਰਾਂ ਅਗਸਤ ਦੀ ਭਾਸ਼ਣਬਾਜ਼ੀ ਲਈ ਲੋਕਾਂ ਨੂੰ ਵੱਧ ਯਾਦ ਆਇਆ ਕਰੇਗਾ। ਇਹ ਇੱਕੋ ਦਿਨ ਸਾਰੇ ਸੈਸ਼ਨ ਦਾ ਹਾਸਲ ਸੀ। ਆਜ਼ਾਦੀ ਤੋਂ ਬਾਅਦ ਇਸ ਦੇਸ਼ ਨੂੰ ਕਿਸ ਤਰ੍ਹਾਂ ਦੀ ਲੀਡਰਸ਼ਿਪ ਨਸੀਬ ਹੋਈ ਹੈ, ਇਸ ਇੱਕੋ ਦਿਨ ਵਿਚ ਉਸ ਦੇ ਕਈ ਨਕਾਬ ਲਹਿੰਦੇ ਗਏ ਤੇ ਅਸਲੀ ਚਿਹਰਾ ਸਾਹਮਣੇ ਆ ਗਿਆ। ਇਹ ਅਸਲ ਚਿਹਰਾ ਬੇਹੂਦਗੀ ਦੀ ਸਿਖਰ ਹੈ। ਸਾਨੂੰ ਅਫਸੋਸ ਹੈ ਕਿ ਦੇਸ਼ ਦੀ ਆਜ਼ਾਦੀ ਦੀ ਦੋ-ਘੱਟ-ਸੱਤਰਵੀਂ ਵਰ੍ਹੇਗੰਢ ਮਨਾਉਣ ਵੇਲੇ ਸਾਨੂੰ ਇਸ ਤਰ੍ਹਾਂ ਦੇ ਲਫਜ਼ ਵਰਤਣੇ ਪਏ ਹਨ, ਪਰ ਇਸ ਤੋਂ ਬਚਣ ਦਾ ਵੀ ਕੋਈ ਢੰਗ ਨਹੀਂ ਲੱਭ ਸਕਦਾ। ਇਹ ਸੱਚ ਪ੍ਰਵਾਨ ਕਰਨਾ ਹੀ ਪੈਣਾ ਹੈ।

ਪੰਜ ਦਿਨ ਪਾਰਲੀਮੈਂਟ ਵਿਚ ਵਿਰੋਧੀ ਧਿਰ ਨਹੀਂ ਸੀ ਰੜਕ ਰਹੀ, ਕਿਉਂਕਿ ਕਾਂਗਰਸ ਦੇ 44 ਮੈਂਬਰਾਂ ਵਿਚੋਂ ਪੰਝੀ ਸਸਪੈਂਡ ਕੀਤੇ ਗਏ ਸਨ ਅਤੇ ਬਾਕੀ ਬਾਈਕਾਟ ਕਰ ਕੇ ਉਨ੍ਹਾਂ ਦੇ ਨਾਲ



ਅਰੁਣ ਜੇਤਲੀ

ਬਾਹਰ ਜਾ ਬੈਠੇ ਸਨ। ਕਈ ਹੋਰ ਧਿਰਾਂ ਇਸ ਫੈਸਲੇ ਕਾਰਨ ਸਰਕਾਰ ਵਿਰੁਧ ਰੋਸ ਵਜੋਂ ਬਾਹਰ ਜਾ ਬੈਠੀਆਂ ਤੇ ਜਿਨ੍ਹਾਂ ਨੇ ਬਾਹਰ ਬੈਠਣ ਦੀ ਥਾਂ ਅੰਦਰ ਆਪਣੀ ਗੱਲ ਕਹਿਣ ਦਾ ਇਰਾਦਾ ਬਣਾਇਆ ਸੀ, ਉਨ੍ਹਾਂ ਨੂੰ ਵਾਕ-ਆਊਟ ਕਰਨਾ ਪੈ ਗਿਆ ਸੀ। ਪੰਜ ਦਿਨ ਦਾ ਇਹ ਸਮਾਂ ਮੁੱਕਣ ਪਿੱਛੋਂ ਉਹ ਘੜੀ ਆਣ ਪਹੁੰਚੀ, ਜਦੋਂ ਹੁਕਮਰਾਨ ਭਾਰਤੀ ਜਨਤਾ ਪਾਰਟੀ ਤੇ ਵਿਰੋਧੀ ਧਿਰ ਦੀ ਮੁੱਖ ਪਾਰਟੀ ਕਾਂਗਰਸ ਆਹਮੋ-ਸਾਹਮਣੇ ਹੋ ਗਈਆਂ। ਕਾਂਗਰਸ ਨੇ ਵੀ ਲੰਮਾ ਸਮਾਂ ਦੇਸ਼ ਉਤੇ ਰਾਜ ਕੀਤਾ ਹੋਇਆ ਹੈ।

ਮੁੱਦਾ ਸਿਰਫ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੱਲੋਂ ਕ੍ਰਿਕਟ ਖੇਤਰ ਦੇ ਸਭ ਤੋਂ ਵੱਡੇ ਘੋਟਾਲੇਬਾਜ਼ ਤੇ ਭਾਰਤ ਤੋਂ ਭਗੌੜੇ ਹੋ ਕੇ ਬਰਤਾਨੀਆ ਵਿਚ ਰਾਜਸੀ ਸ਼ਰਣ ਲਈ ਬੈਠੇ ਲਲਿਤ ਮੋਦੀ ਦੀ ਮਦਦ ਕਰਨ ਦਾ ਸੀ। ਸੁਸ਼ਮਾ ਸਵਰਾਜ ਨੇ ਇਸ ਮਦਦ ਨੂੰ ਮਨੁੱਖੀ ਅਧਾਰ ਉਤੇ ਕੀਤੀ ਗਈ ਆਖ ਕੇ ਪੱਲਾ ਛੁਡਾਉਣਾ ਚਾਹਿਆ, ਪਰ ਸਾਰਾ ਭਾਰਤ ਇਹ ਗੱਲ ਜਾਣਦਾ ਹੈ ਕਿ ਇਹ ਮਦਦ ਮਨੁੱਖੀ ਤੋਂ ਵੱਧ ਕਾਰੋਬਾਰੀ ਸੀ। ਲਲਿਤ ਮੋਦੀ ਨਾਲ ਸੁਸ਼ਮਾ ਦੇ ਪਤੀ ਦੇ ਕਾਰੋਬਾਰੀ ਰਿਸ਼ਤੇ ਵੀਹ ਸਾਲਾਂ ਤੋਂ ਵੱਧ ਪੁਰਾਣੇ ਸਨ ਤੇ ਸੁਸ਼ਮਾ ਦੀ ਧੀ ਬਾਂਸੁਰੀ ਵਕੀਲਾਂ ਦੀ ਉਸ ਟੀਮ ਦਾ ਹਿੱਸਾ ਬਣ ਕੇ ਕੰਮ ਕਰਦੀ ਰਹੀ, ਜਿਹੜੀ ਕਾਨੂੰਨੀ ਟੀਮ ਲਲਿਤ ਮੋਦੀ ਵੱਲੋਂ ਪਾਸਪੋਰਟ ਦਾ ਕੇਸ ਲੜਦੀ ਸੀ। ਲੋਕ ਕਹਿ ਰਹੇ ਹਨ ਬਾਂਸਰੀ ਦੀ ਵਕਾਲਤ ਮਾਂ ਦੀ ਲੀਡਰੀ ਦੇ ਜੈਕ ਆਸਰੇ ਵੱਧ ਚੱਲਦੀ ਹੈ, ਜਿਸ ਕਰ ਕੇ ਪੰਜਾਬ ਸਮੇਤ ਕਈ ਰਾਜ ਉਸ ਕੁੜੀ ਨੂੰ ਆਪਣੇ ਵਕੀਲਾਂ ਦੇ ਪੈਨਲ ਵਿਚ ਪਾਈ ਰੱਖਦੇ ਹਨ। ਇਹ ਸਭ ਕੁਝ ਐਵੇਂ ਨਹੀਂ ਹੋ ਜਾਂਦਾ।

ਰਾਹੁਲ ਗਾਂਧੀ ਨੇ ਇਹ ਗੱਲ ਪਾਰਲੀਮੈਂਟ ਵਿਚ ਦੱਸੀ ਕਿ ਉਸ ਨੂੰ ਸੁਸ਼ਮਾ ਸਵਰਾਜ ਨੇ ਮਿਲ ਕੇ ਪੁੱਛਿਆ ਸੀ ਕਿ ਉਹ ਉਸ ਨਾਲ ਗੁੱਸੇ ਕਿਉਂ ਹੈ? ਏਦਾਂ ਦੀ ਦੋ ਜਣਿਆਂ ਦੀ ਨਿੱਜੀ ਗੱਲ ਓਥੇ ਹੀ ਛੱਡ ਦਿੱਤੀ ਜਾਂਦੀ ਹੈ, ਪਰ ਅਨਾੜੀ ਹੋਣ ਕਾਰਨ ਰਾਹੁਲ ਨੇ ਪਾਰਲੀਮੈਂਟ ਵਿਚ ਆਪਣੇ ਭਾਸ਼ਣ ਉਤੇ ਜ਼ੋਰ ਦੇਣ ਲਈ ਦੱਸ ਦਿੱਤੀ। ਫਿਰ ਉਹ ਸਿੱਧੇ ਗੋਲੇ ਦਾਗਦਾ ਇਹ ਪੁੱਛਣ ਲੱਗ ਪਿਆ ਕਿ ਸੁਸ਼ਮਾ ਜੀ, ਲਲਿਤ ਮੋਦੀ ਤੋਂ ਤੁਸੀਂ ਇਸ ਮਦਦ ਦੇ ਬਦਲੇ ਪੈਸਾ ਕਿੰਨਾ ਵਸੂਲ ਕੀਤਾ ਹੈ? ਤੁਹਾਡੀ ਬੇਟੀ ਨੇ ਕਿੰਨਾ ਪੈਸਾ ਲਲਿਤ ਮੋਦੀ ਤੋਂ ਲਿਆ ਹੈ? ਸੁਸ਼ਮਾ ਸਵਰਾਜ ਦੇ ਪਤੀ ਦੇ ਲਲਿਤ ਨਾਲ ਕੋਈ ਸਿੱਧੇ ਜਾਂ ਅਸਿੱਧੇ ਰਿਸ਼ਤੇ ਵੀ ਪੁੱਛਣ ਲੱਗ ਪਿਆ। ਇਸ ਪਿੱਛੋਂ ਸੁਸ਼ਮਾ ਸਵਰਾਜ ਵੀ ਭੜਕ ਪਈ।

ਜਵਾਬ ਵਿਚ ਸੁਸ਼ਮਾ ਸਵਰਾਜ ਨੇ ਪਹਿਲਾ ਗੋਲਾ ਇਹ ਦਾਗ ਦਿੱਤਾ ਕਿ ਰਾਹੁਲ ਗਾਂਧੀ ਆਪਣੀ ਮੰਮੀ ਤੋਂ ਇਹ ਪੁੱਛੇ ਕਿ ਬੋਫੋਰਜ਼ ਤੋਪ ਸੌਦੇ ਵਿਚ ਫਸੇ ਹੋਏ ਇਟਾਲੀਅਨ ਨਾਗਰਿਕ ਓਟਾਵੀਓ ਕੁਆਤਰੋਚੀ ਨੂੰ ਕਾਨੂੰਨੀ ਜਕੜ ਤੋਂ ਬਚਾਉਣ ਲਈ ਉਸ ਨੇ ਕਿੰਨੇ ਪੈਸੇ ਲਏ ਸਨ? ਅਗਲਾ ਸਵਾਲ ਇਹ ਕਰ ਦਿੱਤਾ ਕਿ ਭੋਪਾਲ ਗੈਸ ਕਾਂਡ ਵਿਚ ਇੱਕੋ ਵਾਰ ਪੰਦਰਾਂ ਹਜ਼ਾਰ ਲੋਕ ਮਾਰੇ ਗਏ ਅਤੇ ਇੱਕ ਲੱਖ ਤੋਂ ਵੱਧ ਮਰਨਾਊ ਹੋਏ ਸਨ। ਉਸ ਦੀ ਜ਼ਿੰਮੇਵਾਰ ਯੂਨੀਅਨ ਕਾਰਬਾਈਡ ਕੰਪਨੀ ਦੇ ਚੇਅਰਮੈਨ ਵਾਰਨ ਐਂਡਰਸਨ ਨੂੰ ਭਾਰਤ ਤੋਂ ਭਜਾਉਣ ਵਾਸਤੇ ਰਾਜੀਵ ਗਾਂਧੀ ਨੇ ਕਿੰਨੇ ਪੈਸੇ ਲਏ ਸਨ? ਇਸ ਦੇ ਬਾਅਦ ਲੀਰਾਂ ਦਾ ਖਿੱਦੋ ਉਧੜਦਾ ਗਿਆ। ਏਸੇ ਗੇੜ ਵਿਚ ਇੱਕ ਨਾਂ ਆਦਿਲ ਸ਼ਹਿਰਯਾਰ ਦਾ ਆ ਗਿਆ। ਬਹੁਤੇ ਲੋਕਾਂ ਲਈ ਇਹ ਨਾਂ ਓਪਰਾ ਸੀ। ਇੰਦਰਾ ਗਾਂਧੀ ਦੀ ਚੜ੍ਹਤ ਵੇਲੇ ਨਹਿਰੂ-ਗਾਂਧੀ ਪਰਿਵਾਰ ਨਾਲ ਬਾਹਲੇ ਨੇੜ ਵਾਲੇ ਵਿਦੇਸ਼ ਸੇਵਾ ਦੇ ਅਫਸਰ ਮੁਹੰਮਦ ਯੂਨੁਸ ਦਾ ਵਿਗੜਿਆ ਪੁੱਤਰ ਸੀ, ਆਦਿਲ ਸ਼ਹਿਰਯਾਰ। ਉਸ ਦੇ ਵਿਗੜ ਜਾਣ ਕਰ ਕੇ ਉਸ ਦੇ ਬਾਪ ਨੇ ਅਮਰੀਕਾ ਪੁਚਾ ਦਿੱਤਾ। ਅਮਰੀਕਾ ਵਿਚ ਉਸ ਦੇ ਖਿਲਾਫ ਇਹੋ ਜਿਹੇ ਕੇਸ ਬਣੇ ਕਿ



ਸੁਸ਼ਮਾ ਸਵਰਾਜ

ਅਦਾਲਤ ਨੇ ਸਬੂਤਾਂ ਮੁਤਾਬਕ ਸਜ਼ਾ ਦੇਣ ਵੇਲੇ ਇਹ ਦਰਜ ਕਰ ਦਿੱਤਾ ਕਿ ਇਹ ਬੰਦਾ ਅਗਲੇ ਪੈਂਤੀ ਸਾਲ ਜੇਲ੍ਹ ਤੋਂ ਨਹੀਂ ਨਿਕਲਣਾ ਚਾਹੀਦਾ।

ਜਦੋਂ ਭੋਪਾਲ ਗੈਸ ਕਾਂਡ ਵਿਚ ਅਮਰੀਕੀ ਨਾਗਰਿਕ ਵਾਰਨ ਐਂਡਰਸਨ ਭਾਰਤ ਵਿਚ ਫਸਿਆ ਤਾਂ ਅਮਰੀਕੀ ਰਾਸ਼ਟਰਪਤੀ ਰੋਨਾਲਡ ਰੀਗਨ ਉਸ ਦੇ ਬਚਾਅ ਲਈ ਕੁਝ ਵੀ ਕਰਨ ਨੂੰ ਤਿਆਰ ਸੀ। ਉਦੋਂ ਇੱਕ ਸੌਦਾ ਵੱਜ ਗਿਆ। ਐਂਡਰਸਨ ਭਾਰਤ ਤੋਂ ਭਜਾਇਆ ਅਤੇ ਬਦਲੇ ਵਿਚ ਆਦਿਲ ਨੂੰ ਓਥੋਂ ਛੁਡਾਇਆ ਗਿਆ। ਰੋਨਾਲਡ ਰੀਗਨ ਨੇ ਆਦਿਲ ਸ਼ਹਿਰਯਾਰ ਦੀ ਸਜ਼ਾ ਮੁਆਫ ਕਰ ਦਿੱਤੀ। ਇਹ



ਰਾਹੁਲ ਗਾਂਧੀ

ਕੰਮ ਰੀਗਨ ਨੇ ਉਸੇ ਦਿਨ ਕੀਤਾ, ਜਿਸ ਦਿਨ ਪ੍ਰਧਾਨ ਮੰਤਰੀ ਵਜੋਂ ਰਾਜੀਵ ਗਾਂਧੀ ਨੇ ਪਹਿਲੀ ਅਮਰੀਕੀ ਯਾਤਰਾ ਲਈ ਓਥੇ ਪੁੱਜਣਾ ਸੀ। ਰਾਜੀਵ ਦੇ ਭਾਰਤ ਨੂੰ ਮੁੜਨ ਤੋਂ ਪਹਿਲਾਂ ਆਦਿਲ ਅਮਰੀਕਾ ਵਿਚੋਂ ਬਾਹਰ ਆ ਗਿਆ। ਹੁਣ ਸੁਸ਼ਮਾ ਸਵਰਾਜ ਨੇ ਇਹ ਮੁੱਦਾ ਉਛਾਲ ਕੇ ਰਾਹੁਲ ਗਾਂਧੀ ਨੂੰ ਇੱਕ ਤਰ੍ਹਾਂ ਭੁੰਜੇ ਲਾਹ ਦਿੱਤਾ ਤੇ ਉਸ ਦੀ ਹਾਲਤ ਉਸ ਵੇਲੇ ਵੇਖਣ ਵਾਲੀ ਹੀ ਸੀ। ਏਡੀ ਹਮਲਾਵਰੀ ਨਹਿਰੂ-ਗਾਂਧੀ ਪਰਿਵਾਰ ਬਾਰੇ ਪਹਿਲਾਂ ਕਦੇ ਨਹੀਂ ਸੀ ਵੇਖੀ ਗਈ।

ਇੱਕ ਗੱਲ ਸੁਸ਼ਮਾ ਸਵਰਾਜ ਨੇ ਹੋਰ ਕਹੀ ਕਿ ਮੇਰੀ ਧੀ ਬਾਂਸੁਰੀ ਬਾਰੇ ਤੁਸੀਂ ਕਹਿੰਦੇ ਹੋ ਕਿ ਉਹ ਉਸੇ ਮਹਿਕਮੇ ਦੇ ਖਿਲਾਫ ਲਲਿਤ ਮੋਦੀ ਦਾ ਕੇਸ ਲੜਨ ਵਾਲੀ ਟੀਮ ਦੀ ਮੈਂਬਰ ਸੀ, ਜਿਸ ਦੀ ਮੈਂ ਮੰਤਰੀ ਹਾਂ, ਪਰ ਚਿਦੰਬਰਮ ਦਾ ਵੀ ਚੇਤਾ ਕਰ ਲਿਆ ਕਰੋ। ਸੁਸ਼ਮਾ ਨੇ ਯਾਦ ਕਰਵਾ ਦਿੱਤਾ ਕਿ ਸ਼ਾਰਦਾ ਚਿੱਟ ਫੰਡ ਦੇ ਖਿਲਾਫ ਕਾਂਗਰਸ ਦੇ ਮੰਤਰੀ ਚਿਦੰਬਰਮ ਦਾ ਮਹਿਕਮਾ ਇੱਕ ਮੁਕੱਦਮਾ ਚਲਾ ਰਿਹਾ ਸੀ ਤੇ ਓਸੇ ਕਾਂਗਰਸੀ ਮੰਤਰੀ ਚਿਦੰਬਰਮ ਦੀ ਪਤਨੀ ਨਲਿਨੀ ਚਿਦੰਬਰਮ ਅੱਗੋਂ ਦੋਸ਼ੀਆਂ ਦੀ ਵਕੀਲ ਸੀ। ਇਹ ਵੀ ਤਕੜਾ ਗੋਲਾ ਸੀ। ਬਹੁਤ ਸਾਰੇ ਲੋਕਾਂ ਦੀ ਰਾਏ ਵਿਚ ਚਿਦੰਬਰਮ ਨੂੰ ਏਨਾ ਮਾੜਾ ਸ਼ਾਇਦ ਨਾ ਸਮਝਿਆ ਜਾਂਦਾ ਹੋਵੇ, ਅਤੇ ਸਾਡੀ ਵੀ ਬੜਾ ਚਿਰ ਇਹੋ ਰਾਏ ਰਹੀ ਹੈ। ਜਦੋਂ ਵੇਦਾਂਤਾ ਕਾਰਪੋਰੇਸ਼ਨ ਦੀ ਇਹ ਚਿੱਠੀ ਬਾਹਰ ਆਈ ਕਿ ਸਾਡੇ ਬੋਰਡ ਆਫ ਡਾਇਰੈਕਟਰਜ਼ ਦਾ ਇੱਕ ਮੈਂਬਰ ਚਿਦੰਬਰਮ ਹੁਣ ਭਾਰਤ ਸਰਕਾਰ ਦਾ ਮੰਤਰੀ ਬਣ ਗਿਆ ਹੈ, ਉਦੋਂ ਸਾਰਾ ਕੁਝ ਸਾਫ ਹੋ ਗਿਆ ਸੀ। ਨਾ ਉਹ ਕਾਰਪੋਰੇਸ਼ਨ ਸਾਫ ਦਿੱਖ ਵਾਲੀ ਕਹੀ ਜਾਂਦੀ ਸੀ ਤੇ ਨਾ ਉਸ ਕਾਰਪੋਰੇਸ਼ਨ ਨਾਲ ਜੁੜੇ ਚਿਦੰਬਰਮ ਬਾਰੇ ਕਿਸੇ ਸਫਾਈ ਦੀ ਲੋੜ ਹੋ ਸਕਦੀ ਸੀ। ਸੁਸ਼ਮਾ ਸਵਰਾਜ ਨੇ ਸ਼ਾਰਦਾ ਚਿੱਟ ਫੰਡ ਕੇਸ ਵਿਚ ਚਿਦੰਬਰਮ ਦੀ ਪਤਨੀ ਦੀ ਭੂਮਿਕਾ ਬਾਰੇ ਵੀ ਸੱਚ ਕਿਹਾ। ਪਿਛਲੀ ਸਰਕਾਰ ਦੀ ਬੇੜੀ ਬਿਠਾਉਣ ਵਾਲੇ ਕਈ ਪੱਥਰਾਂ ਵਿਚੋਂ ਇੱਕ ਪੱਥਰ ਚਿਦੰਬਰਮ ਤੇ ਉਸ ਦੀ ਪਤਨੀ ਸਨ। ਇਸ ਲਈ ਇਸ ਬਾਰੇ ਸੁਸ਼ਮਾ ਨੇ ਸਾਰਾ ਕੁਝ ਸੱਚ ਕਿਹਾ, ਪਰ ਇਸ ਨਾਲ ਉਹ ਆਪ ਤਾਂ ਸਾਫ ਨਹੀਂ ਹੋ ਗਈ। ਆਪਣੇ ਪਤੀ ਤੇ ਧੀ ਉਤੇ ਲੱਗੇ ਦੋਸ਼ਾਂ ਦਾ ਉਸ ਨੇ ਜਵਾਬ ਨਹੀਂ ਦਿੱਤਾ। ਸੁਸ਼ਮਾ ਦੇ ਪਤੀ ਨੂੰ ਲਲਿਤ ਮੋਦੀ ਆਪਣਾ ਕਾਰੋਬਾਰੀ ਪ੍ਰਤੀਨਿਧ ਬਣਾਉਣ ਦੀ ਚਿੱਠੀ ਵੀ ਲਿਖ ਚੁੱਕਾ ਸੀ। ਰੌਲਾ ਪੈਣ ਪਿੱਛੋਂ ਉਹ ਚਿੱਠੀ ਵਾਪਸ ਮੋੜੀ ਗਈ ਸੀ। ਉਸ ਚਿੱਠੀ ਸਮੇਤ ਇਹ ਸਾਰਾ ਕਾਲਾ ਚਿੱਠਾ ਸੁਸ਼ਮਾ ਸਵਰਾਜ ਨੂੰ ਠਿੱਠ ਕਰਨ ਲਈ ਕਾਫੀ ਹੈ।

ਹੁਣ ਆਈਏ ਕੁਝ ਹੋਰ ਪੱਖਾਂ ਵੱਲ। ਸੁਸ਼ਮਾ ਸਵਰਾਜ ਤੋਂ ਬਾਅਦ ਕਾਂਗਰਸੀ ਆਗੂਆਂ ਵੱਲੋਂ ਲਾਏ ਦੋਸ਼ਾਂ ਬਾਰੇ ਜਵਾਬ ਦੇਣ ਲਈ ਪ੍ਰਧਾਨ ਮੰਤਰੀ ਦੀ ਥਾਂ ਖਜ਼ਾਨਾ ਮੰਤਰੀ ਅਰੁਣ ਜੇਤਲੀ ਬੋਲਿਆ। ਉਸ ਨੇ ਬੋਫੋਰਜ਼ ਕੇਸ ਬਾਰੇ ਗੱਲ ਕੀਤੀ, ਕਈ ਹੋਰ ਵੀ ਕੇਸ ਗਿਣਾਏ, ਪਰ ਭੋਪਾਲ ਗੈਸ ਕਾਂਡ ਅਤੇ ਇਸ ਵਿਚ ਵਾਰਨ ਐਂਡਰਸਨ ਨੂੰ ਭਜਾਉਣ ਵਾਲੇ ਮੁੱਦੇ ਬਾਰੇ ਚੁੱਪ ਵੱਟ ਗਿਆ। ਮੁਸ਼ਕ ਮਾਰਦੇ ਖਿੱਦੋ ਦੀ ਇੱਕ ਗੰਦੀ ਲੀਰ ਇਸੇ ਵਿਚ ਸੀ। ਜੇਤਲੀ ਉਸ ਦੇ ਕੇਸ ਬਾਰੇ ਕਦੇ ਚੇਤਾ ਵੀ ਨਹੀਂ ਕਰਨਾ ਚਾਹੇਗਾ। ਸਾਰੀ ਭਾਜਪਾ ਨੂੰ ਪਤਾ ਹੈ ਕਿ ਜੇਤਲੀ ਇਹ ਗੱਲ ਕਿਉਂ ਨਹੀਂ ਕਰਨਾ ਚਾਹੁੰਦਾ? ਕਾਂਗਰਸੀ ਆਗੂ ਕਿਉਂਕਿ ਆਦਿਲ ਦੇ ਕੇਸ ਕਾਰਨ ਕਾਣੇ ਹੋਏ ਪਏ ਸਨ, ਇਸ ਲਈ ਜੇਤਲੀ ਵੇਲੇ ਚੁੱਪ ਕੀਤੇ ਰਹੇ।

ਭਾਰਤੀ ਰਾਜਨੀਤੀ ਨੂੰ ਝੰਜੋੜ ਦੇਣ ਵਾਲੇ ਜਿਹੜੇ ਦੋ ਵੱਡੇ ਕੇਸ ਹੋਏ ਸਨ, ਇੱਕ ਬੋਫੋਰਜ਼ ਤੋਪ ਸੌਦੇ ਦਾ ਤੇ ਦੂਸਰਾ ਭੋਪਾਲ ਗੈਸ ਕਾਂਡ ਦਾ, ਇਨ੍ਹਾਂ ਦੋਵਾਂ ਕੇਸਾਂ ਵਿਚ ਦੋਵਾਂ ਵੱਡੀਆਂ ਧਿਰਾਂ ਦੇ ਲੀਡਰਾਂ ਦੀ ਇੱਕ ਜਾਂ ਦੂਸਰੇ ਰੂਪ ਵਿਚ ਭਾਈਵਾਲੀ ਲੱਭਦੀ ਸੀ। ਬੋਫੋਰਜ਼ ਕੇਸ ਵਿਚ ਇਟਲੀ ਦਾ ਓਟਾਵੀਓ ਕੁਆਤਰੋਚੀ ਬਿਨਾਂ ਸ਼ੱਕ ਰਾਜੀਵ ਗਾਂਧੀ ਤੇ ਸੋਨੀਆ ਦਾ ਪਰਿਵਾਰਕ ਮਿੱਤਰ ਸੀ, ਪਰ



ਵਾਰਨ ਐਂਡਰਸਨ

ਓਸੇ ਕੇਸ ਵਿਚ ਸਭ ਤੋਂ ਵੱਡੀ ਭੂਮਿਕਾ ਨਿਭਾਉਣ ਵਾਲੇ ਹਿੰਦੂਜਾ ਭਰਾਵਾਂ ਦੀ ਨੇੜਤਾ ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ ਨਾਲ ਸੀ। ਜੇ ਕੁਆਤਰੋਚੀ ਬਚਾਇਆ ਜਾਵੇ ਤਾਂ ਹਿੰਦੂਜਾ ਬਚਦੇ ਸਨ ਤੇ ਜੇ ਹਿੰਦੂਜਾ ਬਚਾਏ ਜਾਂਦੇ ਤਾਂ ਕੁਆਤਰੋਚੀ ਬਚਦਾ ਸੀ। ਵਾਜਪਾਈ ਸਰਕਾਰ ਵੇਲੇ ਬੋਫੋਰਜ਼ ਕੇਸ ਤੋਂ ਹਿੰਦੂਜਾ ਭਰਾਵਾਂ ਨੂੰ ਬਰੀ ਹੋ ਜਾਣ ਦਾ ਮੌਕਾ ਦੇ ਦਿੱਤਾ ਗਿਆ ਤੇ ਕੁਆਤਰੋਚੀ ਦਾ ਕੇਸ ਨਾਲ ਹੀ ਖਤਮ ਹੋਣ ਦਾ ਮਾਹੌਲ ਬਣ ਗਿਆ। ਦੂਸਰਾ ਕੇਸ ਜੋਸ਼ ਵਿਚ ਆਈ ਸੁਸ਼ਮਾ ਸਵਰਾਜ ਨੇ ਰਾਹੁਲ ਗਾਂਧੀ ਨੂੰ ਮਿਹਣਾ ਮਾਰਨ ਵਾਸਤੇ ਵਾਰਨ ਐਂਡਰਸਨ ਦਾ ਉਛਾਲ ਦਿੱਤਾ। ਵਾਰਨ ਐਂਡਰਸਨ ਦੋਸ਼ੀ ਸੀ, ਪਰ ਉਸ ਦੇ ਫਸਣ ਦੇ ਬਾਵਜੂਦ ਵਾਜਪਾਈ ਸਰਕਾਰ ਦੇ ਵਕਤ ਉਸ ਦਾ ਬਚਾਅ ਭਾਜਪਾ ਆਗੂ ਅਰੁਣ ਜੇਤਲੀ ਨੇ ਵੀ ਕੀਤਾ ਸੀ।

ਜੀ ਹਾਂ, ਇਹ ਸੱਚ ਹੈ ਕਿ ਜਦੋਂ ਭਾਰਤ ਦੇ ਅਟਾਰਨੀ ਜਨਰਲ ਸੋਲੀ ਸੋਰਾਬਜੀ ਨੇ ਇਹ ਰਿਪੋਰਟ ਬਣਾਈ ਕਿ ਵਾਰਨ ਐਂਡਰਸਨ ਦੀ ਹਵਾਲਗੀ ਦਾ ਕੇਸ ਅਮਰੀਕਾ ਕੋਲ ਰੱਖਿਆ ਜਾ ਸਕਦਾ ਹੈ, ਵਾਜਪਾਈ ਸਰਕਾਰ ਵਿਚ ਕਾਨੂੰਨ ਮੰਤਰੀ ਅਰੁਣ ਜੇਤਲੀ ਨੇ ਇਹ ਨੋਟ ਲਿਖਿਆ ਸੀ ਕਿ 'ਕੇਸ ਬਹੁਤ ਕਮਜ਼ੋਰ ਹੈ'। ਕਾਨੂੰਨ ਮੰਤਰੀ ਅਰੁਣ ਜੇਤਲੀ ਦਾ 25 ਸਤੰਬਰ 2001 ਦਾ ਲਿਖਿਆ ਨੋਟ ਇਹ ਕਹਿੰਦਾ ਹੈ ਕਿ ਇਹ ਕੇਸ ਹੀ ਨਹੀਂ ਬਣਦਾ ਕਿ ਮਿਸਟਰ ਐਂਡਰਸਨ ਨੇ ਕੋਈ ਏਦਾਂ ਦਾ ਗੁਨਾਹ ਕੀਤਾ, ਜਿਸ ਦੇ ਕਾਰਨ ਗੈਸ ਲੀਕ ਹੋਣ ਨਾਲ ਮਨੁੱਖੀ ਜਾਨਾਂ ਗਈਆਂ ਜਾਂ ਪ੍ਰਭਾਵਤ ਹੋਈਆਂ ਸਨ। ਜੇਤਲੀ ਨੇ ਇਹ ਵੀ ਲਿਖਿਆ ਕਿ ਏਦਾਂ ਦਾ ਕੋਈ ਸਬੂਤ ਨਹੀਂ ਕਿ ਮਿਸਟਰ ਐਂਡਰਸਨ ਨੂੰ ਇਸ ਪਲਾਂਟ ਵਿਚ ਸੁਰੱਖਿਆ ਪ੍ਰਬੰਧਾਂ ਅਤੇ ਨੁਕਸਾਂ ਬਾਰੇ ਕੋਈ ਅਗੇਤੀ ਜਾਣਕਾਰੀ ਸੀ। ਅਸੀਂ ਬਾਅਦ ਦੇ ਸਾਲਾਂ ਵਿਚ ਭੋਪਾਲ ਗੈਸ ਕਾਂਡ ਵਾਲਾ ਉਹੋ ਪਲਾਂਟ ਖਰੀਦਣ ਵਾਲੀ ਕੰਪਨੀ ਡਾਊ ਕੈਮੀਕਲਜ਼ ਬਾਰੇ ਸੁਣਦੇ ਰਹੇ ਕਿ ਉਸ ਕਾਂਡ ਵਿਚ ਮਾਰੇ ਗਏ ਜਾਂ ਪ੍ਰਭਾਵਤ ਹੋਏ ਲੋਕਾਂ ਦੀ ਕੋਈ ਜ਼ਿੰਮੇਵਾਰੀ ਲੈਣ ਨੂੰ ਉਹ ਕੰਪਨੀ ਤਿਆਰ ਨਹੀਂ। ਮਨਮੋਹਨ ਸਿੰਘ ਸਰਕਾਰ ਵੇਲੇ ਭਾਜਪਾ ਆਗੂ ਦੋਸ਼ ਲਾਉਂਦੇ ਰਹੇ ਕਿ ਡਾਊ ਕੈਮੀਕਲਜ਼ ਨੂੰ ਯੂ ਪੀ ਏ ਸਰਕਾਰ ਬਚਾਉਂਦੀ ਹੈ, ਪਰ ਪਿੱਛੋਂ ਇਹ ਸੱਚ ਵੀ ਬਾਹਰ ਆ ਗਿਆ ਕਿ 2006 ਵਿਚ ਅਰੁਣ ਜੇਤਲੀ ਨੇ ਡਾਊ ਕੰਪਨੀ ਦੇ ਵਕੀਲ ਵਜੋਂ ਇਹ ਰਾਏ ਪੇਸ਼ ਕੀਤੀ ਸੀ ਕਿ ਡਾਊ ਕੰਪਨੀ ਨੂੰ ਪਿਛਲੀ ਕੰਪਨੀ ਦੇ ਵਕਤ ਹੋਏ ਕਾਂਡ ਦੀ ਕਿਸੇ ਦੀਵਾਨੀ ਜਾਂ ਫੌਜਦਾਰੀ ਜਵਾਬਦੇਹੀ ਲਈ ਜ਼ਿੰਮੇਵਾਰ ਨਹੀਂ ਮੰਨਿਆ ਜਾ ਸਕਦਾ। ਪਹਿਲਾਂ ਤਾਂ ਪਹਿਲੀ ਕੰਪਨੀ ਦੇ ਮਾਲਕ ਵਾਰਨ ਐਂਡਰਸਨ ਦਾ ਬਚਾਅ ਕੀਤਾ ਤੇ ਫਿਰ ਉਹੋ ਪਲਾਂਟ ਖਰੀਦਣ ਵਾਲੀ ਡਾਊ ਕੰਪਨੀ ਦੇ ਮਾਲਕਾਂ ਨੂੰ ਬਚਾਉਣ ਲਈ ਦਲੀਲਾਂ ਦੇਣ ਵਾਲਾ ਖਜ਼ਾਨਾ ਮੰਤਰੀ ਅਰੁਣ ਜੇਤਲੀ ਇਸ ਤਰ੍ਹਾਂ ਸੁਸ਼ਮਾ ਵੱਲੋਂ ਲਲਿਤ ਮੋਦੀ ਦੀ ਮਦਦ, ਰਾਜੀਵ ਗਾਂਧੀ ਵੱਲੋਂ ਆਦਿਲ ਸ਼ਹਿਰਯਾਰ ਨਾਲ ਸਾਂਝ ਜਾਂ ਕੁਆਤਰੋਚੀ ਦੀ ਮਦਦ ਕਰਨ ਦੇ ਖਾਨੇ ਵਿਚ ਆ ਜਾਂਦਾ ਹੈ।

ਹੇ ਪਿਆਰੀ ਭਾਰਤ ਮਾਂ, ਤੈਨੂੰ ਅਸੀਂ ਸੀਸ ਨਿਵਾਂਦੇ ਹਾਂ, ਤੇਰੇ ਤੋਂ ਸਦਕੇ ਜਾਂਦੇ ਹਾਂ, ਜਿਸ ਨੇ ਸਾਨੂੰ ਲੀਡਰਸ਼ਿਪ ਦੇ ਤੌਰ ਉਤੇ ਇਹੋ ਜਿਹੇ ਸੁਲੱਖਣੇ ਲੋਕ ਬਖਸ਼ੇ ਹਨ, ਜਿਨ੍ਹਾਂ ਦੇ ਕਿੱਸੇ ਗਿਣੇ ਹੀ ਨਹੀਂ ਜਾਂਦੇ।


**Flat Rate Funding Group**

Are you tired of waiting to get paid on your outstanding freight invoices?
Get your $$$ now!
At Flat Rate Funding Group, we offer the lowest fixed factoring rate in the transportation industry-
***1.5%!***
*Call Goldy Dhillon* 734-444-9625
sales@flatratefunding.com

ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ



ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ
ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ: 734-444-9625

# ਖੂਬ ਰਿਹਾ ਪੀ ਸੀ ਐਸ ਸੈਕਰਾਮੈਂਟੋ ਦਾ 15ਵਾਂ ਤੀਆਂ ਦਾ ਮੇਲਾ

**ਸੈਕਰਾਮੈਂਟੋ (ਹਰਜਿੰਦਰ ਪੰਧੇਰ):** ਸਾਉਣ ਦੀਆਂ ਫੁਹਾਰਾਂ, ਤੀਜ ਦੀਆਂ ਤੀਆਂ, ਚਾਵਾਂ ਲੱਦੀਆਂ ਮੁਟਿਆਰਾਂ ਦੀਆਂ ਪੇਕੇ ਘਰਾਂ 'ਚ ਰੌਣਕਾਂ, ਗੁਲਗੁਲਿਆਂ ਤੇ ਪੂੜਿਆਂ ਦੀ ਮਹਿਕ, ਰੁੱਖਾਂ ਦੇ ਟਾਹਣਾਂ 'ਤੇ ਝੂਲਦੀਆਂ ਪੀਂਘਾਂ, ਮੋਰਾਂ ਦੀਆਂ ਪੈਲਾਂ ਅਤੇ ਮੁਟਿਆਰਾਂ ਦੇ ਗਿੱਧੇ ਭਾਵੇਂ ਪੰਜਾਬ ਵਿਚ ਵੀ ਆਪਣੇ ਪੁਰਾਣੇ ਰੂਪ ਵਿਚ ਨਹੀਂ ਰਹੇ, ਵਿਦੇਸ਼ਾਂ ਦੀ ਤਾਂ ਗੱਲ ਹੀ ਛੱਡੋ। ਫਿਰ ਵੀ ਪਰਦੇਸਾਂ ਵਿਚ ਬੈਠੇ ਪੰਜਾਬੀ ਆਪਣੇ ਵਿਰਸੇ ਨੂੰ ਯਾਦ ਕਰਨ ਦਾ ਕੋਈ ਨਾ ਕੋਈ ਉਪਰਾਲਾ ਕਰਦੇ ਰਹਿੰਦੇ ਹਨ। ਇਸੇ ਪ੍ਰਸੰਗ ਵਿਚ ਤੀਆਂ ਦਾ ਇਕ



ਨਜ਼ਾਰਾ ਐਲਕ ਗਰੋਵ ਦੇ ਐਸ ਈ ਐਸ ਹਾਲ ਵਿਚ ਪੀ ਸੀ ਐਸ ਸੈਕਰਾਮੈਂਟੋ ਵਲੋਂ ਕਰਵਾਇਆ ਗਿਆ ਇਸ ਦਾ 15ਵਾਂ ਤੀਆਂ ਦਾ ਮੇਲਾ ਸੀ।

ਮੇਲੇ ਵਿਚ ਕੋਈ 17 ਟੀਮਾਂ ਸ਼ਾਮਲ ਹੋਈਆਂ। ਅਰੰਭ ਬੀਬੀਆਂ ਨੇ ਵੀਰਾਂ ਤੇ ਬਾਬਲ ਦੇ ਗੀਤ, ਘੋੜੀਆਂ ਤੇ ਸੁਹਾਗ ਗਾਉਂਦਿਆਂ ਕੀਤਾ। ਤੀਆਂ ਦਾ ਚਾਅ ਸਾਰਿਆਂ ਦੇ ਚਿਹਰਿਆਂ 'ਤੇ ਡਲ੍ਹਕ ਰਿਹਾ ਸੀ। ਰੰਗ ਬਰੰਗੀਆਂ ਪੁਸ਼ਾਕਾਂ ਵਿਚ ਸਜੀਆਂ ਪਰੀਆਂ ਵਾਂਗੂੰ ਜਾਪਦੀਆਂ ਨੰਨ੍ਹੀਆਂ ਮੁੰਨੀਆਂ ਬੱਚੀਆਂ ਤੋਂ ਤਾਂ ਇਹ ਚਾਅ ਸਾਂਭਿਆ ਹੀ ਨਹੀਂ ਸੀ ਜਾ ਰਿਹਾ।

ਸਮਾਗਮ ਦਾ ਦੂਸਰਾ ਦੌਰ ਗੀਤ-ਸੰਗੀਤ ਤੇ ਲੋਕ ਨਾਚਾਂ ਦਾ ਸੀ ਇਸ ਵਿਚ ਸਕੂਲਾਂ-ਕਾਲਜਾਂ ਦੀਆਂ ਵੱਖ ਵੱਖ ਟੀਮਾਂ ਨੇ ਸਮੂਹਿਕ ਗੀਤ, ਸੋਲੋ ਡਾਂਸ, ਗਿੱਧਾ, ਗੀਤ ਲੋਕ ਬੋਲੀਆਂ ਤੇ ਸਕਿਟ ਪੇਸ਼ ਕੀਤੇ। ਹਿੱਸਾ ਲੈਣ ਵਾਲੀਆਂ ਟੀਮਾਂ ਵਿਚ ਨਟੋਮਸ ਤੋਂ 'ਗਿੱਧੇ ਦੀਆਂ ਸ਼ੌਕੀਨ' (ਕੋਚ ਬਬਲੀਨ ਬਡਵਾਲ), 'ਨੰਨੀਆਂ ਪਰੀਆਂ' ਗਿੱਧਾ (ਕੋਚ ਪਰਮਜੀਤ ਔਲਖ), 'ਧੀਆਂ ਪੰਜਾਬ ਦੀਆਂ' (ਸਟਾਕਟਨ), ਡਾਂਸ 'ਅਲ੍ਹੜ ਮੁਟਿਆਰਾਂ' (ਕੋਚ ਪਰਨੀਤ ਸਿੱਧੂ), ਗਿੱਧਾ 'ਧਮਕ ਮੁਟਿਆਰਾਂ ਦੀ' (ਮਨਦੀਪ ਫਰਵਾਲਾ), 'ਗਿੱਧਾ ਤੀਆਂ ਦਾ'(ਪੀ ਸੀ ਐਸ), 'ਗਰੁਪ ਡਾਂਸ (ਮਜਾਜਣਾਂ), ਡਾਂਸ (ਐਸ਼ਲੀ), 'ਗਿੱਧਾ' (ਮਜਾਜਣਾਂ), 'ਗਿੱਧਾ ਪੰਜਾਬਣਾਂ ਦਾ' (ਕੋਚ ਪਰਦੀਪ ਪੂਨੀ), ਭੰਗੜਾ 'ਸ਼ਾਨ ਮੁਟਿਆਰਾਂ ਦੀ' (ਕੋਚ ਰੋਜ਼ੀ ਸੰਧੂ) ਆਦਿ ਟੀਮਾਂ ਨੇ ਆਪਣੇ ਜੌਹਰ ਵਿਖਾ ਕੇ ਦਰਸ਼ਕਾਂ ਨੂੰ ਖੂਬ ਖੁਸ਼ ਕੀਤਾ। ਕੁਲਦੀਪ ਕੌਰ ਨੇ ਇਕ ਗੀਤ,



ਸਰੀਨਾ ਕੰਗ ਤੇ ਹਰਜਾਪ ਅਟਵਾਲ ਅਤੇ ਹਰਨੂਰ ਤੇ ਜੱਪ ਨੇ ਦੋਗਾਣੇ ਪੇਸ਼ ਕੀਤੇ। ਸਕਿਟਾਂ 'ਦੋ ਲਾਗਣਾਂ ਦੀਆਂ ਗੱਲਾਂ' ਤੇ 'ਕੁੜੀ ਦਾ ਵਿਆਹ ਰਚਾਇਆ' (ਕੋਚ ਪੰਮੀ ਔਲਖ) ਖੇਡੀਆਂ ਗਈਆਂ ਅਤੇ ਪੇਂਡੂ ਗਿੱਧੇ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਆਇਟਮਾਂ ਪੇਸ਼ ਹੋਈਆਂ।

ਲਗਾਤਾਰ ਪੰਜ ਘੰਟੇ ਚਲੇ ਇਸ ਪ੍ਰੋਗਰਾਮ ਦਾ ਮੰਚ ਸੰਚਾਲਨ ਮਨਦੀਪ ਫਰਵਾਲਾ ਨੇ ਬੜੀ ਮੁਸ਼ਤੈਦੀ ਨਾਲ ਕੀਤਾ। 250 ਦੇ ਕਰੀਬ ਕਲਾਕਾਰਾਂ ਦਾ ਹੁਨਰ ਵੇਖਣ ਲਈ ਵੱਡੀ ਗਿਣਤੀ ਵਿਚ ਦਰਸ਼ਕ ਦੂਰੋਂ-ਨੇੜਿਓਂ ਪਹੁੰਚੇ ਹੋਏ ਸਨ। ਕਿਸੇ ਵੀ ਮੇਲੇ ਵਾਂਗ ਗਹਿਣਿਆਂ, ਕਪੜਿਆਂ ਅਤੇ ਹੋਰ ਆਈਟਮਾਂ ਦੇ ਸਟਾਲਾਂ 'ਤੇ ਬੀਬੀਆਂ ਦਾ ਜਮਘਟਾ ਬਰਾਬਰ ਨਜ਼ਰ ਆਉਂਦਾ ਸੀ। ਖਾਣ-ਪੀਣ ਦਾ ਵੀ ਵਧੀਆ ਪ੍ਰਬੰਧ ਸੀ।

ਮੇਲੇ ਨੂੰ ਕਾਮਯਾਬ ਕਰਨ ਲਈ ਕਮੇਟੀ ਨਾਲ ਲਗਾਤਾਰ ਜੁੜੀਆਂ ਆ ਰਹੀਆਂ ਬੀਬੀਆਂ-ਬਲਦੇਵ ਕੌਰ, ਹਰਪ੍ਰੀਤ ਸਹੋਤਾ, ਅਮਨ ਰੰਗੀ, ਰਾਜਵਿੰਦਰ ਪੂਨੀ, ਪਰਦੀਪ ਪੂਨੀ, ਕਮਲ ਢਿਲੋਂ, ਭਵਨਦੀਪ ਕੌਰ, ਰਾਜਬੀਰ ਕੌਰ, ਬਲਬੀਰ ਪੂਨੀ, ਸਿਮਰਨ ਸੰਧੂ, ਅਮਨ ਕੌਰ, ਹਰਿੰਦਰ ਕੌਰ, ਬਲਵਿੰਦਰ ਗਰਚਾ, ਸੋਨੀਆ ਢਿਲੋਂ, ਰਾਣੀ ਸਰਹੱਦੀ, ਦੁਪਿੰਦਰ ਕੌਰ, ਤਜਿੰਦਰ ਕੌਰ, ਹਰਮਿੰਦਰ ਕੌਰ, ਪਰਮਜੀਤ ਕੌਰ, ਇੰਦਰਪਾਲ ਕਾਹਲੋਂ, ਪਰਮਜੀਤ ਔਲਖ, ਹਰਪ੍ਰੀਤ ਕੌਰ, ਰੁਪਿੰਦਰ ਮੱਲ੍ਹੀ ਅਤੇ ਮਨਦੀਪ ਫਰਵਾਲਾ ਨੇ ਪੂਰੀ ਤਨਦੇਹੀ ਨਾਲ ਕੰਮ ਕੀਤਾ।

ਮਨਦੀਪ ਫਰਵਾਲਾ ਨੇ ਸਰੋਤਿਆਂ ਨੂੰ ਦੱਸਿਆ ਕਿ ਪਿਛਲੇ 26 ਸਾਲਾਂ ਦੌਰਾਨ ਪੰਜਾਬੀ ਕਲਚਰਲ ਸੁਸਾਇਟੀ ਨੂੰ ਆਪਣੇ ਸਭਿਆਚਾਰ ਨੂੰ ਪ੍ਰੇਮ ਕਰਨ ਵਾਲੇ ਲੋਕਾਂ ਦਾ ਪੂਰਾ ਸਹਿਯੋਗ ਮਿਲਦਾ ਰਿਹਾ ਹੈ ਅਤੇ ਇਸੇ ਕਰਕੇ ਇਹ ਇੰਨਾ ਲੰਮਾ ਪੈਂਡਾ ਤੈਅ ਕਰ ਸਕੀ ਹੈ। ਇਸ ਸੰਸਥਾ ਨੇ ਹਮੇਸ਼ਾ ਨਿਰੋਲ ਪੰਜਾਬੀ ਸਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਉਪਰਾਲਾ ਕੀਤਾ ਹੈ। ਉਨ੍ਹਾਂ ਪ੍ਰਬੰਧਕ ਕਮੇਟੀ ਵਲੋਂ ਮਾਲੀ ਸਹਿਯੋਗ ਲਈ ਸਪਾਂਸਰਾਂ, ਫੋਟੋਗ੍ਰਾਫੀ ਤੇ ਵੀਡੀਓ ਲਈ ਚਾਹਲ ਸਟੂਡੀਓ ਅਤੇ ਡੀ ਜੇ ਲਈ ਦਵਿੰਦਰ 'ਵਿੰਦੀ' ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਅਗਲੇ ਸਾਲ ਤੀਆਂ 24 ਜੁਲਾਈ ਨੂੰ ਮਨਾਈਆਂ ਜਾਣਗੀਆਂ।












# ਅਗਲੀਆਂ ਚੋਣਾਂ 'ਚ ਕਾਂਗਰਸ ਪਰਵਾਸੀ ਪੰਜਾਬੀਆਂ ਤੋਂ ਪੂਰੇ ਸਹਿਯੋਗ ਦੀ ਆਸਵੰਦ: ਔਜਲਾ

**ਯੂਨੀਅਨ ਸਿਟੀ (ਅਸ਼ੋਕ ਭੌਰਾ):** 'ਕਾਂਗਰਸ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਨੇੜੇ ਤੋਂ ਸਮਝਦੀ ਹੈ ਤੇ ਇਹੋ ਪਾਰਟੀ ਹੀ ਹੈ ਜਿਸ ਦੇ ਰਾਜ ਵਿਚ ਪਰਵਾਸੀ ਪੰਜਾਬੀਆਂ ਨੂੰ ਸਭ ਤੋਂ ਘੱਟ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਈ ਜੇ ਪੰਜਾਬ ਵਿਚ ਕਾਂਗਰਸ ਸਰਕਾਰ ਬਣਦੀ ਹੈ ਤਾਂ ਪਰਵਾਸੀ ਪੰਜਾਬੀਆਂ ਨੂੰ ਭਵਿੱਖ ਵਿਚ ਕਿਸੇ ਵੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ।'

ਇਹ ਵਿਚਾਰ ਸਥਾਨਕ ਫੇਵਰਿਟ ਇੰਡੀਆ ਰੈਸਟੋਰੈਂਟ ਵਿਚ ਚੋਣਵੇਂ ਪੰਜਾਬੀਆਂ ਨਾਲ ਗੱਲਬਾਤ ਕਰਦਿਆਂ ਅੰਮ੍ਰਿਤਸਰ ਦੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਗੁਰਜੀਤ ਸਿੰਘ ਔਜਲਾ ਨੇ ਪ੍ਰਗਟਾਉਂਦਿਆਂ ਕੈਪਟਨ ਅਮਰਿੰਦਰ ਸਿੰਘ ਦੀ ਸੰਭਾਵਿਤ ਅਮਰੀਕਾ ਫੇਰੀ ਬਾਰੇ ਕਿਹਾ ਕਿ ਉਹ ਇੱਥੇ ਆ ਕੇ ਖੁੱਲ੍ਹੇ ਰੂਪ ਵਿਚ ਪੰਜਾਬੀਆਂ ਦੀ ਗੱਲ ਸੁਣਨਗੇ ਤੇ ਜੇ ਕਾਂਗਰਸ 2017 ਦੀਆਂ ਚੋਣਾਂ ਵਿਚ ਸੱਤਾ ਵਿਚ ਆਉਂਦੀ ਹੈ ਤਾਂ ਉਨ੍ਹਾਂ ਦੀਆਂ ਲੋੜਾਂ ਦਾ ਪੂਰਾ ਧਿਆਨ ਰੱਖਿਆ ਜਾਵੇਗਾ।

ਆਪਣੀ ਗੱਲ ਜਾਰੀ ਰੱਖਦਿਆਂ ਉਨ੍ਹਾਂ ਆਖਿਆ ਕਿ ਅਕਾਲੀ-ਭਾਜਪਾ ਸਰਕਾਰ ਨੇ ਨਾ ਸਿਰਫ ਪੰਜਾਬ ਨੂੰ ਆਰਥਿਕ ਤੌਰ 'ਤੇ ਤਬਾਹ ਕਰ ਦਿੱਤਾ ਹੈ ਸਗੋਂ ਪੰਜਾਬ ਨੂੰ ਖੁਸ਼ਹਾਲ ਬਣਾਉਣ ਵਾਲੇ ਪਰਵਾਸੀ ਪੰਜਾਬੀਆਂ ਦੀ ਗੱਲ ਹੀ ਨਹੀਂ ਸੁਣੀ। ਇਸੇ ਕਰਕੇ ਉਤਰੀ ਅਮਰੀਕਾ ਦੇ ਦੌਰੇ 'ਤੇ ਆਏ ਅਕਾਲੀ ਨੇਤਾਵਾਂ ਨੂੰ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਇਸ ਮੌਕੇ ਜਿੰਦਰ ਜੌਹਲ ਨੇ ਸ੍ਰੀ ਔਜਲਾ ਦਾ ਸਵਾਗਤ ਕਰਦਿਆਂ ਕਿਹਾ ਕਿ ਜਿਹੜਾ ਵੀ ਨੇਤਾ ਪਰਵਾਸੀਆਂ ਦੀ ਗੱਲ ਸੁਣੇਗਾ, ਉਸ ਦੀ ਹਮਾਇਤ ਕਰਨ ਉਪਰ ਵਿਚਾਰ ਕੀਤਾ ਜਾ ਸਕਦਾ ਹੈ। ਉਘੇ ਬਿਜ਼ਨਸਮੈਨ ਕੁਲਵੰਤ ਸਿੰਘ ਨਿੱਝਰ, ਸਰਬਜੀਤ ਸਿੰਘ ਸਰਾਓ, ਮਲਵਿੰਦਰ ਸਿੰਘ ਚਾਹਲ, ਰਣਵੀਰ ਸਿੰਘ ਘੋਲੀਆ, ਕੁਲਵੰਤ ਸਿੰਘ ਨਿੱਝਰ ਅਤੇ ਰੇਡੀਓ ਚੜ੍ਹਦੀ ਕਲਾ ਦੇ ਲਖਵੀਰ ਸਿੰਘ ਪਟਵਾਰੀ ਨੇ ਵੀ ਆਪਣੇ ਵਿਚਾਰਾਂ ਵਿਚ ਪਰਵਾਸੀ ਪੰਜਾਬੀਆਂ ਦੀ ਗੱਲ ਨੂੰ ਪਹਿਲ ਦੇ ਆਧਾਰ 'ਤੇ ਸੁਣਨ ਦੀ ਅਪੀਲ ਕੀਤੀ।



*ਅੰਮ੍ਰਿਤਸਰ ਦੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਗੁਰਜੀਤ ਸਿੰਘ ਔਜਲਾ ਆਪਣੇ ਸਮਰਥਕਾਂ ਨਾਲ।*

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਦਰਸ਼ਨ ਸਿੰਘ ਔਜਲਾ, ਮਨਜੀਤ ਸਿੰਘ ਗਿੱਲ, ਕਰਮਜੀਤ ਸਿੰਘ ਟਰੇਸੀ ਆਦਿ ਵੀ ਹਾਜ਼ਰ ਸਨ। ਆਪਣੇ ਧੰਨਵਾਦੀ ਭਾਸ਼ਣ 'ਚ ਸ੍ਰੀ ਔਜਲਾ ਨੇ ਪਰਵਾਸੀ ਪੰਜਾਬੀਆਂ ਤੋਂ ਪੰਜਾਬ ਨੂੰ ਬਚਾਉਣ ਅਤੇ ਖੁਸ਼ਹਾਲੀ ਲਿਆਉਣ ਲਈ ਸਹਿਯੋਗ ਮੰਗਦਿਆਂ ਅਗਲੀਆਂ ਚੋਣਾਂ ਵਿਚ ਪੰਜਾਬ ਅੰਦਰ ਕਾਂਗਰਸ ਦੇ ਸੱਤਾ ਵਿਚ ਆਉਣ ਦਾ ਦਾਅਵਾ ਜ਼ੋਰ ਨਾਲ ਪੇਸ਼ ਕੀਤਾ।

*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵਲੋਂ ਗਜਲਾਂ ਦੀ ਸੀ ਡੀ ਤੇ ਕਿਤਾਬਾਂ ਲੋਕ-ਅਰਪਣ

**ਨਿਊਵਾਰਕ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਅਦੀਬਾਂ ਦੀ ਕਰਵਾਈ ਗਈ ਇਕ ਭਰਵੀਂ ਮਹਿਫਿਲ ਵਿਚ ਗਜ਼ਲਾਂ ਦੀ ਸੀ. ਡੀ., ਸਾਹਿਤ ਤੇ ਗਿਆਨ ਦੀਆਂ ਦੋ ਕਿਤਾਬਾਂ ਸਥਾਨਕ ਮਹਿਰਾਨ ਰੇਸਤਰਾਂ ਵਿਚ ਲੋਕ ਅਰਪਣ ਕੀਤੀਆਂ ਗਈਆਂ। ਕਿਤਾਬਾਂ ਦੇ ਲੇਖਕ ਅਕਾਦਮੀ ਦੇ ਚੇਅਰਮੈਨ ਡਾ. ਗੁਰੂਮੇਲ ਸਿੱਧੂ ਤੇ ਕਵਿਤਰੀ ਗੁਲਸ਼ਨ ਦਿਆਲ ਹਨ ਤੇ ਸੀ. ਡੀ. 'ਤਿਸ਼ਨਗੀ' ਦੇ ਗਜ਼ਲਗੋ ਸੁਰਿੰਦਰ ਸੀਰਤ ਹਨ।



ਪੰਜਾਬੀ ਸਰੋਕਾਰਾਂ ਨਾਲ ਜੁੜੇ ਅਕਾਦਮੀ ਦੇ ਸਕੱਤਰ ਸ਼ਾਇਰ ਹਰਜਿੰਦਰ ਕੰਗ ਨੇ ਸਮਾਰੋਹ ਦੀ ਰੂਪਰੇਖਾ ਦੱਸਦਿਆਂ ਕਿਹਾ ਕਿ ਇਸ ਦਾ ਮਕਸਦ ਸ਼ਬਦ, ਸੁਰ ਤੇ ਪੁਸਤਕ ਰਾਹੀਂ ਪੰਜਾਬੀ ਭਾਈਚਾਰੇ ਨੂੰ ਜਾਗਦੇ ਰਹਿਣ ਦਾ ਹੋਕਾ ਦੇਣਾ ਹੈ, ਜੋ ਵਿਆਹ-ਸ਼ਾਦੀਆਂ ਵਿਚਲੇ ਵਿਖਾਵਿਆਂ ਅਤੇ ਨਸ਼ਿਆਂ ਦੇ ਵਹਿਣ ਵਿਚ 'ਸ਼ਬਦ' ਤੋਂ ਦੂਰ ਹੋ ਰਹੇ ਹਨ। ਸੁਰਿੰਦਰ ਸੀਰਤ ਨੇ ਸੀ. ਡੀ. ਦੀ ਰਚਨਾ ਪ੍ਰਕ੍ਰਿਆ ਦਾ ਖੁਲਾਸਾ ਕਰਦਿਆਂ ਕਿਹਾ ਕਿ ਉਹ ਸੀ. ਡੀ. ਨਾਲੋਂ ਪੰਜਾਬੀ ਗਜ਼ਲ ਬਾਰੇ ਜ਼ਿਆਦਾ ਭਾਵੁਕ ਹੈ। ਇਸ ਸੀ. ਡੀ. ਵਿਚ ਅੱਠ ਗਜ਼ਲਾਂ ਹਨ, ਜਿਨ੍ਹਾਂ ਨੂੰ ਸੈਮ ਸਾਜਨ ਨੇ ਗਾਇਆ ਤੇ ਸੁਰਬੱਧ ਕੀਤਾ ਹੈ। ਇਸ ਮੌਕੇ ਸਰੋਤਿਆਂ ਨੇ ਗਾਇਕੀ ਦੇ ਕੁਝ ਨਮੂਨੇ ਖੂਬ ਮਾਣੇ।

ਗਜ਼ਲ ਦੇ ਸੱਤ ਸੌ ਸਾਲਾ ਪੁਰਾਣੇ ਅਰਬੀ ਪਿਛੋਕੜ ਦੀ ਗੱਲ ਕਰਦਿਆਂ ਡਾ. ਖ਼ੁਆਜਾ ਅਸ਼ਰਫ ਨੇ ਕਿਹਾ ਕਿ ਇਰਾਨ ਰਾਹੀਂ ਹੁੰਦਿਆਂ ਇਹ ਹਿੰਦੁਸਤਾਨ ਆਈ। ਪਹਿਲਾਂ ਇਹ ਕਸੀਦੇ ਦਾ ਹਿੱਸਾ ਹੁੰਦੀ ਸੀ। ਉਨ੍ਹਾਂ ਕਿਹਾ ਕਿ ਗਜ਼ਲ ਲਈ ਪੰਜਾਬੀ ਦਾ ਮਾਹੌਲ ਫਾਰਸੀ ਨਾਲੋਂ ਵੱਧ ਮੁਆਫਕ ਹੈ। ਡਾ. ਗੁਰੂਮੇਲ ਸਿੱਧੂ ਨੇ ਦੱਸਿਆ ਕਿ ਸਾਰੀਆਂ ਗਜ਼ਲਾਂ ਵੱਖ ਵੱਖ ਬਹਿਰਾਂ ਵਿਚ ਹਨ, ਜਿਨ੍ਹਾਂ ਨੂੰ ਜੁਦਾ ਜੁਦਾ ਰਾਗਾਂ ਵਿਚ ਬੰਨਿਆ ਗਿਆ ਹੈ। ਇਨ੍ਹਾਂ ਰਾਗਾਂ ਵਿਚ ਗਾਏ ਪੁਰਾਣੇ ਗੀਤਾਂ ਦੇ ਹਵਾਲੇ ਦਿੰਦਿਆ ਉਨ੍ਹਾਂ ਕਿਹਾ ਕਿ ਸੀ. ਡੀ. ਨੂੰ ਵਾਰ ਵਾਰ ਸੁਣਨ ਨੂੰ ਜੀਅ ਕਰਦਾ ਹੈ।

ਗਜ਼ਲ ਜਾਂ ਸੰਗੀਤ ਦੇ ਹੁਣ ਤੱਕ ਦੇ ਇਤਿਹਾਸ ਦੀ ਗੱਲ ਕਰਦਿਆਂ ਸੁਖਵਿੰਦਰ ਕੰਬੋਜ ਨੇ ਕਿਹਾ ਕਿ ਅਮਰੀਕਾ ਵਿਚ ਜਾਰੀ ਹੋਣ ਵਾਲੀ ਗਜ਼ਲਾਂ ਦੀ ਇਹ ਪਹਿਲੀ ਸੀ. ਡੀ. ਹੈ, ਜਿਸ ਨੇ ਇੱਕ ਮੀਲ ਪੱਥਰ ਬਣਨਾ ਹੈ।

'ਸਿਰਨਾਵਾਂ' ਪਰਚੇ ਦੇ ਸੰਪਾਦਕ ਜਨਕ ਰਾਜ ਨੇ ਕਿਹਾ ਕਿ ਸੀ. ਡੀ. ਵਿਚ ਸੰਗੀਤ ਭਾਰੂ ਹੈ, ਜਿਸ ਨਾਲ ਗਜ਼ਲ ਪਿਛੋਕੜ ਵਿਚ ਚਲੀ ਗਈ ਹੈ। ਇਸ ਯਤਨ ਨੂੰ ਨਿਵੇਕਲਾ ਗਰਦਾਨਦਿਆਂ 'ਸੰਖ' ਪਰਚੇ ਦੇ ਸੰਪਾਦਕ ਸਿੱਧੂ ਦਮਦਮੀ ਨੇ ਲਿਖਤਾਂ ਵਿਚ ਸਰਲ ਸ਼ਬਦਾਵਲੀ ਵਰਤਣ ਦੀ ਸਲਾਹ ਦਿੱਤੀ। ਗਜ਼ਲ ਨੂੰ ਨੌਜਵਾਨਾਂ ਵਿਚ ਹਰਮਨਪਿਆਰੀ ਬਣਾਉਣ ਲਈ ਉਨ੍ਹਾਂ ਕਿਹਾ ਕਿ ਸ਼ਬਦ ਸੁਰ ਨਾਲ ਵਿਜੂਅਲ ਦਾ ਸੁਮੇਲ ਕਰਨ ਦੀ ਲੋੜ ਹੈ। ਜਸਪਾਲ ਸੂਸ ਨੇ ਸੀ. ਡੀ. ਬਾਰੇ ਵਿਚਾਰ ਰੱਖੇ।

ਗਦਰ ਲਹਿਰ ਅਤੇ ਅਮਰੀਕਾ ਵਿਚ ਸ਼ਹਿਰੀ ਤੇ ਜਾਇਦਾਦ ਨਾਲ ਸਬੰਧਤ ਹੱਕਾਂ ਦੇ ਘੁਲਾਟੀਆਂ ਦੇ ਨਿੱਜੀ ਜੀਵਨ ਅਤੇ ਘਾਲਣਾਵਾਂ ਦੀ ਗਾਥਾ ਬਿਆਨ ਕਰਦੀ ਡਾ. ਗੁਰੂਮੇਲ ਸਿੱਧੂ ਦੀ ਅੰਗਰੇਜ਼ੀ ਵਿਚ ਲਿਖੀ ਕਿਤਾਬ 'ਐਨਅਦਰ ਆਸਪੈਕਟ ਆਫ ਗਦਰ ਮੂਵਮੈਂਟ' ਬਾਰੇ ਚਰਚਾ ਕਰਦਿਆਂ ਪ੍ਰੋ. ਹਰਦੇਵ ਸਿੰਘ ਵਿਰਕ ਨੇ ਕਿਹਾ ਕਿ ਇਸ ਨਾਲ ਉਸ ਵੇਲੇ ਦੇ ਇਤਿਹਾਸ ਤੇ ਨਸਲੀ ਵਿਤਕਰੇ ਦਾ ਪਤਾ ਲਗਦਾ ਹੈ।

ਵਾਤਾਵਰਣ ਪ੍ਰੇਮੀ ਪ੍ਰਭਦਿਆਲ ਸਿੰਘ ਰੰਧਾਵਾ ਨੇ ਦੱਸਿਆ ਕਿ ਗਦਰ ਲਹਿਰ ਬਾਰੇ ਉਠਦੇ ਸ਼ੰਕਿਆਂ ਨੂੰ ਠੱਲ੍ਹ ਪਾਉਣ ਲਈ ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਗਦਰ ਲਹਿਰ ਨਾਲ ਸਬੰਧਤ ਚੇਅਰ ਸਥਾਪਿਤ ਕਰਾਉਣ ਵਿਚ ਕਾਮਯਾਬੀ ਹਾਸਿਲ ਕੀਤੀ ਹੈ, ਜਿਸ ਵਿਚ ਡਾ. ਸਿੱਧੂ ਦੀ ਕਿਤਾਬ ਸ਼ਾਮਿਲ ਹੋਵਗੀ। ਉਨ੍ਹਾਂ ਗਦਰ ਲਹਿਰ ਬਾਰੇ ਹਰ ਤਰ੍ਹਾਂ ਦਾ ਸਾਹਿਤ ਇਸ ਵਿਭਾਗ ਤੱਕ ਅਪੜਦਾ ਕਰਨ ਦੀ ਅਪੀਲ ਕੀਤੀ।

ਸਮਾਰੋਹ ਦੇ ਮੁੱਖ ਮਹਿਮਾਨ ਪ੍ਰਸਿੱਧ ਗਜ਼ਲਗੋ ਇਕਵਿੰਦਰ ਢੱਟ ਨੇ ਆਪਣੀ ਗਜ਼ਲ ਯਾਤਰਾ ਦੇ ਨਾਲ ਨਾਲ ਗਜ਼ਲ ਨੂੰ ਪੰਜਾਬ ਵਿਚ ਪ੍ਰਫੁਲਿਤ ਕਰਨ ਦੀਆਂ ਹੋ ਰਹੀਆਂ ਕੋਸ਼ਿਸ਼ਾਂ ਬਾਰੇ ਦੱਸਿਆ।

ਇਸ ਮੌਕੇ ਡਾ. ਅਜੀਤਪਾਲ ਸੰਧੂ, ਡਾ. ਸਰਬਜੀਤ ਹੁੰਦਲ ਤੋਂ ਇਲਾਵਾ ਨਾਟਕਕਾਰ ਸੁਰਿੰਦਰ ਧਨੋਆ, ਗੁਰਮੀਤ ਬਰਸਾਲ, ਪੱਤਰਕਾਰ ਜਸਵੰਤ ਸੈਦੋਕੇ, ਰੰਗਕਰਮੀ ਰਵਿੰਦਰ ਕੌਰ ਢਿੱਲੋਂ, ਅਦਾਕਾਰ ਅਮਨ ਧਾਲੀਵਾਲ, ਚਰਨਜੀਤ ਪੰਨੂ, ਅਮਰਜੀਤ ਪੰਨੂ ਅਤੇ ਕਾਲਮਨਵੀਸ ਅਸ਼ੋਕ ਭੌਰਾ ਵੀ ਹਾਜ਼ਰ ਸਨ।

ਕਵੀਆਂ 'ਚੋਂ ਕੁਲਵਿੰਦਰ, ਪ੍ਰਿੰ. ਈਸ਼ਰ ਸਿੰਘ ਮੋਮਨ, ਪ੍ਰਿੰ. ਹਜੂਰਾ ਸਿੰਘ, ਤਾਰਾ ਸਾਗਰ, ਕਰਮ ਸਿੰਘ ਮਾਨ, ਸੁੱਖੀ ਧਾਲੀਵਾਲ, ਅਰੁਣਾ ਪਾਂਡੇ, ਸ਼ਸ਼ੀ ਸਮੁੰਦਰਾ, ਅਵਤਾਰ ਗੋਂਦਾਰਾ ਅਤੇ ਰੇਸ਼ਮ ਸਿੱਧੂ ਨੇ ਆਪਣੇ ਕਲਾਮ ਨਾਲ ਹਾਜਰੀ ਲੁਆਈ। ਸੁਖਦੇਵ ਸਾਹਿਲ ਦੀ ਖੂਬਸੂਰਤ ਗਾਇਕੀ ਸਮਾਰੋਹ ਦਾ ਸਿਖਰ ਸੀ।

# ਰੋਜ਼ਵਿਲ ਗੁਰੂ ਘਰ ਵਿਚ ਭਾਈ ਗੁਰਦਾਸ ਦਾ ਦਿਹਾੜਾ ਮਨਾਇਆ ਗਿਆ

**ਸੈਕਰਾਮੈਂਟੋ (ਬਿਊਰੋ):** ਸਥਾਨਕ ਗੁਰਦੁਆਰਾ ਸੱਚਖੰਡ ਰੋਜ਼ਵਿਲ ਵਿਚ 'ਭਾਈ ਗੁਰਦਾਸ ਜੀ ਲਾਇਬ੍ਰੇਰੀ' ਦੇ ਮੁੱਖ ਸੇਵਾਦਾਰ 'ਤੇ ਸੰਸਥਾਪਕ ਹਰਵਿੰਦਰ ਸਿੰਘ ਬੈਂਸ ਵਲੋਂ ਆਪਣੇ ਸਹਿਯੋਗੀਆਂ ਮਨਜੀਤ ਸਿੰਘ, ਰਾਠੇਸ਼ਵਰ ਸਿੰਘ ਸੂਰਾਪੁਰੀ, ਗੁਰਮੇਲ ਸਿੰਘ, ਬੀਬੀ ਸੁਰਿੰਦਰ ਕੌਰ ਤੇ ਹੋਰ ਦਾਨੀ ਸੱਜਣਾਂ 'ਤੇ ਸਾਧ-ਸੰਗਤ ਦੇ ਸਹਿਯੋਗ ਨਾਲ ਲਾਇਬ੍ਰੇਰੀ ਦੀ ਪੰਜਵੀਂ ਵਰ੍ਹੇਗੰਢ ਅਤੇ ਭਾਈ ਗੁਰਦਾਸ ਜੀ ਦਾ ਦਿਹਾੜਾ ਮਨਾਇਆ ਗਿਆ।



ਭਾਈ ਹਰਜੀਤ ਪਾਲ ਸਿੰਘ ਹਜ਼ੂਰੀ-ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਸੁਖਵਿੰਦਰ ਸਿੰਘ ਦੇ ਜਥੇ ਅਤੇ ਹੈਡ ਗ੍ਰੰਥੀ ਭਾਈ ਗੁਰਬਚਨ ਸਿੰਘ ਵਲੋਂ ਆਪਣੀ ਰਸ-ਭਿੰਨੀ ਆਵਾਜ਼ ਵਿਚ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਗਾਇਨ ਕੀਤਾ ਅਤੇ ਉਨ੍ਹਾਂ ਦੇ ਜੀਵਨ ਉਤੇ ਚਾਨਣਾ ਪਾਇਆ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਜਸਵਿੰਦਰ ਸਿੰਘ ਨੇ ਭਾਈ ਗੁਰਦਾਸ ਜੀ ਦੀ ਮਹਿਮਾ ਕਰਦਿਆਂ ਲਾਇਬ੍ਰੇਰੀ ਦੇ ਮਿਹਨਤੀ ਸਟਾਫ਼ ਦੀ ਸ਼ਲਾਘਾ ਕੀਤੀ। ਉਨ੍ਹਾਂ ਇਸ ਲਾਇਬ੍ਰੇਰੀ ਨਾਲ ਜੁੜਨ ਲਈ ਲੋਕਾਂ ਨੂੰ ਪ੍ਰੇਰਿਆ। ਰਾਠੇਸ਼ਵਰ ਸਿੰਘ ਸੂਰਾਪੁਰੀ ਨੇ ਲਾਇਬ੍ਰੇਰੀ ਦੇ ਇਤਿਹਾਸ ਤੇ ਮੌਜੂਦ ਕਿਤਾਬਾਂ ਦਾ ਵੇਰਵਾ ਦਿੰਦਿਆਂ ਆਪਣੇ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਉਨ੍ਹਾਂ ਨੂੰ ਲਾਇਬ੍ਰੇਰੀ ਤੋਂ ਚੰਗੀਆਂ ਕਿਤਾਬਾਂ ਲੈ ਕੇ ਬੱਚਿਆਂ ਨੂੰ ਪੜ੍ਹਾਉਣ ਲਈ ਬੇਨਤੀ ਕੀਤੀ। ਕੁਝ ਕਿਤਾਬਾਂ ਮੁਫ਼ਤ ਵੀ ਵੰਡੀਆਂ ਗਈਆਂ।

ਲਾਇਬ੍ਰੇਰੀ ਦੀ ਬਿਹਤਰੀਨ ਵਰਤੋਂ ਕਰਨ ਵਾਲੇ ਪੰਜ ਮੈਂਬਰਾਂ-ਜਸਵਿੰਦਰ ਸਿੰਘ ਬਰਾੜ, ਅਰੂੜ ਸਿੰਘ, ਸੁਮੀਰ ਬਾਰੋਟ, ਗੁਰਮੀਤ ਸਿੰਘ ਅਤੇ ਭਾਈ ਗੁਰਬਚਨ ਸਿੰਘ (ਹੈਡ ਗ੍ਰੰਥੀ ਗੁਰੂ-ਘਰ) ਨੂੰ ਲਾਇਬ੍ਰੇਰੀ ਦੇ ਮੁੱਖ ਸਹਿਯੋਗੀ ਤੇ ਸਲਾਹਕਾਰ ਮਨਜੀਤ ਸਿੰਘ ਵਲੋਂ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ। ਉਪਰੰਤ ਮਨਜੀਤ ਸਿੰਘ ਦੇ ਸੱਦੇ 'ਤੇ ਉਚੇਚਾ ਪਹੁੰਚੇ ਪੰਥ ਦੇ ਮਹਾਨ ਕਥਾਕਾਰ ਭਾਈ ਗੁਰਦੀਪ ਸਿੰਘ ਕਪੂਰਥਲੇ ਵਾਲਿਆਂ ਨੇ ਭਾਈ ਗੁਰਦਾਸ ਦੀ ਜੀਵਨੀ ਅਤੇ ਉਨ੍ਹਾਂ ਦੀਆਂ ਲਿਖ਼ਤਾਂ ਰਾਹੀਂ ਸਿੱਖ ਪੰਥ ਨੂੰ ਸੁਚੱਜਾ ਜੀਵਨ ਜੀਉਣ ਦੀ ਮਿਲਦੀ ਸੇਧ ਦਾ ਵਰਣਨ ਕਰਦਿਆਂ ਸੰਗਤਾਂ ਨੂੰ ਮੰਤਰ-ਮੁਗ਼ਦ ਕਰੀ ਰੱਖਿਆ। ਸਟੇਜ ਸਕੱਤਰ ਦੀ ਸੇਵਾ ਹਰਵਿੰਦਰ ਸਿੰਘ ਨਾਗਰਾ ਨੇ ਨਿਭਾਈ।












# ਗੁਰਦੁਆਰਾ ਸੈਨ ਹੋਜ਼ੇ ਚੋਣਾਂ: ਦੋਹਾਂ ਧਿਰਾਂ ਵਲੋਂ ਦਾਅਵੇ ਅਤੇ ਵਾਅਦੇ

**ਸੈਨ ਹੋਜ਼ੇ (ਬਿਊਰੋ):** ਸਿੱਖ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੀਆਂ ਆਉਂਦੀ 30 ਅਗਸਤ ਨੂੰ ਹੋ ਰਹੀਆਂ ਚੋਣਾਂ ਲਈ ਮੈਦਾਨ ਪੂਰੀ ਤਰ੍ਹਾਂ ਭਖਿਆ ਹੋਇਆ ਹੈ। ਇਕ ਪਾਸੇ ਮੌਜੂਦਾ ਪ੍ਰਬੰਧਕ ਕਮੇਟੀ ਦੀ ਸਲੇਟ ਹੈ ਅਤੇ ਦੂਜੇ ਪਾਸੇ ਗੁਰਦੁਆਰਾ ਸੁਧਾਰ ਕਮੇਟੀ ਦੀ 'ਸਾਧ ਸੰਗਤ ਸਲੇਟ' ਹੈ। ਦੋਹਾਂ ਧਿਰਾਂ ਦੇ 21-21 ਉਮੀਦਵਾਰ ਚੋਣ ਮੈਦਾਨ ਵਿਚ ਹਨ। ਦੋ ਆਜਾਦ ਉਮੀਦਵਾਰ ਕੁਲਵੰਤ ਸਿੰਘ ਤੇ ਪਾਲ ਚਾਹਲ ਵੀ ਮੈਦਾਨ ਵਿਚ ਹਨ।

ਲੰਘੇ ਐਤਵਾਰ ਗੁਰਦੁਆਰਾ ਸਾਹਿਬ ਵਿਖੇ ਉਮੀਦਵਾਰਾਂ ਨੂੰ ਸੰਗਤ ਸਾਹਮਣੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿਤਾ ਗਿਆ। ਦੋਹਾਂ ਧਿਰਾਂ ਦੇ ਉਮੀਦਵਾਰਾਂ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਆਪੋ ਆਪਣੇ ਹੱਕ ਵਿਚ ਦਾਅਵੇ ਤੇ ਵਾਅਦੇ ਕੀਤੇ। ਹਰ ਸਲੇਟ ਨੂੰ 35-35 ਮਿੰਟ ਅਤੇ ਹਰ ਆਜ਼ਾਦ ਉਮੀਦਵਾਰ ਨੂੰ 5-5 ਮਿੰਟ ਦਾ ਸਮਾਂ ਦਿੱਤਾ ਗਿਆ।

ਮੌਜੂਦਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਢਿਲੋਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੀ ਕਮੇਟੀ ਵਲੋਂ ਕੀਤੇ ਗਏ ਕੰਮਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸੰਗਤ ਦੇ ਸਹਿਯੋਗ ਨਾਲ ਤਿਆਰ ਕੀਤੀ ਗਈ ਗੁਰਦੁਆਰਾ ਸਾਹਿਬ ਦੀ ਆਲੀਸ਼ਾਨ ਇਮਾਰਤ ਨਾ ਸਿਰਫ ਉਤਰੀ ਅਮਰੀਕਾ ਵਿਚ ਹੀ ਸਗੋਂ ਸ਼ਾਇਦ ਵਿਸ਼ਵ ਭਰ ਵਿਚ ਕਿਸੇ ਗੁਰੂਘਰ ਦੀ ਸਭ ਤੋਂ ਵਡੀ ਤੇ ਸੁੰਦਰ ਇਮਾਰਤ ਹੈ ਅਤੇ ਇਹ ਇਮਾਰਤ ਬਹੁਤ ਘੱਟ ਖਰਚੇ ਨਾਲ ਤਿਆਰ ਹੋਈ ਹੈ ਜਦੋਂ ਕਿ ਉਨ੍ਹਾਂ ਤੋਂ ਪਹਿਲੇ ਪ੍ਰਬੰਧਕ ਕਿਤੇ ਵਧ ਖਰਚਾ ਕਰਨ ਨੂੰ ਤਿਆਰ ਸਨ।

ਭੁਪਿੰਦਰ ਸਿੰਘ ਢਿਲੋਂ ਨੇ ਗੁਰਦੁਆਰਾ ਸਾਹਿਬ ਦੀ ਉਸਾਰੀ ਦੇ ਪ੍ਰਾਜੈਕਟ ਵਿਚ ਵਿਰੋਧੀਆਂ ਵਲੋਂ ਪਾਈਆਂ ਗਈਆਂ ਰੁਕਾਵਟਾਂ ਦਾ ਵੀ ਜ਼ਿਕਰ ਕੀਤਾ। ਗੁਰਦੁਆਰਾ ਸਾਹਿਬ ਦੇ ਵਖ ਵਖ ਪ੍ਰਾਜੈਕਟਾਂ ਦਾ ਵੇਰਵਾ ਦਿੰਦਿਆਂ ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਸੇਵਾ ਦਾ ਇਕ ਹੋਰ ਮੌਕਾ ਦਿਤਾ ਜਾਵੇ ਤਾਂ ਜੋ ਗੁਰੂਘਰ ਦੇ ਰਹਿੰਦੇ ਪ੍ਰਾਜੈਕਟ ਮੁਕੰਮਲ ਕੀਤੇ ਜਾ ਸਕਣ।

ਪ੍ਰਬੰਧਕਾਂ ਦੀ ਸਲੇਟ ਦੇ ਉਮੀਦਵਾਰਾਂ- ਗੁਰਿੰਦਰ ਪਾਲ ਸਿੰਘ, ਰਜਿੰਦਰ ਸਿੰਘ ਮੰਘਰ, ਨਰਿੰਦਰ ਕੌਰ ਮਹੇੜੂ ਆਦਿ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

ਦੂਜੇ ਪਾਸੇ ਸਾਧ ਸੰਗਤ ਸਲੇਟ ਦੇ ਮੈਂਬਰਾਂ ਨੇ ਆਪਣਾ ਮੁਖ ਮੁੱਦਾ ਲੰਮੀ ਤੇ ਖਰਚੀਲੀ ਕਾਨੂੰਨੀ ਲੜਾਈ ਪਿਛੋਂ ਗੁਰਦੁਆਰਾ ਸਾਹਿਬ ਦੇ 30 ਸਾਲ ਦੇ ਇਤਿਹਾਸ ਵਿਚ ਪਹਿਲੀ ਵਾਰ ਆਪਣੇ ਪ੍ਰਬੰਧਕ ਚੁਣਨ ਦਾ ਸੰਗਤ ਨੂੰ ਹੱਕ ਦਿਵਾਉਣ ਦੀ ਪ੍ਰਾਪਤੀ ਨੂੰ ਬਣਾਇਆ। ਉਨ੍ਹਾਂ ਦੋਸ਼ ਲਾਇਆ ਕਿ ਮੌਜੂਦਾ ਪ੍ਰਬੰਧਕ ਆਪਣੇ ਪਰਿਵਾਰਾਂ ਅਤੇ ਗਿਣੇ-ਚੁਣੇ ਹਮਾਇਤੀਆਂ ਦਾ ਕਬਜ਼ਾ ਬਣਾਈ ਰਖਣਾ ਚਾਹੁੰਦੇ ਹਨ। ਇਸੇ ਕਰਕੇ ਉਨ੍ਹਾਂ ਸੰਗਤਾਂ ਦਾ ਵੋਟ ਪਾਉਣ ਦਾ ਹੱਕ 17 ਅਪਰੈਲ 2011 ਨੂੰ ਖੋਹ ਲਿਆ ਸੀ ਅਤੇ ਉਮਰ ਭਰ ਕਾਬਜ ਰਹਿਣ ਲਈ ਬਾਈਲਾਅਜ਼ ਵਿਚ ਮਨਮਰਜ਼ੀ ਦੀਆਂ ਤਬਦੀਲੀਆਂ ਕਰ ਲਈਆਂ ਸਨ।

ਸਾਧ ਸੰਗਤ ਸਲੇਟ ਦੇ ਮੁਖ ਬੁਲਾਰੇ ਡਾ. ਤਰਲੋਚਨ ਸਿੰਘ ਨਾਹਲ ਨੇ ਆਪਣੀ 10 ਮਿੰਟ ਦੀ ਤਕਰੀਰ ਵਿਚ ਇਕ ਸਲਾਈਡ ਸ਼ੋਅ ਰਾਹੀਂ ਦਸਿਆ ਕਿ ਕਿਵੇ ਮੁੱਠੀ ਭਰ ਪਰਿਵਾਰ ਪਿਛਲੇ 30 ਸਾਲਾਂ ਤੋਂ ਇਸ ਗੁਰਦੁਆਰਾ ਸਾਹਿਬ 'ਤੇ ਕਾਬਜ ਹਨ ਅਤੇ ਕਿਵੇ ਇਹ ਕਬਜਾ ਦੋ ਪੀੜ੍ਹੀਆਂ ਤੋਂ ਪਿਉ ਤੋਂ ਬਾਦ ਪੁਤਰ ਜਾਂ ਧੀ ਕੋਲ ਜਾਂ ਕਿਸੇ ਹੋਰ ਨਜ਼ਦੀਕੀ ਰਿਸ਼ਤੇਦਾਰ ਕੋਲ ਤਬਦੀਲ ਹੋ ਰਿਹਾ ਹੈ ਪਰ ਸੰਗਤ ਦੀ ਇਥੇ ਕੋਈ ਪੁੱਛ ਨਹੀਂ। ਉਨ੍ਹਾਂ ਇਹ ਵੀ ਦਸਿਆ ਕਿ ਕਿਵੇਂ ਚਾਰ ਸਾਲ ਪਹਿਲਾਂ ਕਮੇਟੀ ਦੇ ਤਿੰਨ ਬੰਦੇ ਰਾਤ ਨੂੰ ਉਨ੍ਹਾਂ ਦੇ ਘਰ ਆਏ ਅਤੇ ਕਮੇਟੀ ਦਾ ਕੋਈ ਵੀ ਅਹੁਦਾ ਦੇਣ ਦੀ ਪੇਸ਼ਕੱਸ਼ ਕੀਤੀ ਅਤੇ ਬੇਨਤੀ ਕੀਤੀ ਕਿ ਉਹ ਅਦਾਲਤ ਵਿਚ ਨਾ ਜਾਣ ਤੇ ਅੱਗਿਉਂ ਉਨ੍ਹਾਂ ਕਿਵੇਂ ਖਰੀਆਂ ਖਰੀਆਂ ਸੁਣਾਈਆਂ।



*ਡਾ.ਨਾਹਲ ਸਾਧ ਸੰਗਤ ਸਲੇਟ ਦੇ ਉਮੀਦਵਾਰਾਂ ਦੀ ਸੰਗਤ ਨਾਲ ਵਾਕਫੀਅਤ ਕਰਾਉਂਦੇ ਹੋਏ*

ਡਾ. ਨਾਹਲ ਨੇ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਵਧੀਆ ਤਰੀਕੇ ਨਾਲ ਚਲਾਉਣ ਲਈ ਇਨ੍ਹਾਂ ਚੋਣਾਂ ਵਿਚ ਸਾਧ ਸੰਗਤ ਸਲੇਟ ਨੂੰ ਵੋਟ ਪਾਉਣ ਦੀ ਅਪੀਲ ਕੀਤੀ।

ਸਾਧ ਸੰਗਤ ਸਲੇਟ ਦੇ ਬੁਲਾਰਿਆਂ-ਭਾਈ ਗੁਰਮੇਲ ਸਿੰਘ ਖਾਲਸਾ, ਭਾਈ ਬਲਕਾਰ ਸਿੰਘ, ਬੀਬੀ ਸੁਰਿੰਦਰਜੀਤ ਕੌਰ, ਭਾਈ ਜਸਪਾਲ ਸਿੰਘ ਅਤੇ ਨੌਜੁਆਨ ਉਮੀਦਵਾਰ ਗੁਰਵਿੰਦਰ ਸਿੰਘ ਪ੍ਰਿੰਸ ਨੇ ਵੀ ਡਾ. ਨਾਹਲ ਦੀ ਲਾਈਨ 'ਤੇ ਹੀ ਆਪਣੇ ਵਿਚਾਰ ਪ੍ਰਗਟਾਏ।

ਭਾਈ ਬਲਕਾਰ ਸਿੰਘ ਨੇ ਦੋਸ਼ ਲਾਇਆ ਕਿ ਖਾਲਸਾ ਸਕੂਲ ਦੇ ਪ੍ਰਬੰਧਕ ਆਪਣਾ ਕਬਜ਼ਾ ਬਰਕਰਾਰ ਰੱਖਣ ਲਈ ਸੰਗਤਾਂ ਨੂੰ ਗੁਮਰਾਹ ਕਰ ਰਹੇ ਹਨ, ਜਿਸ ਦਾ ਬੱਚਿਆਂ 'ਤੇ ਮਾੜਾ ਅਸਰ ਪੈ ਰਿਹਾ ਹੈ। ਭਾਈ ਜਸਪਾਲ ਸਿੰਘ ਨੇ ਸਵਾਲ ਕੀਤਾ ਕਿ ਕਮੇਟੀ ਗੁਰਦੁਆਰਾ ਸਾਹਿਬ ਦੀ ਉਸਾਰੀ ਦੇ ਵਿਸਥਾਰਪੂਰਵਕ ਆਡਿਟ ਤੋਂ ਕਿਉਂ ਭੱਜ ਰਹੀ ਹੈ? ਉਨ੍ਹਾਂ ਪੁਛਿਆ ਕਿ ਉਸਾਰੀ ਦਾ ਖਰਚਾ 18 ਮਿਲੀਅਨ ਡਾਲਰ ਦੀ ਥਾਂ 32 ਮਿਲੀਅਨ ਡਾਲਰ ਕਿਉਂ ਹੋਇਆ?

ਅਦਾਲਤ ਵਲੋਂ ਚੋਣਾਂ ਲਈ ਨਿਯੁਕਤ ਕੀਤੇ ਗਏ ਸਪੈਸ਼ਲ ਮਾਸਟਰ (ਰਿਟਾਇਰਡ ਜੱਜ) ਕੈਵਿਨ ਮਰਫੀ ਵੀ ਇਸ ਮੌਕੇ ਹਾਜ਼ਰ ਸਨ।

## ਗੁਰੂ ਰਵੀਦਾਸ ਟੈਂਪਲ ਵਿਚ ਸਮਾਗਮ

**ਸੈਕਰਾਮੈਂਟੋ:** ਗੁਰੂ ਰਵੀਦਾਸ ਟੈਂਪਲ ਰਿਓ ਲਿੰਡਾ ਸੈਕਰਾਮੈਂਟੋ ਵਿਖੇ ਐਤਵਾਰ ਨੂੰ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹਜ਼ੂਰੀ ਜਥਾ ਭਾਈ ਜਸਪਾਲ ਸਿੰਘ ਅਤੇ ਭਾਈ ਨਿਰਮਲ ਸਿੰਘ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਇੰਡੀਆ ਤੋਂ ਪਹੁੰਚੇ ਡਾ. ਪ੍ਰਦੀਪ ਕੇ. ਨੰਗਲੂ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਅਤੇ 23 ਅਗਸਤ ਨੂੰ ਗੁਰੂਘਰ ਵਿਖੇ ਸਿਹਤ ਸਬੰਧੀ ਸੇਵਾਵਾਂ ਲਈ ਕੈਂਪ ਲਾਉਣ ਦਾ ਐਲਾਨ ਕੀਤਾ। ਇਹ ਕੈਂਪ ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਸੁਸਾਇਟੀ ਵੱਲੋਂ ਲਗਾਇਆ ਜਾਵੇਗਾ।

ਇਸ ਮੌਕੇ ਮਹਿੰਦਰ ਸਿੰਘ ਧਾਮੀ, ਦਰਸ਼ਨ ਵਿਰਕ, ਤੇਜਾ ਵਿਰਕ ਨੇ ਪੰਜ ਹਜ਼ਾਰ ਡਾਲਰ ਦੇ ਚੈਕ ਪ੍ਰਧਾਨ ਨੂੰ ਭੇਟ ਕੀਤੇ। ਸੁਸਾਇਟੀ ਦੇ ਮੈਂਬਰਾਂ ਰਾਜ ਬੱਧਣ, ਇੰਦਰਜੀਤ ਪੱਡਵੱਗਾ, ਰਾਜ ਸੂਦ, ਮਨਜੀਤ ਪਾਲ, ਸਤਨਾਮ ਮੰਢਾਲੀ ਕਰਨੈਲ ਵਿਰਕ, ਹਰਬੰਸ ਰੱਲ੍ਹ ਨੇ ਸਭ ਦਾ ਧੰਨਵਾਦ ਕੀਤਾ।



ਉਨ੍ਹਾਂ ਦੱਸਿਆ ਕਿ ਗੁਰੂਘਰ ਦੇ ਸਾਬਕਾ ਚੇਅਰਮੈਨ ਸ. ਲਸ਼ਕਰ ਸਿੰਘ ਬੱਧਣ ਸੁਸਾਇਟੀ ਦੇ ਮੈਂਬਰ ਬਣ ਗਏ ਹਨ। ਇਸ ਮੌਕੇ ਡਾ. ਪ੍ਰਦੀਪ ਨੰਗਲੂ ਨੂੰ ਸਿਰੋਪਾ ਦੇ ਕੇ ਸਨਮਾਨਤ ਕੀਤਾ ਗਿਆ। ਅਰਦਾਸ ਉਪਰੰਤ ਗੁਰੂ ਦਾ ਲੰਗਰ ਅਤੁੱਟ ਵਰਤਿਆ।



## ਪਾਵਰ ਲਿਫ਼ਟਿੰਗ 'ਚ ਸਿਆਟਲ ਨੇ 5 ਸੋਨ ਤਮਗ਼ੇ ਜਿੱਤੇ

**ਸਿਆਟਲ (ਬਿਊਰੋ):** ਸਾਲ 2015 ਲਈ ਸਟੇਟ ਪਾਵਰ ਲਿਫ਼ਟਿੰਗ ਚੈਂਪੀਅਨਸ਼ਿਪ ਕੈਨਵਿਕ ਵਿਖੇ ਸਮਾਪਤ ਹੋਈ ਜਿਸ ਵਿਚ ਪੰਜਾਬੀ ਮੂਲ ਦੇ ਬੱਚਿਆਂ ਨੇ ਸੋਨੇ ਦੇ ਪੰਜ, ਚਾਂਦੀ ਤੇ ਕਾਂਸ਼ੀ ਦਾ ਇਕ ਇਕ ਤਮਗ਼ਾ ਜਿੱਤਿਆ। ਇਸ ਜਿੱਤ 'ਤੇ ਪੰਜਾਬੀ ਭਾਈਚਾਰੇ ਨੇ ਮੈਡਲ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ।

ਰਜਤ ਚੌਹਾਨ ਨੇ 18 ਸਾਲ ਦੀ ਉਮਰ ਦੇ 148 ਪੌਂਡ ਵਰਗ ਵਿਚ 418 ਪੌਂਡ ਸਕੁਏਟ, 220 ਪੌਂਡ ਬੈਂਚ ਪ੍ਰੈਸ, 440 ਪੌਂਡ ਡੈਡਲਿਫ਼ਟ ਅਤੇ ਕੁੱਲ 1078 ਪੌਂਡ ਭਾਰ ਉਠਾ ਕੇ ਸੋਨ ਤਮਗਾ ਜਿੱਤਿਆ। ਉਸ ਨੇ ਓਪਨ ਮੁਕਾਬਲੇ ਵਿਚ ਵੀ ਸੋਨੇ ਦਾ ਤਮਗ਼ਾ ਜਿੱਤਿਆ। ਅਵਤਾਰ ਸਿੰਘ ਨੇ 17 ਸਾਲ ਉਮਰ ਦੇ 220 ਪੌਂਡ ਭਾਰ ਵਰਗ ਵਿਚ 375 ਪੌਂਡ ਸਕੁਏਟ, 220 ਪੌਂਡ ਬੈਂਚ ਪ੍ਰੈਸ ਲਾ ਕੇ ਇਕ ਸੋਨ ਤੇ ਇਕ ਕਾਂਸੀ ਦਾ ਤਮਗਾ ਜਿੱਤਿਆ। ਜਸਮੀਤ ਖਹਿਰਾ ਨੇ 16 ਸਾਲ ਦੀ ਉਮਰ ਦੇ 181 ਪੌਂਡ ਭਾਰ ਵਰਗ ਵਿਚ 336.6 ਪੌਂਡ ਸਕੁਏਟ, 203.5 ਪੌਂਡ ਬੈਂਚ ਪ੍ਰੈਸ, 424 ਪੌਂਡ ਡੈਡਲਿਫ਼ਟ ਅਤੇ ਕੁੱਲ 964.7 ਪੌਂਡ ਭਾਰ ਉਠਾ ਕੇ ਚਾਂਦੀ ਦਾ ਤਮਗਾ ਜਿੱਤਿਆ। ਨਵਨੀਤ ਸਿੰਘ ਆਲਮਗੀਰ 16 ਸਾਲ ਦੀ ਉਮਰ ਦੇ 148 ਪੌਂਡ ਭਾਰ ਵਰਗ ਵਿਚ 330 ਪੌਂਡ ਸਕੁਏਟ, 176 ਪੌਂਡ ਬੈਚ ਪ੍ਰੈਸ ਤੇ 417 ਪੌਂਡ ਡੈਡਲਿਫ਼ਟ ਲਾ ਕੇ ਸੋਨ ਤਮਗਾ ਜਿੱਤਿਆ। ਤਜਿੰਦਰ ਸਿੰਘ 16 ਸਾਲ ਦੀ ਉਮਰ ਦੇ 181 ਪੌਂਡ ਭਾਰ ਵਰਗ ਵਿਚ 420 ਪੌਂਡ ਸਕੁਏਟ, 220 ਪੌਂਡ ਬੈਂਚ ਪ੍ਰੈਸ ਤੇ 468 ਪੌਂਡ ਡੈਡਲਿਫ਼ਟ ਲਾ ਕੇ ਸੋਨੇ ਦਾ ਤਮਗ਼ਾ ਹਾਸਲ ਕੀਤਾ। ਇਸ ਮੌਕੇ ਹਰਦੀਪ ਸਿੰਘ ਚੌਹਾਨ, ਪਰਮਜੀਤ ਕੌਰ ਚੌਹਾਨ, ਕਰਨਦੀਪ ਸਿੰਘ ਚੌਹਾਨ, ਚਰਨਜੀਤ ਸਿੰਘ, ਸਾਹਿਬ ਸਿੰਘ, ਅਭੀਜੋਤ ਸਿੰਘ, ਮਨਦੀਸ ਕੌਰ ਤੇ ਰਵਨੀਤ ਕੌਰ ਨੇ ਮੈਡਲ ਜੇਤੂਆਂ ਨੂੰ ਵਧਾਈ ਦਿੱਤੀ।




*ਮੈਡਲ ਜੇਤੂ ਆਪਣੇ ਪਰਿਵਾਰਾਂ ਨਾਲ ਖੁਸ਼ੀ ਮਨਾਉਣ ਸਮੇਂ।*

## ਡਾ. ਜਸਪਾਲ ਸਿੰਘ ਦਾ ਸਨਮਾਨ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਨੂੰ ਉਨ੍ਹਾਂ ਦੇ ਪੰਜਾਬੀ ਭਾਸ਼ਾ ਦੇ ਪੁਰਾਤਨ ਅਤੇ ਮੱਧਕਾਲੀਨ ਸਾਹਿਤ ਦੇ ਵਿਕਾਸ ਵਿਚ ਪਾਏ ਯੋਗਦਾਨ ਸਦਕਾ ਭਾਰਤ ਸਰਕਾਰ ਦੀ ਸਾਹਿਤ ਅਕਾਦਮੀ ਵੱਲੋਂ ਉੱਚ ਪੱਧਰੀ 'ਭਾਸ਼ਾ ਸਨਮਾਨ' ਨਾਲ ਨਿਵਾਜਿਆ ਗਿਆ ਹੈ। ਇਹ ਸਨਮਾਨ ਭਾਰਤੀ ਭਾਸ਼ਾਵਾਂ ਦੇ ਖੇਤਰ 'ਚ ਪਾਏ ਵਿਲੱਖਣ ਯੋਗਦਾਨ ਸਦਕਾ ਹਰ ਸਾਲ ਇਕ ਵਿਦਵਾਨ ਨੂੰ ਦਿੱਤਾ ਜਾਂਦਾ ਹੈ।

ਡਾ. ਜਸਪਾਲ ਸਿੰਘ ਨੂੰ ਇਹ ਪੁਰਸਕਾਰ ਕੋਇੰਬਟੂਰ (ਤਾਮਿਲਨਾਡੂ) ਵਿਖੇ ਮਹਾਨ ਸਾਹਿਤਕਾਰਾਂ ਤੇ ਵੱਖ-ਵੱਖ ਭਾਸ਼ਾਵਾਂ ਦੇ ਉਘੇ ਵਿਦਵਾਨਾਂ ਦੀ ਮੌਜੂਦਗੀ ਵਿਚ ਦਿੱਤਾ ਗਿਆ। ਡਾ. ਜਸਪਾਲ ਸਿੰਘ ਨੇ ਕਿਹਾ ਕਿ ਇਹ ਮਾਣ-ਸਨਮਾਨ ਉਨ੍ਹਾਂ ਵੱਲੋਂ ਆਪਣੀ ਮਾਂ ਬੋਲੀ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਤੀਆਂ ਗਈਆਂ ਸੇਵਾਵਾਂ ਬਦਲੇ ਦਿੱਤਾ ਗਿਆ ਹੈ।

## ਸੁਪਰੀਮ ਕੋਰਟ ਨੂੰ ਉਡਾਉਣ ਦੀ ਧਮਕੀ

**ਨਵੀਂ ਦਿੱਲੀ:** ਭਾਰਤ ਦੀ ਸੁਪਰੀਮ ਕੋਰਟ ਨੂੰ ਬੰਬ ਨਾਲ ਉਡਾਉਣ ਬਾਰੇ ਧਮਕੀ ਭਰਿਆ ਈ-ਮੇਲ ਮਿਲਿਆ ਹੈ ਜਿਸ ਤੋਂ ਬਾਅਦ ਕੋਰਟ ਦੇ ਚਾਰ-ਚੁਫੇਰੇ ਸੁਰੱਖਿਆ ਵਧਾ ਦਿੱਤੀ ਗਈ ਹੈ। ਵਕੀਲਾਂ ਨਾਲ ਮੁਕੱਦਮੇ ਬਾਰੇ ਸਲਾਹ ਕਰਨ ਲਈ ਮੁਕੱਦਮੇਬਾਜ਼ ਨੂੰ ਅੰਦਰ ਨਹੀਂ ਜਾਣ ਦਿੱਤਾ ਜਾ ਰਿਹਾ। ਕੇਸ ਦੀ ਤਾਰੀਕ ਭੁਗਤਣ ਆਏ ਲੋਕਾਂ ਅਤੇ ਵਕੀਲਾਂ ਨੂੰ ਤਲਾਸ਼ੀ ਤੋਂ ਬਾਅਦ ਹੀ ਅੰਦਰ ਜਾਣ ਦੀ ਆਗਿਆ ਦਿੱਤੀ ਜਾ ਰਹੀ ਹੈ।

## ਗੁਰਦੁਆਰਾ ਸਿਲੀਕਾਨ ਵੈਲੀ ਵਿਚ ਕਥਾ ਪ੍ਰਵਾਹ

**ਸੈਂਟਾ ਕਲਾਰਾ (ਬਿਊਰੋ):** ਗੁਰਦੁਆਰਾ ਸਿਲੀਕਾਨ ਵੈਲੀ ਵਿਚ ਪਿਛਲੇ ਦਸ ਦਿਨਾਂ ਤੋਂ ਲਗਾਤਾਰ ਕਥਾ ਅਤੇ ਕੀਰਤਨ ਦਾ ਪ੍ਰਵਾਹ ਚੱਲ ਰਿਹਾ ਹੈ। ਲੁਧਿਆਣਾ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਤੇ ਕਥਾਵਾਚਕ ਗਿਆਨੀ ਗੁਰਦੀਪ ਸਿੰਘ ਹਰ ਰੋਜ਼ ਸ਼ਾਮ ਦੇ ਦੀਵਾਨ ਵਿਚ 7.30 ਵਜੇ ਤੋਂ 8.30 ਵਜੇ ਤੱਕ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਦੀ ਲੜੀਵਾਰ ਕਥਾ ਵਿਚਾਰ ਕਰ ਰਹੇ ਹਨ। ਉਹ 30 ਸਤੰਬਰ ਤੱਕ ਗੁਰਦੁਆਰੇ ਵਿਖੇ ਰੋਜ਼ ਕਥਾ ਕਰਨਗੇ ਅਤੇ 31 ਅਗਸਤ ਤੋਂ 6 ਸਤੰਬਰ ਤੱਕ ਇਕ ਹਫ਼ਤਾ ਗੁਰਦੁਆਰਾ ਸੈਨ ਹੋਜ਼ੇ ਵਿਚ ਉਨ੍ਹਾਂ ਦਾ ਪ੍ਰੋਗਰਾਮ ਹੋਵੇਗਾ। ਗੁਰਦੁਆਰਾ ਸਿਲੀਕਾਨ ਵੈਲੀ ਵਿਖੇ ਪਿਛਲੇ ਇਕ ਮਹੀਨੇ ਤੋਂ ਭਾਈ ਰਜਿੰਦਰ ਸਿੰਘ ਹੁਸ਼ਿਆਰਪੁਰ ਵਾਲੇ ਕੀਰਤਨ ਕਰ ਕੇ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ।

ਇਸੇ ਦੌਰਾਨ ਗੁਰਦੁਆਰੇ ਦੇ ਹਫ਼ਤਾਵਾਰੀ ਦੀਵਾਨ ਵਿਚ ਢਾਡੀ ਨਿਰਮਲ ਸਿੰਘ ਭੌਰ ਦੇ ਜਥੇ ਵੱਲੋਂ ਹਾਜ਼ਰੀ ਭਰ ਕੇ ਸ਼ਹੀਦ ਭਾਈ ਤਾਰੂ ਸਿੰਘ ਨੂੰ ਇਤਿਹਾਸਕ ਵਾਰਾਂ ਗਾ ਕੇ ਸਿਜਦਾ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨਤਾ ਦਿਵਸ ਅਤੇ ਪ੍ਰਥਮ ਪ੍ਰਕਾਸ਼ ਦਿਹਾੜੇ ਸਬੰਧੀ ਗੁਰਦੁਆਰੇ ਵਿਖੇ 28 ਅਗਸਤ ਨੂੰ ਸ੍ਰੀ ਅਖੰਡ ਪਾਠ ਅਰੰਭ ਕਰ ਕੇ 30 ਅਗਸਤ ਨੂੰ ਸੰਪੂਰਨਤਾ ਕੀਤੀ ਜਾਵੇਗੀ। ਇਸ ਉਪਰੰਤ ਦੀਵਾਨ ਸਜਾਏ ਜਾਣਗੇ। ਹੋਰ ਜਾਣਕਾਰੀ ਲਈ ਫੋਨ 408-475-0634 ਜਾਂ 408-497-2888 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।





# ਸਿੱਖ ਗੁਰਦੁਆਰਾ, ਸੈਨ ਹੋਜ਼ੇ ਦੀਆਂ ਚੋਣਾਂ

# ਸਾਧ ਸੰਗਤ ਸਲੇਟ

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

ਗੁਰਦੁਆਰਾ ਸੁਧਾਰ ਕਮੇਟੀ, ਸੈਨ ਹੋਜ਼ੇ ਨੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਲੰਮੇ ਸੰਘਰਸ਼ ਅਤੇ ਕਾਨੂੰਨੀ ਲੜਾਈ ਲੜ ਕੇ ਸਿੱਖ ਗੁਰਦੁਆਰਾ ਸੈਨ ਹੋਜ਼ੇ ਦੀ ਸਮੂਹ ਜਨਰਲ ਬਾਡੀ ਦੇ ਵੋਟ ਪਾਉਣ ਦੇ ਹੱਕਾਂ ਨੂੰ ਬਹਾਲ ਕਰਾਇਆ ਹੈ। ਇਹੀ ਵਜ੍ਹਾ ਹੈ ਕਿ ਇਸ ਗੁਰਦੁਆਰਾ ਸਾਹਿਬ ਵਿਚ ਪਿਛਲੇ 30 ਸਾਲਾਂ ਵਿਚ ਹੁਣ ਪਹਿਲੀ ਵਾਰੀ ਸਮੂਹ ਪ੍ਰਬੰਧਕ ਕਮੇਟੀ ਦੀ ਚੋਣ ਹੋ ਰਹੀ ਹੈ।

ਸਾਧ ਸੰਗਤ ਸਲੇਟ ਗੁਰੂ ਕੀ ਸੰਗਤ ਦੀ ਆਪਣੀ ਸਲੇਟ ਹੈ ਜਿਸ ਨੇ ਹਮੇਸ਼ਾਂ ਤੁਹਾਡੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੈ ਅਤੇ ਕਰਦੀ ਰਹੇਗੀ। ਇਹ ਗੁਰਦੁਆਰਾ ਸਾਹਿਬ ਉਤੇ 30 ਸਾਲਾਂ ਤੋਂ ਕਾਬਜ਼ ਧਿਰ (ਮੌਜੂਦਾ ਪ੍ਰਬੰਧਕ ਕਮੇਟੀ) ਦੇ ਖਿਲਾਫ ਚੋਣਾਂ ਲੜ ਰਹੀ ਹੈ ਜਿਸ ਵਿਚ ਆਪ ਜੀ ਦੀ ਮਦਦ ਦੀ ਜਰੂਰਤ ਹੈ। ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਤੁਸੀਂ ਆਪਣਾ ਕੀਮਤੀ ਵੋਟ ਦੇ ਕੇ ਸਾਧ ਸੰਗਤ ਸਲੇਟ ਦੇ ਉਮੀਦਵਾਰਾਂ ਨੂੰ ਕਾਮਯਾਬ ਕਰੋ।


Tarlochan Singh Nahal
ਤਰਲੋਚਨ ਸਿੰਘ ਨਾਹਲ


Gurmail Singh Bath
ਗੁਰਮੇਲ ਸਿੰਘ ਖਾਲਸਾ (ਬਾਠ)



Bhupinder Singh Cheema
ਭੁਪਿੰਦਰ ਸਿੰਘ ਚੀਮਾ


Jagjit Singh Mand
ਜਗਜੀਤ ਸਿੰਘ ਮੰਡ


Sukhwinder Singh Mann
ਸੁਖਵਿੰਦਰ ਸਿੰਘ ਮਾਨ


Surinderjit Kaur
ਸੁਰਿੰਦਰਜੀਤ ਕੌਰ


Surinder Kaur
ਸੁਰਿੰਦਰ ਕੌਰ


Davinder Kaur Pannu
ਦਵਿੰਦਰ ਕੌਰ ਪੰਨੂੰ


Onkar Singh
ਉਂਕਾਰ ਸਿੰਘ


Siasat Singh
ਸਿਆਸਤ ਸਿੰਘ


Balkar Singh
ਬਲਕਾਰ ਸਿੰਘ


Bahadur Singh Sandhu
ਬਹਾਦਰ ਸਿੰਘ ਸੰਧੂ


Jaspal Singh
ਜਸਪਾਲ ਸਿੰਘ


Gurbachan Singh (Tanda)
ਗੁਰਬਚਨ ਸਿੰਘ (ਟਾਂਡਾ)



Kamaljeet Singh Cheema
ਕਮਲਜੀਤ ਸਿੰਘ ਚੀਮਾ


Bhupinder Singh
ਭੁਪਿੰਦਰ ਸਿੰਘ


Manpreet Singh Badesha
ਮਨਪ੍ਰੀਤ ਸਿੰਘ ਬਦੇਸ਼ਾ


Avtar Singh Khella
ਅਵਤਾਰ ਸਿੰਘ ਖੇਲਾ


Gurbachan Singh Sra
ਗੁਰਬਚਨ ਸਿੰਘ ਸਰਾ


Gurvinder Singh (Prince)
ਗੁਰਵਿੰਦਰ ਸਿੰਘ (ਪ੍ਰਿੰਸ)


Iqbal Singh Mann
ਇਕਬਾਲ ਸਿੰਘ ਮਾਨ

## Sadh Sangat Slate, Sikh Gurdwara - San Jose

www.sudharcommittee.com

**ਬੇਨਤੀ ਕਰਤਾ**

ਡਾ. ਤਰਲੋਚਨ ਸਿੰਘ ਨਾਹਲ (408) 629-1958
ਭਾਈ ਗੁਰਮੇਲ ਸਿੰਘ ਖਾਲਸਾ (408) 509-1082
ਭਾਈ ਜਗਜੀਤ ਸਿੰਘ ਮੰਡ (408) 858-3845
ਭਾਈ ਦਲਜੀਤ ਸਿੰਘ (408) 332-6780
ਭਾਈ ਜਸਵੰਤ ਸਿੰਘ ਹੋਠੀ (408) 898-7056
ਭਾਈ ਬਲਬੀਰ ਸਿੰਘ ਢਿੱਲੋਂ (408) 772-0600
ਭਾਈ ਹਰਦੁਮਨ ਸਿੰਘ ਸੰਘੇੜਾ (408) 520-8800
ਭਾਈ ਗੁਰਦਿਆਲ ਸਿੰਘ (408) 469-9749
ਭਾਈ ਰਾਜਵੰਤ ਸਿੰਘ (650) 883-3442
ਭਾਈ ਭੁਪਿੰਦਰ ਸਿੰਘ ਚੀਮਾ (408) 203-8054
ਭਾਈ ਦਵਿੰਦਰ ਸਿੰਘ (209) 564-8899
ਭਾਈ ਐਸ ਪੀ ਸਿੰਘ (408) 442-9199

# ਰੰਗਸ਼ਾਲਾ ਦਾ ਰੰਗ ਦੂਣ-ਸਵਾਇਆ

## ਕਾਤਲਾਂ ਖਿਲਾਫ ਕਾਰਵਾਈ ਲਈ ਨਾਟਕ 'ਸੁਕਰਾਤ ਤੋਂ ਦਭੋਲਕਰ ਪਨਸਾਰੇ ਬਰਾਸਤਾ ਤੁਕਾਰਾਮ' ਦੀਆਂ 300 ਤੋਂ ਉਪਰ ਪੇਸ਼ਕਾਰੀਆਂ



### ਕਲਾ ਪਰਿਕਰਮਾ

ਨਿਮਰਤਾ ਪਾਖੀ

ਮਹਾਰਾਸ਼ਟਰ ਵਿਚ ਦੋ ਤਰਕਸ਼ੀਲ ਆਗੂਆਂ ਨਰੇਂਦਰ ਦਭੋਲਕਰ ਅਤੇ ਗੋਵਿੰਦ ਪਨਸਾਰੇ ਦੇ ਕਾਤਲਾਂ ਦਾ ਖੋਜ-ਖੁਰਾ ਪੁਲਿਸ ਅਜੇ ਤੱਕ ਲੱਭ ਨਹੀਂ ਸਕੀ ਹੈ। ਅਸਲ ਵਿਚ ਪੁਲਿਸ ਅਤੇ ਪ੍ਰਸ਼ਾਸਨ ਦੀ ਨੀਅਤ ਕਾਤਲਾਂ ਨੂੰ ਲੱਭਣ ਦੀ ਹੈ ਵੀ ਨਹੀਂ। ਇਨ੍ਹਾਂ ਦੋਵਾਂ ਆਗੂਆਂ ਨੂੰ ਹਿੰਦੂ ਕੱਟੜਪੰਥੀਆਂ ਨੇ ਕਤਲ ਕਰ ਦਿੱਤਾ ਸੀ। ਕਤਲ ਤੋਂ ਪਹਿਲਾਂ ਉਨ੍ਹਾਂ ਨੂੰ ਧਮਕੀਆਂ ਵੀ ਮਿਲਦੀਆਂ ਰਹੀਆਂ ਸਨ, ਪਰ ਉਹ ਆਪਣੇ ਅਕੀਦੇ ਤੋਂ ਟੱਸ ਤੋਂ ਮੱਸ ਨਹੀਂ ਹੋਏ। ਇਹ ਦੋਵੇਂ ਆਗੂ ਸੂਬੇ ਵਿਚ ਅੰਧ-ਵਿਸ਼ਵਾਸਾਂ ਦੇ ਖਿਲਾਫ਼ ਲੋਕ ਚੇਤਨਾ ਪੈਦਾ ਕਰ ਰਹੇ ਸਨ। ਕਾਤਲਾਂ ਖਿਲਾਫ਼ ਕਰਵਾਈ ਲਈ ਸਿਆਸੀ ਪੱਧਰ ਉਤੇ ਬਥੇਰੀ ਚਾਰਾਜੋਈ ਕੀਤੀ ਗਈ, ਪਰ ਕਿਤੇ ਕੋਈ ਸੁਣਵਾਈ ਨਹੀਂ ਹੋਈ।

ਹੁਣ ਮਹਾਰਸ਼ਟਰ ਦੇ ਰੰਗਕਰਮੀ ਅਤੁਲ ਪੇਠੇ ਨੇ ਆਪਣੇ ਨਾਟਕ 'ਸੁਕਰਾਤ ਤੋਂ ਦਭੋਲਕਰ ਪਨਸਾਰੇ, ਬਰਾਸਤਾ ਤੁਕਾਰਾਮ' ਰਾਹੀਂ ਲੋਕਾਂ ਨੂੰ ਜਗਾਉਣ ਦਾ ਬੀੜਾ ਚੁੱਕਿਆ ਹੈ। ਅਤੁਲ ਪੇਠੇ, ਦਭੋਲਕਰ ਵੱਲੋਂ ਬਣਾਈ ਮਹਾਰਾਸ਼ਟਰ ਅੰਧ-ਸ਼ਰਧਾ ਨਿਰਮੂਲਨ ਸਮਿਤੀ (ਮਾਨਸ) ਦੇ ਤਖਤੇ ਹੇਠ ਇਹ ਨਾਟਕ ਪਿਛਲੇ ਇਕ ਸਾਲ ਤੋਂ ਖੇਡ ਰਿਹਾ ਹੈ। ਇਸ ਨਾਟਕ ਦੀਆਂ 300 ਤੋਂ ਉਪਰ ਪੇਸ਼ਕਾਰੀਆਂ ਹੋ ਚੁੱਕੀਆਂ ਹਨ। ਹਾਲ ਹੀ ਵਿਚ ਸਮਿਤੀ ਦੇ ਕਾਰਕੁਨ ਨਵੀਂ ਦਿੱਲੀ ਵਿਚ ਇਹ ਨਾਟਕ ਖੇਡ ਕੇ ਗਏ ਹਨ।

ਨਾਟਕ ਵਿਚ ਦਿਖਾਇਆ ਗਿਆ ਹੈ ਕਿ ਵੱਖ ਵੱਖ ਸਮਿਆਂ ਵਿਚ ਲੋਕ ਚੇਤਨਾ ਭਖਾ ਰਹੇ ਲੋਕਾਂ ਨੂੰ ਕਿਸ ਤਰ੍ਹਾਂ ਮੁਸੀਬਤਾਂ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਨਾਟਕ ਵਿਚ ਯੂਨਾਨੀ ਫਿਲਾਸਫਰ ਸੁਕਰਾਤ ਤੋਂ ਲੈ ਕੇ ਮੱਧ ਯੁੱਗ ਵਿਚ ਜਨਮੇ ਸੰਤ ਸ਼ਾਇਰ ਤੁਕਾਰਾਮ ਦੀ ਗੱਲ ਕੀਤੀ ਗਈ ਹੈ ਅਤੇ ਇਨ੍ਹਾਂ ਲੋਕਾਂ ਵੱਲੋਂ ਬੁਲੰਦ ਕੀਤੀ ਆਵਾਜ਼ ਨੂੰ ਨਰੇਂਦਰ ਦਭੋਲਕਰ ਤੇ ਗੋਵਿੰਦ ਪਨਸਾਰੇ ਦੀ ਆਵਾਜ਼ ਨਾਲ ਬਾਖੂਬੀ ਜੋੜਿਆ ਗਿਆ ਹੈ। ਅਤੁਲ ਪੇਠੇ ਨੇ ਇਹ ਨਾਟਕ ਥਿਏਟਰ ਵਰਕਸ਼ਾਪ ਵਿਚ ਤਿਆਰ ਕੀਤਾ ਸੀ।



ਰੰਗਕਰਮੀ ਅਤੁਲ ਪੇਠੇ



ਨਰੇਂਦਰ ਦਭੋਲਕਰ



ਗੋਵਿੰਦ ਪਨਸਾਰੇ

ਯਾਦ ਰਹੇ ਕਿ ਦਭੋਲਕਰ ਨੂੰ 20 ਅਗਸਤ 2013 ਨੂੰ ਕਤਲ ਕਰ ਦਿੱਤਾ ਗਿਆ ਸੀ। ਉਸ ਨੇ ਮਿਰਾਜ ਦੇ ਸਰਕਾਰੀ ਮੈਡੀਕਲ ਕਾਲਜ ਤੋਂ ਐਮ.ਐਮ.ਬੀ.ਐਸ. ਦੀ ਡਿਗਰੀ ਹਾਸਲ ਕੀਤੀ ਸੀ ਅਤੇ ਬਾਅਦ ਵਿਚ 12 ਸਾਲ ਡਾਕਟਰੀ ਵੀ ਕੀਤੀ, ਪਰ ਪਿੱਛੋਂ ਉਸ ਨੇ ਸਮਾਜ ਸੇਵਾ ਨੂੰ ਆਪਣਾ ਟੀਚਾ ਬਣਾ ਲਿਆ। ਉਸ ਨੇ 'ਇਕ ਪਿੰਡ ਇਕ ਖੂਹ' ਅਤੇ ਇਸ ਤਰ੍ਹਾਂ ਦੀਆਂ ਕਈ ਹੋਰ ਲੋਕ ਮੁਖੀ ਮੁਹਿੰਮਾਂ ਵਿਚ ਵਧ-ਚੜ੍ਹ ਕੇ ਹਿੱਸਾ ਲਿਆ। ਨਾਲ ਹੀ ਦਲਿਤਾਂ ਲਈ ਬਰਾਬਰੀ ਦੀ ਲਹਿਰ ਵੀ ਚਲਾਈ ਅਤੇ ਸਾਥੀਆਂ ਨਾਲ ਰਲ ਕੇ ਅੰਧ-ਵਿਸ਼ਵਾਸਾਂ ਖਿਲਾਫ਼ ਕਾਨੂੰਨ ਬਣਾਉਣ ਲਈ ਸਰਗਰਮੀ ਕੀਤੀ।

ਇਸੇ ਤਰ੍ਹਾਂ ਗੋਵਿੰਦ ਪਨਸਾਰੇ ਨੂੰ 20 ਫਰਵਰੀ 2015 ਨੂੰ ਕਤਲ ਕਰ ਦਿੱਤਾ ਗਿਆ। ਉਸ ਵੇਲੇ ਉਸ ਦੀ ਉਮਰ 81 ਸਾਲ ਦੀ ਸੀ। ਹਿੰਦੂ ਕਟੜਪੰਥੀਆਂ ਨੇ ਉਸ ਉਤੇ 16 ਫਰਵਰੀ 2015 ਨੂੰ ਹਮਲਾ ਕਰ ਦਿੱਤਾ ਸੀ ਅਤੇ ਬਾਅਦ ਵਿਚ ਹਸਪਤਾਲ ਵਿਚ ਉਸ ਦੀ ਮੌਤ ਹੋ ਗਈ। ਉਸ ਦੀ ਸ਼ਿਵਾ ਜੀ ਬਾਰੇ ਲਿਖੀ ਜੀਵਨੀ 'ਸ਼ਿਵਾ ਕੌਣ ਸੀ' ਬਹੁਤ ਮਸ਼ਹੂਰ ਹੋਈ ਸੀ ਅਤੇ ਉਸ ਨੇ ਕਈ ਪੱਖਾਂ ਤੋਂ ਸ਼ਿਵਾ ਜੀ ਬਾਰੇ ਪ੍ਰਚੱਲਤ ਤੱਥਾਂ ਦੀ ਚੀਰ ਫਾੜ ਕੀਤੀ ਸੀ। ਇਸ ਗੱਲ ਤੋਂ ਹਿੰਦੂਵਾਦੀ ਬਹੁਤ ਔਖੇ ਸਨ।

### ਇਨਸਾਫ ਤੇ ਤਰਕ ਦੀ ਬੁਲੰਦੀ ਦਾ ਬਾਜਾ

ਮਹਾਰਾਸ਼ਟਰ ਅੰਧ-ਸ਼ਰਧਾ ਨਿਰਮੂਲਨ ਸਮਿਤੀ (ਮਾਨਸ) 1989 ਵਿਚ ਕਾਇਮ ਕੀਤੀ ਗਈ ਸੀ। ਇਸ ਦਾ ਮੁੱਖ ਮਕਸਦ ਲੋਕਾਂ ਵਿਚ ਅੰਧ-ਵਿਸ਼ਵਾਸਾਂ ਖਿਲਾਫ਼ ਚੇਤਨਾ ਪੈਦਾ ਕਰਨਾ ਸੀ। ਪ੍ਰਸਿੱਧ ਤਰਕਸ਼ੀਲ ਆਗੂ ਨਰੇਂਦਰ ਦਭੋਲਕਰ ਇਸ ਸਮਿਤੀ ਦੇ ਮੋਢੀ ਪ੍ਰਧਾਨ ਬਣੇ। ਉਨ੍ਹਾਂ ਦੀ ਅਗਵਾਈ ਵਿਚ ਇੰਨੀ ਜ਼ੋਰਦਾਰ ਮੁਹਿੰਮ ਚਲਾਈ ਗਈ ਕਿ ਮਹਾਰਾਸ਼ਟਰ ਸਰਕਾਰ ਨੂੰ ਅੰਧ-ਵਿਸ਼ਵਾਸਾਂ ਖਿਲਾਫ਼ ਕਾਨੂੰਨ ਬਣਾਉਣ ਬਾਰੇ ਵਿਚਾਰਾਂ ਕਰਨੀਆਂ ਪੈ ਗਈਆਂ। ਅੱਜ ਕੱਲ੍ਹ ਇਸ ਸਮਿਤੀ ਦੀ ਅਗਵਾਈ ਅਵਿਨਾਸ਼ ਪਾਠਕ ਕਰ ਰਹੇ ਹਨ। ਯਾਦ ਰਹੇ ਕਿ ਇਸ ਸਮਿਤੀ ਨੇ ਮਦਰ ਟੈਰੇਸਾ ਨੂੰ ਚਮਤਕਾਰਾਂ ਦੇ ਆਧਾਰ 'ਤੇ ਸੰਤਣੀ ਦੀ ਪਦਵੀ ਵੀ ਦੇਣ ਦਾ ਤਿੱਖਾ ਵਿਰੋਧ ਕੀਤਾ, ਪਰ ਨਾਲ ਹੀ ਉਸ ਵੱਲੋਂ ਸਮਾਜ ਭਲਾਈ ਲਈ ਕੀਤੇ ਕੰਮਾਂ ਦੀ ਤਾਰੀਫ਼ ਵੀ ਖੂਬ ਕੀਤੀ ਸੀ। ਸਮਿਤੀ ਦਾ ਕਹਿਣਾ ਸੀ ਕਿ ਲੋਕਾਂ ਨੂੰ ਚਮਤਕਾਰਾਂ ਬਾਰੇ ਦੱਸ ਕੇ ਅੰਧ-ਵਿਸ਼ਵਾਸਾਂ ਵੱਲ ਧੱਕਣ ਦੀ ਥਾਂ ਵਿਗਿਆਨਕ ਚੇਤਨਾ ਨਾਲ ਜੋੜਨਾ ਚਾਹੀਦਾ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਅਗਸਤ 2015 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-183



*ਨਿੱਕੇ ਹੁੰਦੇ ਸੁਣਦੇ ਸਾਂ ਇੱਕ ਦੋ ਜਣਿਆਂ ਦਾ ਗਾਉਣਾ,*
*ਕਿ ਤੇਰੇ ਨਾਲੋਂ ਸੌਖਾ ਬੱਲੀਏ ਬੋਤਾ ਰੇਲ ਚੜ੍ਹਾਉਣਾ।*
*ਹੁਣ ਪਿਠ ਤੋਂ ਲਹਿ ਬਹਿ ਗਿਆ ਪਿਛੇ ਨਾਲ ਸਮੇਂ ਦੇ ਹਾਲੀ,*
*ਸੋਚਿਆ ਨਹੀਂ ਸੀ ਕਦੇ ਹੋਵੇਗੀ ਬੋਤੇ ਨਾਲ ਟਰਾਲੀ।*

### ਕੈਪਸ਼ਨ ਮੁਕਾਬਲਾ-181



ਫੋਕੇ ਵਹਿਮਾਂ ਦੇ ਵਿਚ ਫਸ ਕੇ
ਬਾਲੜੀਆਂ ਬਲੀ ਚੜ੍ਹਾਈ ਜਾਵਣ।
ਦੋ ਦੋ ਨੂੰ ਇੱਕ ਨਾਲ ਨੂੜ ਕੇ
ਮੰਨਤ ਤਾਈਂ ਮਨਾਈ ਜਾਵਣ।
ਔਰਤ ਉਪਰ ਮਰਦ ਦਾ ਦਾਬਾ
ਪ੍ਰਤੱਖ ਸੱਚ ਵਿਖਾਈ ਜਾਵਣ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਟੌਹਰ ਨਵਾਬੀ ਤੁਰਦਾ ਦੇਖੋ
ਪਾ ਕੇ ਪੁਸ਼ਾਕ ਇਹ ਲਾੜਾ।
ਇਕ ਤੀਰ ਨਾਲ ਦੋ ਨਿਸ਼ਾਨੇ
ਜਾਂ ਫਿਰ ਕਹੀਏ ਬਿਚਾਰਾ।
ਸਮਝ ਨਹੀਂ ਆਉਂਦੀ ਮਜਬੂਰੀ ਸੀ
ਜਾਂ ਜਾਣ ਕੇ ਕੀਤਾ ਕਾਰਾ।
ਸਮਾਂ ਬੜਾ ਬਲਵਾਨ ਹੈ ਮਿੱਤਰੋ
ਉਹੀ ਕਰੂ ਨਿਤਾਰਾ।

***-ਰਾਮ ਕੁਮਾਰ ਐਸ਼ ਜਾਜਾ***

---

ਉਲਟਾ ਹੈ ਇਹ ਜ਼ਮਾਨਾ ਆਇਆ
ਦੋ-ਦੋ ਨੂੰ 'ਕੱਲਾ ਖਿੱਚੀ ਜਾਵੇ।
ਖੌਰੇ ਕੀ ਦੁਨੀਆਂ ਨੂੰ ਹੋਇਆ
ਉਲਟੀ ਗੰਗਾ ਪਿਹੋਏ ਨੂੰ ਜਾਵੇ।
ਇਸ ਨੂੰ ਕਰਮਾਂ ਦੀ ਖੇਡ ਕਹੀਏ
ਜਾਂ ਦੋਸ਼ ਦਈਏ ਕੋਝੀਆਂ ਰੀਤਾਂ ਨੂੰ?
ਪਸ਼ੂਆਂ ਵਾਂਗੂੰ ਪਿਛੇ ਲਾ ਲਿਆ
ਭੱਦਰ ਪੁਰਸ਼ ਨੇ ਜੀਤਾਂ-ਪ੍ਰੀਤਾਂ ਨੂੰ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***
***ਫੋਨ: 408-912-3438***

---

ਦੋ ਸੁਆਣੀਆਂ ਇਕ ਲਾੜਾ
ਨਹੀਂ ਦੇਖਿਆ ਕਦੇ ਲੈਂਦਾ ਲਾਵਾਂ।
ਇਕ ਨਾਲ ਤਾਂ ਕਰ ਸਕਦਾ ਨਿਕਾਹ
ਦੂਜੀ ਰੱਖੇ ਭਾਵੇਂ ਰਖੇਲ।
ਇਕ, ਦੋ, ਤਿੰਨ ਜਾਂ ਚਾਰ
ਸਭ ਸਵਿਕਾਰ ਇਸਲਾਮ ਤਹਿਤ,
ਰਾਜਿਆਂ ਦੀਆਂ ਸਨ ਕਈ ਕਹਾਣੀਆਂ
ਹੱਥ 'ਚ ਤਾਂ ਦੋ ਫੜੀਆਂ ਕਿਰਪਾਨਾਂ
ਸਾਫ ਨਜ਼ਰ ਆ ਗਈਆਂ।
ਕੀਲੇ ਦਾ ਰੱਸਾ ਨਜ਼ਰ ਆਉਂਦਾ
ਦੋ ਵਿਆਹਾਂਦੜਾਂ ਨਾਲ ਬੱਧਾ,
ਕਿਸ ਨਾਲ ਬੱਧੀ ਹੈ ਗੋਲ ਗੰਢ
ਸਮਾਂ ਬੀਤਣ 'ਤੇ ਹੀ ਪਤਾ ਲੱਗੂ।

***-ਦਰਸ਼ਨਪਾਲ ਦੋਸਾਂਝ***

### ਕੈਪਸ਼ਨ ਮੁਕਾਬਲਾ-180

ਮੁੱਲ ਸਿਰਾਂ ਦੇ ਪਾਏ ਗਏ
ਨੇਜ਼ਿਆਂ ਉਤੇ ਟੰਗਾਏ ਗਏ।
ਕਰ ਟੋਟੇ ਹਾਰ ਪਵਾਏ ਗਏ
ਨੀਹਾਂ ਵਿਚ ਚਣਾਏ ਗਏ।
ਲੱਖ ਜ਼ੁਲਮ ਜ਼ਾਲਮ ਨੇ ਕਰ ਦੇਖੇ
ਪਰ ਸੀਸ ਨਾ ਕਦੇ ਝੁਕਾਏ ਗਏ।

***-ਜਗਮੀਤ ਸਿੰਘ ਪੰਧੇਰ***


REGULAR
2.09 9/10
Diesel
EC Unleaded
8.88 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080


ਜਪਾਨੀ ਤੇ ਜੀ ਐਮ ਗੱਡੀਆਂ ਦੇ ਮਾਹਿਰ
ਪਿਛਲੇ 20 ਸਾਲਾਂ ਤੋਂ ਲਗਾਤਾਰ ਮਿਡਵੈਸਟ ਦੀ ਇੰਡੀਅਨ ਕਮਿਉਨਿਟੀ ਲਈ ਗੱਡੀਆਂ ਦੀ ਖਰੀਦ/ਵੇਚ ਕਰ ਰਹੇ ਹਾਂ
Specialist in:
Camry, Accord, Corolla, Civic, Sienna, Odyssey Altima, Maxima (Cargo Van For Business use), SUV & Pickup Trucks.
ਆਪਣੀ ਅਗਲੀ ਗੱਡੀ ਲਈ ਸੰਪਰਕ ਕਰੋ
ਜਸਪਾਲ ਸਿੰਘ ਘੋਤੜਾ, ਫੋਨ: 765-337-5151
Best Buy Motors
1805 Elmwood Ave., Lafayette, IN 47904
Ph:765-449-0490, Fax:765-449-8310
WWW.BESTBUYMOTORSIN.COM
Second location: Lafayette Auto Auction
2250 Concord Rd., Lafayette, IN 47909,
Ph:765-471-1313, Fax: 765-838-1006
www.lafayettepublicautoauction.com
Jaspal Singh Ghotra


H K TRANSPORT INC
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com
HK Trans
ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ
ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ
ਓਨਰ ਅਪਰੇਟਰਾਂ ਲਈ
*92% ਫਲੈਟ ਡਿਸਪੈਚ
*30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ
*ਬਰੈਂਡ ਨਿਊ ਟਰੇਲਰ
*ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ
ਡਰਾਈਵਰਾਂ ਲਈ
*48 ਸੈਂਟ ਤੱਕ ਪ੍ਰਤੀ ਮੀਲ
*95% ਲੋਡ ਯਾਰਡ 'ਚ ਹੁੱਕ ਐਂਡ ਡਰਾਪ
*ਵਧੀਆ ਅਤੇ ਸਾਫ ਸੁਥਰੇ ਟਰੱਕ
ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ
ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।
ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ
ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ


Surveillance Camera
Surveillance Camera
Vista
Now Sell & Install ONLY
HIGH DEFINITION
Systems
Fully Trained Technical Staff.
Serving Since 1999.
We Install any where in California.
Commercial Grade Equipment.
Solution for Gas stations,Liquor Stores, Hotel/Motel,warehouse & Homes
2 Year Warranty
Call Sukhpal
1-661-586-5080
Email: commvision@sbcglobal.net

# ਈਸੜੂ ਸ਼ਹੀਦੀ ਜੋੜ ਮੇਲੇ 'ਚ ਚੱਲੇ ਸਿਆਸੀ ਤੀਰ

**ਖੰਨਾ:** ਗੋਆ ਦੇ ਮਹਾਨ ਸ਼ਹੀਦ ਕਰਨੈਲ ਸਿੰਘ ਈਸੜੂ ਦੀ ਯਾਦ ਵਿਚ ਮਨਾਏ ਗਏ ਸ਼ਹੀਦੀ ਜੋੜ ਮੇਲੇ ਮੌਕੇ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਇਕ-ਦੂਜੇ ਨੂੰ ਖੂਬ ਰਗੜੇ ਲਾਏ। ਇਸ ਮੌਕੇ ਅਕਾਲੀ ਦਲ ਬਾਦਲ, ਕਾਂਗਰਸ, ਆਮ ਆਦਮੀ ਪਾਰਟੀ, ਅਕਾਲੀ ਦਲ ਮਾਨ ਅਤੇ ਸੀ.ਪੀ.ਆਈ., ਸੀ.ਪੀ.ਐਮ. ਨੇ ਸ਼ਹੀਦੀ ਕਾਨਫਰੰਸਾਂ ਕੀਤੀਆਂ। ਅਕਾਲੀ ਦਲ ਬਾਦਲ ਨੇ ਕਾਨਫਰੰਸ ਵਿਚ ਕੈਪਟਨ ਅਮਰਿੰਦਰ ਸਿੰਘ ਨੂੰ ਘੇਰਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸੀ, ਕੈਪਟਨ ਅਮਰਿੰਦਰ ਸਿੰਘ ਨੂੰ ਅੱਗੇ ਲਿਆਉਣ ਦੀਆਂ ਗੱਲਾਂ ਕਰਦੇ ਹਨ ਜਦੋਂ ਕਿ ਕਾਂਗਰਸ ਉਸ ਦੀ ਅਗਵਾਈ ਵਿਚ ਹੀ ਲਗਾਤਾਰ ਦੋ ਵਾਰ ਹਾਰ ਚੁੱਕੀ ਹੈ। ਮੁੱਖ ਸੰਸਦੀ ਸਕੱਤਰ ਨਵਜੋਤ ਕੌਰ ਸਿੱਧੂ ਦੇ ਮਰਨ ਵਰਤ ਬਾਰੇ ਸ. ਬਾਦਲ ਨੇ ਕਿਹਾ ਕਿ ਇਹ ਬੜੇ ਦੁੱਖ ਦੀ ਗੱਲ ਹੈ ਕਿ ਆਜ਼ਾਦੀ ਦਿਵਸ ਨੂੰ ਮਰਨ ਵਰਤ ਲਈ ਚੁਣਿਆ ਗਿਆ। ਉਨ੍ਹਾਂ ਨੇ ਸਿੱਧੂ ਦੇ ਹਲਕੇ ਲਈ ਦਿਲ ਖੋਲ੍ਹ ਕੇ ਫੰਡ ਮੁਹੱਈਆ ਕਰਵਾਏ ਹਨ।



ਜਦੋਂ ਮੁੱਖ ਮੰਤਰੀ ਸ. ਬਾਦਲ ਨੇ ਬੋਲਣਾ ਸ਼ੁਰੂ ਹੀ ਕੀਤਾ ਤਾਂ ਪੰਡਾਲ ਦੇ ਅਖੀਰ ਵਿਚ ਬੈਠੇ ਬੇਰੁਜ਼ਗਾਰ ਲਾਈਨਮੈਨਾਂ ਨੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਪਰ ਮੌਕੇ ਉਤੇ ਹਾਜ਼ਰ ਪੁਲਿਸ ਕਰਮਚਾਰੀਆਂ ਨੇ ਬਹੁਤ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਉਨ੍ਹਾਂ 'ਤੇ ਕਾਬੂ ਪਾ ਲਿਆ ਤੇ ਸਟੇਜ ਤੋਂ ਬਾਹਰ ਖੜ੍ਹੀ ਗੱਡੀ ਵਿਚ ਬੈਠਾ ਕੇ ਲੈ ਗਏ। ਉਧਰ, ਕੈਪਟਨ ਅਮਰਿੰਦਰ ਸਿੰਘ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਕਾਲੀ ਭਾਜਪਾ ਗੱਠਜੋੜ ਸਰਕਾਰ ਦੇ ਰਾਜ ਅੰਦਰ ਖੇਤੀਬਾੜੀ ਦਾ ਧੰਦਾ ਖਤਮ ਹੋ ਚੁੱਕਾ ਹੈ ਤੇ ਪੰਜਾਬ ਦੀ ਸਨਅਤ ਬਿਲਕੁੱਲ ਠੱਪ ਹੋ ਚੁੱਕੀ ਹੈ। ਪੰਜਾਬ ਅੰਦਰ ਬੇਰੁਜ਼ਗਾਰੀ ਤੇ ਭੁੱਖਮਰੀ ਵਿਚ ਵਾਧਾ ਹੋ ਰਿਹਾ ਹੈ। ਕਿਸਾਨ ਹਿਤੈਸ਼ੀ ਕਹਾਉਣ ਵਾਲੀ ਬਾਦਲ ਸਰਕਾਰ ਦੇ ਰਾਜ ਵਿਚ ਦੇਸ਼ ਦਾ ਅੰਨਦਾਤਾ ਕਿਸਾਨ ਕਰਜ਼ਈ ਹੋ ਕੇ ਆਤਮ ਹੱਤਿਆਵਾਂ ਕਰਨ ਲਈ ਮਜਬੂਰ ਹੋ ਚੁੱਕਾ ਹੈ। ਬਾਦਲ ਸਰਕਾਰ ਨੇ ਦੋ ਮਹੀਨੇ ਤੱਕ ਆਉਣ ਵਾਲੀ ਝੋਨੇ ਦੀ ਫਸਲ ਦੀ ਖਰੀਦਦਾਰੀ ਲਈ ਕੋਈ ਵੀ ਪ੍ਰਬੰਧ ਨਹੀਂ ਕੀਤਾ ਕਿਉਂਕਿ ਅਜੇ ਤੱਕ ਆੜ੍ਹਤੀਆਂ ਨੂੰ ਪਿਛਲੀ ਫਸਲ ਦਾ ਭੁਗਤਾਨ ਹੀ ਨਹੀਂ ਹੋਇਆ ਤੇ ਐਫ਼.ਸੀ. ਆਈ ਨੇ ਵੀ ਝੋਨੇ ਦੀ ਫਸਲ ਖਰੀਦਣ ਤੋਂ ਕੋਰਾ ਜੁਆਬ ਦੇ ਦਿੱਤਾ ਹੈ।

ਕੈਪਟਨ ਨੇ ਬਾਦਲ 'ਤੇ ਵਰ੍ਹਦਿਆਂ ਕਿਹਾ ਕਿ ਬਾਦਲ ਨੇ ਆਪਣੀਆਂ ਤੇ ਆਪਣੇ ਚਹੇਤਿਆਂ ਦੀਆਂ ਤਜੌਰੀਆਂ ਭਰਨ ਦੇ ਸਿਵਾਏ ਹੋਰ ਕੁਝ ਵੀ ਨਹੀਂ ਸੋਚਿਆ। ਉਨ੍ਹਾਂ ਨੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਤਾਬੜਤੋੜ ਹਮਲੇ ਕਰਦਿਆਂ ਕਿਹਾ ਕਿ ਮਜੀਠੀਆ ਨੇ ਆਪਣੇ ਨਿੱਜੀ ਸੁਆਰਥਾਂ ਲਈ ਪੰਜਾਬ ਨੂੰ ਬਰਬਾਦੀ ਵੱਲ ਧੱਕਿਆ ਹੈ। ਹੁਣ ਤਾਂ ਬਾਦਲ ਦੀ ਭਾਈਵਾਲ ਪਾਰਟੀ ਦੇ ਆਗੂ ਵੀ ਬਿਲਕੁੱਲ ਨਿਰਾਸ਼ ਹੋ ਚੁੱਕੇ ਹਨ। ਬਾਦਲ ਵੱਲੋਂ ਪੂਰੇ ਪੰਜਾਬ ਨੂੰ ਵਿਸਾਰ ਕੇ ਸਾਰਾ ਪੈਸਾ ਬਠਿੰਡਾ ਦੇ ਵਿਕਾਸ ਕਾਰਜਾਂ ਲਈ ਵਰਤਿਆ ਜਾ ਰਿਹਾ ਹੈ। ਸ਼ਗਨ ਸਕੀਮ ਪਿਛਲੇ ਚਾਰ ਸਾਲਾਂ ਤੋਂ ਬੰਦ ਪਈ ਹੈ, ਬੁਢਾਪਾ, ਵਿਧਵਾ, ਅੰਗਹੀਣਾਂ ਨੂੰ ਮਿਲਣ ਵਾਲੀ ਪੈਨਸ਼ਨ ਅੱਠ ਮਹੀਨੇ ਤੋਂ ਬੰਦ ਪਈ ਹੈ। ਆਮ ਆਦਮੀ ਪਾਰਟੀ ਦੇ ਲੋਕ ਸਭਾ ਮੈਂਬਰ ਹਰਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਜਿਹੜਾ ਵਿਅਕਤੀ ਆਪਣੇ ਹਲਕੇ ਦੇ ਲੋਕਾਂ ਦੀ ਸਾਰ ਲੈਣਾ ਹੀ ਭੁੱਲ ਗਿਆ ਹੈ, ਫਿਰ ਭਵਿੱਖ ਵਿਚ ਉਸ ਤੋਂ ਕੀ ਆਸ ਰੱਖੀ ਜਾ ਸਕਦੀ ਹੈ। 'ਆਪ' ਦੇ ਸੂਬਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ, ਸੰਸਦ ਮੈਂਬਰ ਭਗਵੰਤ ਸਿੰਘ ਮਾਨ, ਪ੍ਰੋ. ਸਾਧੂ ਸਿੰਘ ਤੇ ਦਿੱਲੀ ਤੋਂ ਪਾਰਟੀ ਦੇ ਵਿਧਾਇਕ ਜਰਨੈਲ ਸਿੰਘ ਨੇ ਕੇਂਦਰ ਤੇ ਪੰਜਾਬ ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਮੋਦੀ ਤੇ ਬਾਦਲ ਸਰਕਾਰ ਆਪਣੇ ਚੋਣ ਵਾਅਦਿਆਂ ਤੋਂ ਮੁੱਕਰ ਗਈ ਹੈ ਤੇ ਡਾ. ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਨਾ ਕਰਕੇ ਕਿਸਾਨਾਂ ਦੀ ਲੁੱਟ ਕਰ ਰਹੀ ਹੈ, ਜਿਸ ਕਾਰਨ ਅੱਜ ਕਿਸਾਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਗਿਆ ਹੈ।

### ਖੱਬੀਆਂ ਪਾਰਟੀਆਂ ਵੱਲੋਂ ਸਾਂਝੀ ਕਾਨਫਰੰਸ

ਈਸੜੂ ਵਿਖੇ ਸੀ.ਪੀ.ਆਈ ਤੇ ਸੀ.ਪੀ.ਆਈ.ਐਮ ਵੱਲੋਂ ਸਾਂਝੀ ਰਾਜਸੀ ਕਾਨਫਰੰਸ ਕੀਤੀ ਗਈ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਪਿਛਲੀ ਯੂ.ਪੀ.ਏ. ਸਰਕਾਰ ਤੋਂ ਬਾਅਦ ਐਨ.ਡੀ.ਏ ਸਰਕਾਰ ਨਵ-ਉਦਾਰਵਾਦੀ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕਰਕੇ ਕਾਰਪੋਰੇਟ ਸੈਕਟਰ ਨੂੰ ਖੁਸ਼ ਕਰ ਰਹੀ ਹੈ।

ਬੁਲਾਰਿਆਂ ਨੇ ਕਿਹਾ ਕਿ ਮੋਦੀ ਸਰਕਾਰ ਦੇ ਅੱਛੇ ਦਿਨ ਆਉਣ ਦੀ ਬਜਾਏ ਬੁਰੇ ਦਿਨ ਆ ਗਏ ਹਨ। ਮੋਦੀ ਸਰਕਾਰ ਭੂਮੀ ਗ੍ਰਹਿਣ ਕਾਨੂੰਨ ਤੋੜ ਕੇ ਕਿਸਾਨਾਂ ਦੀ ਜੀ.ਟੀ. ਰੋਡ ਤੇ ਰੇਲਵੇ ਲਾਈਨਾਂ ਦੇ ਨਾਲ ਲੱਗਦੀ ਦੋਵੇਂ ਪਾਸੇ ਜ਼ਮੀਨ ਪ੍ਰਾਪਤ ਕਰਕੇ ਕਾਰਪੋਰੇਟ ਘਰਾਣਿਆਂ ਨੂੰ ਦੇਣਾ ਚਾਹੁੰਦੀ ਹੈ। ਪੰਜਾਬ ਵਿਚ ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ ਹੈ।

## ਰਾਜਸੀ ਆਗੂਆਂ ਦਾ ਵੀ ਹੋਵੇ ਡੋਪ ਟੈਸਟ: ਤੋਤਾ ਸਿੰਘ

**ਲੁਧਿਆਣਾ:** ਪੰਜਾਬ ਦੇ ਖੇਤੀਬਾੜੀ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਕਿਹਾ ਹੈ ਕਿ ਖਿਡਾਰੀਆਂ ਵਾਂਗ ਰਾਜਸੀ ਆਗੂਆਂ ਦਾ ਵੀ ਚੋਣਾਂ ਲੜਨ ਤੋਂ ਪਹਿਲਾਂ 'ਡੋਪ ਟੈਸਟ' ਹੋਣਾ ਚਾਹੀਦਾ ਹੈ। ਆਜ਼ਾਦੀ ਦਿਵਸ ਦੇ ਸਮਾਗਮ ਮੌਕੇ ਜਥੇਦਾਰ ਤੋਤਾ ਸਿੰਘ ਨੇ ਕਿਹਾ ਕਿ ਇਹ ਭਾਵੇਂ ਉਨ੍ਹਾਂ ਦੀ ਨਿੱਜੀ ਰਾਏ ਹੈ ਪਰ ਚੋਣ ਕਮਿਸ਼ਨ ਨੂੰ ਚਾਹੀਦਾ ਹੈ ਕਿ ਉਹ ਚੋਣਾਂ ਲੜਨ ਦੌਰਾਨ ਨਾਮਜ਼ਦਗੀ ਪੱਤਰ ਦਾਖਲ ਕਰਨ ਸਮੇਂ ਅਜਿਹੇ ਟੈਸਟ ਦੀ ਰਿਪੋਰਟ ਲਾਜ਼ਮੀ ਕਰੇ। ਜੇਕਰ ਕਿਸੇ ਆਗੂ 'ਤੇ ਨਸ਼ਾ ਕਰਨ ਦਾ ਸ਼ੱਕ ਵੀ ਹੁੰਦਾ ਹੈ ਤਾਂ ਵੀ ਉਸ ਦਾ ਅਜਿਹਾ ਟੈਸਟ ਕਰਵਾਉਣ ਵਿਚ ਕੋਈ ਹਰਜ ਨਹੀਂ ਹੈ।



ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਸੂਬੇ ਵਿਚ 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਮੁੜ ਤੋਂ ਜਿੱਤ ਹਾਸਲ ਕਰੇਗੀ। ਪੰਜਾਬ ਵਿਚ ਆਉਂਦੇ ਦੋ ਸਾਲਾਂ ਦੌਰਾਨ ਰਿਕਾਰਡਤੋੜ ਵਿਕਾਸ ਹੋਵੇਗਾ। ਸੂਬੇ ਦਾ ਹਰ ਵਰਗ ਸਰਕਾਰ ਦੀਆਂ ਨੀਤੀਆਂ ਤੋਂ ਖੁਸ਼ ਹੈ ਤੇ ਵਿਰੋਧੀਆਂ ਨੂੰ ਕੋਈ ਵੀ ਮੁੱਦਾ ਚੋਣਾਂ ਵਿਚ ਨਹੀਂ ਮਿਲ ਰਿਹਾ ਹੈ।

## ਚੀਨ ਵਿਚ ਧਮਾਕੇ ਨਾਲ 114 ਤੋਂ ਵੱਧ ਮੌਤਾਂ

**ਤਿਆਨਜਿਨ:** ਚੀਨ ਦੀ ਤਿਆਨਜਿਨ ਬੰਦਰਗਾਹ ਉਤੇ ਰਸਾਇਣਾਂ ਨਾਲ ਭਰੇ ਗੁਦਾਮ ਵਿਚ ਧਮਾਕਿਆਂ ਕਾਰਨ ਮਰਨ ਵਾਲਿਆਂ ਦੀ ਗਿਣਤੀ 114 ਹੋ ਗਈ ਹੈ। ਸਰਕਾਰੀ ਖ਼ਬਰ ਏਜੰਸੀ ਸਿਨਹੂਆ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਖ਼ਤਰਨਾਕ ਰਸਾਇਣ ਦੇ ਮਿਲੇ ਤੱਤ ਆਮ ਪੱਧਰ ਨਾਲੋਂ ਕਾਫ਼ੀ ਹੇਠਾਂ ਹਨ ਤੇ ਇਸ ਨਾਲ ਸਮੁੰਦਰੀ ਵਾਤਾਵਰਨ ਨੂੰ ਫਿਲਹਾਲ ਕੋਈ ਖ਼ਤਰਾ ਨਹੀਂ ਹੈ।

ਚੀਫ਼ ਇੰਜੀਨੀਅਰ ਬਾਓ ਜਿੰਗਲਿੰਗ ਨੇ ਕਿਹਾ ਕਿ ਗੁਦਾਮ ਵਿਚ ਪਏ 700 ਟਨ ਸੋਡੀਅਮ ਸਾਈਨਾਈਡ ਵਿਚੋਂ ਜ਼ਿਆਦਾਤਰ ਨੂੰ ਅੱਗ ਤੇ ਧਮਾਕਿਆਂ ਕਾਰਨ ਕੋਈ ਨੁਕਸਾਨ ਨਹੀਂ ਪੁੱਜਾ ਹੈ। ਫ਼ੌਜ ਵੱਲੋਂ ਨੇੜਲੇ ਰਿਹਾਇਸ਼ੀ ਇਲਾਕਿਆਂ ਵਿਚ ਬਚੇ ਹੋਏ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ।

## ਥਾਈਲੈਂਡ ਦੇ ਮੰਦਰ ਵਿਚ ਧਮਾਕਾ; 27 ਮੌਤਾਂ

**ਬੈਂਕਾਕ:** ਇਥੇ ਭਗਵਾਨ ਬ੍ਰਹਮਾ ਮੰਦਿਰ ਅੰਦਰ ਹੋਏ ਸ਼ਕਤੀਸ਼ਾਲੀ ਬੰਬ ਧਮਾਕੇ ਵਿਚ 27 ਜਣੇ ਮਾਰੇ ਗਏ ਤੇ 117 ਫੱਟੜ ਹੋ ਗਏ। ਇਹ ਮੰਦਿਰ ਬੈਂਕਾਕ ਦੇ ਕਾਰੋਬਾਰੀ ਖੇਤਰ ਵਾਲੀ ਮੁੱਖ ਸੜਕ ਉਤੇ ਸਥਿਤ ਹੈ।


ਇਸ ਦੇ ਆਲੇ-ਦੁਆਲੇ ਤਿੰਨ ਵੱਡੇ ਸ਼ੌਪਿੰਗ ਮਾਲਜ਼ ਤੇ ਵੱਡੇ ਹੋਟਲ ਹਨ। ਇਹ ਥਾਂ ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹੈ, ਖਾਸ ਕਰਕੇ ਸਥਾਨਕ ਬੋਧੀ ਤੇ ਪੂਰਬੀ ਏਸ਼ਿਆਈ ਮੁਲਕਾਂ ਦੇ ਸੈਲਾਨੀ ਇਥੇ ਵੱਡੀ ਗਿਣਤੀ ਵਿਚ ਆਉਂਦੇ ਹਨ। ਧਮਾਕਾ ਇੰਨਾ ਜ਼ੋਰਦਾਰ ਸੀ ਕਿ ਨੇੜਲੇ ਮੋਟਰਸਾਈਕਲ ਤੇ ਕਾਰਾਂ ਵਿਚ ਵੀ ਬੰਬਾਂ ਵਾਂਗ ਧਮਾਕੇ ਹੋ ਗਏ। ਮੁਲਕ ਦੀ ਰਾਜਧਾਨੀ ਵਿਚ ਇਹ ਆਪਣੀ ਕਿਸਮ ਦਾ ਪਹਿਲਾ ਧਮਾਕਾ ਹੈ।

# ਸਿੱਖਾਂ ਬਾਰੇ ਭੁਲੇਖੇ ਦੂਰ ਕਰੇਗੀ 'ਲਰਨਿੰਗ ਟੂ ਡਰਾਈਵ'

**ਨਿਊ ਯਾਰਕ:** ਫਿਲਮ 'ਗਾਂਧੀ' ਵਿਚ ਯਾਦਗਾਰੀ ਕਿਰਦਾਰ ਨਿਭਾਉਣ ਵਾਲਾ ਆਸਕਰ ਪੁਰਸਕਾਰ ਜੇਤੂ ਅਦਾਕਾਰ ਸਰ ਬੇਨ ਕਿੰਗਸਲੇ ਤਿੰਨ ਦਹਾਕਿਆਂ ਤੋਂ ਬਾਅਦ ਹੁਣ ਇਕ ਫਿਲਮ ਵਿਚ ਨਿਊਯਾਰਕ ਦੇ ਇਕ ਟੈਕਸੀ ਡਰਾਈਵਰ ਦੇ ਕਿਰਦਾਰ ਵਿਚ ਨਜ਼ਰ ਆਉਣਗੇ, ਜੋ ਬਹੁਤ ਹੀ ਮਿੱਠਬੋਲੜਾ ਸੱਜਣ ਹੈ।

ਇਸ ਫਿਲਮ ਵਿਚ ਅਮਰੀਕਾ ਵਿਚ ਸਿੱਖ ਭਾਈਚਾਰੇ ਨੂੰ 9/11ਦੇ ਅਤਿਵਾਦੀ ਹਮਲੇ ਤੋਂ ਬਾਅਦ ਆਈਆਂ ਦਿੱਕਤਾਂ ਨੂੰ ਵੀ ਉਭਾਰਿਆ ਗਿਆ ਹੈ। 'ਲਰਨਿੰਗ ਟੂ ਡਰਾਈਵ' ਫਿਲਮ ਵਿਚ ਸਰ ਕਿੰਗਸਲੇ ਨੇ ਟੈਕਸੀ ਚਾਲਕ ਦਰਵਾਨ ਸਿੰਘ ਤੂਰ ਦਾ ਕਿਰਦਾਰ ਨਿਭਾਇਆ ਹੈ। ਇਹ ਫਿਲਮ ਇਸ ਹਫਤੇ ਰਿਲੀਜ਼ ਹੋ ਰਹੀ ਹੈ। ਫਿਲਮ ਵਿਚ ਐਮੀ ਐਵਾਰਡ ਜੇਤੂ ਤੇ ਅਕੈਡਮੀ ਐਵਾਰਡ ਲਈ ਨਾਮਜ਼ਦ ਅਭਿਨੇਤਰੀ ਪੈਟਰਿਕਾ ਕਲਾਰਕਸਨ ਤੇ 'ਮਿਸੀਸਿਪੀ ਮਸਾਲਾ' ਦੀ ਅਭਿਨੇਤਰੀ ਸਾਰਿਤਾ ਚੌਧਰੀ ਵੀ ਦਿਖਾਈ ਦੇਵੇਗੀ। ਫਿਲਮ ਵਿਚ 71 ਸਾਲਾ ਸਰ ਕਿੰਗਸਲੇ ਅਜਿਹੇ ਮਿੱਠਬੋਲੜੇ ਸਿੱਖ ਟੈਕਸੀ ਡਰਾਈਵਰ ਦੇ ਰੂਪ ਵਿਚ ਨਜ਼ਰ ਆਉਣਗੇ, ਜਿਸ ਨੂੰ ਆਪਣੇ ਸਿੱਖ ਹੋਣ ਉਤੇ ਮਾਣ ਹੈ। ਇਹ ਸਿੱਖ ਅਮਰੀਕਾ ਵਿਚ ਰਾਜਸੀ ਸ਼ਰਨ ਲੈ ਕੇ ਰਹਿਣ ਲੱਗਦਾ ਹੈ ਤੇ ਟੈਕਸੀ ਡਰਾਈਵਰ ਦੇ ਕਿੱਤੇ ਨੂੰ ਪਰਣਾਇਆ ਹੋਇਆ ਹੈ। ਇਸ ਦੇ ਨਾਲ-ਨਾਲ ਉਹ ਡਰਾਈਵਿੰਗ ਸਕੂਲ ਵਿਚ ਇਕ ਮਾਸਟਰ ਵਜੋਂ ਡਰਾਈਵਰੀ ਦੇ ਨਿਯਮਾਂ ਤੋਂ ਵੀ ਜਾਣੂ ਕਰਵਾਉਂਦਾ ਹੈ।

ਫਿਲਮ ਨੇ 9/11 ਵਿਚ ਅਮਰੀਕਾ ਉਤੇ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਸਿੱਖਾਂ ਨੂੰ ਪੇਸ਼ ਆਈਆਂ ਦਿੱਕਤਾਂ ਨੂੰ ਵੀ ਛੂਹਿਆ ਗਿਆ ਹੈ। ਜਿਮੀ ਫਾਲੋਨ ਦੇ ਟਾਕ ਸ਼ੋਅ ਵਿਚ ਫਿਲਮ ਬਾਰੇ ਕਿੰਗਸਲੇ ਨੇ ਸਿੱਖਾਂ ਦੀ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਨੇ ਹਮਲੇ ਤੋਂ ਬਾਅਦ ਨਿਊਯਾਰਕ ਨੂੰ ਪੱਕੇ ਪੈਰੀਂ ਕਰਨ ਵਿਚ ਸਿੱਖਾਂ ਵੱਲੋਂ ਪਾਏ ਯੋਗਦਾਨ ਨੂੰ ਵੀ ਸਲਾਹਿਆ। ਫਿਲਮ ਵਿਚ ਦਰਵਾਨ ਸਿੰਘ ਤੂਰ ਉਦੋਂ ਵੀ ਸ਼ਾਂਤ ਰਹਿੰਦਾ ਹੈ ਜਦੋਂ ਕੁਝ ਬੱਚੇ ਉਸ ਉਤੇ ਫਿਕਰੇ ਕੱਸਦੇ ਹਨ।




## ਇਟਲੀ ਵਿਚ ਕਿਸ਼ਤੀ ਡੁੱਬੀ, 40 ਮੌਤਾਂ

**ਰੋਮ:** ਇਟਲੀ ਦੇ ਸਮੁੰਦਰ ਵਿਚ ਹੋਏ ਹਾਦਸੇ ਕਾਰਨ 40 ਪਰਵਾਸੀਆਂ ਦੀ ਮੌਤ ਹੋ ਗਈ ਹੈ। ਇਹ ਜਾਣਕਾਰੀ ਇਟਲੀ ਦੀ ਨੇਵੀ ਨੇ ਜਾਰੀ ਕੀਤੀ ਹੈ। ਨੇਵੀ ਅਨੁਸਾਰ 300 ਪਰਵਾਸੀਆਂ ਨੂੰ ਬਚਾ ਵੀ ਲਿਆ ਗਿਆ ਹੈ।

ਸਾਰੇ ਪਰਵਾਸੀ ਇਟਲੀ ਵਿਚ ਗ਼ੈਰਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਦੀ ਫ਼ਿਰਾਕ ਵਿਚ ਸਨ। ਇਟਲੀ ਨੇਵੀ ਨੇ ਖ਼ਦਸ਼ਾ ਪ੍ਰਗਟਾਇਆ ਹੈ ਕਿ ਮ੍ਰਿਤਕਾਂ ਦੀ ਗਿਣਤੀ ਵਧ ਸਕਦੀ ਹੈ ਕਿਉਂਕਿ ਕਿਸ਼ਤੀ ਵਿਚ ਸਵਾਰ ਲੋਕਾਂ ਦੀ ਪੂਰੀ ਗਿਣਤੀ ਬਾਰੇ ਅਜੇ ਤੱਕ ਪਤਾ ਨਹੀਂ ਲੱਗ ਸਕਿਆ। ਹਾਦਸੇ ਦਾ ਕਾਰਨ ਕਿਸ਼ਤੀ ਵਿਚ ਸਮਰੱਥਾ ਤੋਂ ਵੱਧ ਯਾਤਰੀਆਂ ਦਾ ਹੋਣਾ ਦੱਸਿਆ ਜਾ ਰਿਹਾ ਹੈ।

ਯੂਰਪ ਵਿਚ ਸਮੁੰਦਰ ਦੇ ਰਸਤੇ ਵੱਡੀ ਗਿਣਤੀ ਵਿਚ ਗ਼ੈਰਕਾਨੂੰਨੀ ਤਰੀਕੇ ਨਾਲ ਪਰਵਾਸੀ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹਨ। ਇਸੇ ਕੋਸ਼ਿਸ਼ ਵਿਚ ਕਈ ਵਾਰ ਹਾਦਸੇ ਹੋ ਚੁੱਕੇ ਹਨ।

ਇਸ ਤੋਂ ਪਹਿਲਾਂ ਵੀ ਇਸ ਸਾਲ ਪਰਵਾਸੀਆਂ ਨਾਲ ਭਰੀ ਕਿਸ਼ਤੀ ਸਮੁੰਦਰ ਵਿਚ ਡੁੱਬ ਗਈ ਸੀ ਜਿਸ ਵਿਚ ਤਕਰੀਬਨ 60 ਲੋਕਾਂ ਦੀ ਮੌਤ ਹੋ ਗਈ ਸੀ।

# ਬਾਦਲ ਵੱਲੋਂ 50 ਸ਼ਖ਼ਸੀਅਤਾਂ ਦਾ ਸਟੇਟ ਐਵਾਰਡ ਨਾਲ ਸਨਮਾਨ

**ਮੁਹਾਲੀ:** ਸੂਬਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਦੌਰਾਨ ਸੂਬੇ ਦੀਆਂ 50 ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 38 ਪੁਲਿਸ ਅਫ਼ਸਰਾਂ, ਅਧਿਆਪਕਾਂ, ਵਿਦਿਆਰਥੀਆਂ ਤੇ ਡਾਕਟਰਾਂ ਨੂੰ ਸਟੇਟ ਐਵਾਰਡ, ਸੱਤ ਪੁਲਿਸ ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਕਮਿਊਨਿਟੀ ਪੁਲੀਸਿੰਗ ਸੇਵਾ ਮੈਡਲ ਤੇ ਪੰਜ ਪੁਲਿਸ ਵਾਲਿਆਂ ਨੂੰ ਮੁੱਖ ਮੰਤਰੀ ਮੈਡਲ ਫਾਰ ਆਊਟ ਸਟੈਂਡਿੰਗ ਡਿਵੋਸ਼ਨ ਟੂ ਡਿਊਟੀ ਸਨਮਾਨ ਦਿੱਤਾ।

ਦੋਰਾਹਾ ਕਾਂਡ ਮੌਕੇ ਸੈਂਕੜੇ ਲੋਕਾਂ ਦੀ ਜਾਨ ਬਚਾਉਣ ਬਦਲੇ ਖੰਨਾ ਦੇ ਐਸ.ਐਸ.ਪੀ. ਗੁਰਪ੍ਰੀਤ ਸਿੰਘ ਗਿੱਲ, ਏ.ਡੀ.ਸੀ. ਖੰਨਾ ਅਜੇ ਸੂਦ ਤੇ ਡੀ.ਐਸ.ਪੀ. ਖੰਨਾ ਹਰਜਿੰਦਰ ਸਿੰਘ ਨੂੰ ਸਟੇਟ ਐਵਾਰਡ ਦਿੱਤਾ ਗਿਆ ਹੈ। ਇਨ੍ਹਾਂ ਅਫ਼ਸਰਾਂ ਨੇ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਪੀੜਤਾਂ ਨੂੰ ਤੁਰੰਤ ਹਸਪਤਾਲਾਂ ਪਹੁੰਚਾਇਆ ਸੀ। ਡੀ.ਐਸ.ਪੀ. ਹਰਜਿੰਦਰ ਸਿੰਘ ਤੇ ਉਨ੍ਹਾਂ ਦਾ ਗੰਨਮੈਨ ਖੁਦ ਵੀ ਗੈਸ ਚੜ੍ਹਨ ਕਾਰਨ ਗੰਭੀਰ ਜ਼ਖ਼ਮੀ ਹੋ ਗਏ ਸਨ।

ਇਸ ਤੋਂ ਇਲਾਵਾ ਦੀਨਾਨਗਰ ਹਮਲੇ ਦੌਰਾਨ ਹੌਂਸਲੇ ਤੇ ਚੌਕਸੀ ਨਾਲ ਬੱਸ ਯਾਤਰੀਆਂ ਦੀ ਜਾਨ ਬਚਾਉਣ ਵਾਲੇ ਪੰਜਾਬ ਰੋਡਵੇਜ਼ ਬਟਾਲਾ ਡਿਪੂ ਦੀ ਬੱਸ ਦੇ ਚਾਲਕ ਨਾਨਕ ਚੰਦ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।



### ਐਸ.ਪੀ. ਬਲਜੀਤ ਸਿੰਘ ਨੂੰ ਰਾਸ਼ਟਰਪਤੀ ਐਵਾਰਡ

**ਚੰਡੀਗੜ੍ਹ:** ਦੀਨਾਨਗਰ ਅਤਿਵਾਦੀ ਹਮਲੇ ਵਿਚ ਮਰਨ ਵਾਲੇ ਐਸ.ਪੀ. ਬਲਜੀਤ ਸਿੰਘ ਨੂੰ ਬਹਾਦਰੀ ਬਦਲੇ ਆਜ਼ਾਦੀ ਦਿਹਾੜੇ ਮੌਕੇ ਰਾਸ਼ਟਰਪਤੀ ਪੁਲਿਸ ਮੈਡਲ ਮਿਲਿਆ ਹੈ। ਇਸ ਤੋਂ ਇਲਾਵਾ ਇੰਸਪੈਕਟਰ ਬਲਜੀਤ ਸਿੰਘ ਤੇ ਹੈੱਡ ਕਾਂਸਟੇਬਲ ਤਾਰਾ ਸਿੰਘ ਨੂੰ ਵੀ ਰਾਸ਼ਟਰਪਤੀ ਪੁਲਿਸ ਮੈਡਲ ਨਾਲ ਸਨਮਾਨਤ ਕੀਤਾ ਗਿਆ ਹੈ। ਹੈੱਡ ਕਾਂਸਟੇਬਲ ਗੁਰਲਾਲ ਸਿੰਘ ਨੂੰ ਬਹਾਦਰੀ ਲਈ ਪੁਲਿਸ ਮੈਡਲ ਨਾਲ ਸਨਮਾਨਤ ਕੀਤਾ ਗਿਆ ਹੈ।

### ਮਜੀਠੀਆ ਵੱਲੋਂ ਉਲਟਾ ਝੰਡਾ ਲਹਿਰਾਉਣ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਆਜ਼ਾਦੀ ਦਿਵਸ ਮੌਕੇ ਸਥਾਨਕ ਗੁਰੂ ਨਾਨਕ ਸਟੇਡੀਅਮ ਵਿਚ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਉਲਟਾ ਝੰਡਾ ਲਹਿਰਾਉਣ ਦਾ ਮਾਮਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਮਾਮਲੇ ਵਿਚ ਦੋ ਪੁਲਿਸ ਮੁਲਾਜ਼ਮਾਂ ਨੂੰ ਲਾਪਰਵਾਹੀ ਵਰਤਣ ਦੇ ਦੋਸ਼ ਹੇਠ ਮੁਅੱਤਲ ਕਰ ਦਿੱਤਾ ਗਿਆ ਹੈ ਤੇ ਐਸ.ਪੀ. ਪੱਧਰ ਦੇ ਅਧਿਕਾਰੀ ਖਿਲਾਫ਼ ਕਾਰਵਾਈ ਦੀ ਸਿਫਾਰਸ਼ ਕੀਤੀ ਗਈ ਹੈ। ਘਟਨਾ ਦੀ ਮੈਜਿਸਟ੍ਰੇਟੀ ਜਾਂਚ ਦੇ ਹੁਕਮ ਵੀ ਦਿੱਤੇ ਗਏ ਹਨ।

ਡੀ.ਸੀ. ਰਵੀ ਭਗਤ ਤੇ ਪੁਲਿਸ ਕਮਿਸ਼ਨਰ ਜਤਿੰਦਰ ਸਿੰਘ ਔਲਖ ਨੇ ਆਖਿਆ ਹੈ ਕਿ ਇਸ ਪਿੱਛੇ ਕੋਈ ਸਾਜ਼ਿਸ਼ ਨਾ ਹੋਵੇ, ਇਹ ਪਤਾ ਲਾਉਣ ਲਈ ਮੈਜਿਸਟ੍ਰੇਟੀ ਜਾਂਚ ਦੇ ਹੁਕਮ ਦਿੱਤੇ ਗਏ ਹਨ। ਸ੍ਰੀ ਮਜੀਠੀਆ ਨੇ ਆਖਿਆ ਕਿ ਇਹ ਪ੍ਰਸ਼ਾਸਨਿਕ ਅਣਗਹਿਲੀ ਹੈ ਜਿਸ ਲਈ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ਼ ਤੁਰੰਤ ਕਾਰਵਾਈ ਦੇ ਨਿਰਦੇਸ਼ ਦਿੱਤੇ ਗਏ ਹਨ।

# ਪੰਜਾਬ ਵਿਚ ਹੜ੍ਹਾਂ ਨਾਲ ਹਜ਼ਾਰਾਂ ਏਕੜ ਫਸਲ ਹੋਈ ਤਬਾਹ



**ਤਰਨਤਾਰਨ:** ਪੌਂਗ ਡੈਮ ਤੇ ਭਾਖੜਾ ਹੈੱਡ ਵਰਕਸ ਤੋਂ ਸਤਲੁਜ ਤੇ ਬਿਆਸ ਦਰਿਆ ਵਿਚ ਦਿਨ-ਬ-ਦਿਨ ਵਧ੍ਹ ਛੱਡੇ ਜਾ ਰਹੇ ਪਾਣੀ ਕਾਰਨ ਤਰਨਤਾਰਨ ਜ਼ਿਲ੍ਹੇ ਵਿਚ ਹੜ੍ਹਾਂ ਨਾਲ ਪ੍ਰਭਾਵਿਤ ਪਿੰਡਾਂ ਵਿਚ ਸਥਿਤੀ ਗੰਭੀਰ ਹੁੰਦੀ ਜਾ ਰਹੀ ਹੈ। ਹੜ੍ਹ ਦੇ ਪਾਣੀ ਨਾਲ ਇਲਾਕੇ ਵਿਚ ਹਜ਼ਾਰਾਂ ਏਕੜ ਫਸਲ ਤਬਾਹ ਹੋ ਗਈ ਹੈ। ਹੜ੍ਹਾਂ ਕਾਰਨ ਉਨ੍ਹਾਂ ਦੀਆਂ ਫਸਲਾਂ ਤੇ ਹਰਾ ਚਾਰਾ ਤਬਾਹ ਹੋ ਚੁੱਕਾ ਹੈ।

ਸਤਲੁਜ ਤੇ ਬਿਆਸ ਦਰਿਆਵਾਂ ਵਿਚ ਲੱਗੇ ਐਡਵਾਂਸ ਬੰਨ੍ਹ ਕਈ ਥਾਵਾਂ ਤੋਂ ਟੁੱਟਣ ਕਾਰਨ ਫਸਲਾਂ ਦੀ ਭਾਰੀ ਤਬਾਹੀ ਹੋਈ ਹੈ। ਕਿਸਾਨਾਂ ਤਾਂ ਆਪਣੇ ਯਤਨਾਂ ਨਾਲ ਇਨ੍ਹਾਂ ਐਡਵਾਂਸ ਬੰਨ੍ਹਾਂ ਨੂੰ ਮਜ਼ਬੂਤ ਕਰਨ ਲਈ ਪਿਛਲੇ ਕਈ ਦਿਨਾਂ ਤੋਂ ਲੱਗੇ ਹੋਏ ਸਨ ਪਰ ਦਰਿਆਵਾਂ ਵਿਚ ਪਾਣੀ ਘਟਣ ਨਾਲ ਐਡਵਾਂਸ ਬੰਨ੍ਹਾਂ ਵਿਚ ਪਾੜ ਪੈਂਦੇ ਜਾ ਰਹੇ ਹਨ। ਦੋਵੇਂ ਦਰਿਆਵਾਂ ਨੇੜਲੀ ਜ਼ਮੀਨ ਵਾਹੁਣ ਵਾਲੇ ਕਿਸਾਨਾਂ ਦੀ ਹੁਣ ਤੱਕ 35 ਹਜ਼ਾਰ ਏਕੜ ਫਸਲ ਪਾਣੀ ਵਿਚ ਡੁੱਬ ਚੁੱਕੀ ਹੈ।

ਕਿਸਾਨ ਹੜ੍ਹ ਦੀ ਮਾਰ ਹੇਠ ਆਈਆਂ ਫਸਲਾਂ ਦੀ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਮੁਆਵਜ਼ੇ ਦੀ ਮੰਗ ਕਰ ਰਹੇ ਹਨ। ਲੋਹੀਆਂ ਇਲਾਕੇ ਵਿਚ ਪਿੰਡ ਦਾਰੇਵਾਲ ਤੇ ਮੰਨੋਮਾਛੀ ਨੇੜੇ ਲੱਗੇ ਐਡਵਾਂਸ ਬੰਨ੍ਹ ਟੁੱਟਣ ਨਾਲ ਇਸ ਇਲਾਕੇ ਵਿਚ ਪਾਣੀ ਭਰ ਗਿਆ। ਸਤਲੁਜ ਦਰਿਆ ਦੇ ਪਾਣੀ ਨੇ ਤਕਰੀਬਨ 10 ਹਜ਼ਾਰ ਏਕੜ ਫਸਲ ਤਬਾਹ ਕਰ ਦਿੱਤੀ ਹੈ। ਕਿਸਾਨਾਂ ਦਾ ਕਹਿਣਾ ਸੀ ਕੋਈ ਸਰਕਾਰੀ ਅਧਿਕਾਰੀ ਉਨ੍ਹਾਂ ਦੀ ਸਾਰ ਲੈਣ ਨਹੀਂ ਆਇਆ। ਇਸੇ ਤਰ੍ਹਾਂ ਜਮਾਲੀਵਾਲ, ਸ਼ਾਹਵਾਲ, ਇੰਦਰਪੁਰ, ਰਾਮਗੜ੍ਹ, ਟਿੱਬੀ ਤੇ ਤਕੀਆ ਆਦਿ ਪਿੰਡਾਂ ਦੇ ਕਿਸਾਨਾਂ ਦੀ ਝੋਨੇ ਦੀ ਫਸਲ ਵੀ ਤਬਾਹ ਹੋ ਗਈ ਹੈ। ਸਤਲੁਜ ਦਰਿਆ ਕਿਨਾਰੇ ਵੱਸੇ ਪਿੰਡਾਂ ਵਿਚੋਂ ਬੇਸ਼ੱਕ ਪਾਣੀ ਉਤਰ ਗਿਆ ਹੈ ਪਰ ਪਾਣੀ ਕਈ ਦਿਨ ਖੜ੍ਹੇ ਰਹਿਣ ਕਾਰ ਨੁਕਸਾਨ ਕਾਫੀ ਜ਼ਿਆਦਾ ਹੋਇਆ ਹੈ।

ਖੇਤੀਬਾੜੀ ਵਿਭਾਗ ਦੀ ਰਿਪੋਰਟ ਅਨੁਸਾਰ ਇਲਾਕੇ ਦੇ ਦੋ ਦਰਜਨ ਪਿੰਡਾਂ ਵਿਚ ਹੜ੍ਹਾਂ ਨਾਲ ਤਕਰੀਬਨ ਢਾਈ ਹਜ਼ਾਰ ਏਕੜ ਰਕਬੇ ਵਿਚ ਖੜ੍ਹੀ ਫਸਲ ਖਰਾਬ ਹੋ ਗਈ ਹੈ ਜਿਸ ਵਿਚ ਮੁੱਖ ਤੌਰ ਉਤੇ ਮੱਕੀ, ਝੋਨਾ, ਹਰਾ ਚਾਰਾ ਤੇ ਪਾਪੂਲਰ ਦੀ ਫਸਲ ਸ਼ਾਮਲ ਸੀ। ਦੱਸਣਾ ਬਣਦਾ ਹੈ ਕਿ ਜਿਥੇ ਖੇਤੀਬਾੜੀ ਵਿਭਾਗ ਦੀ ਰਿਪੋਰਟ ਅਨੁਸਾਰ ਬਲਾਕ ਸ੍ਰੀ ਆਨੰਦਪੁਰ ਸਾਹਿਬ ਵਿਚ ਢਾਈ ਹਜ਼ਾਰ ਏਕੜ ਫਸਲ ਹੜ੍ਹ ਦੇ ਪਾਣੀ ਨਾਲ ਤਬਾਹ ਹੋਈ ਹੈ ਉਥੇ ਹੀ ਦੂਜੇ ਪਾਸੇ ਐਸ.ਡੀ.ਐਮ. ਅਮਰਜੀਤ ਬੈਂਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪ੍ਰਾਪਤ ਹੋਏ ਵੇਰਵਿਆਂ ਅਨੁਸਾਰ 120 ਏਕੜ ਰਕਬੇ ਵਿਚ ਪਾਣੀ ਘੁੰਮਿਆ ਹੈ। ਕਿਸਾਨਾਂ ਨੇ ਕਿਹਾ ਕਿ ਹਰ ਸਾਲ ਹੜ੍ਹਾਂ ਨਾਲ ਮੰਡ ਖੇਤਰ ਦੇ ਲੋਕਾਂ ਦਾ ਕਰੋੜਾਂ ਰੁਪਿਆਂ ਦਾ ਨੁਕਸਾਨ ਹੁੰਦਾ ਹੈ, ਪਰ ਸਰਕਾਰ ਵੱਲੋਂ ਮਾਮੂਲੀ ਮੁਆਵਜ਼ਾ ਦੇ ਕੇ ਖਾਨਾਪੂਰਤੀ ਕਰ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਹੜ੍ਹਾਂ ਤੋਂ ਬਚਾਉਣ ਲਈ ਕੋਈ ਠੋਸ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

ਪਿੰਡ ਦੇ ਸਮੂਹ ਲੋਕਾਂ ਨੇ ਪਾਰਟੀਬਾਜ਼ੀ ਤੋਂ ਉਪਰ ਉਠ ਇਹ ਮੰਗ ਕੀਤੀ ਕਿ ਸਤਲੁਜ ਦਰਿਆ ਨਾਲ ਲੱਗਦੇ ਪਿੰਡ ਧੁੰਦਾ ਤੋਂ ਲੈ ਕੇ ਗੁਜਰਪੁਰਾ, ਧੁੰਨ ਢਾਏ ਵਾਲਾ ਤੱਕ ਧੁੱਸੀ ਬੰਨ ਬਣਾਇਆ ਜਾਵੇ ਤਾਂ ਕਿ ਦਰਿਆ ਵਿਚ ਹੜ੍ਹ ਆਉਣ ਕਾਰਨ ਲੋਕਾਂ ਦਾ ਹਰ ਸਾਲ ਨੁਕਸਾਨ ਨਾ ਹੋਵੇ।

## ਕੇਂਦਰ ਨੇ ਪੰਜਾਬ ਦੇ ਪੰਜ ਪ੍ਰਾਜੈਕਟਾਂ ਦੀ ਪ੍ਰਵਾਨਗੀ ਰੋਕੀ

**ਬਠਿੰਡਾ:** ਕੇਂਦਰ ਸਰਕਾਰ ਨੇ ਪੰਜਾਬ ਦੇ ਪੰਜ ਫਲੱਡ ਮੈਨੇਜਮੈਂਟ ਪ੍ਰਾਜੈਕਟਾਂ ਦੀ ਪ੍ਰਵਾਨਗੀ ਰੋਕ ਲਈ ਹੈ ਜਦੋਂਕਿ ਇਕ ਪ੍ਰੋਜੈਕਟ ਰੱਦ ਕਰ ਦਿੱਤਾ ਹੈ। ਕੇਂਦਰ ਨੇ ਇਨ੍ਹਾਂ ਪੰਜ ਫਲੱਡ ਪ੍ਰੋਜੈਕਟਾਂ 'ਤੇ ਇਤਰਾਜ਼ ਲਗਾ ਦਿੱਤੇ ਹਨ। ਪੰਜਾਬ ਸਰਕਾਰ ਦੇ 528 ਕਰੋੜ ਰੁਪਏ ਦੇ ਫਲੱਡ ਮੈਨੇਜਮੈਂਟ ਪ੍ਰਾਜੈਕਟ ਕੇਂਦਰ ਕੋਲ ਫਸ ਗਏ ਹਨ। ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਨੂੰ ਕੇਂਦਰ ਸਰਕਾਰ ਨੇ ਛੇ ਫਲੱਡ ਪ੍ਰੋਜੈਕਟਾਂ ਲਈ 1181 ਕਰੋੜ ਰੁਪਏ ਜਾਰੀ ਵੀ ਕਰ ਦਿੱਤੇ ਹਨ। ਸਰਕਾਰੀ ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਤਰਫੋਂ ਕੇਂਦਰੀ ਜਲ ਕਮਿਸ਼ਨ ਕੋਲ 10 ਫਲੱਡ ਮੈਨੇਜਮੈਂਟ ਪ੍ਰੋਜੈਕਟ ਭੇਜੇ ਗਏ ਸਨ ਤੇ ਇਨ੍ਹਾਂ ਵਾਸਤੇ 720.73 ਕਰੋੜ ਰੁਪਏ ਦੇ ਫੰਡ ਮੰਗੇ ਗਏ ਸਨ। ਕੇਂਦਰੀ ਜਲ ਸਰੋਤ ਮੰਤਰਾਲੇ ਨੇ ਇਨ੍ਹਾਂ ਵਿਚੋਂ ਚਾਰ ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦੇ ਦਿੱਤੀ, ਜੋ ਕਿ 180.37 ਕਰੋੜ ਰੁਪਏ ਦੇ ਹਨ, ਜਦੋਂਕਿ 11.67 ਕਰੋੜ ਰੁਪਏ ਦਾ ਇਕ ਪ੍ਰੋਜੈਕਟ ਰੱਦ ਕਰ ਦਿੱਤਾ ਹੈ ਤੇ ਪੰਜ ਫਲੱਡ ਪ੍ਰਾਜੈਕਟਾਂ ਦੀ ਪ੍ਰਵਾਨਗੀ ਕੇਂਦਰ ਨੇ ਰੋਕੀ ਹੋਈ ਹੈ, ਜੋ ਕਿ 528.69 ਕਰੋੜ ਰੁਪਏ ਦੇ ਹਨ।

## ਜੀ.ਐਸ.ਟੀ. ਬਾਰੇ ਕੈਪਟਨ ਦੀ ਵੱਖਰੀ ਸੁਰ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੰਸਦ ਵੱਲੋਂ ਸਰਵਿਸਜ਼ ਐਂਡ ਗੁੱਡਜ਼ ਟੈਕਸ ਬਿਲ (ਜੀ.ਐਸ.ਟੀ.) ਪਾਸ ਨਾ ਕੀਤੇ ਜਾਣ ਉਤੇ ਨਾਰਾਜ਼ਗੀ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਬਿੱਲ ਦੇ ਪਾਸ ਨਾ ਹੋਣ ਕਾਰਨ ਸਭ ਤੋਂ ਵੱਧ ਨੁਕਸਾਨ ਪੰਜਾਬ ਦਾ ਹੀ ਹੋਵੇਗਾ। ਉਧਰ, ਕਾਂਗਰਸ ਦੀ ਸੀਨੀਅਰ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਨੇ ਕੈਪਟਨ ਅਮਰਿੰਦਰ ਸਿੰਘ 'ਤੇ ਵਾਰ ਕਰਦਿਆਂ ਕਿਹਾ ਕਿ ਇਸ ਬਿੱਲ ਦੇ ਪਾਸ ਨਾ ਹੋਣ ਲਈ ਕੇਂਦਰ ਸਰਕਾਰ ਜ਼ਿੰਮੇਵਾਰ ਹੈ ਤੇ ਇਸ ਲਈ ਕੈਪਟਨ ਨੂੰ ਮੋਦੀ ਸਰਕਾਰ ਵਿਰੁੱਧ ਨਿਸ਼ਾਨਾ ਸੇਧਣਾ ਚਾਹੀਦਾ ਸੀ।

ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਮੀਟਿੰਗ ਤੋਂ ਬਾਅਦ ਬੀਬੀ ਭੱਠਲ ਨੇ ਕਿਹਾ ਕਿ ਕੈਪਟਨ ਨੂੰ ਇਹ ਮਾਮਲਾ ਪਾਰਟੀ ਫੋਰਮ ਵਿਚ ਉਠਾਉਣਾ ਚਾਹੀਦਾ ਸੀ ਤੇ ਇਸ ਨੂੰ ਪਾਰਟੀ ਏਜੰਡੇ ਦਾ ਹਿੱਸਾ ਬਣਾ ਕੇ ਪਾਸ ਕਰਵਾਉਣ ਲਈ ਕੇਂਦਰ ਸਰਕਾਰ ਉਤੇ ਦਬਾਅ ਬਣਾਉਣਾ ਚਾਹੀਦਾ ਸੀ।

ਦੱਸਣਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਸੰਸਦ ਦੇ ਪਿਛਲੇ ਸੈਸ਼ਨ ਵਿਚ ਇਕ ਦੋ ਵਾਰ ਹੀ ਗਏ ਸਨ ਤੇ ਮੌਨਸੂਨ ਸੈਸ਼ਨ ਤੋਂ ਦੂਰ ਹੀ ਰਹੇ ਹਨ। ਰਾਜਨੀਤਕ ਹਲਕਿਆਂ ਵਿਚ ਚਰਚਾ ਹੈ ਕਿ ਉਹ ਪੰਜਾਬ ਪ੍ਰਦੇਸ਼ ਕਾਂਗਰਸ ਦੀ ਲੀਡਰਸ਼ਿਪ ਨਾ ਬਦਲੇ ਜਾਣ ਕਾਰਨ ਪਾਰਟੀ ਹਾਈਕਮਾਂਡ ਨਾਲ ਨਾਰਾਜ਼ਗੀ ਜ਼ਾਹਰ ਕਰ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਜਿਹੜੇ ਮਰਜ਼ੀ ਕਾਰਨ ਸਨ ਪਰ ਮੌਨਸੂਨ ਸੈਸ਼ਨ ਵਿਚ ਜੀ.ਐਸ.ਟੀ. ਬਿੱਲ ਪਾਸ ਹੋਣਾ ਚਾਹੀਦਾ ਸੀ ਕਿਉਂਕਿ ਇਸ ਬਿੱਲ ਦਾ ਪਾਸ ਹੋਣਾ ਦੇਸ਼ ਦੇ ਆਰਥਿਕ ਵਿਕਾਸ ਦੇ ਭਲੇ ਵਿਚ ਸੀ। ਪੰਜਾਬ ਵਰਗੇ ਸੂਬੇ ਲਈ ਤਾਂ ਇਸ ਦੀ ਹੋਰ ਵੀ ਅਹਿਮੀਅਤ ਹੈ, ਜਿਹੜਾ 1.25 ਲੱਖ ਕਰੋੜ ਰੁਪਏ ਦੇ ਕਰਜ਼ੇ ਹੇਠ ਹੈ। ਇਹ ਬਿਲ ਕਾਂਗਰਸ ਪਾਰਟੀ ਦੀ ਕਾਢ ਹੈ ਤੇ ਇਸ ਦੇ ਪਾਸ ਹੋਣ ਨਾਲ ਸਨਅਤ ਤੇ ਸੂਬੇ ਦੋਵਾਂ ਨੂੰ ਲਾਭ ਹੋਣਾ ਸੀ।

## ਅਕਾਲੀ ਆਗੂ ਦੀ ਕਾਰ 'ਚ ਧਮਾਕਾਖੇਜ ਸਮੱਗਰੀ ਬਣੀ ਭੇਤ

**ਬਠਿੰਡਾ:** ਲੰਬੀ ਹਲਕੇ ਦੇ ਅਕਾਲੀ ਆਗੂਆਂ ਦੀ ਸਵਿਫਟ ਕਾਰ ਵਿਚੋਂ ਮਿਲੀ ਧਮਾਕਾਖੇਜ਼ ਸਮੱਗਰੀ ਦਾ ਭੇਤ ਡੂੰਘਾ ਹੋ ਗਿਆ ਹੈ। ਕਾਰ ਭਾਵੇਂ ਅਕਾਲੀ ਆਗੂਆਂ ਦੀ ਹੈ ਪਰ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਦਿੱਤਾ ਹੈ। ਦੱਸਣਯੋਗ ਹੈ ਕਿ 13 ਅਗਸਤ ਦੀ ਰਾਤ ਨੂੰ ਲਹਿਰਾ ਮੁਹੱਬਤ ਤਾਪ ਬਿਜਲੀ ਘਰ ਦੀ ਮਾਰਕੀਟ ਲਾਗੇ ਮੁੱਖ ਸੜਕ ਉਤੇ ਇਕ ਸਵਿਫਟ ਕਾਰ ਸੜਕ ਹਾਦਸੇ ਦਾ ਸ਼ਿਕਾਰ ਹੋ ਕੇ ਖ਼ਤਾਨਾਂ ਵਿਚ ਡਿੱਗ ਗਈ ਸੀ। ਕਾਰ ਨੂੰ ਮੁੱਖ ਮੰਤਰੀ ਦੇ ਹਲਕਾ ਲੰਬੀ ਦੇ ਪਿੰਡ ਰੱਤਾ ਖੇੜਾ ਦਾ ਲਖਵਿੰਦਰ ਸਿੰਘ ਚਲਾ ਰਿਹਾ ਸੀ। ਉਸ ਦੇ ਨਾਲ ਉਸ ਦਾ ਭਰਾ ਸਾਬਕਾ ਸਰਪੰਚ ਕੁਲਵਿੰਦਰ ਸਿੰਘ ਵੀ ਬੈਠਾ ਸੀ। ਹਾਦਸੇ ਮਗਰੋਂ ਕਾਰ ਸਵਾਰ ਕਾਰ ਦੀਆਂ ਨੰਬਰ ਪਲੇਟਾਂ ਪੁੱਟ ਕੇ ਲੈ ਗਏ ਸਨ। ਅਗਲੇ ਦਿਨ ਜਦੋਂ ਪੁਲਿਸ ਨੇ ਜਾਂਚ ਕੀਤੀ ਤਾਂ ਕਾਰ ਵਿਚੋਂ ਧਮਾਕਾਖੇਜ਼ ਸਮੱਗਰੀ ਬਰਾਮਦ ਹੋਈ ਸੀ। ਲਖਵਿੰਦਰ ਸਿੰਘ ਦਾ ਕਹਿਣਾ ਹੈ ਕਿ ਉਹ ਚੰਡੀਗੜ੍ਹ ਤੋਂ ਮੁੱਖ ਮੰਤਰੀ ਦੀ ਰਿਹਾਇਸ਼ ਤੋਂ ਆਏ ਸਨ ਤੇ ਸਕੂਟਰ ਦਾ ਬਚਾਅ ਕਰਦੇ ਸਮੇਂ ਹਾਦਸੇ ਦਾ ਸ਼ਿਕਾਰ ਹੋ ਗਏ। ਮੁੱਖ ਮੰਤਰੀ ਰਿਹਾਇਸ਼ ਉਤੇ ਸਵਿਫਟ ਕਾਰ ਆਉਣ-ਜਾਣ ਦਾ ਖੁਲਾਸਾ ਹੋਣ ਮਗਰੋਂ ਪੁਲਿਸ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ।

ਪੁਲਿਸ ਮਾਮਲੇ ਨੂੰ ਸ਼ੱਕ ਦੀ ਨਜ਼ਰ ਨਾਲ ਦੇਖ ਰਹੀ ਹੈ ਕਿ ਇਸ ਪਿੱਛੇ ਕੋਈ ਵੱਡੀ ਸਾਜ਼ਿਸ਼ ਤਾਂ ਨਹੀਂ ਹੈ। ਪੁਲਿਸ ਮਾਮਲੇ ਦੀ ਤਹਿ ਤੱਕ ਜਾਣ ਲਈ ਜਾਂਚ ਵਿਚ ਜੁਟੀ ਹੋਈ ਹੈ। ਰੇਲਵੇ ਟਰੈਕ ਤੋਂ ਇਲਾਵਾ ਕੋਲ ਅਨਲੋਡਿੰਗ ਪਲਾਂਟ ਦੀ ਚੈਕਿੰਗ ਵੀ ਕੀਤੀ ਗਈ ਹੈ। ਸੂਤਰਾਂ ਅਨੁਸਾਰ ਲੰਬੀ ਹਲਕੇ ਦੇ ਰੱਤਾਖੇੜਾ ਦੇ ਦੋ ਭਰਾ ਲਖਵਿੰਦਰ ਸਿੰਘ ਤੇ ਕੁਲਵਿੰਦਰ ਸਿੰਘ 10 ਅਗਸਤ ਨੂੰ ਚੰਡੀਗੜ੍ਹ ਲਈ ਕਾਰ ਵਿਚ ਰਵਾਨਾ ਹੋਏ ਸਨ ਤੇ ਰਸਤੇ ਵਿਚ ਇਕ ਅਣਪਛਾਤੇ ਵਿਅਕਤੀ ਨੇ ਪਟਿਆਲਾ ਤੱਕ ਜਾਣ ਲਈ ਉਨ੍ਹਾਂ ਤੋਂ ਲਿਫਟ ਲਈ ਸੀ।

### ਕਾਰਵਾਈ ਤੋਂ ਟਾਲਾ ਵੱਟਣ ਲੱਗੀ ਪੁਲਿਸ

ਪੁਲਿਸ ਇਸ ਮਾਮਲੇ ਵਿਚ ਕਾਰਵਾਈ ਕਰਨ ਤੋਂ ਟਲ ਰਹੀ ਹੈ। ਹਾਲੇ ਤੱਕ ਪੁਲਿਸ ਦੇ ਹੱਥ ਇਸ ਮਾਮਲੇ ਬਾਰੇ ਕੋਈ ਠੋਸ ਸੁਰਾਗ ਨਹੀਂ ਲੱਗਿਆ ਹੈ। ਪੁਲਿਸ ਟੀਮ ਨੇ ਲਹਿਰਾ ਮੁਹੱਬਤ ਥਰਮਲ ਪਲਾਂਟ ਵਿਚੋਂ ਕੁਝ ਸਮੱਗਰੀ ਕਬਜ਼ੇ ਵਿਚ ਜ਼ਰੂਰ ਲਈ ਹੈ ਤੇ ਇਸ ਨੂੰ ਫੌਰੈਂਸਿਕ ਜਾਂਚ ਲਈ ਭੇਜਿਆ ਜਾਣਾ ਹੈ। ਲਹਿਰਾ ਥਰਮਲ ਦੇ ਮੁੱਖ ਸਰੱਖਿਆ ਅਫ਼ਸਰ ਸੁਖਚਰਨ ਸਿੰਘ ਰਾਏ ਨੇ ਕਿਹਾ ਕਿ ਪੁਲਿਸ ਨੇ ਕੁਝ ਸਮੱਗਰੀ ਕੋਲਾ ਯੂਨਿਟ ਵਿਚੋਂ ਲਈ ਹੈ ਤੇ ਉਨ੍ਹਾਂ ਨੇ ਪਾਵਰਕੌਮ ਮੈਨੇਜਮੈਂਟ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਵਾ ਦਿੱਤਾ ਹੈ। ਸੂਤਰ ਆਖਦੇ ਹਨ ਕਿ ਜ਼ਿਲ੍ਹਾ ਪੁਲਿਸ ਇਸ ਮਾਮਲੇ ਨੂੰ ਹੁਣ ਖ਼ਤਮ ਕਰਨਾ ਚਾਹੁੰਦੀ ਹੈ ਪਰ ਪੁਲਿਸ 'ਤੇ ਇਹ ਵੀ ਬੋਝ ਹੈ ਕਿ ਕਿਤੇ ਇਸ ਪਿੱਛੇ ਕੋਈ ਵੱਡੀ ਸਾਜ਼ਿਸ਼ ਤਾਂ ਨਹੀਂ ਸੀ।

## ਯਹੂਦੀਆਂ ਨੂੰ ਭਾਰਤ ਨਾਲ ਵਿਰਾਸਤੀ ਸਾਂਝ ਪੀਡੀ ਕਰਨ ਦਾ ਸੱਦਾ

**ਯੇਰੂਸ਼ਲਮ:** ਭਾਰਤੀ ਮੂਲ ਦੇ ਯਹੂਦੀਆਂ ਨੂੰ ਇਥੇ ਸੰਬੋਧਨ ਕਰਦਿਆਂ ਭਾਰਤ ਦੇ ਰਾਜਦੂਤ ਨੇ ਦੱਸਿਆ ਕਿ ਭਾਰਤ ਸਰਕਾਰ ਦੇਸ਼ ਵਿਚ ਯਹੂਦੀਆਂ ਦੇ ਧਾਰਮਿਕ ਤੇ ਸਭਿਆਚਾਰਕ ਸਥਾਨਾਂ ਨੂੰ ਬਚਾਉਣ ਲਈ ਸਰਗਰਮ ਹੈ। ਉਨ੍ਹਾਂ ਨੌਜਵਾਨ ਯਹੂਦੀਆਂ ਨੂੰ ਅਪੀਲ ਕੀਤੀ ਕਿ ਉਹ ਭਾਰਤ ਆ ਕੇ ਆਪਣੇ ਬਜ਼ੁਰਗਾਂ ਦੀ ਵਿਰਾਸਤ ਨੂੰ ਦੇਖਣ ਤੇ ਆਪਣੀਆਂ ਜੜ੍ਹਾਂ ਦੇ ਨਾਲ ਜੁੜ ਕੇ ਦੋਵਾਂ ਮੁਲਕਾਂ ਦੇ ਸਬੰਧਾਂ ਨੂੰ ਮਜ਼ਬੂਤ ਕਰਨ ਵਿਚ ਯੋਗਦਾਨ ਪਾਉਣ। ਭਾਰਤ ਸਰਕਾਰ ਛੇਤੀ ਹੀ ਦੇਸ਼ ਵਿਚ ਵਿਸ਼ੇਸ਼ 'ਯਹੂਦੀ ਟੂਰ' ਸ਼ੁਰੂ ਕਰਨ ਲਈ ਯਤਨਸ਼ੀਲ ਹੈ।

ਇਥੇ ਇਸਰਾਈਲ ਵਿਚ ਵਸਦੇ ਸਮੁੱਚੇ ਭਾਰਤੀ ਯਹੂਦੀਆਂ ਦੀ ਤੀਜੀ ਕੌਮੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਇਸਰਾਈਲ ਵਿਚ ਭਾਰਤੀ ਰਾਜਦੂਤ ਜੈਦੀਪ ਸਰਕਾਰ ਨੇ ਕਿਹਾ ਕਿ ਉਹ ਦੁਨੀਆਂ ਨੂੰ ਮਾਣ ਨਾਲ ਦੱਸਣਾ ਚਾਹੁੰਦੇ ਹਨ ਕਿ ਯਹੂਦੀਆਂ ਦੇ ਯਤਨਾਂ ਤੇ ਸਹਿਯੋਗ ਸਦਕਾ ਭਾਰਤ ਨੇ ਮੁੰਬਈ ਦੇ ਆਲੇ ਦੁਆਲੇ ਅਮੀਰ ਯਾਹੂਦੀ ਸੰਸਕ੍ਰਿਤੀ ਨੂੰ ਸਾਂਭਿਆ ਹੈ। ਭਾਰਤ ਸਰਕਾਰ ਇਨ੍ਹਾਂ ਦੀ ਸਾਂਭ ਸੰਭਾਲ ਲਈ ਕਦਮ ਚੁੱਕ ਰਹੀ ਹੈ। ਇਸ ਕਾਨਫਰੰਸ ਵਿਚ ਇਸਰਾਈਲ ਵਿਚੋਂ 3500 ਦੇ ਕਰੀਬ ਭਾਰਤੀ ਮੂਲ ਦੇ ਯਹੂਦੀ ਹਿੱਸਾ ਲੈਣ ਪੁੱਜੇ ਹਨ। ਇਸ ਤੋਂ ਪਹਿਲਾਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਦਵੇਂਦਰ ਫੜਨਵੀਸ ਨੇ ਵੀ ਆਪਣੇ ਇਸਰਾਈਲ ਦੌਰੇ ਦੌਰਾਨ ਭਰੋਸਾ ਦਿੱਤਾ ਸੀ ਕਿ ਸਰਕਾਰ ਯਹੂਦੀ ਸਭਿਆਚਾਰ ਨਾਲ ਸਬੰਧਤ ਯਾਦਗਾਰਾਂ ਦੀ ਸੰਭਾਲ ਲਈ ਵਚਨਬੱਧ ਹੈ। ਮਹਾਰਾਸ਼ਟਰ ਸਰਕਾਰ ਸੂਬੇ ਵਿਚ ਯਹੂਦੀਆਂ ਦੇ ਸੈਰ ਸਪਾਟੇ ਨੂੰ ਵਿਕਸਤ ਕਰਨ ਦੀ ਇਛੁੱਕ ਹੈ।

# ਜੋਸ਼ੀ ਦੇ ਭਰੋਸੇ ਪਿੱਛੋਂ ਸਿੱਧੂ ਵੱਲੋਂ ਅਕਾਲੀਆਂ ਨੂੰ ਮਾਮੂਲੀ ਰਾਹਤ

**ਅੰਮ੍ਰਿਤਸਰ:** ਕੈਬਨਿਟ ਮੰਤਰੀ ਅਨਿਲ ਜੋਸ਼ੀ ਵੱਲੋਂ ਮਿਲੇ ਭਰੋਸੇ ਪਿੱਛੋਂ ਭਾਜਪਾ ਆਗੂ ਤੇ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੇ ਮਰਨ ਵਰਤ ਖ਼ਤਮ ਕਰ ਦਿੱਤਾ ਹੈ। ਅਨਿਲ ਜੋਸ਼ੀ ਨੇ ਜੂਸ ਪਿਲਾ ਕੇ ਉਨ੍ਹਾਂ ਦਾ ਮਰਨ ਵਰਤ ਖੁਲ੍ਹਵਾਇਆ। ਡਾਕਟਰ ਸਿੱਧੂ ਨੇ ਇਹ ਮਰਨ ਵਰਤ 15 ਅਗਸਤ ਸਵੇਰੇ ਸ਼ੁਰੂ ਕੀਤਾ ਸੀ। ਕੈਬਨਿਟ ਮੰਤਰੀ ਤੇ ਭਾਜਪਾ ਆਗੂ ਅਨਿਲ ਜੋਸ਼ੀ ਧਰਨੇ ਵਾਲੀ ਥਾਂ ਪੁੱਜੇ ਤੇ ਉਨ੍ਹਾਂ ਨੇ ਡਾਕਟਰ ਸਿੱਧੂ ਨਾਲ ਗੱਲਬਾਤ ਕੀਤੀ। ਜੋਸ਼ੀ ਵੱਲੋਂ ਉਨ੍ਹਾਂ ਨੂੰ ਜੂਸ ਦਾ ਗਿਲਾਸ ਪਿਲਾ ਕੇ ਮਰਨ ਵਰਤ ਖ਼ਤਮ ਕਰਨ ਦਾ ਐਲਾਨ ਕੀਤਾ ਗਿਆ। ਡਾ. ਸਿੱਧੂ ਨੇ ਦੱਸਿਆ ਕਿ ਸ੍ਰੀ ਜੋਸ਼ੀ ਨੇ ਭਰੋਸਾ ਦਿੱਤਾ ਕਿ ਉਸਦੇ ਹਲਕੇ ਦੇ ਵਿਕਾਸ ਲਈ ਪੰਜ ਕਰੋੜ ਰੁਪਏ ਦੇ ਬਾਕੀ ਰਹਿੰਦੇ ਟੈਂਡਰ ਜਾਰੀ ਹੋ ਜਾਣਗੇ।

ਇਸ ਤੋਂ ਪਹਿਲਾਂ ਨਗਰ ਸੁਧਾਰ ਟਰਸੱਟ ਵੱਲੋਂ ਪੰਜ ਕਰੋੜ ਰੁਪਏ ਦੇ ਟੈਂਡਰ ਜਾਰੀ ਕੀਤੇ ਜਾ ਚੁੱਕੇ ਹਨ। ਮੁੱਖ ਮੰਤਰੀ ਵੱਲੋਂ ਦਿੱਤੇ ਭਰੋਸੇ ਬਾਰੇ ਉਨ੍ਹਾਂ ਆਖਿਆ ਕਿ ਪਿਤਾ ਦੇ ਪਿਆਰ ਵਿਚ ਕੁਝ ਕਮੀ ਰਹਿ ਗਈ ਸੀ ਪਰ ਮੇਰੇ ਭਰਾ ਨੇ ਬਿਨਾਂ ਮੰਗੇ ਉਹ ਦੇ ਦਿੱਤਾ, ਜੋ ਬਾਦਲ ਸਾਹਿਬ ਨੇ ਮੰਗਿਆਂ ਵੀ ਨਹੀਂ ਦਿੱਤਾ। ਇਸ ਮੌਕੇ ਉਨ੍ਹਾਂ ਨੇ ਭੁੱਖ ਹੜਤਾਲ ਵਿਚ ਸ਼ਾਮਲ ਹੋਣ ਆਏ ਅੰਮ੍ਰਿਤਸਰ, ਬਟਾਲਾ ਤੇ ਗੁਰਦਾਸਪੁਰ ਆਦਿ ਦੇ ਭਾਜਪਾ ਕਾਰਕੁਨਾਂ ਨੇ ਧੰਨਵਾਦ ਕੀਤਾ। ਸ੍ਰੀ ਜੋਸ਼ੀ ਨੇ ਵੀ ਭਾਵੁਕ ਸ਼ਬਦਾਂ ਦੀ ਵਰਤੋਂ ਕਰਦਿਆਂ ਆਖਿਆ ਕਿ ਡਾ. ਸਿੱਧੂ ਉਸਦੀ ਭੈਣ ਹੈ ਤੇ ਉਹ ਆਪਣੀ ਭੈਣ ਨੂੰ ਇਕ ਛੋਟੀ ਜਿਹੀ ਮੰਗ ਲਈ ਭੁੱਖ ਹੜਤਾਲ ਉਤੇ ਬੈਠਿਆਂ ਨਹੀਂ ਦੇਖ ਸਕਦੇ।



### ਭਾਜਪਾ ਆਗੂਆਂ ਨੇ ਖੋਲ੍ਹਿਆ ਕਮਲ ਸ਼ਰਮਾ ਖਿਲਾਫ ਮੋਰਚਾ

**ਚੰਡੀਗੜ੍ਹ:** ਪੰਜਾਬ ਭਾਜਪਾ ਪ੍ਰਧਾਨ ਕਮਲ ਸ਼ਰਮਾ ਖਿਲਾਫ ਸੂਬਾਈ ਲੀਡਰਸ਼ਿਪ ਨੇ ਹੀ ਮੋਰਚਾ ਖੋਲ੍ਹ ਦਿੱਤਾ ਹੈ। ਸੂਤਰਾਂ ਮੁਤਾਬਕ ਬੀ.ਜੇ.ਪੀ. ਦੇ ਕਈ ਸੀਨੀਅਰ ਲੀਡਰਾਂ ਤੇ ਵਿਧਾਇਕਾਂ ਨੇ ਪਾਰਟੀ ਹਾਈਕਮਾਨ ਕੋਲ ਨਸ਼ੇ ਦੇ ਮਾਮਲੇ ਉਤੇ ਕਮਲ ਸ਼ਰਮਾ ਖ਼ਿਲਾਫ਼ ਸ਼ਿਕਾਇਤ ਕੀਤੀ ਹੈ। ਦਰਅਸਲ ਜਦੋਂ ਤੋਂ ਬੀ.ਜੇ.ਪੀ. ਪ੍ਰਧਾਨ ਦੇ ਪੀ.ਏ. ਰਹੇ ਜਿੰਮੀ ਸੰਧੂ ਦਾ ਨਸ਼ਾ ਤਸਕਰੀ ਕੇਸ ਨਾਲ ਨਾਂ ਜੁੜਿਆ ਹੈ, ਉਦੋਂ ਤੋਂ ਹੀ ਕਮਲ ਸ਼ਰਮਾ ਵਿਰੋਧੀ ਧੜੇ ਦੇ ਨਿਸ਼ਾਨੇ 'ਤੇ ਹੈ। ਸੀਨੀਅਰ ਬੀ.ਜੇ.ਪੀ. ਲੀਡਰ ਅਵਿਨਾਸ਼ ਰਾਏ ਖੰਨਾ ਧੜੇ ਨੇ ਹਾਈਕਮਾਨ ਨੂੰ ਸੂਚਿਤ ਕੀਤਾ ਹੈ ਕਿ ਇਸ ਕੇਸ ਨਾਲ ਪੰਜਾਬ ਵਿਚ ਭਾਜਪਾ ਦੀ ਕਾਫੀ ਬਦਨਾਮੀ ਹੋਈ ਹੈ ਤੇ ਇਸ ਲਈ ਕਮਲ ਸ਼ਰਮਾ ਨੂੰ ਅਹੁਦੇ ਤੋਂ ਲਾਂਭੇ ਕਰਨਾ ਚਾਹੀਦਾ ਹੈ। ਇਸ ਧੜੇ ਵਿਚ ਕਮਲ ਸ਼ਰਮਾ ਦੇ ਕੱਟੜ ਵਿਰੋਧੀ ਵਿਧਾਇਕ ਮਨੋਰੰਜਨ ਕਾਲੀਆ ਵੀ ਸ਼ਾਮਲ ਹਨ ਜੋ ਉਨ੍ਹਾਂ ਖ਼ਿਲਾਫ਼ ਲਗਾਤਾਰ ਪ੍ਰਚਾਰ ਰਹੇ ਸਨ। ਕਾਲੀਆ ਨੇ ਸ਼ਾਂਤਾ ਕੁਮਾਰ ਖ਼ਿਲਾਫ਼ ਬਿਆਨ ਦੇਣ ਸਮੇਂ ਵੀ ਕਮਲ ਸ਼ਰਮਾ ਨੂੰ ਸਵਾਲਾਂ ਦੇ ਕਟਿਹਰੇ ਵਿਚ ਖੜ੍ਹਾ ਕੀਤਾ ਸੀ। ਦੱਸਣਯੋਗ ਹੈ ਕਿ ਕਮਲ ਸ਼ਰਮਾ ਦੀ ਪ੍ਰਧਾਨਗੀ ਦਾ ਸਮਾਂ ਪੂਰਾ ਹੋਣ ਵਾਲਾ ਹੈ ਤੇ ਉਨ੍ਹਾਂ ਦਾ ਵਿਰੋਧੀ ਧੜਾ ਚਾਹੁੰਦਾ ਹੈ ਕਿ ਇਸ ਮੁੱਦੇ ਉਤੇ ਸ਼ਰਮਾ ਨੂੰ ਵੱਧ ਤੋਂ ਵੱਧ ਹੌਲਾ ਕੀਤਾ ਜਾਵੇ ਤਾਂ ਕਿ ਉਹ ਪੰਜਾਬ ਦੀ ਰਾਜਨੀਤੀ ਵਿਚ ਆਪਣੀ ਥਾਂ ਨਾ ਬਣਾ ਸਕਣ। ਇਸੇ ਲਈ ਕਮਲ ਸ਼ਰਮਾ ਖ਼ਿਲਾਫ਼ ਪੰਜਾਬ ਤੋਂ ਲੈ ਕੇ ਦਿੱਲੀ ਤੱਕ ਮੁਹਿੰਮ ਚਲਾਈ ਜਾ ਰਹੀ ਹੈ।

## ਬੁਲਾਰੀਆ ਵੱਲੋਂ ਬਾਦਲਾਂ ਖਿਲਾਫ ਮੋਰਚਾ ਜਾਰੀ

**ਅੰਮ੍ਰਿਤਸਰ:** ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਣ ਵਾਲੇ ਮੁੱਖ ਸੰਸਦੀ ਸਕੱਤਰਾਂ ਵਿਚੋਂ ਡਾ. ਨਵਜੋਤ ਕੌਰ ਸਿੱਧੂ ਨੇ ਆਪਣਾ ਮਰਨ ਵਰਤ ਭਾਵੇਂ ਵਾਪਸ ਲੈ ਲਿਆ ਹੈ ਪਰ ਅਕਾਲੀ ਦਲ ਦੇ ਮੁੱਖ ਸੰਸਦੀ ਸਕੱਤਰ ਇੰਦਰਬੀਰ ਸਿੰਘ ਬੁਲਾਰੀਆ ਵੱਲੋਂ ਭਗਤਾਂਵਾਲਾ ਡੰਪ ਤੇ ਕੂੜਾ ਕਰਕਟ ਪ੍ਰਬੰਧਨ ਪਲਾਂਟ ਇਥੇ ਨਾ ਲਾਉਣ ਖ਼ਿਲਾਫ਼ ਸੰਘਰਸ਼ ਜਾਰੀ ਹੈ, ਜਿਸ ਤਹਿਤ ਉਹ ਸਰਕਾਰ ਖ਼ਿਲਾਫ਼ ਅਦਾਲਤ ਦਾ ਦਰਵਾਜ਼ਾ ਵੀ ਖੜਕਾ ਸਕਦੇ ਹਨ। ਉਨ੍ਹਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਮੰਗ ਪੱਤਰ ਦਿੱਤਾ ਤੇ ਅਪੀਲ ਕੀਤੀ ਕਿ ਉਹ ਸਰਕਾਰ ਨੂੰ ਭਗਤਾਂਵਾਲਾ ਡੰਪ ਵਿਖੇ ਕੂੜਾ ਕਰਕਟ ਪ੍ਰਬੰਧਨ ਪਲਾਂਟ ਲਾਉਣ ਤੋਂ ਰੋਕਣ। ਮੰਗ ਪੱਤਰ ਵਿਚ ਸ੍ਰੀ ਬੁਲਾਰੀਆ ਨੇ ਕਿਹਾ ਕਿ ਇਹ ਸ਼ਹਿਰ ਸਿਫਤੀ ਦਾ ਘਰ ਹੈ ਪਰ ਪੰਜਾਬ ਸਰਕਾਰ ਵੱਲੋਂ ਸ੍ਰੀ ਦਰਬਾਰ ਸਾਹਿਬ ਤੋਂ ਸਿਰਫ ਡੇਢ ਕਿਲੋਮੀਟਰ ਦੂਰ ਕੂੜਾ ਕਰਕਟ ਪ੍ਰਬੰਧਨ ਪਲਾਂਟ ਲਾਇਆ ਜਾ ਰਿਹਾ ਹੈ, ਜਿਸ ਨਾਲ ਪ੍ਰਦੂਸ਼ਣ ਹੋਵੇਗਾ, ਜੋ ਦਰਬਾਰ ਸਾਹਿਬ ਦੀ ਇਮਾਰਤ ਲਈ ਖ਼ਤਰਨਾਕ ਹੈ। ਉਨ੍ਹਾਂ ਕਿਹਾ ਕਿ ਅਦਾਲਤ ਨੇ ਤਾਜ ਮਹਿਲ ਦੇ ਆਲੇ ਦੁਆਲੇ ਨੂੰ ਪ੍ਰਦੂਸ਼ਣ ਮੁਕਤ ਇਲਾਕਾ ਬਣਾਉਣ ਦੀ ਹਦਾਇਤ ਕੀਤੀ ਹੈ। ਇਸੇ ਤਹਿਤ ਸ੍ਰੀ ਦਰਬਾਰ ਸਾਹਿਬ ਤੋਂ ਲਗਪਗ 25 ਕਿਲੋਮੀਟਰ ਦੂਰ ਅਜਿਹਾ ਪਲਾਂਟ ਲਾਇਆ ਜਾਣਾ ਚਾਹੀਦਾ ਹੈ।

# ਸਲਾਮਤੀ ਕੌਂਸਲ 'ਚ ਪੱਕੀ ਸੀਟ ਬਾਰੇ ਭਾਰਤ ਦੇ ਦਾਅਵੇ ਨੂੰ ਝਟਕਾ

**ਸੰਯੁਕਤ ਰਾਸ਼ਟਰ:** ਭਾਰਤ ਵੱਲੋਂ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿਚ ਪੱਕੀ ਸੀਟ ਦੀਆਂ ਆਸਾਂ ਨੂੰ ਉਸ ਸਮੇਂ ਝਟਕਾ ਲੱਗਿਆ ਜਦੋਂ ਅਮਰੀਕਾ, ਰੂਸ ਤੇ ਚੀਨ ਨੇ ਜਥੇਬੰਦੀ ਵਿਚ ਸੁਧਾਰ ਕਰਨ ਨਾਲ ਸਬੰਧਤ ਚਲ ਰਹੀ ਵਾਰਤਾ ਦਾ ਵਿਰੋਧ ਕਰ ਦਿੱਤਾ।

ਬ੍ਰਿਟੇਨ ਤੇ ਫਰਾਂਸ ਤੋਂ ਇਲਾਵਾ ਇਹ ਤਿੰਨੇ (ਰੂਸ, ਅਮਰੀਕਾ ਤੇ ਚੀਨ) ਦੇਸ਼ ਸਲਾਮਤੀ ਕੌਂਸਲ ਦੇ ਸਥਾਈ ਮੈਂਬਰ ਹਨ ਤੇ ਇਨ੍ਹਾਂ ਪੰਜਾਂ ਕੋਲ ਵੀਟੋ ਦਾ ਅਧਿਕਾਰ ਵੀ ਹੈ। 15 ਮੈਂਬਰੀ ਕੌਂਸਲ ਦੇ ਬਾਕੀ 10 ਮੈਂਬਰ ਆਰਜ਼ੀ ਹੁੰਦੇ ਹਨ ਤੇ ਉਹ ਦੋ-ਦੋ ਸਾਲ ਦੇ ਕਾਰਜਕਾਲ ਲਈ ਚੁਣੇ ਜਾਂਦੇ ਹਨ। ਰੂਸ, ਅਮਰੀਕਾ ਤੇ ਚੀਨ ਨੇ ਸਲਾਮਤੀ ਕੌਂਸਲ ਵਿਚ ਸੁਧਾਰਾਂ ਦੀਆਂ ਤਜਵੀਜ਼ਾਂ ਵਾਲੇ ਖਰੜੇ ਵਿਚ ਆਪਣੇ ਵੱਲੋਂ ਕੋਈ ਵੀ ਯੋਗਦਾਨ ਪਾਉਣ ਤੋਂ ਨਾਂਹ ਕਰ ਦਿੱਤੀ ਹੈ ਤੇ ਕਿਹਾ ਹੈ ਕਿ ਕੌਂਸਲ ਦਾ ਮੌਜੂਦਾ ਸਰੂਪ ਹੀ ਆਪਣੇ-ਆਪ ਵਿਚ ਦਰੁਸਤ ਹੈ। ਸੰਯੁਕਤ ਰਾਸ਼ਟਰ ਮਹਾਂ ਸਭਾ ਦੇ ਪ੍ਰਧਾਨ ਸੈਮ ਕੁਟੇਸਾ, ਜਿਨ੍ਹਾਂ ਨੇ ਸੁਧਾਰਾਂ ਬਾਰੇ ਤਜਵੀਜ਼ਾਂ ਦਾ ਖਰੜਾ ਸੰਯੁਕਤ ਰਾਸ਼ਟਰ ਦੇ ਸਾਰੇ ਮੈਂਬਰਾਂ ਨੂੰ ਭੇਜਿਆ ਸੀ, ਨੂੰ ਲਿਖੇ ਇਕ ਪੱਤਰ ਵਿਚ ਅਮਰੀਕਾ ਦੀ ਸਥਾਈ ਪ੍ਰਤੀਨਿਧ ਸਾਮੰਥਾ ਪਾਵਰ ਨੇ ਕਿਹਾ ਕਿ ਅਮਰੀਕਾ, ਸਲਾਮਤੀ ਕੌਂਸਲ ਦੇ 'ਦਰਮਿਆਨੇ' ਜਹੇ ਵਿਸਤਾਰ ਦੇ ਖ਼ਿਲਾਫ਼ ਨਹੀਂ, ਬਸ਼ਰਤੇ ਸਥਾਈ ਸੀਟਾਂ ਲਈ ਸਿਰਫ਼ ਉਨ੍ਹਾਂ ਦੇਸ਼ਾਂ ਦੇ ਨਾਂ ਵਿਚਾਰੇ ਜਾਣ ਜੋ ਕਿ ਕੌਮਾਂਤਰੀ ਅਮਨ ਤੇ ਸੁਰੱਖਿਆ ਦੇ ਖੇਤਰ ਵਿਚ ਬਾਕੀ ਦੇਸ਼ਾਂ ਨੂੰ ਨਾਲ ਲੈ ਕੇ ਚੱਲਣ ਦੇ ਯੋਗ ਤੇ ਸਮਰੱਥ ਹੋਣ। ਇਸ ਤੋਂ ਇਲਾਵਾ ਵੀਟੋ ਦਾ ਅਧਿਕਾਰ ਜਿੰਨੇ ਦੇਸ਼ਾਂ ਕੋਲ ਇਸ ਸਮੇਂ ਹੈ, ਉਨ੍ਹਾਂ ਦੀ ਗਿਣਤੀ ਵਿਚ ਵਾਧਾ ਨਹੀਂ ਹੋਣਾ ਚਾਹੀਦਾ।

ਸਲਾਮਤੀ ਕੌਂਸਲ, ਸੰਯੁਕਤ ਰਾਸ਼ਟਰ ਦੇ ਛੇ ਪ੍ਰਮੁੱਖ ਅੰਗਾਂ ਵਿਚੋਂ ਸਭ ਤੋਂ ਸ਼ਕਤੀਸ਼ਾਲੀ ਅੰਗ ਹੈ। ਇਸ ਦੇ ਫ਼ੈਸਲੇ ਦੁਨੀਆਂ ਦੇ ਕਈ ਖਿੱਤਿਆਂ ਤੇ ਦੇਸ਼ਾਂ ਦੀ ਹੋਣੀ ਤੈਅ ਕਰਦੇ ਆਏ ਹਨ। ਇਸ ਦੇ ਵਿਸਤਾਰ ਤੇ ਸਮੁੱਚੀ ਕਾਰਜ-ਸ਼ੈਲੀ ਵਿਚ ਸੁਧਾਰ ਦੀ ਮੰਗ ਪੰਜ ਦਹਾਕੇ ਪੁਰਾਣੀ ਹੈ। ਸੰਯੁਕਤ ਰਾਸ਼ਟਰ ਦੇ ਬਹੁਤ ਸਾਰੇ ਮੈਂਬਰ ਦੇਸ਼ ਇਸ ਕੌਂਸਲ ਦੀ ਕਾਰਜ-ਸ਼ੈਲੀ ਤੋਂ ਨਾਖ਼ੁਸ਼ ਸਨ ਤੇ ਮਹਿਸੂਸ ਕਰਦੇ ਆ ਰਹੇ ਸਨ ਕਿ ਉਨ੍ਹਾਂ ਨੂੰ ਨਾ ਤਾਂ ਇਸ ਆਲਮੀ ਸੰਸਥਾ ਵਿਚ ਲੋੜੀਂਦੀ ਵੁੱਕਤ ਮਿਲਦੀ ਹੈ ਤੇ ਨਾ ਹੀ ਉਨ੍ਹਾਂ ਦੇ ਹੱਕਾਂ, ਮੰਗਾਂ ਤੇ ਚਿੰਤਾਵਾਂ ਉੱਪਰ ਸੁਚੱਜੇ ਢੰਗ ਨਾਲ ਗ਼ੌਰ ਕੀਤਾ ਜਾਂਦਾ ਹੈ, ਜਿਨ੍ਹਾਂ ਦੇਸ਼ਾਂ ਵੱਲੋਂ ਕੌਂਸਲ ਦੀ ਸਥਾਈ ਮੈਂਬਰਸ਼ਿਪ ਉੱਪਰ ਦਾਅਵਾ ਜਤਾਇਆ ਜਾ ਰਿਹਾ ਹੈ, ਉਨ੍ਹਾਂ ਵਿਚ ਭਾਰਤ ਤੋਂ ਇਲਾਵਾ ਜਰਮਨੀ, ਦੱਖਣੀ ਅਫ਼ਰੀਕਾ, ਬ੍ਰਾਜ਼ੀਲ ਤੇ ਜਪਾਨ ਸ਼ਾਮਲ ਹਨ।

### ਅਮਰੀਕਾ, ਰੂਸ ਤੇ ਚੀਨ ਵੱਲੋਂ ਜਥੇਬੰਦੀ 'ਚ ਸੁਧਾਰਾਂ ਦਾ ਵਿਰੋਧ



### ਹਮਾਇਤ ਬਾਰੇ ਪਲਟੇ ਤੋਂ ਭਾਰਤ ਹੈਰਾਨ

ਦਿਲਚਸਪ ਤੱਥ ਇਹ ਹੈ ਕਿ ਮੁੱਢ ਵਿਚ ਸਿਰਫ਼ ਭਾਰਤ ਤੇ ਜਪਾਨ ਨੂੰ ਸਥਾਈ ਮੈਂਬਰਾਂ ਦਾ ਦਰਜਾ ਦੇਣ ਦੀ ਗੱਲ ਤੁਰੀ ਸੀ ਤੇ ਇਸ ਮੰਗ ਦੀ ਦਬਵੀਂ ਸੁਰ ਵਿਚ ਹਮਾਇਤ ਅਮਰੀਕਾ, ਰੂਸ ਅਤੇ ਇਥੋਂ ਤੱਕ ਕਿ ਚੀਨ ਨੇ ਵੀ ਕੀਤੀ ਸੀ। ਹੁਣ ਇਨ੍ਹਾਂ ਦੇਸ਼ਾਂ ਦੇ ਬਦਲੇ ਰੁਖ਼ ਕਾਰਨ ਭਾਰਤੀ ਉਮੀਦਾਂ ਉੱਤੇ ਪਾਣੀ ਫਿਰਦਾ ਜਾਪਦਾ ਹੈ। 1992 ਵਿਚ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬੁਤਰਸ-ਬੁਤਰਸ ਘਾਲੀ ਨੇ ਸਲਾਮਤੀ ਕੌਂਸਲ ਤੇ ਸਮੁੱਚੇ ਸੰਯੁਕਤ ਰਾਸ਼ਟਰ ਵਿਚ ਸਮੇਂ ਦੀਆਂ ਲੋੜਾਂ ਮੁਤਾਬਕ ਸੁਧਾਰਾਂ ਦਾ ਅਮਲ ਆਰੰਭਣ 'ਤੇ ਜ਼ੋਰ ਦਿੱਤਾ ਸੀ।

# ਪੰਜਾਬੀਆਂ ਦਾ ਡਰਾਈਵਿੰਗ ਲਾਇਸੈਂਸ ਘਪਲਾ ਬੇਨਕਾਬ

**ਸੈਕਰਾਮੈਂਟੋ (ਬਿਊਰੋ):** ਸੈਲੀਨਾਸ ਅਤੇ ਸੈਕਰਾਮੈਂਟੋ ਦੇ ਕਈ ਡੀ ਐਮ ਵੀ ਮੁਲਾਜ਼ਮਾਂ ਸਮੇਤ ਟਰੱਕ ਡਰਾਈਵਿੰਗ ਸਕੂਲ ਚਲਾਉਣ ਵਾਲੇ ਤਿੰਨ ਵਿਅਕਤੀਆਂ ਨੂੰ ਸੌ ਦੇ ਕਰੀਬ ਟਰੱਕ ਡਰਾਈਵਰਾਂ ਨੂੰ ਗੈਰ ਕਾਨੂੰਨੀ ਤੌਰ 'ਤੇ ਕਲਾਸ 'ਏ' ਡਰਾਈਵਿੰਗ ਲਾਈਸੈਂਸ ਦਿਵਾਉਣ ਦੇ ਦੋਸ਼ਾਂ ਅਧੀਨ ਗ੍ਰਿਫਤਾਰ ਕੀਤਾ ਗਿਆ ਹੈ।

ਯੂ ਐਸ ਅਟਾਰਨੀ ਬੈਂਜਾਮਿਨ ਵੈਗਨਰ ਨੇ ਪ੍ਰੈਸ ਨੂੰ ਦੱਸਿਆ ਕਿ ਸੈਲੀਨਾਸ ਡੀ ਐਮ ਵੀ ਦਾ ਮੁਲਾਜ਼ਮ 45 ਸਾਲਾ ਐਮਾ ਕਲੇਮ ਅਤੇ ਇਕ ਟਰੱਕ ਡਰਾਈਵਿੰਗ ਸਕੂਲ ਦਾ ਮਾਲਕ ਕੁਲਵਿੰਦਰ ਸਿੰਘ ਦੋਸਾਂਝ (58 ਸਾਲ) ਡੀ ਐਮ ਵੀ ਮੁਲਾਜ਼ਮਾਂ ਨੂੰ ਵੱਢੀ ਦੇ ਕੇ ਆਈਡੈਂਟਿਟੀ ਫਰਾਡ ਕਰਨ ਦੇ ਦੋਸ਼ੀ ਪਾਏ ਗਏ ਹਨ। ਸੈਕਰਾਮੈਂਟੋ ਡੀ ਐਮ ਵੀ ਦੇ ਐਗਜ਼ਾਮੀਨਰ ਐਂਡਰਿਊ (30), ਸੈਲੀਨਾਸ ਦੇ 65 ਸਾਲਾ ਰਾਬਰਟ ਟੁਰਚਿਨ ਤੋਂ ਇਲਾਵਾ ਸੈਕਰਾਮੈਂਟੋ ਦੇ ਟਰੱਕਿੰਗ ਸਕੂਲ ਮਾਲਕ 55 ਸਾਲਾ ਪਵਿੱਤਰ ਸਿੰਘ ਦੋਸਾਂਝ ਅਤੇ ਸੈਨ ਰੈਮੋਨ ਦੇ ਮੰਗਲ ਗਿੱਲ ਡੀ ਐਮ ਵੀ ਮੁਲਾਜ਼ਮਾਂ ਨੂੰ ਰਿਸ਼ਵਤ ਦੇਣ, ਫਰਾਡ ਕਰਨ ਅਤੇ ਸਾਜਿਸ਼ ਰਚਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ।

ਅਦਾਲਤ ਵਿਚ ਦਾਇਰ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ ਡੀ ਐਮ ਵੀ ਵਰਕਰ ਜੂਨ 2011 ਤੋਂ ਮਾਰਚ 2015 ਦਰਮਿਆਨ ਰਿਕਾਰਡ ਬਦਲ ਕੇ ਉਨ੍ਹਾਂ ਟਰੱਕ ਡਰਾਈਵਰਾਂ ਨੂੰ ਰਿਟਨ ਟੈਸਟ ਅਤੇ ਡਰਾਈਵਿੰਗ ਟੈਸਟ ਵਿਚ ਪਾਸ ਕਰ ਦਿੰਦੇ ਸਨ ਜਿਨ੍ਹਾਂ ਦੇ ਟਰੱਕਿੰਗ ਸਕੂਲ ਉਨ੍ਹਾਂ ਨੂੰ ਪ੍ਰਤੀ ਡਰਾਈਵਰ 5000 ਡਾਲਰ ਦੇ ਦਿੰਦੇ ਸਨ।

ਲਾਸ ਏਂਜਲਸ ਤੋਂ ਛਪਦੇ ਅਖ਼ਬਾਰ ਲਾਸ ਏਂਜਲਸ ਟਾਈਮਜ਼ ਅਨੁਸਾਰ ਨੇ ਇਸ ਸਮੁਚੇ ਸਕੈਂਡਲ ਦੀ ਪੜਤਾਲ ਐਫ ਬੀ ਆਈ ਅਤੇ ਹੋਮਲੈਂਡ ਸਕਿਉਰਿਟੀ ਵਿਭਾਗ ਨੇ ਇਕ ਡੀ ਐਮ ਵੀ ਮੈਨੇਜਰ ਵਲੋਂ 2012 ਵਿਚ ਸੰਭਵ ਫਰਾਡ ਦੀ ਰਿਪੋਰਟ ਦੇਣ ਉਪਰੰਤ ਰਲ ਕੇ ਕੀਤੀ। ਅਧਿਕਾਰੀਆਂ ਅਨੁਸਾਰ ਇਸ ਤਰ੍ਹਾਂ ਰਿਸ਼ਵਤ ਦੇ ਕੇ ਲਾਈਸੈਂਸ ਲੈਣ ਵਾਲੇ ਡਰਾਈਵਰ 23 ਹਾਦਸਿਆਂ ਦੇ ਦੋਸ਼ੀ ਪਾਏ ਗਏ ਹਨ।

### ਮੁਲਾਜ਼ਮਾਂ ਨਾਲ ਗੰਢਤੁੱਪ ਕਰਕੇ ਚੱਲਦਾ ਸੀ ਗੋਰਖਧੰਦਾ

ਜਾਂਚ ਅਧਿਕਾਰੀ ਅਨੁਸਾਰ ਇਨ੍ਹਾਂ ਵੱਲੋਂ ਵੱਖ-ਵੱਖ ਸ਼ਹਿਰਾਂ ਦੇ ਲਾਇਸੈਂਸ ਕੇਂਦਰਾਂ ਵਿਚ ਮੁਲਾਜ਼ਮਾਂ ਨਾਲ ਗੰਢਤੁੱਪ ਕਰਕੇ ਲੋਕਾਂ ਤੋਂ ਵੱਡੀਆਂ ਰਕਮਾਂ ਲੈ ਕੇ ਲਾਇਸੈਂਸ ਜਾਰੀ ਕਰਵਾ ਲਏ ਜਾਂਦੇ ਸਨ। ਉਨ੍ਹਾਂ ਵੱਲੋਂ 2011 ਤੋਂ ਇਸ ਸਾਲ ਅਪਰੈਲ ਤੱਕ ਸੈਂਕੜੇ ਅਜਿਹੇ ਲੋਕਾਂ ਨੂੰ ਕਮਰਸ਼ਲ ਲਾਇਸੈਂਸ ਜਾਰੀ ਕੀਤੇ ਗਏ, ਜਿਨ੍ਹਾਂ ਨੇ ਨਾ ਤਾਂ ਜਾਣਕਾਰੀ ਟੈਸਟ ਪਾਸ ਕੀਤੇ ਤੇ ਨਾ ਹੀ ਰੋਡ ਟੈਸਟ ਦੇਣ ਗਏ। ਜਾਂਚ ਵਿਚ ਪਤਾ ਲੱਗਾ ਕਿ ਗਰੋਹ ਦਾ ਹਿੱਸਾ ਬਣੇ ਵਿਭਾਗ ਦੇ ਮੁਲਾਜ਼ਮਾਂ ਵੱਲੋਂ ਕੰਪਿਊਟਰ ਡਾਟੇ ਨਾਲ ਛੇੜ-ਛਾੜ ਕਰਕੇ ਲੋੜੀਂਦੇ ਲਾਇਸੈਂਸ ਜਾਰੀ ਕਰ ਦਿੱਤੇ ਜਾਂਦੇ ਸਨ।

# ਅਮਰੀਕਾ ਵਿਚ ਪਨਾਹ ਮੰਗਣ ਵਾਲੇ 20 ਸਿੱਖਾਂ ਨੂੰ ਰਾਹਤ

**ਵਾਸ਼ਿੰਗਟਨ:** ਸ਼ਰਨ ਮੰਗਣ ਵਾਲੇ ਉਨ੍ਹਾਂ 22 ਭਾਰਤੀ ਸਿੱਖਾਂ ਵਿਚੋਂ 20 ਜਣਿਆਂ ਨੂੰ ਰਿਹਾ ਕਰ ਦਿੱਤਾ ਗਿਆ ਹੈ ਜੋ ਇਮੀਗਰੇਸ਼ਨ ਵਿਭਾਗ ਦੇ ਮਾੜੇ ਵਿਵਹਾਰ ਕਾਰਨ ਪਿਛਲੇ ਦੋ ਹਫਤਿਆਂ ਤੋਂ ਵਧੇਰੇ ਸਮੇਂ ਤੋਂ ਜੇਲ੍ਹ ਵਿਚ ਭੁੱਖ ਹੜਤਾਲ 'ਤੇ ਬੈਠੇ ਸਨ। ਸ਼ਰਨ ਮੰਗਣ ਵਾਲੇ ਇਹ 20 ਭਾਰਤੀ ਸਿੱਖ ਛੇ ਮਹੀਨਿਆਂ ਦੇ ਜ਼ਿਆਦਾ ਸਮੇਂ ਤੱਕ ਵੱਖ-ਵੱਖ ਮੁਲਕਾਂ ਦੀ ਯਾਤਰਾ ਕਰਦਿਆਂ ਪੈਦਲ ਟੈਕਸਸ ਦੀ ਸਰਹੱਦ ਉਤੇ ਪੁੱਜੇ ਸਨ।

ਇਸ ਤੋਂ ਬਾਅਦ ਇਹ ਲੋਕ ਆਈ. ਸੀ. ਈ. (ਇਮੀਗਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ) ਦੇ ਉਸ ਫ਼ੈਸਲੇ ਖ਼ਿਲਾਫ਼ 25 ਜੁਲਾਈ ਨੂੰ ਹੜਤਾਲ 'ਤੇ ਚਲੇ ਗਏ ਸਨ ਜਿਸ ਦੇ ਤਹਿਤ ਉਨ੍ਹਾਂ ਨੂੰ ਬਾਂਡ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਇਨ੍ਹਾਂ ਦੇ ਵਿਰੋਧ ਦਾ ਕਾਰਨ ਇਮੀਗਰੇਸ਼ਨ ਜੱਜ ਰੈਕਸ ਫੋਰਡ ਦੀ ਉਹ ਨੀਤੀ ਵੀ ਹੈ, ਜਿਸ ਤਹਿਤ ਇਮੀਗਰੇਸ਼ਨ ਬਾਰੇ ਮਾਮਲਿਆਂ ਵਿਚ ਹਿਰਾਸਤ ਵਿਚ ਲਏ ਗਏ ਉਨ੍ਹਾਂ ਲੋਕਾਂ ਨੂੰ 'ਗਰਾਂਟ ਬਾਂਡ' ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ, ਜਿਨ੍ਹਾਂ ਦੇ ਰਿਸ਼ਤੇਦਾਰ ਅਮਰੀਕਾ ਵਿਚ ਨਹੀਂ ਹਨ।

ਸੂਤਰਾਂ ਅਨੁਸਾਰ ਇਨ੍ਹਾਂ ਲੋਕਾਂ ਨੂੰ ਦੱਖਣੀ ਫਲੋਰੀਡਾ ਦੇ ਹਿਰਾਸਤ ਕੇਂਦਰ ਤੋਂ ਮਿਆਮੀ ਸਥਿਤ ਇਕ ਗੁਰਦੁਆਰੇ ਦੇ ਹੈੱਡ ਗ੍ਰੰਥੀ ਆਪਣੇ ਨਾਲ ਲੈ ਗਏ। ਉਹ ਨਿਯਮਤ ਰੂਪ ਵਿਚ ਅਧਿਕਾਰੀਆਂ ਦੇ ਸੰਪਰਕ ਵਿਚ ਸਨ ਤੇ ਇਨ੍ਹਾਂ ਸਿੱਖਾਂ ਦੀ ਰਿਹਾਈ ਲਈ ਵੱਡੀ ਭੂਮਿਕਾ ਨਿਭਾਈ।

ਭਾਵੇਂ ਇਨ੍ਹਾਂ ਨੂੰ ਜੇਲ੍ਹ ਵਿਚੋਂ ਰਿਹਾ ਕਰ ਦਿੱਤਾ ਗਿਆ ਹੈ ਪਰ ਅਮਰੀਕਾ ਵਿਚ ਇਨ੍ਹਾਂ ਦਾ ਭਵਿੱਖ ਅਨਿਸ਼ਚਿਤਤਾ ਨਾਲ ਭਰਿਆ ਹੈ। ਆਮ ਕਰਕੇ ਅਜਿਹੇ ਗੈਰ ਕਾਨੂੰਨੀ ਪਰਵਾਸੀ ਰਾਜਸੀ ਸ਼ਰਨ ਲਈ ਦਰਖਾਸਤ ਦਿੰਦੇ ਹਨ, ਉਧਰ ਦਰਖਾਸਤ ਮਨਜ਼ੂਰ ਹੋਣ ਦਾ ਪੈਂਡਾ ਬਹੁਤ ਲੰਮਾ ਹੁੰਦਾ ਹੈ।



ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਆਫ ਫਲੋਰੀਡਾ ਦੀ ਸਟਾਫ ਅਟਾਰਨੀ ਸ਼ਾਲਿਨੀ ਅਗਰਵਾਲ ਨੇ ਪਿਛਲੇ ਹਫ਼ਤੇ ਆਈ.ਸੀ.ਆਈ. ਨੂੰ ਚਿੱਠੀ ਲਿਖ ਕੇ ਇਨ੍ਹਾਂ ਲੋਕਾਂ ਦੀ ਰਿਹਾਈ ਦੀ ਮੰਗ ਕੀਤੀ ਸੀ।

# ਅਦਾਲਤ ਵਿਚ ਕਿਰਪਾਨ ਲਿਜਾਣ ਦੀ ਕੋਈ ਮਨਾਹੀ ਨਹੀਂ

**ਚੰਡੀਗੜ੍ਹ:** ਸਿੱਖਾਂ ਨੂੰ ਅਦਾਲਤ ਵਿਚ ਕਿਰਪਾਨ ਲਿਜਾਣ ਦੀ ਕੋਈ ਮਨਾਹੀ ਨਹੀਂ। ਸੰਵਿਧਾਨ ਦੇ ਆਰਟੀਕਲ 25 ਵਿਚ ਸਿੱਖਾਂ ਨੂੰ ਇਹ ਆਜ਼ਾਦੀ ਦਿੱਤੀ ਗਈ ਹੈ। ਇਹ ਜਾਣਕਾਰੀ ਹਰਿਆਣਾ ਸਰਕਾਰ ਨੇ ਇਕ ਸਿੱਖ ਨੌਜਵਾਨ ਦਿਲਾਵਰ ਸਿੰਘ ਵੱਲੋਂ ਦਾਇਰ ਪਟੀਸ਼ਨ ਉਤੇ ਸੁਣਵਾਈ ਦੌਰਾਨ ਦਿੱਤੀ। ਇਸ ਕੇਸ ਵਿਚ ਪਟੀਸ਼ਨਕਰਤਾ ਸਿੱਖ ਨੌਜਵਾਨ ਨੂੰ ਕਿਰਪਾਨ ਨਾਲ ਅੰਬਾਲਾ ਦੀ ਸੈਸ਼ਨ ਕੋਰਟ ਵਿਚ ਬਿਆਨ ਦਰਜ ਕਰਵਾਉਣ ਤੋਂ ਮਨ੍ਹਾ ਕਰ ਦਿੱਤਾ ਗਿਆ ਸੀ। ਇਸ ਖ਼ਿਲਾਫ਼ ਨੌਜਵਾਨ ਨੇ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰ ਦਿੱਤੀ ਸੀ। ਪਟੀਸ਼ਨ ਉਤੇ ਸੁਣਵਾਈ ਕਰਦੇ ਹੋਏ ਹਾਈਕੋਰਟ ਨੇ ਅੰਬਾਲਾ ਸੈਸ਼ਨ ਕੋਰਟ ਦੇ ਹੁਕਮਾਂ ਉਤੇ ਰੋਕ ਲਾਉਂਦੇ ਹੋਏ ਹਰਿਆਣਾ ਸਰਕਾਰ ਨੂੰ ਨੋਟਿਸ ਭੇਜ ਕੇ ਜਵਾਬ ਮੰਗਿਆ ਸੀ। ਹਰਿਆਣਾ ਦੇ ਗ੍ਰਹਿ ਸਕੱਤਰ ਨੇ ਹਲਫ਼ਨਾਮਾ ਦਾਇਰ ਕਰਕੇ ਕਿਹਾ ਕਿ ਸਿੱਖ ਕਿਰਪਾਨ ਦੇ ਨਾਲ ਅਦਾਲਤ ਵਿਚ ਪੇਸ਼ ਹੋ ਸਕਦੇ ਹਨ ਤੇ ਇਸ ਦੀ ਕੋਈ ਮਨਾਹੀ ਨਹੀਂ।



# ਆਸਟਰੇਲੀਆ ਵਿਚ ਪੱਕੇ ਹੋਣ ਦਾ ਜੁਗਾੜ ਲਾਉਣ ਵਾਲੇ ਸਾਵਧਾਨ!

**ਐਡੀਲੇਡ:** ਆਸਟਰੇਲੀਆ ਵਿਚ ਪੱਕੇ ਹੋਣ ਲਈ ਨਾਜਾਇਜ਼ ਤਰੀਕੇ ਅਪਨਾਉਣ ਵਾਲਿਆਂ ਦੀ ਹੁਣ ਖੈਰ ਨਹੀਂ ਕਿਉਂਕਿ ਆਸਟਰੇਲੀਅਨ ਸਰਕਾਰ ਦੇ ਟੈਕਸ ਵਿਭਾਗ ਨੇ ਉਨ੍ਹਾਂ ਲੋਕਾਂ ਬਾਰੇ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕੀਤੀ ਹੈ, ਜਿਹੜੇ ਪੱਕੇ ਹੋਣ ਲਈ ਕਈ ਤਰ੍ਹਾਂ ਦੇ ਫਰਜ਼ੀ ਦਸਤਾਵੇਜ਼ ਤਿਆਰ ਕਰਵਾਉਂਦੇ ਸਨ। ਟੈਕਸ ਵਿਭਾਗ ਨੇ 'ਡਾਟਾ ਮੈਚਿੰਗ ਪ੍ਰੋਗਰਾਮ' ਸ਼ੁਰੂ ਕਰਨ ਦੀ ਤਿਆਰੀ ਕੀਤੀ ਹੈ। ਇਸ ਦੇ ਤਹਿਤ ਵਿਭਾਗ ਵੱਲੋਂ ਸਬੰਧਤ ਵਿਅਕਤੀ ਨਾਲ ਜੁੜੀ ਜ਼ਰੂਰੀ ਜਾਣਕਾਰੀ ਜਿਵੇਂ ਕਿ ਵੀਜ਼ਾ ਧਾਰਕ ਦਾ ਪੂਰਾ ਵੇਰਵਾ, ਮੌਜੂਦਾ ਤੇ ਪਿਛਲੇ ਵੀਜ਼ੇ ਦੀ ਜਾਣਕਾਰੀ, ਆਸਟਰੇਲੀਆ ਵਿਚ ਆਉਣ-ਜਾਣ ਦਾ ਪੂਰਾ ਵੇਰਵਾ, ਆਸਟਰੇਲੀਆ ਵਿਚ ਕੀਤੀ ਪੜ੍ਹਾਈ ਦੀ ਜਾਣਕਾਰੀ, ਸਪਾਂਸਰ ਤੇ ਮਾਈਗ੍ਰੇਸ਼ਨ ਏਜੰਟ ਬਾਰੇ ਵੀ ਪੂਰੀ ਜਾਣਕਾਰੀ ਇਕੱਠੀ ਕੀਤੀ ਜਾਵੇਗੀ। ਇਸ ਕਾਰਵਾਈ ਲਈ ਸਬੰਧਤ ਸਾਰੇ ਅੰਕੜੇ ਆਸਟਰੇਲੀਆਈ ਇੰਮੀਗ੍ਰੇਸ਼ਨ ਵਿਭਾਗ ਮੁਹੱਈਆ ਕਰਵਾਏਗਾ।


## ਪੈਟਰੋਲ ਪੰਪਾਂ ਉਤੇ ਹੋ ਰਿਹੈ ਪਰਵਾਸੀਆਂ ਦਾ ਸ਼ੋਸ਼ਣ

**ਸਿਡਨੀ:** ਆਸਟਰੇਲੀਆ ਵਿਚ ਤਕਰੀਬਨ ਦੋ ਦਰਜਨ ਪੈਟਰੋਲ ਪੰਪਾਂ ਦੀ ਅਚਾਨਕ ਕੀਤੀ ਚੈਕਿੰਗ ਦੌਰਾਨ ਪਰਵਾਸੀ ਕਾਮਿਆਂ ਨੂੰ ਘੱਟ ਤਨਖ਼ਾਹ ਦੇਣ ਤੇ ਹੋਰ ਬੇਨਿਯਮੀਆਂ ਸਾਹਮਣੇ ਆਈਆਂ। ਇਹ ਮੁਹਿੰਮ ਫੇਅਰ ਵਰਕ ਸਟਾਫ਼ ਨੇ ਸ਼ੁਰੂ ਕੀਤੀ ਹੈ। ਫੇਅਰ ਵਰਕ ਕੰਮਕਾਜੀ ਥਾਵਾਂ ਉੱਤੇ ਕੰਮ ਦੇ ਹਾਲਾਤ ਤੇ ਨਿਯਮਾਵਲੀ ਨੂੰ ਵੇਖਦਾ ਹੈ। ਪਿਛਲੇ ਸਾਲ ਦੌਰਾਨ ਵੀ ਚੈਕਿੰਗ ਵੇਲੇ ਕੁਝ ਪੰਪਾਂ ਉਤੇ ਕਾਮਿਆਂ ਦੇ ਸ਼ੋਸ਼ਣ ਨੂੰ ਰੋਕਣ ਲਈ ਕਾਰਵਾਈ ਕੀਤੀ ਗਈ ਸੀ।

# ਐਚ-1ਬੀ ਵੀਜ਼ਾ ਹਾਸਲ ਕਰਨ ਵਾਲਿਆਂ ਵਿਚ ਸਭ ਤੋਂ ਅੱਗੇ ਹਨ ਭਾਰਤੀ

**ਹਿਊਸਟਨ:** ਅਮਰੀਕੀ ਸਰਕਾਰ ਵੱਲੋਂ ਕੰਪਿਊਟਰ ਆਧਾਰਤ ਨੌਕਰੀਆਂ ਲਈ ਕਾਮਿਆਂ ਨੂੰ ਦਿੱਤਾ ਜਾਂਦਾ ਐਚ-1ਬੀ ਵੀਜ਼ਾ ਹਾਸਲ ਕਰਨ ਵਾਲਿਆਂ ਵਿਚ ਜ਼ਿਆਦਾਤਰ ਭਾਰਤੀ ਹਨ। ਇਹ ਖ਼ੁਲਾਸਾ ਇਕ ਨਵੇਂ ਸਰਵੇਖਣ ਵਿਚ ਹੋਇਆ। ਸੂਚਨਾ ਦੀ ਆਜ਼ਾਦੀ ਐਕਟ ਰਾਹੀਂ ਹਾਸਲ ਸਰਕਾਰੀ ਡੇਟਾ ਦੇ 'ਕੰਪਿਊਟਰਵਰਲਡ' ਵੱਲੋਂ ਕੀਤੇ ਵਿਸ਼ਲੇਸ਼ਣ ਮੁਤਾਬਕ ਅਮਰੀਕਾ ਵੱਲੋਂ ਕੰਪਿਊਟਰ ਦੀਆਂ ਨੌਕਰੀਆਂ ਲਈ ਜਾਰੀ ਕੀਤੇ ਵੀਜ਼ਾ ਹਾਸਲ ਕਰਨ ਵਾਲਿਆਂ ਵਿਚ 86 ਫੀਸਦੀ ਭਾਰਤੀ ਹਨ।

ਅਮਰੀਕਾ ਦੀ ਨਾਗਰਿਕਤਾ ਤੇ ਪਰਵਾਸ ਸੇਵਾਵਾਂ ਤੋਂ ਹਾਸਲ ਡੇਟਾ ਅਨੁਸਾਰ ਜ਼ਿਆਦਾਤਰ ਐਚ-1ਬੀ ਵੀਜ਼ਾਧਾਰਕ ਆਊਟਸੋਰਸਿੰਗ ਕੰਪਨੀਆਂ ਜਿਵੇਂ ਕਿ ਇਨਫੋਸਿਸ ਤੇ ਟਾਟਾ ਕੰਸਲਟੈਂਸੀ ਸਰਵਿਸਜ਼ ਨੇ ਭਰਤੀ ਕੀਤੇ ਹਨ। ਚੀਨ ਇਹ ਵੀਜ਼ਾ ਹਾਸਲ ਕਰਨ ਦੇ ਮਾਮਲੇ ਵਿਚ ਭਾਵੇਂ ਦੂਜੇ ਨੰਬਰ ਉਤੇ ਹੈ ਪਰ ਉਸ ਦਾ ਹਿੱਸਾ ਸਿਰਫ਼ ਪੰਜ ਫੀਸਦੀ ਹੈ, ਜਦੋਂ ਕਿ ਹੋਰ ਕੋਈ ਵੀ ਮੁਲਕ ਇਕ ਫੀਸਦੀ ਤੋਂ ਵੱਧ ਐਚ-1ਬੀ ਵੀਜ਼ਾ ਹਾਸਲ ਨਹੀਂ ਕਰ ਸਕਿਆ। ਸਾਲ 2014 ਵਿਚ ਕੰਪਿਊਟਰ ਦੀਆਂ ਨੌਕਰੀਆਂ ਲਈ ਅਮਰੀਕਾ ਨੇ 76 ਹਜ਼ਾਰ ਐਚ-1ਬੀ ਵੀਜ਼ਾ ਜਾਰੀ ਕੀਤੇ ਹਨ। ਜਾਰਜਟਾਊਨ ਯੂਨੀਵਰਸਿਟੀ ਦੀ ਕੌਮਾਂਤਰੀ ਪਰਵਾਸ ਬਾਰੇ ਸਟੱਡੀ ਲਈ ਸੰਸਥਾ ਦੀ ਨੀਤੀਗਤ ਸਰਵੇਖਣਾਂ ਦੀ ਡਾਇਰੈਕਟਰ ਲਿੰਡਸੇ ਲੋਵੈੱਲ ਨੇ ਕਿਹਾ ਕਿ ਆਈਟੀ ਕੰਪਨੀਆਂ ਕੋਲ ਬਹੁਤੇ ਭਾਰਤੀ ਪ੍ਰੋਗਰਾਮਰ ਨਹੀਂ ਹਨ ਕਿਉਂਕਿ ਕੰਪਨੀਆਂ ਥੋੜ੍ਹੇ ਚਿਰ ਲਈ ਅਜਿਹੀਆਂ ਨੌਕਰੀਆਂ ਦਿੰਦੀਆਂ ਹਨ।




### ਯੂ.ਏ.ਈ. ਜਾਣ ਵਾਲੇ ਪੇਸ਼ੇਵਰਾਂ ਵਿਚ ਵੀ ਭਾਰਤੀ ਮੋਹਰੀ

**ਦੁਬਈ:** ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿਚ ਪੇਸ਼ੇਵਰ ਪ੍ਰਤਿਭਾ ਲਈ ਭਾਰਤ ਵੱਡੇ ਸਰੋਤ ਵਜੋਂ ਉੱਭਰਿਆ ਹੈ। 28 ਫੀਸਦੀ ਹਿੱਸੇ ਨਾਲ ਭਾਰਤ ਨੇ ਇਸ ਸੂਚੀ ਵਿਚ ਇੰਗਲੈਂਡ, ਪਾਕਿਸਤਾਨ, ਅਮਰੀਕਾ ਤੇ ਕਤਰ ਨਾਲ ਪਹਿਲੇ ਪੰਜ ਸਥਾਨਾਂ ਵਿਚ ਜਗ੍ਹਾ ਬਣਾਈ ਹੈ। ਲਿੰਕਡਨ ਵੱਲੋਂ ਕਰਵਾਏ ਇਸ ਆਲਮੀ ਸਰਵੇਖਣ ਮੁਤਾਬਕ ਯੂ.ਏ.ਈ. ਜਾਣ ਵਿਚ ਹੋਰ ਖਾੜੀ ਮੁਲਕਾਂ ਦੇ ਵਾਸੀਆਂ ਦੀ ਕੁੱਲ ਗਿਣਤੀ 11 ਫੀਸਦੀ ਹੈ।

**ਖੇਡ ਸੰਸਾਰ**

# ਸਿੰਘ ਇਜ਼ ਕਿੰਗ ਅਭਿਨਵ ਸਿੰਘ ਬਿੰਦਰਾ

ਪ੍ਰਿੰ. ਸਰਵਣ ਸਿੰਘ
ਫੋਨ: 905-799-1661



ਅਭਿਨਵ ਬਿੰਦਰਾ ਕਿਸੇ ਵਿਅਕਤੀਗਤ ਖੇਡ ਵਿਚ ਭਾਰਤ ਦਾ ਇਕੋ-ਇਕ ਓਲੰਪਿਕ ਚੈਂਪੀਅਨ ਹੈ। ਬੀਜਿੰਗ ਓਲੰਪਿਕ-2008 ਵਿਚ ਓਲੰਪਿਕ ਚੈਂਪੀਅਨ ਬਣਨ ਤੋਂ ਪਹਿਲਾਂ ਉਹ 2006 ਵਿਚ ਵਿਸ਼ਵ ਚੈਂਪੀਅਨ ਬਣ ਗਿਆ ਸੀ। ਇਹ ਪਹਿਲੀ ਵਾਰ ਸੀ ਕਿ ਕੋਈ ਭਾਰਤੀ ਨਿਸ਼ਾਨੇਬਾਜ਼ ਵਿਸ਼ਵ ਚੈਂਪੀਅਨ ਬਣਿਆ। ਕਾਮਨਵੈਲਥ ਖੇਡਾਂ ਦਾ ਉਹ ਚਾਰ ਵਾਰ ਚੈਂਪੀਅਨ ਬਣਿਆ। ਉਹ ਸੱਚਮੁੱਚ 'ਸਿੰਘ ਇਜ਼ ਕਿੰਗ' ਹੈ। ਉਸ ਨੇ 2014 ਤਕ ਤਿੰਨ ਓਲੰਪਿਕ ਖੇਡਾਂ, ਤਿੰਨ ਏਸ਼ਿਆਈ ਖੇਡਾਂ ਤੇ ਪੰਜ ਕਾਮਨਵੈਲਥ ਖੇਡਾਂ ਵਿਚ ਭਾਗ ਲਿਆ। ਓਲੰਪਿਕ ਖੇਡਾਂ, ਵਿਸ਼ਵ ਚੈਂਪੀਅਨਸ਼ਿਪ, ਕਾਮਨਵੈਲਥ ਖੇਡਾਂ ਤੇ ਏਸ਼ਿਆਈ ਖੇਡਾਂ ਵਿਚੋਂ ਉਸ ਨੇ 6 ਸੋਨੇ, 3 ਚਾਂਦੀ ਤੇ 3 ਕਾਂਸੀ ਦੇ ਤਮਗ਼ੇ ਜਿੱਤੇ ਹਨ। 1896 ਤੋਂ ਸ਼ੁਰੂ ਹੋਈਆਂ ਓਲੰਪਿਕ ਖੇਡਾਂ ਵਿਚੋਂ ਭਾਰਤ ਦੀਆਂ ਹਾਕੀ ਟੀਮਾਂ ਹੀ ਸੋਨ ਤਮਗ਼ੇ ਜਿੱਤੀਆਂ ਸਨ। ਕੋਈ 'ਕੱਲਾ ਖਿਡਾਰੀ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਨਹੀਂ ਸੀ ਜਿੱਤ ਸਕਿਆ। ਭਾਰਤ ਨੂੰ ਕਿਸੇ ਵਿਅਕਤੀਗਤ ਖੇਡ ਵਿਚ ਓਲੰਪਿਕ ਸੋਨ ਤਮਗ਼ਾ ਜਿੱਤਣ ਦਾ ਮਾਣ ਪੰਜਾਬ ਦੇ ਇਸੇ ਹੋਣਹਾਰ ਖਿਡਾਰੀ ਨੇ ਦੁਆਇਆ।

ਉਹਦੀਆਂ ਖੇਡ ਪ੍ਰਾਪਤੀਆਂ ਸਦਕਾ ਭਾਰਤ ਸਰਕਾਰ ਨੇ ਉਸ ਨੂੰ 2000 ਵਿਚ ਅਰਜਨ ਅਵਾਰਡ, 2001 ਵਿਚ ਰਾਜੀਵ ਗਾਂਧੀ ਖੇਲ ਰਤਨ ਅਵਾਰਡ ਤੇ 2009 ਵਿਚ ਪਦਮ ਭੂਸ਼ਨ ਪੁਰਸਕਾਰ ਨਾਲ ਸਨਮਾਨਤ ਕੀਤਾ। 2011 ਵਿਚ ਭਾਰਤੀ ਫੌਜ ਨੇ ਉਸ ਨੂੰ ਟੈਰੀਟੋਰੀਅਲ ਆਰਮੀ ਪੈਰਾਸ਼ੂਟ ਬਟਾਲੀਅਨ ਵਿਚ ਲੈਫਟੀਨੈਂਟ ਕਰਨਲ ਦਾ ਆਨਰੇਰੀ ਅਹੁਦਾ ਦਿੱਤਾ। ਉਸ ਨੂੰ ਦੇਸ਼-ਵਿਦੇਸ਼ ਦੇ ਹੋਰ ਵੀ ਅਨੇਕਾਂ ਮਾਣ ਸਨਮਾਨ ਮਿਲੇ। ਜ਼ਿਲ੍ਹਾ ਪੱਧਰ ਤੋਂ ਵਿਸ਼ਵ ਪੱਧਰ ਤਕ ਉਸ ਦੇ ਜਿੱਤੇ ਤਮਗ਼ਿਆਂ ਤੇ ਟਰਾਫੀਆਂ ਦੀ ਗਿਣਤੀ ਸੌ ਤੋਂ ਵੱਧ ਹੈ। ਉਹ ਭਾਰਤ ਦੇ ਕਰੋੜਾਂ ਬੱਚਿਆਂ ਤੇ ਨੌਜੁਆਨਾਂ ਦਾ ਰੋਲ ਮਾਡਲ ਹੈ।

ਅਭਿਨਵ ਦਾ ਜਨਮ ਮਾਤਾ ਕੰਵਰਜੀਤ ਕੌਰ ਬਬਲੀ ਦੀ ਕੁੱਖੋਂ ਪਿਤਾ ਡਾ. ਅਪਜੀਤ ਸਿੰਘ ਬਿੰਦਰਾ ਦੇ ਘਰ 28 ਸਤੰਬਰ 1982 ਨੂੰ ਦੇਹਰਾਦੂਨ ਵਿਖੇ ਹੋਇਆ। ਬਾਅਦ ਵਿਚ ਅਭਿਨਵ ਨੇ 5 ਫੁੱਟ 8 ਇੰਚ ਕੱਦ ਕੀਤਾ ਤੇ ਓਲੰਪਿਕ ਚੈਂਪੀਅਨ ਬਣਨ ਸਮੇਂ ਉਸ ਦਾ ਵਜ਼ਨ 65.5 ਕਿੱਲੋਗਰਾਮ ਸੀ। ਉਸ ਦਾ ਰੰਗ ਗੋਰਾ-ਗੰਦਮੀ, ਸਿਰ ਤੇ ਸਿਹਲੀਆਂ ਦੇ ਵਾਲ ਕਾਲੇ ਸੰਘਣੇ, ਬੁੱਲ੍ਹ ਢਾਲਵੇਂ, ਅੱਖਾਂ ਮੋਟੀਆਂ ਤੇ ਚਿਹਰਾ ਗੋਲ ਹੈ। ਉਹਦੇ ਮੂੰਹ ਉਤੇ ਮਾਸੂਮੀਅਤ ਝਲਕਦੀ ਰਹਿੰਦੀ ਹੈ। ਉਹ ਵਧੇਰੇ ਕਰ ਕੇ ਗੰਭੀਰ ਦਿਸਦਾ ਹੈ ਤੇ ਕਦੇ-ਕਦੇ ਹੀ ਮੁਸਕਰਾਉਂਦਾ ਹੈ।

ਉਸ ਦੀ ਮਾਤਾ ਕੰਵਰਜੀਤ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਮਹਾਨ ਜਰਨੈਲ ਹਰੀ ਸਿੰਘ ਨਲੂਆ ਦੀ ਪੰਜਵੀਂ ਪੀੜ੍ਹੀ ਵਿਚੋਂ ਹੈ। ਹਰੀ ਸਿੰਘ ਨਲੂਆ ਨੇ ਖਾਲੀ ਹੱਥਾਂ ਨਾਲ ਸ਼ੇਰ ਦਾ ਸ਼ਿਕਾਰ ਕੀਤਾ ਸੀ, ਉਸ ਦੀ ਛੇਵੀਂ ਪੀੜ੍ਹੀ ਦੇ ਵਾਰਸ ਅਭਿਨਵ ਨੇ ਰਾਈਫਲ ਨਾਲ ਓਲੰਪਿਕ ਖੇਡਾਂ ਦਾ ਸੋਨ ਤਮਗ਼ਾ ਫੁੰਡਿਆ ਹੈ। ਅਭਿਨਵ ਦੀ ਮਾਤਾ ਜਿਸ ਦਾ ਨਿੱਕਾ ਨਾਂ ਬਬਲੀ ਹੈ, ਕੌਮੀ ਪੱਧਰ ਦੀ ਹੈਂਡਬਾਲ ਖਿਡਾਰਨ ਰਹੀ ਹੈ। ਸਕੂਲ ਤੇ ਕਾਲਜ ਵਿਚ ਪੜ੍ਹਦਿਆਂ ਉਹ ਬਾਸਕਟਬਾਲ, ਟੇਬਲ ਟੈਨਿਸ ਤੇ ਹਾਕੀ ਦੀਆਂ ਟੀਮਾਂ ਦੀ ਕਪਤਾਨ ਰਹੀ। ਅਭਿਨਵ ਦੇ ਪਿਤਾ ਅਪਜੀਤ ਸਿੰਘ ਬਿੰਦਰਾ ਨੇ ਵੈਟਰਨਰੀ ਸਾਇੰਸ ਦੀ ਮਾਸਟਰ ਡਿਗਰੀ ਕਰ ਕੇ ਡਾਕਟਰੇਟ ਕੀਤੀ ਤੇ ਆਪਣਾ ਬਿਜਨਸ ਸ਼ੁਰੂ ਕੀਤਾ ਜਿਸ ਨੂੰ ਬੜੇ ਰੰਗ ਭਾਗ ਲੱਗੇ। ਉਨ੍ਹਾਂ ਦੇ ਘਰ ਪਹਿਲਾਂ ਧੀ ਦਿਵੀਆ ਨੇ ਜਨਮ ਲਿਆ ਜੋ ਵਿਆਹੀ ਜਾ ਚੁੱਕੀ ਹੈ। ਅਭਿਨਵ ਨੇ ਅਜੇ ਵਿਆਹ ਨਹੀਂ ਕਰਵਾਇਆ ਤੇ ਨਾ ਉਸ ਦੀ ਕੋਈ ਸਖੀ ਸਹੇਲੀ (ਗਰਲ ਫਰੈਂਡ) ਹੈ। ਉਸ ਦੀ ਸਹੇਲੀ 1994-95 ਤੋਂ ਹੁਣ ਤਕ ਉਹਦੀ ਏਅਰ ਰਾਈਫ਼ਲ ਹੀ ਹੈ ਜਿਸ ਨਾਲ ਉਹ ਵੱਧ ਤੋਂ ਵੱਧ ਸਮਾਂ ਬਿਤਾ ਰਿਹੈ।

ਅਭਿਨਵ ਦੇ ਬਾਬਾ ਜੀ ਕਰਨਲ ਬੀਰ ਸਿੰਘ, ਮੇਜਰ ਧਿਆਨ ਚੰਦ ਦੀ ਕਪਤਾਨੀ ਵਿਚ ਭਾਰਤੀ ਫੌਜ ਦੀ ਹਾਕੀ ਟੀਮ ਵਿਚ ਖੇਡਦੇ ਰਹੇ ਸਨ। ਇੰਜ ਬਿੰਦਰਾ ਪਰਿਵਾਰ ਪੁਰਖਿਆਂ ਤੋਂ ਹੀ ਖੇਡ ਪ੍ਰੇਮੀ ਹੈ। ਅਭਿਨਵ ਨੇ ਦੇਹਰਾਦੂਨ ਦੇ ਦੂਨ ਸਕੂਲ ਤੋਂ ਪੜ੍ਹਨਾ ਸ਼ੁਰੂ ਕੀਤਾ ਤੇ ਨੌਂਵੀ ਜਮਾਤ ਵਿਚ ਚੰਡੀਗੜ੍ਹ ਦੇ ਸੇਂਟ ਸਟੀਫਨਜ਼ ਸਕੂਲ ਵਿਚ ਪੜ੍ਹਨ ਆ ਲੱਗਾ। ਉਸ ਦੇ ਪਿਤਾ ਜੀ ਨੇ ਛੱਤ ਬੀੜ ਨੇੜੇ ਜ਼ੀਰਕਪੁਰ-ਪਟਿਆਲਾ ਸੜਕ 'ਤੇ ਬਿੰਦਰਾ ਫਾਰਮਜ਼ ਨਾਂ ਦਾ ਆਲੀਸ਼ਾਨ ਨਿਵਾਸ ਬਣਾ ਲਿਆ ਸੀ। ਇਹ ਪਿੰਡ ਕਿਸ਼ਨਪੁਰਾ, ਜ਼ਿਲ੍ਹਾ ਮੁਹਾਲੀ ਦੀ ਜ਼ਮੀਨ ਵਿਚ ਹੈ। ਤੇਰ੍ਹਾਂ ਏਕੜ ਦੇ ਇਸ ਵਿਸ਼ਾਲ ਬਿੰਦਰਾ ਫਾਰਮਜ਼ ਵਿਚ ਪਿਤਾ ਨੇ ਪੁੱਤਰ ਨੂੰ ਨਿਸ਼ਾਨੇਬਾਜ਼ੀ ਦੀ ਟ੍ਰੇਨਿੰਗ ਦੇਣ ਲਈ ਓਲੰਪਿਕ ਪੱਧਰ ਦੀ ਇਨਡੋਰ ਸ਼ੂਟਿੰਗ ਰੇਂਜ ਬਣਵਾਈ ਤੇ ਵਧੀਆ ਕੋਚਿੰਗ ਦਾ ਪ੍ਰਬੰਧ ਕੀਤਾ।

ਅਭਿਨਵ ਅਜੇ ਬੱਚਾ ਹੀ ਸੀ ਜਦੋਂ ਉਸ ਨੇ ਅਮਰੀਕਾ ਦੇ ਅਥਲੀਟ ਕਾਰਲ ਲੁਇਸ ਦੀਆਂ ਬਾਤਾਂ ਸੁਣੀਆਂ। ਉਸ ਨੇ ਓਲੰਪਿਕ ਖੇਡਾਂ ਵਿਚੋਂ ਕਈ ਮੈਡਲ ਜਿੱਤੇ ਸਨ। ਉਸ ਦੀ ਮਹਿਮਾ ਸੁਣ ਕੇ ਉਹਦੇ ਮਨ ਵਿਚ ਵੀ ਖਿਡਾਰੀ ਬਣਨ ਤੇ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਣ ਦਾ ਚਾਅ ਪੈਦਾ ਹੋ ਗਿਆ। ਉਸ ਨੂੰ ਤੋਹਫੇ ਵਜੋਂ ਏਅਰ ਰਾਈਫਲ ਮਿਲ ਗਈ ਤਾਂ ਉਹ ਸ਼ੌਕ ਨਾਲ ਸ਼ੂਟਿੰਗ ਕਰਨ ਲੱਗਾ। ਇਕ ਦਿਨ ਉਹਦੇ ਪਿਤਾ ਜੀ ਉਹਦੀ ਪੜ੍ਹਾਈ ਲਈ ਸਾਇੰਸ ਦਾ ਟਿਊਟਰ ਲੱਭਣ ਚੰਡੀਗੜ੍ਹ ਗਏ। ਉਥੇ ਉਨ੍ਹਾਂ ਦਾ ਮੇਲ ਪੀ ਜੀ ਆਈ ਦੇ ਰਿਸਰਚ ਸਕਾਲਰ ਡਾ. ਅਮਿਤ ਭੱਟਾਚਾਰਜੀ ਨਾਲ ਹੋਇਆ। ਤਦ ਤਕ ਅਭਿਨਵ ਲੈਫਟੀਨੈਂਟ ਕਰਨਲ ਜੇ. ਐਸ. ਢਿੱਲੋਂ ਤੋਂ ਸ਼ੂਟਿੰਗ ਦੀ ਕੋਚਿੰਗ ਲੈਣ ਲੱਗ ਪਿਆ ਸੀ। ਅਭਿਨਵ ਦੀ ਪੜ੍ਹਾਈ ਤੇ ਸ਼ੂਟਿੰਗ ਬਾਰੇ ਦੱਸਿਆ ਗਿਆ ਤਾਂ ਭੱਟਾਚਾਰਜੀ ਡਾ. ਬਿੰਦਰਾ ਦੇ ਨਾਲ ਅਭਿਨਵ ਨੂੰ ਆ ਮਿਲਿਆ। ਉਦੋਂ ਉਸ ਦੀ ਉਮਰ ਤੇਰ੍ਹਾਂ ਕੁ ਸਾਲ ਦੀ ਸੀ। ਭੱਟਾਚਾਰਜੀ ਨੇ ਡਾਕਟਰੀ ਦੀਆਂ ਡਿਗਰੀਆਂ ਨਾਲ ਕਈ ਸਰਟੀਫਾਈਡ ਕੋਰਸ ਵੀ ਕੀਤੇ ਹੋਏ ਸਨ। ਉਹ ਮਨੋਵਿਗਿਆਨਕ ਦਬਾਅ, ਪੱਠਿਆਂ ਦੀ



ਹਰਕਤ ਤੇ ਸਾਹ ਕਿਰਿਆ ਦੀ ਸਿੱਖਿਆ ਦਾ ਮਾਹਿਰ ਕੋਚ ਸੀ। ਕਰਨਲ ਢਿੱਲੋਂ ਨਾਲ ਉਹ ਵੀ ਉਹਦਾ ਕੋਚ ਬਣ ਗਿਆ।

ਅਭਿਨਵ ਬਿੰਦਰਾ ਇਸ ਗੱਲੋਂ ਖੁਸ਼ਕਿਸਮਤ ਰਿਹਾ ਕਿ ਉਸ ਨੂੰ ਖੁਸ਼ਹਾਲ ਮਾਪੇ ਮਿਲੇ ਜਿਨ੍ਹਾਂ ਨੇ ਪੁੱਤਰ ਨੂੰ ਚੋਟੀ ਦਾ ਨਿਸ਼ਾਨੇਬਾਜ਼ ਬਣਾਉਣ ਲਈ ਲੱਖਾਂ ਕਰੋੜਾਂ ਰੁਪਏ ਖਰਚੇ। ਅਭਿਨਵ ਵਿਚ ਏਨੀ ਲਗਨ ਸੀ ਕਿ ਉਹ ਹਰ ਰੋਜ਼ ਬਾਰਾਂ-ਬਾਰਾਂ ਘੰਟੇ ਸ਼ੂਟਿੰਗ ਕਰਦਾ ਨਾ ਥੱਕਦਾ। ਅਰਜਨ ਦੇ ਮੱਛੀ ਦੀ ਅੱਖ ਵੇਖਣ ਵਾਂਗ ਉਹਦਾ ਇਕੋ ਨਿਸ਼ਾਨਾ ਸੀ ਕਿ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਜਿੱਤਣਾ ਹੈ। ਭਾਰਤ ਵਿਚ ਬਹੁਤੇ ਖਿਡਾਰੀ ਸਹੂਲਤਾਂ ਤੋਂ ਸੱਖਣੇ ਰਹਿ ਜਾਂਦੇ ਹਨ ਪਰ ਅਭਿਨਵ ਨੂੰ ਸਹੂਲਤਾਂ ਦੀ ਕੋਈ ਕਮੀ ਨਹੀਂ ਸੀ। ਉਹ ਛੋਟੀ ਉਮਰ ਵਿਚ ਹੀ ਜ਼ਿਲ੍ਹੇ, ਸੂਬੇ ਤੇ ਕੌਮੀ ਪੱਧਰ ਦੇ ਮੁਕਾਬਲੇ ਜਿੱਤਣ ਲੱਗਾ। ਉਹ ਅਜੇ ਸੋਲ੍ਹਵੇਂ ਸਾਲ ਵਿਚ ਸੀ ਕਿ ਭਾਰਤ ਵੱਲੋਂ ਕਾਮਨਵੈਲਥ ਖੇਡਾਂ ਵਿਚ ਭਾਗ ਲੈਣ ਗਿਆ। ਅਠਾਰਵੇਂ ਸਾਲ ਵਿਚ ਉਸ ਨੇ ਸਿਡਨੀ-2000 ਦੀਆਂ ਓਲੰਪਿਕ ਖੇਡਾਂ ਵਿਚ ਹਿੱਸਾ ਲਿਆ।

ਸਕੂਲ ਦੀ ਪੜ੍ਹਾਈ ਪੂਰੀ ਕਰ ਕੇ ਉਸ ਨੇ ਬੈਚਲਰ ਆਫ ਬਿਜਨਿਸ ਐਡਮਨਿਸਟ੍ਰੇਸ਼ਨ ਤੇ ਮਾਸਟਰ ਆਫ ਬਿਜਨਸ ਦੀਆਂ ਡਿਗਰੀਆਂ ਅਮਰੀਕਾ ਦੀ ਯੂਨੀਵਰਸਿਟੀ ਆਫ ਕਾਲੋਰਾਡੋ ਤੋਂ ਹਾਸਲ ਕੀਤੀਆਂ। 2001 ਵਿਚ ਉਹ ਮਿਊਨਿਖ ਵਿਖੇ 10 ਮੀਟਰ ਏਅਰ ਰਾਈਫ਼ਲ ਨਿਸ਼ਾਨੇਬਾਜ਼ੀ ਵਿਚ 597/600 ਅੰਕ ਲੈ ਕੇ ਨਵੇਂ ਰਿਕਾਰਡ ਨਾਲ ਜੂਨੀਅਰ ਵਰਲਡ ਚੈਂਪੀਅਨ ਬਣਿਆ। ਫਿਰ ਤਾਂ ਚੱਲ ਸੋ ਚੱਲ ਹੋ ਗਈ ਤੇ ਉਹ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਵਿਚ ਭਾਰਤ ਲਈ ਤਮਗ਼ੇ ਜਿੱਤਣ ਲੱਗਾ। 2002 ਵਿਚ ਉਸ ਨੇ ਯੂਰਪੀ ਸਰਕਟ ਚੈਂਪੀਅਨਸ਼ਿਪਾਂ 'ਚੋਂ 7 ਸੋਨੇ, 1 ਕਾਂਸ਼ੀ ਤੇ 4 ਚਾਂਦੀ ਦੇ ਤਮਗ਼ੇ ਜਿੱਤੇ। ਉਨ੍ਹਾਂ ਵਿਚ ਇਕ ਗੋਲਡ ਤੇ ਇਕ ਸਿਲਵਰ ਮੈਡਲ ਮਾਨਚੈਸਟਰ ਦੀਆਂ ਕਾਮਨਵੈਲਥ ਖੇਡਾਂ ਦੇ ਸਨ। ਕੋਚ ਕਰਨਲ ਢਿੱਲੋਂ ਤੋਂ ਬਾਅਦ ਡਾ. ਭੱਟਾਚਾਰਜੀ, ਲਾਜ਼ਲੋ ਸਜੂਜਕ, ਗੈਬਰੀਲਾ ਬੁਲ੍ਹਮੈਨ ਤੇ ਸਨੀ ਥਾਮਸ ਉਸ ਦੇ ਕੋਚ ਰਹੇ। ਭੱਟਾਚਾਰਜੀ ਤਾਂ ਹਮੇਸ਼ਾ ਉਸ ਦੇ ਅੰਗ-ਸੰਗ ਰਿਹਾ।

ਏਥਨਜ਼-2004 ਦੀਆਂ ਓਲੰਪਿਕ ਖੇਡਾਂ ਵਿਚ ਉਸ ਨੇ ਪੁਰਾਣਾ ਓਲੰਪਿਕ ਰਿਕਾਰਡ ਤੋੜ ਦਿੱਤਾ ਪਰ ਕੋਈ ਮੈਡਲ ਨਾ ਜਿੱਤ ਸਕਿਆ। 2005 ਵਿਚ ਉਸ ਨੇ ਏਸ਼ਿਆਈ ਸ਼ੂਟਿੰਗ ਚੈਂਪੀਅਨਸ਼ਿਪ ਦਾ ਗੋਲਡ ਮੈਡਲ ਤੇ 2006 ਵਿਚ ਜਗਰੇਬ ਤੋਂ ਵਰਲਡ ਚੈਂਪੀਅਨਸ਼ਿਪ ਦਾ ਗੋਲਡ ਮੈਡਲ 669.1 ਅੰਕ ਹਾਸਲ ਕਰ ਕੇ ਜਿੱਤਿਆ। 2006 ਵਿਚ ਹੀ ਉਸ ਨੂੰ ਰੀੜ੍ਹ ਦੀ ਹੱਡੀ ਦਾ ਦਰਦ ਸ਼ੁਰੂ ਹੋ ਗਿਆ ਜਿਸ ਕਰਕੇ ਉਹ ਦੋਹਾ ਦੀਆਂ ਏਸ਼ਿਆਈ ਖੇਡਾਂ ਵਿਚ ਭਾਗ ਨਾ ਲੈ ਸਕਿਆ। ਇਲਾਜ ਕਰਾਉਣ ਨਾਲ ਉਹ ਫਿਰ ਕਾਇਮ ਹੋ ਗਿਆ ਤੇ ਮੁੜ ਨਿਸ਼ਾਨੇਬਾਜ਼ੀ ਦਾ ਅਭਿਆਸ ਕਰਨ ਲੱਗਾ।

ਬੀਜਿੰਗ-2008 ਦੀਆਂ ਓਲੰਪਿਕ ਖੇਡਾਂ ਤੋਂ ਪਹਿਲਾਂ ਅਭਿਨਵ ਨੇ ਜਰਮਨੀ ਵਿਚ ਤਿੰਨ ਹਫ਼ਤਿਆਂ ਦੀ ਕਮਾਂਡੋ ਟ੍ਰੇਨਿੰਗ ਲਈ। ਬੀਜਿੰਗ ਵਿਚ ਉਸ ਨੇ ਉਹ ਕੁਝ ਕਰ ਵਿਖਾਇਆ ਜਿਸ ਉਤੇ ਭਾਰਤਵਾਸੀ ਮਾਣ ਕਰਦੇ ਰਹਿਣਗੇ। ਉਥੇ ਉਸ ਨੇ 10 ਮੀਟਰ ਏਅਰ ਰਾਈਫਲ ਸ਼ੂਟਿੰਗ ਮੁਕਾਬਲੇ ਵਿਚ 700.5 ਨਿਸ਼ਾਨੇ ਲਾ ਕੇ ਗੋਲਡ ਮੈਡਲ ਜਿੱਤਿਆ ਜਿਸ ਨੇ ਭਾਰਤ ਵਾਸੀਆਂ ਵਿਚ ਖ਼ੁਸ਼ੀ ਤੇ ਉਤਸ਼ਾਹ ਦੀ ਲਹਿਰ ਪੈਦਾ ਕਰ ਦਿੱਤੀ। ਉਦੋਂ ਤੋਂ ਭਾਰਤ ਵਿਚ ਏਅਰ ਰਾਈਫ਼ਲਾਂ ਦੀ ਵਿਕਰੀ ਵਧ ਗਈ।

ਪੰਜਾਬ ਸਰਕਾਰ ਨੇ ਉਸ ਨੂੰ ਖੇਡਾਂ ਦਾ ਸਰਬੋਤਮ ਪੁਰਸਕਾਰ ਮਹਾਰਾਜਾ ਰਣਜੀਤ ਸਿੰਘ ਅਵਾਰਡ ਪਹਿਲਾਂ ਹੀ ਦੇ ਦਿੱਤਾ ਸੀ, ਓਲੰਪਿਕ ਚੈਂਪੀਅਨ ਬਣਨ ਉਤੇ ਇਕ ਕਰੋੜ ਰੁਪਏ ਦਾ ਵਿਸ਼ੇਸ਼ ਇਨਾਮ ਦਿੱਤਾ। ਕੇਂਦਰ ਸਰਕਾਰ, ਹਰਿਆਣਾ ਤੇ ਹੋਰ ਕਈਆਂ ਸੂਬਿਆਂ ਦੀਆਂ ਸਰਕਾਰਾਂ ਅਤੇ ਸਨਅਤੀ ਘਰਾਣਿਆਂ ਨੇ ਕਰੋੜਾਂ ਰੁਪਏ ਦੇ ਇਨਾਮ ਦਿੱਤੇ। ਉਹ ਮਾਲਾ ਮਾਲ ਹੋ ਗਿਆ। ਭਾਰਤ ਦੇ ਰਾਸ਼ਟਰਪਤੀ ਨੇ ਉਸ ਨੂੰ ਪਦਮ ਭੂਸ਼ਨ ਪੁਰਸਕਾਰ ਨਾਲ ਨਿਵਾਜਿਆ। ਚੇਨਈ ਦੀ ਇਕ ਯੂਨੀਵਰਸਿਟੀ ਨੇ ਉਸ ਨੂੰ ਡੀ. ਲਿਟ. ਦੀ ਆਨਰੇਰੀ ਡਿਗਰੀ ਦਿੱਤੀ। ਪੰਜਾਬ ਦੇ ਰਾਜਪਾਲ ਤੋਂ ਲੈ ਕੇ ਭਾਰਤ ਦੇ ਰਾਸ਼ਟਰਪਤੀ ਤਕ ਅਤੇ ਪੰਜਾਬ ਦੇ ਮੁੱਖ ਮੰਤਰੀ ਤੋਂ ਲੈ ਕੇ ਭਾਰਤ ਦੇ ਪ੍ਰਧਾਨ ਮੰਤਰੀ ਤਕ ਸਭ ਨੇ ਉਸ ਨੂੰ ਵਧਾਈਆਂ ਦਿੱਤੀਆਂ। ਓਲੰਪਿਕ ਚੈਂਪੀਅਨ ਬਣਨ ਨਾਲ ਉਸ ਦੀ ਚਾਰੇ ਪਾਸੇ ਜੈ ਜੈ ਕਾਰ ਹੋ ਗਈ। ਉਸ ਦੇ ਪਿਤਾ ਨੇ ਉਹਨੂੰ ਇਕ ਆਲੀਸ਼ਾਨ ਹੋਟਲ ਦਾ ਤੋਹਫ਼ਾ ਦਿੱਤਾ। ਬਹੁਤ ਸਾਰੀਆਂ ਸੰਸਥਾਵਾਂ ਨੇ ਉਸ ਨੂੰ ਆਪਣਾ ਮਾਣਯੋਗ ਮੈਂਬਰ ਬਣਾਇਆ। ਫਿਲਮੀ ਕਲਾਕਾਰਾਂ ਨੇ ਉਸ ਨੂੰ ਅੱਖਾਂ 'ਤੇ ਬਿਠਾਇਆ ਤੇ ਉਹਦੇ ਨਾਲ ਫੋਟੋ ਖਿਚਵਾਏ। ਉਹ ਪ੍ਰਸਿੱਧ ਕੰਪਨੀਆਂ ਸੈਮਸੰਗ ਤੇ ਸਹਾਰਾ ਗਰੁਪ ਦਾ ਅੰਬੈਸਡਰ ਬਣਿਆ। ਹੁਣ ਉਹ ਅਭਿਨਵ ਫਿਊਰਿਸਟਿਕਸ ਕੰਪਨੀ ਦਾ ਸੀ ਈ ਓ ਹੈ। ਉਸ ਨੇ ਬੱਚਿਆਂ ਤੇ ਨੌਜੁਆਨਾਂ ਵਿਚ ਖੇਡਾਂ ਦਾ ਸ਼ੌਕ ਪੈਦਾ ਕਰਨ ਤੇ ਲੋੜੀਂਦੀਆਂ ਖੇਡ ਸਹੂਲਤਾਂ ਦੇਣ ਲਈ ਅਭਿਨਵ ਸਪੋਰਟਸ ਟਰਸਟ ਬਣਾਇਆ। ਉਸ ਨੂੰ ਬਾਹਰ ਦੇ ਖਾਣੇ ਨਾਲੋਂ ਮਾਂ ਦਾ ਬਣਾਇਆ ਖਾਣਾ ਵਧੇਰੇ ਪਸੰਦ ਹੈ ਤੇ ਚਿਕਨ ਕੱਰੀ ਉਹਦੀ ਮਨਭਾਉਂਦੀ ਤਰਕਾਰੀ ਹੈ। ਫਿਲਮਾਂ ਉਹ ਘੱਟ ਹੀ ਵੇਖਦਾ ਹੈ। ਫਿਰ ਵੀ ਕ੍ਰਿਸ਼ਮਾ ਕਪੂਰ ਉਹਦੀ ਮਨਭਾਉਂਦੀ ਅਦਾਕਾਰਾ ਹੈ। ਉਸ ਨੇ ਦੋ ਪਾਲਤੂ ਕੁੱਤੇ ਰੱਖੇ ਹਨ ਜਿਨ੍ਹਾਂ ਨਾਲ ਉਹ ਵਿਹਲੇ ਵੇਲੇ ਖੇਡਦਾ ਹੈ। ਉਸ ਨੇ ਖੇਡ ਲੇਖਕ ਰੋਹਿਤ ਬ੍ਰਿਜਨਾਥ ਨਾਲ ਮਿਲ ਕੇ ਆਪਣੀ ਸਵੈਜੀਵਨੀ 'ਏ ਸ਼ਾਟ ਐਟ ਹਿਸਟਰੀ: ਮਾਈ ਓਬਸੈਸਿਵ ਜਰਨੀ ਟੂ ਓਲੰਪਿਕ ਗੋਲਡ' ਲਿਖੀ ਜੋ ਭਾਰਤ ਦੇ ਖੇਡ ਮੰਤਰੀ ਨੇ ਅਕਤੂਬਰ 2011 ਵਿਚ ਲੋਕ ਅਰਪਨ ਕੀਤੀ।

ਅਭਿਨਵ ਸਿੰਘ ਬਿੰਦਰਾ ਚਾਹੁੰਦਾ ਹੈ ਕਿ ਭਾਰਤ ਦੇ ਬੱਚੇ ਤੇ ਨੌਜੁਆਨ ਖੂਬ ਪੜ੍ਹਾਈ ਕਰਨ, ਨਸ਼ਿਆਂ ਵਿਚ ਨਾ ਪੈਣ ਸਗੋਂ ਕਸਰਤਾਂ ਕਰਨ ਤੇ ਖੇਡਾਂ ਖੇਡਣ। ਇੰਜ ਉਹ ਆਪਣੀ ਸਿਹਤ ਨਰੋਈ ਰੱਖ ਸਕਦੇ ਹਨ ਅਤੇ ਖੇਡਾਂ ਦੇ ਮੈਡਲ ਜਿੱਤ ਕੇ ਆਪਣਾ, ਆਪਣੇ ਮਾਪਿਆਂ ਤੇ ਦੇਸ਼ ਦਾ ਨਾਂ ਰੌਸ਼ਨ ਕਰ ਸਕਦੇ ਹਨ।

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL MULTI SERVICES

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ
ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ
ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash
Grand Opening

• 8 Drive Tires For $3300
Kelly KDA

• Two Steer Tire Michelin $1150
Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210

FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਅੰਗਰੇਜ਼ਾਂ ਦੀ ਕਾਹਲੀ ਬਨਾਮ ਸੰਤਾਲੀ ਵਾਲਾ ਕਤਲੇਆਮ

*ਮਾਊਂਟਬੈਟਨ ਨੇ 24 ਮਾਰਚ, 1947 ਨੂੰ ਦਿੱਲੀ ਪਹੁੰਚ ਕੇ ਅਹੁਦਾ ਸੰਭਾਲਿਆ। ਬਰਤਾਨੀਆ ਦੇ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ 15 ਮਹੀਨੇ ਦਾ ਸਮਾਂ ਦਿੱਤਾ ਸੀ ਜਿਸ ਵਿਚ ਉਹ ਸੱਤਾ ਦੀ ਤਬਦੀਲੀ ਦਾ ਕੰਮ ਪੂਰਾ ਕਰ ਲੈਣ, ਪਰ ਮਾਊਂਟਬੈਟਨ ਨੂੰ ਪਤਾ ਨਹੀਂ ਕਿਉਂ ਇੰਨੀ ਕਾਹਲੀ ਹੋਈ ਕਿ ਉਸ ਨੇ ਹੋਰ ਸਮਾਂ ਮੰਗਣ ਦੀ ਬਜਾਏ ਸਮਾਂ ਸੀਮਾ ਨੂੰ 15 ਮਹੀਨੇ ਤੋਂ ਘਟਾ ਕੇ 5 ਮਹੀਨੇ ਤੋਂ ਵੀ ਘੱਟ ਕਰ ਦਿੱਤਾ। ਜੂਨ 1947 ਵਿਚ ਐਲਾਨ ਕਰ ਦਿੱਤਾ ਕਿ ਦੋ ਮਹੀਨੇ ਬਾਅਦ 15 ਅਗਸਤ ਨੂੰ ਬਰਤਾਨਵੀ ਸਰਕਾਰ ਮੁਲਕ ਤੋਂ ਆਪਣੀ ਸੱਤਾ ਸਮਾਪਤ ਕਰ ਦੇਵੇਗੀ ਅਤੇ ਭਾਰਤ ਤੇ ਪਾਕਿਸਤਾਨ ਦੇ ਰੂਪ ਵਿਚ ਦੋ ਮੁਲਕ ਹੋਂਦ ਵਿਚ ਆ ਜਾਣਗੇ।... ਪੰਜਾਬ ਅਤੇ ਬੰਗਾਲ ਦੀ ਵੰਡ ਲਈ ਬਰਤਾਨਵੀ ਜੱਜ ਸਰ ਰੈਡਕਲਿਫ ਦੀ ਪ੍ਰਧਾਨਗੀ ਹੇਠ ਜੋ ਕਮਿਸ਼ਨ ਬਣਾਇਆ ਗਿਆ ਸੀ, ਉਸ ਨੇ ਕੁੱਲ 3 ਦਿਨ ਪਹਿਲਾਂ 12 ਅਗਸਤ ਨੂੰ ਆਪਣੀ ਰਿਪੋਰਟ ਦਿੱਤੀ। ਆਖਰੀ ਸਮੇਂ ਤੱਕ ਸਰਹੱਦ ਦੇ ਨੇੜੇ ਰਹਿਣ ਵਾਲੇ ਬਹੁਤ ਸਾਰੇ ਲੋਕਾਂ ਨੂੰ ਇਹ ਪਤਾ ਨਹੀਂ ਲੱਗ ਸਕਿਆ ਕਿ ਉਨ੍ਹਾਂ ਦਾ ਖੇਤਰ ਭਾਰਤ ਵਿਚ ਰਹੇਗਾ ਜਾਂ ਪਾਕਿਸਤਾਨ ਵਿਚ।... ਜੇ ਅੰਗਰੇਜ਼ ਸਰਕਾਰ ਨੇ ਸੰਜਮ ਤੋਂ ਕੰਮ ਲਿਆ ਹੁੰਦਾ ਅਤੇ ਭਾਰਤੀ ਆਗੂਆਂ ਨੇ ਵੀ ਦੂਰਦ੍ਰਿਸ਼ਟੀ ਦਿਖਾਈ ਹੁੰਦੀ ਤਾਂ ਕਤਲੇਆਮ ਘੱਟ ਹੋ ਸਕਦਾ ਸੀ।*

ਪਲਾਸੀ ਦੀ ਲੜਾਈ (1757) ਤੋਂ ਲੈ ਕੇ ਦੂਜੇ ਸਿੱਖ ਯੁੱਧ (1849) ਤੱਕ ਕੁੱਲ 92 ਸਾਲਾਂ ਵਿਚ ਈਸਟ ਇੰਡੀਆ ਕੰਪਨੀ ਨੇ ਤਕਰੀਬਨ ਪੂਰੇ ਭਾਰਤ ਨੂੰ ਆਪਣੇ ਅਧਿਕਾਰ ਵਿਚ ਲੈ ਲਿਆ ਸੀ। 1857 ਦੇ ਸੈਨਿਕ ਵਿਦਰੋਹ ਤੋਂ ਬਾਅਦ ਬਰਤਾਨਵੀ ਸਰਕਾਰ ਨੇ ਮਹਾਰਾਣੀ ਵਿਕਟੋਰੀਆ ਦੇ ਸਮੇਂ ਇਸ ਨੂੰ ਸਿੱਧਾ ਆਪਣੇ ਅਧਿਕਾਰ ਵਿਚ ਲੈ ਲਿਆ ਅਤੇ ਭਾਰਤ ਵਿਸ਼ਾਲ ਬਰਤਾਨਵੀ ਸਾਮਰਾਜ ਦਾ ਹਿੱਸਾ ਬਣ ਗਿਆ, ਪਰ ਵਿਦੇਸ਼ੀ ਰਾਜ ਦਾ ਵਿਰੋਧ ਕਿਸੇ ਨਾ ਕਿਸੇ ਰੂਪ ਵਿਚ ਲਗਾਤਾਰ ਚਲਦਾ ਰਿਹਾ। ਪੰਜਾਬ ਵਿਚ ਕੂਕਾ ਅੰਦੋਲਨ, ਮਹਾਰਾਸ਼ਟਰ ਦੇ ਚਿਪਲੂਨਕਰ ਭਰਾ ਅਤੇ ਬੰਗਾਲ ਦੇ ਕ੍ਰਾਂਤੀਕਾਰੀ ਲਗਾਤਾਰ ਆਜ਼ਾਦੀ ਪ੍ਰਾਪਤੀ ਦੇ ਯਤਨਾਂ ਦੀ ਅਲਖ ਜਗਾਉਂਦੇ ਰਹੇ।

ਅੰਗਰੇਜ਼ ਵੀ ਜਾਣਦੇ ਸਨ ਕਿ ਇਕ ਨਾ ਇਕ ਦਿਨ ਉਨ੍ਹਾਂ ਨੂੰ ਇਹ ਮੁਲਕ ਛੱਡ ਕੇ ਜਾਣਾ ਪਵੇਗਾ। ਇਸ ਲਈ 19ਵੀਂ ਸਦੀ ਦੇ ਪਿਛਲੇ ਅੱਧ

ਮਹੀਪ ਸਿੰਘ
ਫੋਨ: +91-93139-32888

ਤੋਂ ਹੀ ਕੁਝ ਪੱਛਮੀ ਵਿਦਵਾਨ ਇਹ ਸੋਚਣ ਲਗ ਪਏ ਸਨ ਕਿ ਹੁਣ ਅੰਗਰੇਜ਼ ਭਾਰਤ ਛੱਡ ਕੇ ਜਾਣਗੇ ਤਾਂ ਭਾਰਤ ਦਾ ਰਾਜਸੀ ਭਵਿੱਖ ਕਿਵੇਂ ਦਾ ਹੋਵੇਗਾ? ਉਹ ਇਹ ਜਾਣਦੇ ਸਨ ਕਿ ਭਾਰਤ ਵਿਚ ਦੋ ਮੁੱਖ ਫਿਰਕੇ ਹਨ- ਹਿੰਦੂ ਅਤੇ ਮੁਸਲਮਾਨ। ਜੇ ਉਨ੍ਹਾਂ ਨੂੰ ਇਥੋਂ ਜਾਣਾ ਪਿਆ ਤਾਂ ਸੱਤਾ ਇਨ੍ਹਾਂ ਦੋਵਾਂ ਫਿਰਕਿਆਂ ਦਰਮਿਆਨ ਹੀ ਵੰਡੀ ਜਾਵੇਗੀ। ਬਰਤਾਨਵੀ ਅਧਿਕਾਰੀ ਜੌਹਨ ਬ੍ਰਾਈਟ ਨੇ 1877 ਵਿਚ ਇਹ ਵਿਚਾਰ ਪ੍ਰਗਟ ਕੀਤਾ ਸੀ ਕਿ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਭਾਰਤ 5 ਜਾਂ 6 ਸਟੇਟਾਂ ਵਿਚ ਵੰਡਿਆ ਜਾਵੇਗਾ। ਇਹ ਗੱਲ ਆਪਣੇ-ਆਪ ਵਿਚ ਬਹੁਤ ਰੌਚਕ ਹੈ ਕਿ 1946 ਵਿਚ ਬਰਤਾਨੀਆ ਦੇ ਪ੍ਰਧਾਨ ਮੰਤਰੀ ਲਾਰਡ ਐਟਲੀ ਨੇ ਜੋ ਕੈਬਨਿਟ ਮਿਸ਼ਨ ਭਾਰਤ ਭੇਜਿਆ ਸੀ, ਉਸ ਨੇ ਵੀ ਮੁਲਕ ਨੂੰ ਤਿੰਨ ਹਿੱਸਿਆਂ ਦੇ ਮਹਾਂਸੰਘ ਵਿਚ ਵੰਡਣ ਦੀ ਯੋਜਨਾ ਦਿੱਤੀ ਸੀ। 1971 ਤੋਂ ਬਾਅਦ ਜੋ ਰੂਪ ਇਸ ਉਪ-ਮਹਾਂਦੀਪ ਦਾ ਬਣਿਆ, ਉਹ ਵੀ ਤਿੰਨ ਆਜ਼ਾਦ ਮੁਲਕਾਂ- ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਦਾ ਬਣਿਆ।

ਇਕ ਹੋਰ ਬਰਤਾਨਵੀ ਅਧਿਕਾਰੀ ਵਿਲਫਰੈਡ ਸੀਵਨ ਬਲੰਟ ਨੇ 1883 ਵਿਚ ਕਲਕੱਤਾ (ਹੁਣ ਕੋਲਕਾਤਾ) ਵਿਚ ਕਿਹਾ ਸੀ ਕਿ ਉੱਤਰ ਭਾਰਤ ਦੇ ਸਾਰੇ ਪ੍ਰਾਂਤਾਂ ਨੂੰ ਮੁਸਲਿਮ ਸਰਕਾਰ, ਤੇ ਦੱਖਣ ਭਾਰਤ ਦੇ ਸਾਰੇ ਪ੍ਰਾਂਤਾਂ ਨੂੰ ਹਿੰਦੂ ਸ਼ਾਸਨ ਦੇ ਅਧੀਨ ਦੇ ਦੇਣਾ ਚਾਹੀਦਾ ਹੈ ਅਤੇ ਬਰਤਾਨੀਆ ਦੀ ਫ਼ੌਜੀ ਤਾਕਤ ਦੇ ਸਹਾਰੇ ਪੂਰੇ ਮੁਲਕ 'ਤੇ ਬਰਤਾਨੀਆ ਦਾ ਕੰਟਰੋਲ ਰਹੇ। ਸਾਰੇ ਪ੍ਰਾਂਤਾਂ ਵਿਚ ਬਰਤਾਨੀਆ ਦੀ ਫ਼ੌਜ ਤਾਇਨਾਤ ਰਹੇ, ਪਰ ਪੂਰਾ ਨਾਗਰਿਕ ਪ੍ਰਸ਼ਾਸਨ, ਕਾਨੂੰਨ-ਨਿਰਮਾਣ ਅਤੇ ਅਰਥਤੰਤਰ ਸਥਾਨਕ ਸਰਕਾਰਾਂ ਕੋਲ ਰਹੇ। 1919 ਦੇ ਭਾਰਤ ਸਰਕਾਰ ਦੇ ਕਾਨੂੰਨ ਦੇ ਪਾਸ ਹੋਣ ਤੋਂ ਬਾਅਦ ਇਹ ਲੱਗਣ ਲੱਗਾ ਸੀ ਕਿ ਅੰਗਰੇਜ਼, ਭਾਰਤੀਆਂ ਦੇ ਹੱਥਾਂ ਵਿਚ ਹੌਲੀ ਹੌਲੀ ਸੱਤਾ ਸੌਂਪਣ ਪ੍ਰਤੀ ਗੰਭੀਰ ਹਨ।

ਪਹਿਲੇ ਵਿਸ਼ਵ ਯੁੱਧ (1914 ਤੋਂ 1918) ਦੇ ਸਮੇਂ ਬਰਤਾਨਵੀ ਸਰਕਾਰ ਨੇ ਭਾਰਤੀ ਆਗੂਆਂ ਨੂੰ ਯੁੱਧ ਵਿਚ ਬਰਤਾਨੀਆ ਦੀ ਸਹਾਇਤਾ ਕਰਨ ਲਈ ਕਿਹਾ ਅਤੇ ਇਹ ਭਰੋਸਾ ਦਿੱਤਾ ਕਿ ਯੁੱਧ ਦੀ ਸਮਾਪਤੀ ਤੋਂ ਬਾਅਦ ਭਾਰਤੀਆਂ ਨੂੰ ਰਾਜ ਪ੍ਰਬੰਧ ਚਲਾਉਣ ਵਿਚ ਵਧੇਰੇ ਹਿੱਸੇਦਾਰੀ ਦਿੱਤੀ ਜਾਵੇਗੀ, ਪਰ ਉਦੋਂ ਤੱਕ ਇਹ ਆਸ ਕਿਸੇ ਨੂੰ ਵੀ ਨਹੀਂ ਸੀ ਕਿ ਅੰਗਰੇਜ਼ ਭਾਰਤ ਨੂੰ ਪੂਰਨ ਆਜ਼ਾਦੀ ਦੇ ਕੇ ਚਲੇ ਜਾਣਗੇ। ਮੁਲਕ ਦੀ ਸਭ ਤੋਂ ਵੱਡੀ ਰਾਜਸੀ ਪਾਰਟੀ ਕਾਂਗਰਸ ਵੀ ਬਸਤੀਵਾਦੀ ਸਵਰਾਜ (ਡੋਮੀਨੀਅਨ ਸਟੇਟਸ) ਦੀ ਹੀ ਮੰਗ ਕਰਦੀ ਰਹੀ ਸੀ। ਇਸ ਧਾਰਨਾ ਦਾ ਉਦੇਸ਼ ਰਾਜ ਦੇ ਅੰਦਰੂਨੀ ਮਾਮਲਿਆਂ ਵਿਚ ਸਵੈ-ਸ਼ਾਸਨ ਪ੍ਰਾਪਤ ਕਰਨਾ ਹੁੰਦਾ ਹੈ, ਪਰ ਬਾਹਰੀ ਤੌਰ 'ਤੇ ਬਰਤਾਨਵੀ ਰਾਜਮੁਕਟ ਨੂੰ ਮੁਖੀ ਦੇ ਰੂਪ ਵਿਚ ਮਾਨਤਾ ਦੇਣਾ ਸੀ। 31 ਦਸੰਬਰ, 1929 ਨੂੰ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਲਾਹੌਰ ਵਿਚ ਹੋਏ ਕਾਂਗਰਸ ਇਜਲਾਸ ਵਿਚ ਪੂਰਨ ਸਵਰਾਜ ਦਾ ਮਤਾ ਪਾਸ ਹੋਇਆ ਅਤੇ 26 ਜਨਵਰੀ, 1930 ਨੂੰ ਆਜ਼ਾਦੀ ਦਿਵਸ ਦੇ ਰੂਪ ਵਿਚ ਮਨਾਇਆ ਜਾਣ ਲੱਗਾ।

ਇਸ ਦੇਸ਼ ਦੀ ਰਾਜਨੀਤੀ ਵਿਚ ਚੌਥੇ ਦਹਾਕੇ ਦੀਆਂ ਕੁਝ ਗੱਲਾਂ ਬਹੁਤ ਮਹੱਤਵਪੂਰਨ ਸਿੱਧ ਹੋਈਆਂ। ਇਕ ਸੀ ਵੱਖ ਵੱਖ ਫਿਰਕਿਆਂ ਨੂੰ ਪ੍ਰਤੀਨਿਧਤਾ ਦੇਣ ਵਾਲੀ ਚੋਣ ਪ੍ਰਣਾਲੀ ਕਮਿਊਨਲ ਐਵਾਰਡ, ਦੂਜੀ ਬਰਤਾਨਵੀ ਸੰਸਦ ਵੱਲੋਂ ਪਾਸ ਗਵਰਨਮੈਂਟ ਆਫ਼ ਇੰਡੀਆ ਐਕਟ 1935, ਤੀਜੀ 1937 ਦੀਆਂ ਪ੍ਰਾਂਤਕ ਚੋਣਾਂ ਅਤੇ 1939 ਵਿਚ ਦੂਜੇ ਵਿਸ਼ਵ ਯੁੱਧ ਦੀ ਸ਼ੁਰੂਆਤ। 1937 ਦੀਆਂ ਚੋਣਾਂ ਵਿਚ ਅਨੇਕ ਪ੍ਰਾਂਤਾਂ ਵਿਚ ਕਾਂਗਰਸ ਨੂੰ ਸਫਲਤਾ ਪ੍ਰਾਪਤ ਹੋਈ ਸੀ। ਉਥੇ ਉਸ ਦੀਆਂ ਸਰਕਾਰਾਂ ਕਾਇਮ ਹੋ ਗਈਆਂ ਸਨ। ਕਾਂਗਰਸ ਨੂੰ ਸੱਤਾ ਸੁਖ ਦਾ ਅਨੁਭਵ ਇਨ੍ਹਾਂ ਚੋਣਾਂ ਦੇ ਕਾਰਨ ਹੀ ਹੋਇਆ ਸੀ। ਇਨ੍ਹਾਂ ਸਾਲਾਂ ਵਿਚ ਕਾਂਗਰਸ ਅਤੇ ਮੁਸਲਿਮ ਲੀਗ ਦਾ ਆਪਸੀ ਵਿਰੋਧ ਵੀ ਬਹੁਤ ਵਧ ਗਿਆ ਸੀ। ਇਨ੍ਹਾਂ ਸਾਲਾਂ ਵਿਚ ਵੰਦੇਮਾਤ੍ਰਮ ਨੂੰ ਰਾਸ਼ਟਰੀ ਗੀਤ ਦੇ ਰੂਪ ਵਿਚ ਸਵੀਕਾਰ ਕੀਤੇ ਜਾਣ 'ਤੇ ਵਿਵਾਦ ਹੋਇਆ ਸੀ। ਮੁਹੰਮਦ ਅਲੀ ਮਿਸਟਰ ਜਿਨਾਹ ਨੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਚਿੱਠੀ ਲਿਖ ਕੇ ਮੁਸਲਿਮ ਸਮਾਜ ਦੇ ਇਤਰਾਜ਼ਾਂ ਤੋਂ ਜਾਣੂ ਕਰਵਾਇਆ ਸੀ। ਚੌਥੇ ਦਹਾਕੇ ਦੇ ਆਖਰੀ ਸਾਲ ਵਿਚ ਸ਼ੁਰੂ ਹੋਏ ਵਿਸ਼ਵ ਯੁੱਧ ਸਮੇਂ ਸੰਸਾਰ ਦੀਆਂ ਵੱਡੀਆਂ ਸਾਮਰਾਜੀ ਸ਼ਕਤੀਆਂ ਦੀ ਬਸਤੀਵਾਦੀ ਨੀਤੀ ਵਿਚ ਤਬਦੀਲੀ ਆਉਣੀ ਸ਼ੁਰੂ ਹੋਈ।

1940 ਤੋਂ ਲੈ ਕੇ 1947 ਤੱਕ ਦੇ ਇਤਿਹਾਸ ਵਿਚ ਬਰਤਾਨਵੀ ਸਰਕਾਰ ਦੀ ਇਸ ਦਿਸ਼ਾ ਵਿਚ ਸਰਗਰਮੀ ਬਹੁਤ ਸਪਸ਼ਟ ਦਿਖਾਈ ਦਿੰਦੀ ਹੈ ਕਿ ਕਿਸ ਤਰ੍ਹਾਂ ਉਹ ਇਸ ਦੇਸ਼ ਦੇ ਲੋਕਾਂ ਨੂੰ ਰਾਜਪ੍ਰਬੰਧ ਚਲਾਉਣ ਦਾ ਹੱਕ ਦੇ ਕੇ ਆਪਣੀ ਸੱਤਾ ਨੂੰ ਇਥੋਂ ਹਟਾ ਲਵੇ। ਉਹ ਮਾਨਸਿਕ ਰੂਪ ਵਿਚ ਇਹ ਸਵੀਕਾਰ ਕਰਨ ਨੂੰ ਤਿਆਰ ਨਹੀਂ ਸਨ ਕਿ ਕਿਸੇ ਤਰ੍ਹਾਂ ਦੇ ਅੰਦੋਲਨ ਅਹਿੰਸਾਤਮਿਕ ਜਾਂ ਹਿੰਸਾਤਮਿਕ ਨਾਲ ਉਨ੍ਹਾਂ ਨੂੰ ਇਥੋਂ ਉਖਾੜ ਕੇ ਸੁੱਟ ਦਿੱਤਾ ਜਾਵੇ। ਉਹ ਇਸ ਤਰ੍ਹਾਂ ਦੀ ਹਾਰੀ ਹੋਈ ਮਾਨਸਿਕਤਾ ਲੈ ਕੇ ਨਹੀਂ ਸਨ ਜਾਣਾ ਚਾਹੁੰਦੇ। ਇਹੀ ਕਾਰਨ ਹੈ ਕਿ ਅੰਗਰੇਜ਼ ਸਰਕਾਰ ਨੇ 1942 ਦੇ ਕਾਂਗਰਸ ਵੱਲੋਂ ਚਲਾਏ ਗਏ 'ਭਾਰਤ ਛੱਡੋ ਅੰਦੋਲਨ' ਨੂੰ ਸਖਤੀ ਨਾਲ ਦਬਾਅ ਦਿੱਤਾ ਸੀ ਅਤੇ ਕਾਂਗਰਸ ਦੇ ਸਾਰੇ ਵੱਡੇ ਨੇਤਾਵਾਂ ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ ਸੀ।



ਚਿੱਤਰਕਾਰ ਪ੍ਰਾਣ ਨਾਥ ਮਾਗੋ ਦਾ ਸੰਤਾਲੀ ਦੀ ਵੰਡ ਬਾਰੇ ਬਣਾਇਆ ਚਿੱਤਰ।

ਅਸਲ ਵਿਚ ਉਹ ਕੰਧ 'ਤੇ ਲਿਖਿਆ ਪੜ੍ਹ ਸਕਦੇ ਸਨ। ਸੁਭਾਸ਼ ਚੰਦਰ ਬੋਸ ਦੀ ਅਗਵਾਈ ਹੇਠ ਕਾਇਮ 'ਆਜ਼ਾਦ ਹਿੰਦ ਫ਼ੌਜ' ਦੀ ਮਿਸਾਲ ਉਨ੍ਹਾਂ ਦੇ ਸਾਹਮਣੇ ਸੀ। ਭਾਰਤੀ ਫ਼ੌਜ ਵਿਚ ਅੰਗਰੇਜ਼ ਸਰਕਾਰ ਵਿਰੁੱਧ ਵਿਦਰੋਹ ਦੇ ਬੀਜ ਬੀਜੇ ਜਾ ਚੁੱਕੇ ਸਨ। 1946 ਵਿਚ ਸਮੁੰਦਰੀ ਫ਼ੌਜ ਨੇ ਮੁੰਬਈ ਵਿਚ ਜੋ ਵਿਦਰੋਹ ਕੀਤਾ ਸੀ, ਉਹ ਵੀ ਇਸ ਗੱਲ ਦਾ ਸੰਕੇਤ ਸੀ ਕਿ ਭਾਰਤੀ ਫ਼ੌਜੀ ਕਿਸੇ ਵੀ ਸਮੇਂ 1857 ਦੀ ਕਾਰਵਾਈ ਨੂੰ ਦੁਹਰਾ ਸਕਦੇ ਹਨ। ਦੂਜੇ ਵਿਸ਼ਵ ਯੁੱਧ ਵਿਚ ਵਿੰਸਟਨ ਚਰਚਿਲ ਦੇ ਪ੍ਰਧਾਨ ਮੰਤਰੀ ਹੁੰਦਿਆਂ ਬਰਤਾਨੀਆ ਦੀ ਜਿੱਤ ਜ਼ਰੂਰ ਹੋ ਗਈ ਸੀ, ਪਰ ਮਿੱਤਰ ਰਾਸ਼ਟਰਾਂ ਦੇ ਮੁਖੀ ਸੰਯੁਕਤ ਰਾਜ ਅਮਰੀਕਾ ਦਾ ਬਰਤਾਨੀਆ 'ਤੇ ਦਬਾਅ ਬਹੁਤ ਵਧ ਗਿਆ ਸੀ ਕਿ ਉਸ ਨੂੰ ਛੇਤੀ ਤੋਂ ਛੇਤੀ ਭਾਰਤ ਨੂੰ ਆਜ਼ਾਦ ਕਰ ਦੇਣਾ ਚਾਹੀਦਾ ਹੈ।

1940 ਤੋਂ ਬਾਅਦ ਭਾਰਤ ਵਿਚ ਪੈਦਾ ਹੋਈ ਫਿਰਕੂ ਸਮੱਸਿਆ ਪਾਕਿਸਤਾਨ ਦੇ ਰੂਪ ਵਿਚ ਵੱਖਰੇ ਮੁਸਲਿਮ ਰਾਜ ਬਣਾਏ ਜਾਣ ਦੀ ਮੰਗ ਨੂੰ ਲੈ ਕੇ ਅੰਗਰੇਜ਼ਾਂ ਦੀ ਇਹ ਚਿੰਤਾ ਸੁਭਾਵਿਕ ਸੀ ਕਿ ਜੇ ਉਨ੍ਹਾਂ ਨੇ ਇਸ ਮੁਲਕ 'ਚੋਂ ਆਪਣੀ ਸੱਤਾ ਹਟਾਉਣੀ ਹੈ ਤਾਂ ਉਹ ਕਿਸ ਪੱਖ ਨੂੰ ਜ਼ਿੰਮੇਵਾਰੀ ਸੌਂਪਣ। ਹੁਣ ਸਾਰੇ ਯਤਨ ਇਸ ਦਿਸ਼ਾ ਵੱਲ ਕੇਂਦਰਿਤ ਸਨ ਕਿ ਇਥੇ ਇਸ ਤਰ੍ਹਾਂ ਦਾ ਸੰਵਿਧਾਨ ਬਣੇ ਜਿਸ ਨੂੰ ਸਾਰੇ ਪੱਖਾਂ ਦੀ ਸਹਿਮਤੀ ਪ੍ਰਾਪਤ ਹੋਵੇ। ਇਸ ਸਮੇਂ ਤੱਕ 1935 ਦਾ ਐਕਟ ਹੀ ਇਕਮਾਤਰ ਮਾਡਲ ਸੀ ਜਿਸ ਦੇ ਤਹਿਤ 1937 ਅਤੇ 1946 ਦੀਆਂ ਚੋਣਾਂ ਹੋਈਆਂ ਸਨ।

ਦੂਜੇ ਵਿਸ਼ਵ ਯੁੱਧ ਦੀ ਸਮਾਪਤੀ 15 ਅਗਸਤ 1945 ਦੇ ਦਿਨ, ਜਾਪਾਨ ਦੇ ਆਤਮ-ਸਮਰਪਣ ਨਾਲ ਹੋ ਗਈ ਸੀ। ਬਰਤਾਨੀਆ ਦੀ ਸੰਸਦ ਦੀਆਂ ਆਮ ਚੋਣਾਂ ਵਿਚ ਚਰਚਿਲ ਦੀ ਕੰਜ਼ਰਵੇਟਿਵ ਪਾਰਟੀ ਹਾਰ ਗਈ ਅਤੇ ਕਲੀਮੈਂਟ ਐਟਲੀ ਦੀ ਅਗਵਾਈ ਵਿਚ ਲੇਬਰ ਪਾਰਟੀ ਸੱਤਾ ਵਿਚ ਆ ਗਈ। ਚਰਚਿਲ ਦੀ ਨੀਤੀ ਭਾਰਤ ਤੋਂ ਬਰਤਾਨਵੀ ਸੱਤਾ ਹਟਾਉਣ ਦੀ ਨਹੀਂ ਸੀ, ਪਰ ਐਟਲੀ ਭਾਰਤ ਨੂੰ ਆਜ਼ਾਦੀ ਦੇਣਾ ਚਾਹੁੰਦੇ ਸਨ।

ਐਟਲੀ ਦਾ ਅੰਦਾਜ਼ਾ ਇਹ ਸੀ ਕਿ ਪੂਰੇ ਵਿਸ਼ਵ ਵਿਚ ਬਸਤੀਵਾਦ ਦੀ ਸਮਾਪਤੀ ਦਾ ਅੰਦੋਲਨ ਜ਼ੋਰਾਂ 'ਤੇ ਹੈ। ਜਿਥੇ ਕਿਤੇ ਵੀ ਅੰਗਰੇਜ਼ਾਂ, ਫਰਾਂਸੀਸੀਆਂ, ਪੁਰਤਗਾਲੀਆਂ, ਸਪੇਨੀਆਂ, ਡੱਚਾਂ ਵਰਗੀਆਂ ਯੂਰਪੀ ਤਾਕਤਾਂ ਨੇ ਆਪਣੀਆਂ ਬਸਤੀਆਂ ਬਣਾਈਆਂ ਹੋਈਆਂ ਹਨ, ਉਥੋਂ ਉਨ੍ਹਾਂ ਨੂੰ ਆਪਣੀ ਸੱਤਾ ਹਟਾਉਣੀ ਪਵੇਗੀ। ਐਟਲੀ ਦਾ ਇਹ ਪੱਕਾ ਵਿਚਾਰ ਸੀ ਕਿ ਭਾਰਤੀ ਹੱਥਾਂ ਵਿਚ ਸੱਤਾ ਸੌਂਪ ਦੇਣੀ ਚਾਹੀਦੀ ਹੈ। ਇਹ ਕੰਮ ਪੂਰਾ ਕਰਨ ਲਈ ਉਨ੍ਹਾਂ ਲਾਰਡ ਵਾਵੇਲ ਦੀ ਥਾਂ ਲਾਰਡ ਮਾਊਂਟਬੈਟਨ ਦੀ ਵਾਇਸਰਾਏ ਦੇ ਰੂਪ ਵਿਚ ਨਿਯੁਕਤੀ ਕਰ ਦਿੱਤੀ। ਉਨ੍ਹਾਂ ਨੂੰ ਖਾਸ ਤੌਰ 'ਤੇ ਕਿਹਾ ਗਿਆ ਕਿ ਉਹ ਭਾਰਤ ਜਾ ਕੇ ਸਾਰੀਆਂ ਧਿਰਾਂ ਨਾਲ ਗੱਲਬਾਤ ਕਰਨ ਅਤੇ ਜੂਨ 1948 ਤੱਕ ਸੱਤਾ ਇਕ-ਦੋ ਜਾਂ ਵਧੇਰੇ ਧਿਰਾਂ ਦੇ ਹੱਥਾਂ ਵਿਚ ਸੌਂਪ ਦੇਣ।

ਮਾਊਂਟਬੈਟਨ ਨੇ 24 ਮਾਰਚ, 1947 ਨੂੰ ਦਿੱਲੀ ਪਹੁੰਚ ਕੇ ਆਪਣਾ ਅਹੁਦਾ ਸੰਭਾਲਿਆ। ਬਰਤਾਨੀਆ ਦੇ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ 15 ਮਹੀਨੇ ਦਾ ਸਮਾਂ ਦਿੱਤਾ ਸੀ ਜਿਸ ਵਿਚ ਉਹ ਸੱਤਾ ਦੀ ਤਬਦੀਲੀ ਦਾ ਕੰਮ ਪੂਰਾ ਕਰ ਲੈਣ। ਕ੍ਰਿਪਸ ਅਤੇ ਕੈਬਨਿਟ ਮਿਸ਼ਨ ਦੀ ਅਸਫਲਤਾ ਤੋਂ ਬਾਅਦ ਉਦੋਂ ਮੁਲਕ ਦੀ ਵੰਡ ਹੀ ਇਕ ਰਾਹ ਬਾਕੀ ਬਚਿਆ ਸੀ। ਮੁਲਕ ਭਰ ਵਿਚ ਦੰਗੇ ਭੜਕ ਚੁੱਕੇ ਸਨ। ਕਿਸੇ ਵੀ ਯੋਗ ਸ਼ਾਸਕ ਨੂੰ ਇਸ ਮੌਕੇ ਦੀ ਵਰਤੋਂ ਸਖਤੀ ਨਾਲ ਕਾਨੂੰਨ ਵਿਵਸਥਾ ਨੂੰ ਸੰਭਾਲਣ, ਜੋ ਲੋਕ ਉਸ ਵੇਲੇ ਇਧਰੋਂ-ਉਧਰ ਅਤੇ ਉਧਰੋਂ-ਇਧਰ ਜਾਣ ਦੇ ਇਛੁਕ ਸਨ, ਉਨ੍ਹਾਂ ਦੀ ਅਮਨ ਪੂਰਵਕ ਢੰਗ ਨਾਲ ਆਉਣ-ਜਾਣ ਦੀ ਵਿਵਸਥਾ ਕਰਨ, ਸਰਹੱਦਾਂ ਦਾ ਸਮੇਂ ਸਿਰ ਨਿਰਧਾਰਨ ਕਰਨ ਵਿਚ ਲਗਾਉਣਾ ਚਾਹੀਦਾ ਸੀ, ਪਰ ਮਾਊਂਟਬੈਟਨ ਨੂੰ ਪਤਾ ਨਹੀਂ ਕਿਉਂ ਇੰਨੀ ਕਾਹਲੀ ਹੋਈ ਕਿ ਉਸ ਨੇ ਹੋਰ ਸਮਾਂ ਮੰਗਣ ਦੀ ਬਜਾਏ ਸਮਾਂ ਸੀਮਾ ਨੂੰ 15 ਮਹੀਨੇ ਤੋਂ ਘਟਾ ਕੇ 5 ਮਹੀਨੇ ਤੋਂ ਵੀ ਘੱਟ ਕਰ ਦਿੱਤਾ ਅਤੇ ਜੂਨ 1947 ਵਿਚ ਐਲਾਨ ਕਰ ਦਿੱਤਾ ਕਿ ਦੋ ਮਹੀਨੇ ਬਾਅਦ 15 ਅਗਸਤ ਨੂੰ ਬਰਤਾਨਵੀ ਸਰਕਾਰ ਮੁਲਕ ਤੋਂ ਆਪਣੀ ਸੱਤਾ ਸਮਾਪਤ ਕਰ ਦੇਵੇਗੀ ਅਤੇ ਭਾਰਤ ਤੇ ਪਾਕਿਸਤਾਨ ਦੇ ਰੂਪ ਵਿਚ ਦੋ ਮੁਲਕ ਹੋਂਦ ਵਿਚ ਆ ਜਾਣਗੇ।

ਇਸ ਐਲਾਨ ਨਾਲ ਸਾਰੇ ਦੇਸ਼ ਵਿਚ ਬੇਹੱਦ ਹੜਬੜਾਹਟ ਪੈਦਾ ਹੋ ਗਈ। ਲੱਖਾਂ ਲੋਕ ਅਜੇ ਤੱਕ ਇਹ ਫੈਸਲਾ ਨਹੀਂ ਸਨ ਕਰ ਸਕੇ ਕਿ ਉਨ੍ਹਾਂ ਨੇ ਆਪਣੀ ਭੂਮੀ ਛੱਡ ਕੇ ਕਿਤੇ ਹੋਰ ਜਾ ਕੇ ਆਪਣਾ ਟਿਕਾਣਾ ਬਣਾਉਣਾ ਹੈ। ਉਹ ਆਪਣੀਆਂ ਥਾਂਵਾਂ ਤੋਂ ਭੱਜਣ ਲੱਗੇ ਅਤੇ ਦੋਵਾਂ ਹੀ ਪਾਸਿਆਂ ਤੋਂ ਹੋ ਰਹੇ ਕਤਲੇਆਮ ਦਾ ਸ਼ਿਕਾਰ ਬਣਨ ਲੱਗੇ। ਪੰਜਾਬ ਅਤੇ ਬੰਗਾਲ ਦੀ ਵੰਡ ਲਈ ਬਰਤਾਨਵੀ ਜੱਜ ਸਰ ਰੈਡਕਲਿਫ ਦੀ ਪ੍ਰਧਾਨਗੀ ਹੇਠ ਜੋ ਕਮਿਸ਼ਨ ਬਣਾਇਆ ਗਿਆ ਸੀ, ਉਸ ਨੇ ਕੁੱਲ 3 ਦਿਨ ਪਹਿਲਾਂ 12 ਅਗਸਤ ਨੂੰ ਆਪਣੀ ਰਿਪੋਰਟ ਦਿੱਤੀ। ਆਖਰੀ ਸਮੇਂ ਤੱਕ ਸਰਹੱਦ ਦੇ ਨੇੜੇ ਰਹਿਣ ਵਾਲੇ ਬਹੁਤ ਸਾਰੇ ਲੋਕਾਂ ਨੂੰ ਇਹ ਪਤਾ ਨਹੀਂ ਲੱਗ ਸਕਿਆ ਕਿ ਉਨ੍ਹਾਂ ਦਾ ਖੇਤਰ ਭਾਰਤ ਵਿਚ ਰਹੇਗਾ ਜਾਂ ਪਾਕਿਸਤਾਨ ਵਿਚ।

ਦੋ ਸਾਲ ਪਹਿਲਾਂ 15 ਅਗਸਤ, 1945 ਨੂੰ ਜਾਪਾਨ ਨੇ ਮਿੱਤਰ ਦੇਸ਼ਾਂ ਦੀਆਂ ਫ਼ੌਜਾਂ ਸਾਹਮਣੇ ਆਪਣੇ ਹਥਿਆਰ ਸੁੱਟ ਦਿੱਤੇ ਸਨ। ਮਾਊਂਟਬੈਟਨ ਨੇ ਉਸ ਦਿਨ ਦੀ ਯਾਦ ਵਿਚ ਇਹ ਮਿਤੀ ਮਿਥ ਲਈ ਸੀ।

ਜੇ ਅੰਗਰੇਜ਼ ਸਰਕਾਰ ਨੇ ਭਾਰਤ ਛੱਡਦੇ ਸਮੇਂ ਕੁਝ ਸੰਜਮ ਤੋਂ ਕੰਮ ਲਿਆ ਹੁੰਦਾ ਅਤੇ ਭਾਰਤੀ ਆਗੂਆਂ ਨੇ ਵੀ ਕੁਝ ਦੂਰਦ੍ਰਿਸ਼ਟੀ ਦਿਖਾਈ ਹੁੰਦੀ ਤਾਂ ਵੰਡ ਦੇ ਸਮੇਂ ਤੇ ਕੁਝ ਦਿਨ ਉਸ ਤੋਂ ਬਾਅਦ ਵੀ ਲੱਖਾਂ ਲੋਕਾਂ ਦੀ ਬਲੀ ਲੈ ਲੈਣ ਵਾਲਾ ਇਹ ਕਤਲੇਆਮ ਬਹੁਤ ਘੱਟ ਹੋ ਸਕਦਾ ਸੀ।

# ਵਿਰੋਧੀ ਧਿਰ ਤੇ ਪ੍ਰਧਾਨ ਮੰਤਰੀ ਮੋਦੀ

ਭਾਰਤ ਦੀ ਜਨਤਾ ਨੇ ਤਬਦੀਲੀ ਲਈ ਵੋਟਾਂ ਪਾਈਆਂ ਸੀ ਪਰ 15 ਮਹੀਨਿਆਂ ਬਾਅਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਹ ਮਹਿਸੂਸ ਕਰ ਰਹੇ ਹਨ ਕਿ 'ਜਿਸ ਦੇ ਸਿਰ 'ਤੇ ਤਾਜ, ਉਸ ਦੇ ਸਿਰ 'ਤੇ ਖਾਜ'। ਉਹ ਹੌਲੀ ਹੌਲੀ ਪਰ ਯਕੀਨੀ ਤੌਰ 'ਤੇ ਇਹ ਮਹਿਸੂਸ ਕਰ ਰਹੇ ਹਨ ਕਿ ਮੁਲਕ ਨੂੰ ਚਲਾਉਣਾ ਮੁਸ਼ਕਿਲ ਹੈ। ਜੇ ਮੋਦੀ ਨੇ ਇਹ ਸੋਚਿਆ ਸੀ ਕਿ ਗੁਜਰਾਤ ਵਾਂਗ ਭਾਰਤ ਦੀ ਕੁਰਸੀ ਸੰਭਾਲਣੀ ਵੀ ਸੌਖੀ ਹੋਵੇਗੀ ਤਾਂ ਉਹ ਗਲਤਫਹਿਮੀ ਵਿਚ ਸਨ। ਬਿਨਾਂ ਸ਼ੱਕ ਚਾਹ ਵਾਲੇ ਤੋਂ ਮੁਲਕ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਤੱਕ ਪਹੁੰਚਣਾ ਸ਼ਲਾਘਾਯੋਗ ਹੈ, ਉਹ ਵੀ ਉਦੋਂ ਜਦੋਂ

ਪੂਨਮ ਆਈ ਕੌਸ਼ਿਸ਼

ਉਨ੍ਹਾਂ ਦੇ ਪਿਛੇ ਗੁਜਰਾਤ ਕਤਲੇਆਮ ਦਾ ਪਰਛਾਵਾਂ ਚਲਦਾ ਰਿਹਾ। ਉਨ੍ਹਾਂ ਸਖਤ ਮਿਹਨਤ ਕੀਤੀ ਤੇ ਜੇਤੂ ਬਣੇ ਪਰ ਉਹ ਇਥੇ ਹੀ ਨਹੀਂ ਰੁਕ ਸਕਦੇ। ਚੰਗੇ ਦਿਨ ਲਿਆਉਣ ਦੀ ਸਦਭਾਵਨਾ ਹੌਲੀ ਹੌਲੀ ਖਤਮ ਹੁੰਦੀ ਜਾ ਰਹੀ ਹੈ।

ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਉਨ੍ਹਾਂ ਦੀ ਸਰਕਾਰ ਦਾ ਕਾਰਜਕਾਲ ਹੁਣ ਤਕ ਉਤਰਾਅ-ਚੜ੍ਹਾਅ ਵਾਲਾ ਰਿਹਾ ਹੈ। ਇਕ ਪਾਸੇ ਕੌਮਾਂਤਰੀ ਜਗਤ 'ਚ ਇਹ ਕਿਹਾ ਜਾ ਰਿਹਾ ਹੈ ਕਿ ਭਾਰਤ ਉਭਰ ਰਿਹਾ ਹੈ; ਦੂਜੇ ਪਾਸੇ ਲਲਿਤ ਗੇਟ ਅਤੇ ਵਿਆਪਮ ਵਰਗੇ ਘਪਲੇ ਹਨ ਜਿਨ੍ਹਾਂ ਵਿਚ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ, ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਸ਼ਾਮਿਲ ਹਨ। ਇਹ ਘਪਲੇ ਮੋਦੀ ਦੇ 'ਨਾ ਖਾਵਾਂਗਾ, ਨਾ ਖਾਣ ਦੇਵਾਂਗਾ' ਵਾਲੇ ਨਾਅਰੇ ਨੂੰ ਕਮਜ਼ੋਰ ਕਰ ਰਹੇ ਹਨ। ਮੋਦੀ ਦੀ ਸਭ ਤੋਂ ਵੱਡੀ ਅਸਫਲਤਾ ਇਹ ਹੈ ਕਿ ਉਹ ਵਿਰੋਧੀ ਧਿਰ ਨੂੰ ਨਾਲ ਲੈ ਕੇ ਨਹੀਂ ਚੱਲ ਸਕੇ। ਇਹ ਸੱਚ ਹੈ ਕਿ ਵਿਰੋਧੀ ਧਿਰ ਸੰਸਦ ਦੇ ਮੌਨਸੂਨ ਸੈਸ਼ਨ ਦਾ ਬਾਈਕਾਟ ਕਰਨ ਦੀ ਦੋਸ਼ੀ ਹੈ ਪਰ ਸੰਸਦ ਵਿਚ ਸੁਚੱਜੀ ਕਾਰਵਾਈ ਨੂੰ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਸੱਤਾ ਪੱਖ ਦੀ ਹੈ। ਇਹ ਸੈਸ਼ਨ ਪ੍ਰਧਾਨ ਮੰਤਰੀ ਮੋਦੀ ਦੀ ਨਾਕਾਮੀ ਦਾ ਸਬੂਤ ਹੈ। ਇਸ ਸੈਸ਼ਨ 'ਚ ਗੁਜਰਾਤ ਵਿਧਾਨ ਸਭਾ ਦੀ ਤਰਜ਼ 'ਤੇ ਪਹਿਲਾਂ ਕਾਂਗਰਸ ਦੇ 25 ਸੰਸਦ ਮੈਂਬਰਾਂ ਨੂੰ ਮੁਅੱਤਲ ਕੀਤਾ ਗਿਆ। ਗੁਜਰਾਤ ਵਿਧਾਨ ਸਭਾ ਵਿਰੋਧੀ ਧਿਰ ਨੂੰ ਪੂਰੇ ਸੈਸ਼ਨ ਲਈ ਮੁਅੱਤਲ ਕਰਨ ਲਈ ਬਦਨਾਮ ਰਹੀ ਹੈ। ਫਿਰ ਉਨ੍ਹਾਂ ਨੇ ਸੰਸਦੀ ਸਲੀਕੇ ਦਾ ਸਬੂਤ ਵੀ ਨਹੀਂ ਦਿੱਤਾ ਅਤੇ ਸੈਸ਼ਨ 'ਚ ਹਿੱਸਾ ਨਹੀਂ ਲਿਆ। ਹੈਰਾਨੀ ਦੀ ਗੱਲ ਇਹ ਹੈ ਕਿ ਮੋਦੀ, ਗਾਂਧੀ ਜੀ ਦੇ ਤਿੰਨ ਬਾਂਦਰਾਂ ਵਾਂਗ ਗੂੰਗੇ, ਬੋਲੇ ਅਤੇ ਅੰਨ੍ਹੇ ਬਣੇ ਰਹੇ।

ਪ੍ਰਸ਼ਾਸਨਿਕ ਨਜ਼ਰੀਏ ਤੋਂ ਵੀ ਸ਼ਾਇਦ ਮੋਦੀ, ਕੇਂਦਰ ਸਰਕਾਰ ਦੀ ਵਿਵਸਥਾ ਚਲਾਉਣ ਲਈ ਗੁਜਰਾਤ ਮਾਡਲ ਅਪਨਾ ਰਹੇ ਹਨ ਜਿਥੇ ਸਿਰਫ ਉਹੀ ਬੌਸ ਹਨ। ਉਨ੍ਹਾਂ ਦੇ ਮੰਤਰੀ ਲੱਗਭਗ ਕਮਜ਼ੋਰ ਹਨ ਕਿਉਂਕਿ ਹਰ ਫਾਈਲ ਪ੍ਰਧਾਨ ਮੰਤਰੀ ਦਫਤਰ (ਪੀ.ਐਮ.ਓ.) ਜਾਂਦੀ ਹੈ ਅਤੇ ਅਧਿਕਾਰੀਆਂ ਨੂੰ ਹੁਕਮ ਹਨ ਕਿ ਉਹ ਉਨ੍ਹਾਂ ਨਾਲ ਸਿੱਧੇ ਸੰਪਰਕ ਕਰ ਸਕਦੇ ਹਨ। ਮੀਡੀਆ ਤੋਂ ਸੱਤਾਧਾਰੀਆਂ ਨੇ ਦੂਰੀ ਬਣਾਈ ਹੋਈ ਹੈ ਅਤੇ ਸ਼ਾਸਨ ਦੇ ਹਰ ਪਹਿਲੂ ਦੀ ਬਾਰੀਕੀ ਨਾਲ ਨਿਗਰਾਨੀ ਕੀਤੀ ਜਾ ਰਹੀ ਹੈ। ਆਰਥਿਕ ਮੋਰਚੇ 'ਤੇ ਵਿੱਤੀ ਨਿਵੇਸ਼, ਆਈ.ਟੀ. ਖੇਤਰ ਵਿਚ ਤਰੱਕੀ, ਬ੍ਰਾਡਬੈਂਡ ਕੁਨੈਕਟੀਵਿਟੀ ਆਦਿ ਨੂੰ ਛੱਡ ਕੇ ਹੋਰਨਾਂ ਖੇਤਰਾਂ 'ਚ ਵਾਧਾ ਦਰ 5 ਫੀਸਦੀ ਤੋਂ ਜ਼ਿਆਦਾ ਨਹੀਂ ਹੈ। ਟੈਕਸ ਪ੍ਰਣਾਲੀ ਦੇ ਮਾਮਲੇ ਵਿਚ ਭਰਮ ਵਾਲੀ ਸਥਿਤੀ ਹੋਈ ਹੈ। ਸਰਕਾਰੀ ਖਰਚ 'ਤੇ ਕੋਈ ਰੋਕ ਨਹੀਂ ਹੈ। ਬੇਰੋਜ਼ਗਾਰੀ, ਅਨਪੜ੍ਹਤਾ ਤੇ ਕਿਸਾਨਾਂ ਦੀਆਂ ਖੁਦਕੁਸ਼ੀਆਂ 'ਚ ਵਾਧਾ ਹੋ ਰਿਹਾ ਹੈ। ਮੋਦੀ ਦੀ ਪਸੰਦੀਦਾ ਯੋਜਨਾ 'ਸਵੱਛ ਭਾਰਤ' ਨੂੰ 2019 ਤਕ ਪਾਣੀ ਤੇ ਪਖਾਨਿਆਂ ਤੋਂ ਬਿਨਾਂ ਸਫਲ ਨਹੀਂ ਬਣਾਇਆ ਜਾ ਸਕਦਾ। ਸਰਕਾਰੀ ਦਫਤਰਾਂ 'ਚ ਗੰਦਗੀ ਦੀ ਭਰਮਾਰ ਹੈ। ਭੀੜ-ਭੜੱਕੇ ਵਾਲੇ ਰਿਹਾਇਸ਼ੀ ਇਲਾਕਿਆਂ ਵਿਚ ਤਾਂ ਸਫਾਈ ਬਹੁਤ ਦੂਰ ਦੀ ਗੱਲ ਹੈ, ਸਿਹਤ ਸੇਵਾਵਾਂ ਦੀ ਸਥਿਤੀ ਚੰਗੀ ਨਹੀਂ ਹੈ। ਕੁਲ ਦੁਨੀਆਂ ਵਿਚ ਤਿੰਨ ਕੁਪੋਸ਼ਣ ਦਾ ਸ਼ਿਕਾਰ ਬੱਚਿਆਂ 'ਚੋਂ ਇੱਕ ਭਾਰਤ ਵਿਚ ਹੈ ਤੇ ਹਰ ਰੋਜ਼ ਲੱਗਭਗ 1500 ਬੱਚੇ ਕੁਪੋਸ਼ਣ ਦਾ ਸ਼ਿਕਾਰ ਹੁੰਦੇ ਹਨ।

ਠੀਕ ਹੈ ਕਿ ਕਿਸੇ ਸਰਕਾਰ ਦੇ 15 ਮਹੀਨਿਆਂ ਦੀ ਕਾਰਗੁਜ਼ਾਰੀ ਉਸ ਦੇ ਗੁਣਾਂ-ਔਗੁਣਾਂ ਦਾ ਵਰਣਨ ਕਰਨ ਲਈ ਕਾਫੀ ਨਹੀਂ। ਮੋਦੀ ਕੋਈ ਜਾਦੂਗਰ ਨਹੀਂ ਹਨ ਜੋ ਭਾਰਤ ਦੀਆਂ ਪਿਛਲੇ 6 ਦਹਾਕਿਆਂ ਦੀਆਂ ਸਮੱਸਿਆਵਾਂ ਨੂੰ 'ਜਾਦੂ ਦੀ ਛੜੀ' ਘੁਮਾ ਕੇ ਦੂਰ ਕਰ ਦੇਣ, ਪਰ ਇਹ ਵੀ ਸੱਚ ਹੈ ਕਿ ਮੋਦੀ ਸਾਹਮਣੇ ਮੁਸ਼ਕਿਲ ਚੁਣੌਤੀਆਂ ਹਨ ਅਤੇ ਉਨ੍ਹਾਂ 'ਤੇ ਇਸ ਗੱਲ ਦਾ ਵੀ ਦਬਾਅ ਹੈ ਕਿ ਉਹ ਵੋਟਰਾਂ ਦੀਆਂ ਉਮੀਦਾਂ ਕਿਵੇਂ ਪੂਰੀਆਂ ਕਰਦੇ ਹਨ। ਹੁਣ ਦੇਖਣਾ ਹੈ ਕਿ ਨਰਿੰਦਰ ਮੋਦੀ ਸਿਆਸਤ ਨੂੰ ਕਿਸ ਪਾਸੇ ਅਤੇ ਕਿਸ ਤਰ੍ਹਾਂ ਲੈ ਕੇ ਜਾਂਦੇ ਹਨ।

# ਕੱਚੇ ਘਰਾਂ ਦੀਆਂ ਕੱਚੀਆਂ ਬਰੂਹਾਂ

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

*ਬਹੁਤ ਕੁਝ ਹੋਈ ਜਾ ਰਿਹੈ, ਹੋਈ ਵੀ ਸਾਹਮਣੇ ਜਾ ਰਿਹੈ। ਵੇਖਦੇ ਵੀ ਸਾਰੇ ਨੇ, ਫਿਰ ਕੋਈ ਬੋਲਦਾ ਕਿਉਂ ਨਹੀਂ? ਇਹੋ ਸਭ ਤੋਂ ਵੱਡਾ ਨੁਕਸਾਨ ਹੈ। ਗਊ ਮਾਤਾ ਨੇ ਬੱਕਰੇ ਦੇ ਢਿੱਡ ਵਿਚ ਇੰਨੀ ਜ਼ੋਰ ਦੀ ਲੱਤ ਮਾਰੀ ਕਿ ਉਹ ਦਸ ਫੁੱਟ ਦੂਰ ਜਾ ਕੇ ਡਿੱਗਿਆ। ਬੱਕਰੀ ਨੇ ਧਾਹ ਮਾਰੀ, "ਨੀ ਬਿਮਾਰੀ ਪੈਣੀਏਂ! ਆਹ ਕਸਾਈ ਤਾਂ ਸਾਨੂੰ ਪਹਿਲਾਂ ਹੀ ਖਿੱਚੀ ਜਾਂਦਾ ਸੀ, ਤੇਰਾ ਕੀ ਵਿਗਾੜਿਆ ਸੀ ਮੇਰੇ ਸਿਰ ਦੇ ਸਾਈਂ ਨੇ?" ਗਾਂ ਹੋਰ ਤੱਤੀ ਹੋ ਕੇ ਬੋਲੀ, "ਨੀ ਹੋਰ ਕੀ ਕਰਾਂ! ਸਰਹੱਦਾਂ ਲੰਘ ਕੇ ਸਾਡੇ 'ਤੇ ਹਮਲੇ ਕਰਦੇ ਓ...ਤੈਨੂੰ ਪਤੈ, ਤੇਰਾ ਧਰਮ ਹੋਰ ਐ ਤੇ ਮੇਰਾ ਹੋਰ।" ਬੱਕਰੇ ਨੂੰ ਪੈਰੀਂ ਖੜ੍ਹੇ ਕਰਦਿਆਂ ਬੱਕਰੀ ਦੀ ਧਾਹ ਨਿਕਲੀ, "ਅੱਛਾ! ਹਰੇ ਤੇ ਲਾਲ ਰੰਗ ਦਾ ਰੌਲੈ...ਬੱਸ ਇਹੀ ਕਸਰ ਰਹਿੰਦੀ ਸੀ।" ਸਰਕਾਰਾਂ ਕੁੱਖ ਤੇ ਰੁੱਖ ਬਚਾਉਣ ਦੇ ਨਾਅਰੇ ਲਾ ਰਹੀਆਂ ਹਨ, ਪਰ ਉਨ੍ਹਾਂ ਨੂੰ ਨਹੀਂ ਪਤਾ ਕਿ ਜਿੱਦਣ ਪੰਛੀ ਤੇ ਜਾਨਵਰ ਵੀ ਧਰਮ ਦੇ ਅੜਿੱਕੇ ਆ ਗਏ, ਨਾ ਪੱਤੇ ਰਹਿਣੇ ਤੇ ਨਾ ਹੀ ਟਾਹਣ। ਤੇ ਕੁੱਖਾਂ ਵਿਚ ਪਹਿਲਾਂ ਹੀ ਧਰਮ ਕਦੋਂ ਦਾ ਜਾ ਵੜਿਆ ਹੈ! ਸੰਤੇ ਅਮਲੀ ਨੇ ਅਹਾਤੇ ਵਿਚ ਵੜਦਿਆਂ ਪਹਿਲਾਂ ਪੈਗ ਲਾ ਕੇ ਲਲਕਾਰਾ ਮਾਰਿਆ, "ਚੱਕ ਓ ਸੋਹਣ ਸਿਆਂ ਪਟਿਆਲੇ ਆਲਾ...ਖਿੱਚ ਉਹ ਸ਼ਿਆਮ ਸੁੰਦਰਾ ਮੁਰਗੇ ਦੀ ਲੱਤ ਬਣਾ ਕੇ, ਤੇ ਫਜ਼ਲ ਦੀਨਾ...ਚਾੜ੍ਹ ਦੇ ਮੱਛੀ ਨੂੰ ਵੱਟ। ਪਤੰਦਰੋ! ਅਹਾਤੇ ਵਿਚ ਹੀ ਬੰਦੇ ਆਂ, ਬਾਹਰ ਜਾ ਕੇ ਤਾਂ ਤਿੰਨਾਂ ਨੇ ਧਰਮ ਦੀਆਂ ਵੱਟਾਂ ਹੀ ਪਾਉਣੀਆਂ ਨੇ।"*

*ਅਜੇ ਤੱਕ ਤਸੱਲੀਬਖ਼ਸ਼ ਉਤਰ ਕਿਸੇ ਨੇ ਵੀ ਨਹੀਂ ਦਿੱਤਾ ਕਿ ਨਾਰੀਅਲ ਤੇ ਪਰਮਾਤਮਾ ਦਾ ਆਪਸ ਵਿਚ ਇੰਨਾ ਪਿਆਰ ਕਿਉਂ ਹੈ! ਜਦੋਂ ਦੀਆਂ ਛੱਤਾਂ ਸੀਮੈਂਟ ਦੀਆਂ ਪੈਣ ਲੱਗੀਆਂ ਨੇ, ਕਿਰਲੀ ਖੁਸ਼ ਹੈ ਕਿ ਚਲੋ ਸ਼ਤੀਰਾਂ ਨਾਲ ਜੱਫ਼ੇ ਪਾਉਣ ਦਾ ਕਲੰਕ ਤੇ ਕੋਹੜ ਮਗਰੋਂ ਲੱਥਾ, ਪਰ ਉਹ ਹੋਰ ਵੀ ਖੀਵੀ ਇਸ ਕਰ ਕੇ ਹੋਈ ਪਈ ਹੈ ਕਿ ਸਿਆਣੇ ਤੇ ਅਕਲਮੰਦ ਕਹਾਉਣ ਵਾਲੇ ਬੰਦਿਆਂ ਦੇ ਗਲੋਂ ਸ਼ਾਇਦ ਜਾਤ ਦਾ ਕਲੰਕ ਕਦੇ ਵੀ ਨਾ ਲੱਥੇ! ਸ਼ੀਸ਼ਾ ਜਵਾਨੀ ਵਿਚ ਸੋਹਣਾ ਲਗਦਾ ਹੈ, ਐਨਕ ਤੇ ਖੂੰਡੀ ਬੁਢਾਪੇ ਵਿਚ, ਤੇ ਸਾਰੀ ਉਮਰ ਡਿੰਗਾਂ ਵਾਂਗ ਫਸੇ ਰਹਿਣ ਵਾਲੇ ਮੀਆਂ ਬੀਵੀ ਆਖਰੀ ਉਮਰੇ ਨਕਲੀ ਦੰਦਾਂ ਦੀ ਇਕ ਜੋੜੀ ਨਾਲ ਵੀ ਪਿਆਰ ਸਾਂਝਾ ਕਰ ਰਹੇ ਹੁੰਦੇ ਹਨ। ਜਾਤ ਹੈ, ਰਹੇਗੀ ਵੀ, ਇਹਦੇ ਕਰ ਕੇ ਕਾਣੀ ਵੰਡ ਤੇ ਵਿਤਕਰਾ ਵੀ ਨਹੀਂ ਮੁੱਕੇਗਾ, ਤੇ ਜਦੋਂ ਲਾਲਚ ਸਿਰ ਚੜ੍ਹਦਾ ਹੈ, ਤਾਂ ਜਾਤ ਵੀ ਲੱਕ ਦੂਹਰਾ ਕਰ ਲੈਂਦੀ ਹੈ। ਉਤਰਾਖੰਡ ਵਿਚ ਇਹ ਬਿਰਤਾਂਤ ਦੋ ਕੁ ਸਾਲ ਪਹਿਲਾਂ ਵਾਪਰਿਆ ਸੀ, ਪਰ ਮੈਂ ਤਹਿਕੀਕਾਤ ਹੁਣ ਕਰ ਸਕਿਆ ਹਾਂ...।*

ਵੇਖਿਆ ਜਾਵੇ ਤਾਂ ਅੱਖ ਤੇ ਕੰਨ ਵਿਚਕਾਰਲਾ ਫਰਕ ਤਾਂ ਭਾਵੇਂ ਚਾਰ ਕੁ ਇੰਚ ਦਾ ਹੀ ਹੁੰਦਾ ਹੈ, ਪਰ ਉਂਜ ਹੁੰਦੇ ਇਹ ਇਕ-ਦੂਜੇ ਤੋਂ ਕੋਹਾਂ ਦੂਰ ਨੇ। ਅੱਖ ਵੇਖਦੀ ਹੈ ਤੇ ਕੰਨ ਸੁਣਦਾ ਹੈ; ਇਕ ਨਰ ਹੈ ਤੇ ਇਕ ਮਾਦਾ। ਅੱਖਾਂ ਸੱਚ ਬੋਲਦੀਆਂ ਹਨ ਤੇ ਕੰਨ ਸੁਣੀਆਂ-ਸੁਣਾਈਆਂ ਗੱਲਾਂ 'ਤੇ ਹੀ ਵਿਸ਼ਵਾਸ ਜਤਾ ਰਿਹਾ ਹੁੰਦਾ ਹੈ ਪਰ ਜਦੋਂ ਦਿਲ ਵਿਲਕਦਾ ਹੈ ਤਾਂ ਇਕ ਅੱਥਰੂ ਸੁੱਟ ਰਹੀ ਹੁੰਦੀ ਹੈ ਤੇ ਇਕ ਦੁਹਾਈ ਦੇ ਰਿਹਾ ਹੁੰਦਾ ਹੈ ਕਿ ਮੇਰੇ ਅੰਦਰ ਹੁਣ ਉਂਗਲੀਆਂ ਫਸਾ ਦਿਓ। ਜ਼ਰੂਰੀ ਵੀ ਨਹੀਂ ਕਿ ਸਾਰਾ ਕੁਝ ਰਾਜੇ ਹਰੀਸ਼ ਚੰਦਰ ਨਾਲ ਹੀ ਵਾਪਰ ਗਿਆ ਹੈ। ਬੜੀ ਪਰਜਾ ਹੈ ਜੋ ਪਿੱਟ ਪਿੱਟ ਕੇ ਬੇਹਾਲ ਹੋ ਰਹੀ ਹੈ। ਫਰਕ ਕਈ ਵਾਰ ਸਿਰਫ਼ ਇੰਨਾ ਹੁੰਦਾ ਹੈ ਕਿ ਚੀਕਾਂ ਤੇ ਦੁਹਾਈਆਂ ਅੰਦਰ ਹੀ ਪੈਂਦੀਆਂ ਹਨ, ਕਿਉਂਕਿ ਦੁਨੀਆਂ ਨੇ ਕਈ ਬੂਹੇ-ਬਾਰੀਆਂ ਖੁੱਲ੍ਹਣ ਹੀ ਨਹੀਂ ਦੇਣੇ ਹੁੰਦੇ।

ਅੱਜ ਦੇ ਦੌਰ ਵਿਚ ਮੁਹੱਬਤ ਨੂੰ ਜੰਗਾਲ ਇਸ ਕਰ ਕੇ ਲੱਗ ਰਿਹਾ ਹੈ ਕਿ ਲੋਕ ਚੰਗਿਆਂ ਦੀ ਉਸਤਤ ਨਹੀਂ, ਸਗੋਂ ਭੈੜਿਆਂ ਦੀ ਨਿਗਰਾਨੀ ਕਰਨ ਲੱਗ ਪਏ ਹਨ। ਮਨੁੱਖ ਜਦੋਂ ਦਾ ਕੰਨਾਂ ਦਾ ਕੱਚਾ ਵੱਧ ਹੁੰਦਾ ਜਾ ਰਿਹਾ ਹੈ, ਦਿਲ ਤੇ ਅੱਖਾਂ ਨੂੰ ਫੇਲ੍ਹ ਹੋਣ ਤੇ ਰੋਣ-ਧੋਣ ਦੇ ਹਰਜਾਨੇ ਬੜੇ ਭੁਗਤਣੇ ਪੈ ਰਹੇ ਹਨ। ਉਨ੍ਹਾਂ ਭਲੇ ਮਾਣਸਾਂ ਨੂੰ ਕਿਥੋਂ ਲੱਭ ਕੇ ਲਿਆਈਏ ਜਿਹੜੇ 'ਹਮ ਨਹੀਂ ਚੰਗੇ' ਕਹਿਣ। ਹੁਣ ਤਾਂ ਬਹੁ-ਗਿਣਤੀ ਦੁਨੀਆਂ ਉਨ੍ਹਾਂ ਨੂੰ ਭੈੜਾ, ਬੁਰਾ ਕਹਿਣ ਲੱਗੀ ਹੋਈ ਹੈ ਜਿਨ੍ਹਾਂ ਨੇ ਮੁੱਛ ਨਾਲੋਂ ਬੋਦੀ 'ਤੇ ਹੱਥ ਵੱਧ ਫੇਰਿਆ ਹੈ। ਹਉਮੈ ਦੀ ਟੋਪੀ ਉਤਾਰੀ ਹੀ ਨਹੀਂ। ਇਨ੍ਹਾਂ ਨੇ ਹੀ ਨੀਵਿਆਂ ਨੂੰ ਚੁੱਕ ਕੇ ਛਾਤੀ ਨਾਲ ਲਾਉਣ ਦੀ ਨਹੀਂ, ਦੁਰਕਾਰਨ ਦੀ ਸੇਵਾ ਵੱਧ ਕੀਤੀ ਹੈ। ਇਸੇ ਲਈ ਜਾਤ ਦੇ ਉਜਾੜੇ ਹਾਲੇ ਜਾਰੀ ਹਨ ਤੇ ਇਨ੍ਹਾਂ ਦੇ ਰੁਕਣ ਦੀ ਆਸ ਕਰਨੀ ਵੀ ਸਿਆਣਪ ਨਹੀਂ ਹੋਵੇਗੀ। ਚਲੋ...!

ਸਿਆਲਾਂ ਦੇ ਚੜ੍ਹਦੇ ਪਾਸੇ ਪਿੱਪਲ ਹੇਠ ਜੁੜੀ ਪਰ੍ਹਿਆ ਵਿਚ ਜਦੋਂ ਕੈਦੋਂ ਨੇ ਪੱਗ ਲਾਹ ਕੇ ਚੂਚਕ ਦੇ ਪੈਰਾਂ ਵਿਚ ਮਾਰਦਿਆਂ ਦੁਹੱਥੜ ਮਾਰੀ ਸੀ ਕਿ ਸਿਆਲਾਂ ਦਿਆ ਚੌਧਰੀਆ! ਤੇਰੀ ਧੀ ਮੱਝੀਆਂ ਦੇ ਰਖਵਾਲੇ ਚਾਕ ਨਾਲ ਅੱਖ-ਮਟੱਕੇ ਕਰ ਰਹੀ ਹੈ ਤੇ ਹੁਣ ਇੱਜ਼ਤ ਲੁੱਟ ਹੋਣ ਦੀ ਕਸਰ ਕੀ ਬਾਕੀ ਰਹਿ ਗਈ, ਤਾਂ ਹੀਰ ਦੁਆਲੇ ਕਰਫਿਊ ਤੇ ਦਫ਼ਾ ਚੁਤਾਲੀ ਉਸੇ ਵੇਲੇ ਲਾਗੂ ਕਰ ਦਿੱਤੇ ਗਏ ਸਨ, ਪਰ ਧਿਆਨ ਲਾ ਕੇ ਨਹੀਂ, ਧਰ ਕੇ ਵੇਖੋ, ਐਸ ਬਾਪ ਦੀ ਪੱਗ ਦਾ ਮੁੱਲ ਕੌਣ ਤੇ ਕੋਈ ਪਾ ਸਕੇਗਾ?

ਅੰਦਰ ਸ਼ਗਨਾਂ ਦੇ ਗੀਤ ਗਾਏ ਜਾ ਰਹੇ ਸਨ, ਭੱਠੀ ਚੜ੍ਹੀ ਹੋਈ ਸੀ, ਤੰਬੂਆਂ ਹੇਠਾਂ ਰਿਸ਼ਤੇਦਾਰਾਂ ਦੀ ਪੂਰੀ ਚਹਿਲ-ਪਹਿਲ ਸੀ, ਤੇ ਅਜੇ ਪਹਿਲੀ ਸਲਾਮੀ ਹੀ ਕਾਕੇ ਹਰਕੇਸ਼ ਨੂੰ ਪਈ ਹੋਵੇਗੀ, ਭਗਵਾਨੀ ਪ੍ਰਸਾਦ ਨੇ ਆਪਣੀ ਢਿੱਲੀ ਪਗੜੀ ਲਾਹ ਕੇ ਚੰਦਰ ਭਾਨ ਦੇ ਪੈਰਾਂ ਵਿਚ ਮਾਰ ਕੇ ਲੇਰ ਮਾਰੀ, "ਮੇਰੀ ਲੰਕਾ ਉਜੜੀ ਦਾ ਕੀ ਬਣੇਗਾ, ਅੱਜ ਮੈਨੂੰ ਪੂਰਾ ਅਹਿਸਾਸ ਹੋਇਐ ਕਿ ਸੱਚਮੁੱਚ ਹੀ ਮੇਰੀ ਕੋਈ ਔਕਾਤ ਨਹੀਂ ਸੀ, ਤੇ ਗਰੀਬ ਤੇ ਛੋਟੇ ਲੋਕਾਂ ਦੀ ਔਕਾਤ ਤੁਸੀਂ ਲੋਕ ਰਹਿਣ ਵੀ ਕਿਥੇ ਦਿੰਦੇ ਹੋ! ਉੱਜੜ ਗਿਆਂ ਦੇ ਮੁੜ ਵਸੇਬੇ ਸਰਕਾਰਾਂ ਤੋਂ ਵੀ ਨਹੀਂ ਹੁੰਦੇ।" ਤੇ ਨਾਲ ਹੀ ਬੇਹੋਸ਼ ਕੇ ਭਗਵਾਨੀ ਪ੍ਰਸਾਦ ਹੇਠਾਂ ਜਾ ਪਿਆ।

ਕੁਝ ਕੁ ਲੋਕਾਂ ਨੂੰ ਹੀ ਪਤਾ ਸੀ ਕਿ ਇਹ ਭਗਵਾਨੀ ਪ੍ਰਸਾਦ ਉਹੀ ਹੈ, ਚੰਦਰ ਭਾਨ ਦਾ ਪਹਿਲਾ ਕੁੜਮ, ਜਿਸ ਦਾ ਹੁਣ ਇਰਾਕ ਵਾਂਗ ਬਚਿਆ ਵੀ ਕੁਝ ਨਹੀਂ। ਬਹੁਤੇ ਰਿਸ਼ਤੇਦਾਰ ਅੱਖਾਂ ਰਾਹੀਂ ਪੁੱਛਣ ਦਾ ਯਤਨ ਕਰ ਰਹੇ ਸਨ ਕਿ ਆਖਰ ਹੋਇਆ ਕੀ ਹੈ! ਦਰਅਸਲ, ਮਹਾਂਭਾਰਤ ਵਿਚ ਅੰਨ੍ਹੇ ਧ੍ਰਿਤਰਾਸ਼ਟਰ ਦੀ ਕਹਾਣੀ ਭਾਵੇਂ ਕੁਝ ਵੀ ਹੋਵੇ, ਪਰ ਇਸ ਬਦਕਿਸਮਤ ਬਾਪ ਦੇ ਮਹਾਂਭਾਰਤ 'ਤੇ ਕੋਈ ਬੀ.ਆਰ. ਚੋਪੜਾ ਸ਼ਾਇਦ ਡਰਾਮਾ ਨਾ ਖੇਡੇ!

ਅਸਲ ਵਿਚ ਕਦੇ ਕਿਸੇ ਨੇ ਸੁਆਲ ਹੀ ਨਹੀਂ ਕੀਤਾ ਕਿ ਅਕਸਰ ਮੂਰਤੀਆਂ ਚੁੱਪ ਤੇ ਖਾਮੋਸ਼ ਕਿਉਂ ਹੁੰਦੀਆਂ ਹਨ?

ਹੁਣ ਵਕਤ ਦਾ ਵਰਤਾਰਾ ਮੈਂ ਦੱਸਦਾ ਹਾਂ:

ਕਾਨੂੰਨ ਦੀ ਪੜ੍ਹਾਈ ਵਿਚ ਹਰਕੇਸ਼ ਤੇ ਰੰਜਨਾ ਜਮਾਤੀ ਸਨ। ਵਿਦਿਆਰਥੀਆਂ ਵਾਲੀ ਸਾਂਝ ਸੀ। ਫੀਸ ਦੀ ਸਮੱਸਿਆ ਆਈ ਤਾਂ ਰੰਜਨਾ ਦੇ ਚਿਹਰੇ 'ਤੇ ਉਦਾਸੀ ਵੇਖ ਕੇ ਹਰਕੇਸ਼ ਨੇ ਪੁੱਛਿਆ, "ਤੂੰ ਚੁੱਪ ਕਿਉਂ ਏਂ?"

"ਮਾਂ ਤੁਰ ਗਈ, ਉਹਦੇ ਕਰ ਕੇ ਬਾਪੂ ਦੋ ਕੁ ਮਹੀਨੇ ਤੋਂ ਮੰਡੀ ਵਿਚ ਫਲਾਂ ਦੀ ਰੇਹੜੀ ਨੀਂ ਲਾ ਸਕਿਆ। ਆੜ੍ਹਤੀਆ ਤਾਂ ਕੰਮ ਚਲਾਉਣ ਲਈ ਵੀ ਚਾਰ ਪੈਸੇ ਦੇਣ ਨੂੰ ਤਿਆਰ ਨਹੀਂ...ਬਾਪੂ ਫੀਸ ਕਿਥੋਂ ਦੇਵੇਗਾ?"

ਪੜ੍ਹਨ ਵਿਚ ਸਿਰੇ ਦੀ ਹੁਸ਼ਿਆਰ ਰੰਜਨਾ ਦੀ ਛੇ ਮਹੀਨਿਆਂ ਦੀ ਫੀਸ ਹਰਕੇਸ਼ ਨੇ ਜਮ੍ਹਾਂ ਕਰਵਾ ਕੇ ਕਿਹਾ, "ਘਬਰਾ ਨਾ, ਤੈਨੂੰ ਮੈਂ ਵਕੀਲ ਬਣਾ ਦਿਆਂਗਾ। ਤੇਰਾ ਕੋਈ ਭਰਾ ਨਹੀਂ?"

ਗਰੀਬਾਂ ਦੇ ਕਈ ਘੜੇ ਤਾਂ ਚਲੋ ਕੱਚੇ ਹੁੰਦੇ ਹੀ ਹਨ, ਰੱਬ ਚੱਪਣੀਆਂ ਵੀ ਤੋੜ ਸੁੱਟਦਾ ਹੈ। ਭਰਾ ਨੂੰ ਤੇਰਵੇਂ ਸਾਲ ਵਿਚ ਪੀਲੀਆ ਨਿਗਲ ਗਿਆ। ਮਾਂ ਉਹਦੇ ਗਮ ਵਿਚ ਚਲੇ ਗਈ ਤੇ ਜ਼ਿੰਦਗੀ ਦਾ ਗੱਡਾ ਬਾਪ ਖਿੱਚ ਰਿਹਾ ਹੈ ਤੇ ਧੀ ਧੱਕਾ ਲਾਉਣ ਜੋਗੀ ਵੀ ਨਹੀਂ ਸੀ।

ਹਰਕੇਸ਼ ਦੀ ਹਮਦਰਦੀ ਪਤਾ ਨਹੀਂ ਗਰੀਬੜੀ ਧੀ ਨੂੰ ਪਹਿਲਾਂ ਪਿਆਰ ਵਿਚ ਬਦਲਦੀ ਦਿਸੀ, ਤੇ ਫਿਰ ਮੁਹੱਬਤ ਦੀ ਬੁੱਕਲ ਖੁੱਲ੍ਹ ਗਈ। ਤੇ ਇਕ ਦੂਜੇ 'ਤੇ ਫਿਦਾ ਹੋਣ ਦੀ ਸੱਚੀ ਸਹੁੰ ਮੱਲੋ-ਮੱਲੀ ਮੂੰਹੋਂ ਨਿਕਲ ਗਈ।

ਆਮਦਨ ਕਰ ਕਮਿਸ਼ਨਰ ਬਾਪ ਅਤੇ ਉਹ ਖਾਨਦਾਨ ਜਿਥੇ ਲਸਣ ਦੀ ਪੋਥੀ ਵੀ ਚੌਂਕੇ ਵਿਚ ਨਾ ਵੜਦੀ, ਮਹਿਲਾਂ ਦੀਆਂ ਉਚੀਆਂ ਕੰਧਾਂ, ਨੌਕਰਾਂ-ਚਾਕਰਾਂ ਨਾਲ ਹੋਣ ਵਾਲੀ ਸੇਵਾ ਵਾਲਾ ਆਂਗਣ...ਤੇ ਕਿਥੇ ਸਬਜ਼ੀ ਮੰਡੀ ਨੇੜੇ ਝੁੱਗੀਆਂ ਕੋਲ ਬਣਿਆ ਨਿੱਕਾ ਜਿਹਾ ਭਗਵਾਨੀ ਪ੍ਰਸਾਦ ਦਾ ਤਿੰਨ ਕੁ ਕਮਰਿਆਂ ਵਾਲਾ ਮਿਹਨਤ ਦੇ ਮੁੜ੍ਹਕੇ ਨਾਲ ਬਣਾਇਆ ਮਕਾਨ।

ਜਿੱਦਣ ਹਰਕੇਸ਼ ਆਪਣੇ ਨਾਲ ਰੰਜਨਾ ਤੇ ਉਸ ਦੇ ਬਾਪੂ ਭਗਵਾਨੀ ਪ੍ਰਸਾਦ ਨੂੰ ਲੈ ਕੇ ਸ਼ਾਹੀ ਮਹਿਲਾਂ ਵਿਚ ਅੱਪੜਿਆ, ਤਾਂ ਘੁੰਮਵੀਂ ਕੁਰਸੀ 'ਤੇ ਬੈਠੇ ਚੰਦਰ ਭਾਨ ਨੇ ਰੰਜਨਾ ਦੀ ਖੂਬਸੂਰਤੀ ਵੱਲ ਤਾਂ ਜਿਵੇਂ ਅੱਖਾਂ ਨਾਲ ਹੁੰਗਾਰਾ ਭਰਿਆ ਹੋਵੇ, ਪਰ ਨਾਲ ਹੀ ਆਪਣੇ ਕਾਮਿਆਂ ਵਰਗੇ ਮਨੁੱਖ ਤੱਕ ਕੇ ਪਹਿਲਾਂ ਤਾਂ ਚੁੱਪ ਰਿਹਾ, ਫਿਰ ਨਿੰਬੂ ਪਾਣੀ ਦੇ ਗਲਾਸ ਪਿਉ ਦੇ ਹੱਥ ਜਿਉਂ ਹੀ ਨੌਕਰ ਨੇ ਫੜਾਏ, ਉਹ ਇਸ਼ਾਰੇ ਨਾਲ ਹਰਕੇਸ਼ ਨੂੰ ਅੰਦਰ ਲਿਜਾ ਕੇ ਪੁੱਛਣ ਲੱਗਾ, "ਇਹ ਕੁੜੀ ਤੇ ਬੁੜ੍ਹਾ ਕੌਣ ਨੇ?"

"ਕੁੜੀ ਰੰਜਨਾ ਹੈ ਡੈਡ, ਮੇਰੇ ਨਾਲ ਲਾਅ ਕਰ ਰਹੀ ਹੈ ਤੇ ਨਾਲ ਉਸ ਦਾ ਪਿਤਾ ਹੈ, ਪਰ ਡੈਡ...।"

ਪੁੱਤ ਦਾ ਭੇਤ ਸਮਝਦਿਆਂ ਚੰਦਰ ਭਾਨ ਦੇ ਅਭਿਮਾਨ ਦੀ ਲਾਲੀ ਭੜਕ ਪਈ, "ਅੱਛਾ ਇਹ ਉਹੀ ਕੁੜੀ ਹੈ ਜਿਹਦੀ ਤੂੰ ਖਰਚੇ ਵਿਚ ਮਦਦ ਕਰਨ ਦੀ ਗੱਲ ਆਖਦੈਂ...?" ਤੇ ਪੁੱਤ ਦਾ ਜਵਾਬ ਸੁਣਨ ਤੋਂ ਪਹਿਲਾਂ ਹੀ ਤੋਪ ਦਾ ਗੋਲਾ ਗਰੀਬ 'ਤੇ ਛੱਡਣ ਆ ਗਿਆ, "ਏ ਕੁੜੀਏ! ਤੇਰੀ ਮਦਦ ਕਰਾ'ਤੀ ਇਨਸਾਨੀਅਤ ਦੇ ਨਾਤੇ, ਤੇ ਤੂੰ ਉਲਟਾ ਮੇਰੇ ਪੁੱਤ 'ਤੇ ਡੋਰੀਆਂ ਪਾ ਲਈਆਂ। ਚੁੜੇਲ ਕਿਸੇ ਥਾਂ ਦੀ। ਪੁੱਤ ਨੂੰ ਜੱਜ ਬਣਾਉਣੈ ਮੈਂ...ਤੂੰ ਨੂੰਹ ਬਣਨ ਨੂੰ ਕਾਹਲੀ ਹੋ ਗਈ। ਇਸ ਘਰ ਦੀ ਤੈਨੂੰ ਤਾਂ ਮੈਂ ਨੌਕਰਾਣੀ ਨਾ ਰੱਖਾਂ। ਓਏ...ਤੂੰ ਬੁੜ੍ਹਿਆ ਔਕਾਤ ਵੇਖ ਆਪਣੀ...ਨ੍ਹਾਤੇ ਨੂੰ ਜਿੱਦਾਂ ਮਹੀਨਾ ਹੋ ਗਿਆ ਹੋਵੇ। ਚੱਲਦਾ ਬਣ। ਬੇਰ ਖਾਣੇ ਅੰਬ ਭਾਲਣ ਤੁਰ ਪਏ। ਚੌਕੀਦਾਰ ਲੱਗਣਾ ਤਾਂ ਆ ਜੀਂ ਭਲਕੇ। ਔਕਾਤ ਵੇਖੀਦੀ ਹੁੰਦੀ ਆ ਆਪਣੀ। ਆ ਗਿਆ ਡੋਲਾ ਘਰ ਆਪ ਹੀ ਛੱਡਣ।"

ਤੇ ਪਰਮਾਣੂ ਬੰਬ ਜਿਵੇਂ ਅਮਰੀਕਾ ਨੇ ਮੁੜ ਕੇ ਭੁਲੇਖੇ ਨਾਲ ਸੁੱਟ ਦਿੱਤਾ ਹੋਵੇ। ਉਨ੍ਹੀਂ ਪੈਰੀਂ ਪਿਉ-ਧੀ ਹਵੇਲੀਓਂ ਬਾਹਰ ਹੋ ਗਏ।

ਫਿਰ ਜਿਵੇਂ ਤੂੰਬਾ ਤਾਂ ਰਿਹਾ, ਤਾਰ ਟੁੱਟ ਗਈ। ਰੰਜਨਾ ਤੇ ਹਰਕੇਸ਼ ਮਿਲਦੇ ਰਹੇ। ਜਾਗ ਤਾਂ ਭਾਵੇਂ ਸੀ, ਪਰ ਦੁੱਧ ਨਾ ਰਿਹਾ।

ਦੋ ਕੁ ਵਰ੍ਹੇ ਚੁੱਪ ਬੀਤ ਗਏ। ਜੁਡੀਸ਼ਰੀ ਇਮਤਿਹਾਨ ਰੰਜਨਾ ਤੇ ਹਰਕੇਸ਼ ਨੇ ਇਕੱਠਿਆਂ ਦਿੱਤਾ। ਨਤੀਜੇ ਵਾਲੀ ਅਖਬਾਰ ਬਾਪੂ ਦੇ ਟੇਬਲ 'ਤੇ ਨਕਲੀਆਂ ਦੇ ਚੋਪਾਟੇ ਵਾਂਗ ਮਾਰ ਕੇ ਹਰਕੇਸ਼ ਨੇ ਕਿਹਾ, "ਡੈਡ ਆਹ ਵੇਖ ਨਤੀਜਾ, ਰੰਜਨਾ ਦੂਜੇ ਨੰਬਰ 'ਤੇ ਆਈ ਹੈ, ਬਣ ਗਈ ਨਾ ਜੱਜ!"

"ਤੇ ਤੂੰ?" ਐਨਕ ਦੇ ਉਪਰੋਂ ਦੀ ਦੇਖ ਕੇ ਚੰਦਰ ਭਾਨ ਨੇ ਹੈਰਾਨੀ ਨਾਲ ਪੁੱਛਿਆ।

"ਰਹਿ ਗਿਆਂ ਐਤਕੀਂ! ਨਾਲੇ ਕੀ ਲੈਣਾ ਜੱਜ ਬਣ ਕੇ। ਬਥੇਰਾ ਧਨ-ਦੌਲਤ ਐ। ਰੱਖ ਲਈਂ ਜੱਜ ਨੂੰ ਨੌਕਰਾਣੀ।"

ਤਬਲਾ ਜਿਵੇਂ ਪੁੱਠੇ ਪਾਸੇ ਤੋਂ ਵੱਜਣ ਲੱਗ ਪਿਆ ਹੋਵੇ। ਚੰਦਰ ਭਾਨ ਦੀ ਲੀਡਰਾਂ ਵਰਗੀ ਰਾਜਨੀਤੀ ਉੱਛਲ ਪਈ, "ਅੱਛਾ ਹਾਲੇ ਹਟਿਆ ਨੀਂ। ਵਿਆਹ ਕਰਵਾਉਣਾ ਚਾਹੁੰਨੈ ਤੂੰ? ਜਾ ਜਾ ਕੇ ਕਹਿ ਦੇ ਭਗਵਾਨੀ ਪ੍ਰਸਾਦ ਨੂੰ ਰਿਸ਼ਤਾ ਮਨਜ਼ੂਰ ਐ।" ਰਾਂਝੇ ਨਾਲ ਜਿਵੇਂ ਬੇਲੇ ਤੋਂ ਹੀਰ ਦੀ ਡੋਲੀ ਤੁਰਨ ਲੱਗੀ ਹੋਵੇ। ਖੁਸ਼ੀ ਨਾਲ ਉਛਲਦਾ ਹਰਕੇਸ਼ ਪੰਜ ਡੱਬੇ, ਤੇ ਇਕ ਵੱਖਰਾ, ਲੈ ਕੇ ਸਿੱਧਾ ਭਗਵਾਨੀ ਪ੍ਰਸਾਦ ਦੇ ਘਰੇ ਜਾ ਪੁੱਜਾ। ਰੌਣਕਾਂ ਵਿਚ ਦਸਤਕ ਦੇ ਕੇ ਕਹਿਣ ਲੱਗਾ, "ਰੰਜਨਾ! ਆਹ ਪੰਜ ਡੱਬੇ ਬਰਫ਼ੀ ਦੇ ਤੇਰੇ ਜੱਜ ਬਣਨ ਦੀ ਖੁਸ਼ੀ ਵਿਚ, ਤੇ ਆਹ ਛੇਵਾਂ...ਤੈਨੂੰ ਕੀ ਦੱਸਾਂ...ਰੇਲ ਚੜ੍ਹ ਗਈ ਬਿਨਾਂ ਲਾਈਨ ਤੋਂ ਹੀ ਪਟੜੀ 'ਤੇ...।"

"ਹੁਣ ਉਹਨੂੰ ਪੁੱਛ ਵੱਡੇ ਲਾਟ ਨੂੰ ਬੇਰ ਆ ਕਿ ਅੰਬ...ਆ ਗਿਆ ਨਾ ਲਾਲਚ ਵਿਚ ਪਸੀਨਾ...ਸੋਚਾਂਗੇ ਹਾਲੇ ਨੀਂ...।"

"ਪਿਤਾ ਜੀ ਗੱਲ ਕੀ ਆ ਹੁਣ...ਮੰਨ ਤਾਂ ਗਿਆ ਡੈਡ?"

"ਓਏ ਮਾਰ ਕੇ ਪੁੱਛਦਾ ਏਂ ਸੱਟਾਂ ਕਿਥੇ ਕਿਥੇ ਲੱਗੀਆਂ ਨੇ। ਹੁਣ ਇਹ ਨਹੀਂ ਹੋਵੇਗਾ।"

ਫਿਰ ਕੱਚੀਆਂ ਤੰਦਾਂ ਵੀ ਪੱਕੀਆਂ ਹੁੰਦੀਆਂ ਗਈਆਂ...ਪਿਆਰ ਦੀਆਂ ਪੀਂਘਾਂ ਦੇ ਹੁਲਾਰੇ ਫਿਰ ਉਚੇ ਉਠਣ ਲੱਗੇ, ਤੇ ਆਖਰ ਵਾਅਦਿਆਂ ਦੀ ਇਸ ਖਿੱਚੋਤਾਣ ਵਿਚ ਭਗਵਾਨੀ ਪ੍ਰਸਾਦ ਦਾ ਸਿਰ ਤਾਂ ਧੀ ਦੀਆਂ ਖੁਸ਼ੀਆਂ ਲਈ ਨੀਵਾਂ ਹੋ ਹੀ ਗਿਆ, ਪਰ ਇਕ ਸ਼ਰਤ ਉਸ ਨੇ ਇਹ ਰੱਖ ਦਿੱਤੀ, "ਕਾਕਾ! ਬਾਪੂ ਤੇਰਾ ਤਾਂ ਮੈਖ਼ਾਨੇ ਵਿਚ ਅਮੀਰੀ ਕਰ ਕੇ ਵੜਿਆ ਰਹੇ, ਠੀਕ ਹੈ, ਪਰ ਤੂੰ ਉਦੋਂ ਤੱਕ ਸ਼ਰਾਬ ਮੂੰਹ ਨਹੀਂ ਲਾਵੇਂਗਾ ਜਦੋਂ ਤੱਕ ਤੂੰ ਵੀ ਜੱਜ ਨਾ ਬਣ ਜਾਵੇਂ।"

ਤੇ ਪਿਆਰ ਦੀ ਪ੍ਰਵਾਨਗੀ ਨਾਲ ਬਣੀ ਖੀਰ ਵਿਚ ਸ਼ਰਤਾਂ ਵੀ ਦਾਖਾਂ ਤੇ ਮੁਨੱਕੇ ਹੀ ਲੱਗਦੀਆਂ ਹੁੰਦੀਆਂ ਨੇ!

ਧੀ ਜੱਜ ਬਣੀ ਦੇਖ ਕੇ ਜਿਹੜੇ ਦੋ ਸੌ ਦਾ ਉਧਾਰ ਫਰੂਟ ਨਹੀਂ ਸਨ ਦਿੰਦੇ, ਉਨ੍ਹਾਂ ਆੜ੍ਹਤੀਆਂ ਨੇ ਗੱਜ-ਵੱਜ ਕੇ ਵਿਆਹ ਕਰਨ ਲਈ ਮੱਲੋ-ਮੱਲੀ ਉਧਾਰ ਦੀਆਂ ਪੰਡਾਂ ਭਗਵਾਨੀ ਪ੍ਰਸਾਦ ਦੇ ਘਰ ਸੁੱਟ ਦਿੱਤੀਆਂ।

ਪੈਲੇਸ ਵਿਚ ਸ਼ਾਹੀ ਵਾਜਾ ਵੱਜਿਆ, ਮਹਿੰਗੀਆਂ ਕਾਰਾਂ ਆਈਆਂ, ਕੀਮਤੀ ਸ਼ਰਾਬਾਂ ਡੁੱਲ੍ਹਦੀਆਂ ਰਹੀਆਂ ਤੇ ਜਦੋਂ ਗਰੀਬ ਦੀ ਲਾਇਕ ਧੀ ਨਾਲ, ਮਹਿਲਾਂ ਦੇ ਪ੍ਰਿੰਸ ਚਾਰਲਸ ਦੇ ਫੇਰੇ ਹੋਏ ਤਾਂ ਦੀਵਾਲੀ ਵਰਗੇ ਪਟਾਕੇ ਚੱਲਣ ਲੱਗੇ, ਔਕਾਤ ਪਰਖਣ ਵਾਲਾ ਚੰਦਰ ਭਾਨ ਨਸ਼ੇ ਦੀ ਲੋਰ ਵਿਚ ਆਪ ਨੱਚਿਆ।

ਮਹਿਲਾਂ ਨਾਲ ਕੁੱਲੀਆਂ ਦਾ ਹੱਥ ਮਿਲਦਾ ਵੇਖ ਕੇ ਖੁਸ਼ ਤਾਂ ਸਾਰੇ ਸਨ, ਤੇ ਪਤਾ ਵੀ ਸਾਰਿਆਂ ਨੂੰ ਸੀ ਕਿ ਵਿਆਹ ਰੰਜਨਾ ਦਾ ਨਹੀਂ, ਜੱਜ ਦਾ ਹੋ ਰਿਹਾ ਹੈ।

ਡੋਲੀ ਤੁਰਨ ਵੇਲੇ ਚੰਦਰ ਭਾਨ ਨੇ ਭਾਨ ਨਹੀਂ, ਨੋਟ ਸੁੱਟੇ, ਤੇ ਰੰਜਨਾ ਨੇ ਵਿਲਕਦੇ ਤੇ ਸਿਸਕਦੇ ਬਾਪ ਦੇ ਗਲੋਂ ਲੱਥ ਕੇ ਕਾਲੇ ਰੰਗ ਦੀ ਫੁੱਲਾਂ ਵਾਲੀ ਕਾਰ ਵਿਚ ਪੈਰ ਧਰ ਲਿਆ।

"ਜੰਗ ਫਿਰ ਜਿੱਤ ਹੀ ਲਈ ਮੇਰੀਏ ਜਾਨੇ!"

"ਤੁਸੀਂ ਸ਼ਰਾਬ ਪੀਤੀ ਐ?"

"ਅੱਜ ਲਾ ਲਈ ਘੁੱਟ ਖੁਸ਼ੀ ਵਿਚ।" ਤੇ ਨਾਲ ਹੀ ਗੱਡੀ ਰੋਕ ਕੇ ਡਰਾਈਵਰ ਨੂੰ ਪੈਗ ਬਣਾਉਣ ਲਈ ਆਖ ਦਿੱਤਾ।

ਨਸ਼ੇ ਨੇ ਅੰਦਰ ਖਰੂਦ ਭਰਿਆ ਤਾਂ ਹਰਕੇਸ਼ ਡਰਾਈਵਰ ਨੂੰ ਕਹਿਣ ਲੱਗਾ, "ਤੂੰ ਪਿੱਛੇ ਆ, ਮੈਂ ਚਲਾਉਨਾਂ ਗੱਡੀ।" ਤੇ ਉਹਦੇ ਨਾਂਹ ਨਾਂਹ ਕਰਦਿਆਂ ਵੀ ਰੰਜਨਾ ਨੂੰ ਅਗਲੀ ਸੀਟ 'ਤੇ ਬਿਠਾ ਕੇ ਗੱਡੀ ਚਲਾਉਣ ਲੱਗ ਪਿਆ।

ਰੰਜਨਾ ਨੂੰ ਲੱਗਦਾ ਸੀ ਕਿ ਅੱਜ ਹਰਕੇਸ਼ ਕੁਝ ਜ਼ਿਆਦਾ ਹੀ ਕਰ ਰਿਹਾ ਹੈ, ਸੁੱਖ ਨਹੀਂ ਲੱਗਦੀ। ਸਾਹਮਣਿਓਂ ਤੇਜ਼ ਟਰੱਕ ਉਪਰ ਚੜ੍ਹਿਆ ਆਉਂਦਾ ਦੇਖ, "ਕੀ ਕਰਦੈਂ ਹਰਕੇਸ਼", ਤੇ ਨਾਲ ਹੀ ਬਚਾਅ ਲਈ ਸਟੇਅਰਿੰਗ ਦੂਜੇ ਪਾਸੇ ਘੁਮਾ ਦਿੱਤਾ। ਕਾਰ ਬੇਕਾਬੂ ਹੋ ਕੇ ਦਰਖਤ ਵਿਚ ਵੱਜੀ ਤੇ ਜਿਵੇਂ ਉਸ ਦੀਆਂ ਜੜ੍ਹਾਂ ਹਿੱਲ ਗਈਆਂ ਹੋਣ! ਚੂੜਾ ਟੁਕੜੇ ਤੇ ਮਾਂਗ ਵਿਚੋਂ ਸੰਧੂਰ ਦੇ ਨਾਲ ਹੀ ਧਰਾਲਾਂ ਪੈ ਗਈਆਂ ਰੰਜਨਾ ਦੀਆਂ।

ਕਹਾਣੀ ਥਾਏਂ ਖਤਮ ਤੇ ਬਚ ਗਿਆ ਸ਼ਰਾਬੀ, ਅਮੀਰ ਤੇ ਵੱਡਿਆਂ ਘਰਾਂ ਦਾ ਕਾਕਾ।

ਜੱਜ ਦੀ ਲਾਸ਼ ਬਣ ਗਈ ਸੀ।

...ਤੇ ਬੇਹੋਸ਼ ਹੋ ਕੇ ਪੈਰਾਂ ਵਿਚ ਪੱਗ ਸੁੱਟਣ ਵਾਲੇ ਭਗਵਾਨੀ ਪ੍ਰਸਾਦ ਨੂੰ ਪਤਾ ਸੀ ਕਿ ਅੱਜ ਹਰਕੇਸ਼ ਤਾਂ ਫਿਰ ਸਿਹਰੇ ਬੰਨ੍ਹ ਲਵੇਗਾ, ਪਰ ਧੀ ਦਾ ਕਫ਼ਨ ਉਵੇਂ ਦਿਸ ਰਿਹਾ ਹੈ...ਪੱਲੇ ਹੈ ਹੀ ਕੀ ਸੀ, ਤੇ ਫਿਰ ਔਕਾਤ ਨੇ ਕੀ ਬਚਣਾ ਸੀ।

ਚਲੋ! ਆਤਮਾ ਸ਼ਾਂਤ ਹੋਣ ਲਈ ਆਖਦੀ ਹੀ ਹੁੰਦੀ ਹੈ।

## ਗਜ਼ਲ

ਹਰ ਖਾਸ ਕੋਸ਼ਿਸ਼ ਕੀਤੀ ਏ, ਹਰ ਆਮ ਕੋਸ਼ਿਸ਼ ਕੀਤੀ ਏ।
ਮੇਰੀ ਇਹ ਜਿੰਦ ਮਿਟਾਉਣ ਦੀ, ਸ਼ਰੇਆਮ ਕੋਸ਼ਿਸ਼ ਕੀਤੀ ਏ।
ਦਿਲ ਦੇ ਹਰ ਅਰਮਾਨ ਨੂੰ ਮੈਂ ਤਾਂ ਜਲਾਇਆ ਸੀ ਆਪ ਹੀ,
ਤੂੰ ਰਾਖ ਨੂੰ ਅੱਗ ਲਾਉਣ ਦੀ, ਨਾਕਾਮ ਕੋਸ਼ਿਸ਼ ਕੀਤੀ ਏ।
ਟੁੱਟ ਗਿਆ ਹਾਂ ਮੈਂ ਵੀ ਅੱਜ, ਉਸ ਭਾਰੀ ਰੁੱਖ ਦੇ ਵਾਂਗ ਹੀ,
ਜਿਸ ਛਾਂਵਾਂ ਵੰਡਣ ਦੀ ਸਦਾ ਨਿਸ਼ਕਾਮ ਕੋਸ਼ਿਸ਼ ਕੀਤੀ ਏ।
ਅਗਰਬੱਤੀ ਦੇ ਆਖਰੀ ਹਿੱਸੇ ਤਰ੍ਹਾਂ, ਬਚਿਆ ਹਾਂ ਹੌਸਲੇ ਨਾਲ,
ਪਰ ਤੁਸੀਂ ਮੈਨੂੰ ਜਲਾਉਣ ਦੀ, ਤਮਾਮ ਕੋਸ਼ਿਸ਼ ਕੀਤੀ ਏ।
ਜਾਣੇ-ਪਛਾਣੇ ਸੀ ਕਾਤਲ, ਸਾਜ਼ਿਸ਼ ਵੀ ਬੜੀ ਪੁਰਾਣੀ ਸੀ,
ਫਿਰ ਕਿਉਂ ਸ਼ਰਾਰਤ 'ਸੈਂਪਲੇ', ਬੇਨਾਮ ਕੋਸ਼ਿਸ਼ ਕੀਤੀ ਏ।

*-ਨਾਇਬ ਸਿੰਘ 'ਸੈਂਪਲੇ', ਫੋਨ: 91-98724-05203*

## ਗੱਲ ਬਣੀ ਕਿ ਨਹੀਂ

*-ਐਸ. ਅਸ਼ੋਕ ਭੌਰਾ*

### ਬਾਂਸ ਬਰੇਲੀ ਨੂੰ

ਹਾਏ ਓਏ ਰੱਬਾ! ਆਹ ਕੀ ਹੁੰਦੀਆਂ? ਥਾਂ ਥਾਂ ਤੇਰੀਆਂ ਖੇਲਾਂ ਨੇ।
ਸੁਰਗਾਂ ਵਰਗੀਆਂ ਲਗਦੀਆਂ ਅੱਜ ਕੱਲ, ਬਾਬਿਆਂ ਨੂੰ ਇਹ ਜੇਲ੍ਹਾਂ ਨੇ।
ਲੁੱਚੇ ਬਹਿ ਕੇ ਸੀਖਾਂ ਪਿੱਛੇ, ਨਿੱਤ ਹੀ ਕਤਲ ਕਰਾਉਂਦੇ ਨੇ,
ਰਹਿ ਜਾਣਗੀਆਂ ਹਰੀਆਂ ਕਿੱਦਾਂ, ਧਰਮ ਤੇਰੇ ਦੀਆਂ ਵੇਲਾਂ ਨੇ।
ਰੱਖੇ ਨੇ ਬਦਮਾਸ਼ ਦੁਆਲੇ, ਚਰਨੀਂ ਡਿੱਗਦੇ ਭੋਲੇ ਲੋਕ,
ਇਉਂ ਲੱਗਦੈ ਜਿਉਂ ਨਾਮ ਤੇਰੇ ਦੀਆਂ, ਡੇਰਿਆਂ ਅੰਦਰ ਸੇਲਾਂ ਨੇ।
ਨਾ ਗਾਰਡ, ਨਾ ਝੰਡੀ ਹੱਥ ਵਿਚ ਕਿਥੇ ਕੋਈ ਰੋਕ ਲਊ,
ਪਾਪ ਦੀਆਂ ਇਹ ਭੱਜੀਆਂ ਫਿਰਦੀਆਂ, ਬਿਨ ਪਟੜੀ ਤੋਂ ਰੇਲਾਂ ਨੇ।
ਕੱਟੇ ਵਰਗਾ ਸਾਧ ਹਰਾਮੀ, ਇਹਦੇ ਤੋਂ ਕੀ ਮਿਲਜੂ'ਗਾ,
ਸਿਰ 'ਤੇ ਜਟਾਂ, ਜੂਆਂ ਜਟਾਂ ਵਿਚ, ਕਿੰਜ ਸਮਝਾਈਏ ਚੇਲੀ ਨੂੰ।
ਪਖੰਡਪੁਣੇ ਦਾ ਸਿਖਰ ਹੈ 'ਭੌਰੇ', ਚੰਦ ਚੜ੍ਹਨੋਂ ਕੀ ਰਹਿੰਦਾ ਏ?
ਸੁਣਦੇ ਸਾਂ, ਹੁਣ ਵੇਖਿਆ, ਜਾਂਦਾ ਸੱਚੀਂ ਬਾਂਸ ਬਰੇਲੀ ਨੂੰ।

ਗੁਰਮਤਿ ਗਿਆਨ



ਡਾ. ਗੁਰਨਾਮ ਕੌਰ, ਕੈਨੇਡਾ

# ਅਰਦਾਸਿ ਸੁਣੀ ਦਾਤਾਰਿ

'ਅਰਦਾਸ' ਸਿੱਖ ਧਰਮ ਦਾ ਇੱਕ ਵਿਲੱਖਣ ਸੰਕਲਪ ਹੈ। ਕੁਝ ਵਿਦਵਾਨਾਂ ਅਨੁਸਾਰ 'ਅਰਦਾਸ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਧਾਤੂ ਅਰਦ ਅਤੇ ਆਸ ਵਿਚ ਹੈ। ਅਰਦ ਦਾ ਅਰਥ ਹੈ ਪੁੱਛਣਾ, ਮੰਗਣਾ, ਪ੍ਰਾਰਥਨਾ ਕਰਨੀ ਅਤੇ ਆਸ ਦਾ ਅਰਥ ਹੈ ਇੱਛਾ, ਆਸ ਅਤੇ ਖਾਹਿਸ਼। ਇਸ ਤਰ੍ਹਾਂ ਅਰਦਾਸ ਦਾ ਪੂਰਨ ਅਰਥ ਹੈ, ਜੋ ਇੱਛਾ ਹੈ ਉਸ ਨੂੰ ਮੰਗਣਾ। ਕੁਝ ਵਿਦਵਾਨ 'ਅਰਦਾਸ' ਸ਼ਬਦ ਨੂੰ ਫਾਰਸੀ ਦੇ ਸ਼ਬਦ ਅਰਜ਼ਦਾਸਤ ਤੋਂ ਆਇਆ ਮੰਨਦੇ ਹਨ ਜਿਸ ਦਾ ਅਰਥ ਹੈ ਪ੍ਰਾਰਥਨਾ, ਬੇਨਤੀ। ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਅਰਦਾਸ ਸ਼ਬਦ ਦੀ ਵਿਆਖਿਆ ਕਰਦਿਆਂ ਸੰਸਕ੍ਰਿਤ ਅਤੇ ਫਾਰਸੀ ਦੋਵਾਂ ਦਾ ਜ਼ਿਕਰ ਕੀਤਾ ਹੈ। (ਭਾਸ਼ਾ ਵਿਗਿਆਨੀ ਹੋਣ ਦੇ ਨਾਤੇ ਬਲਜੀਤ ਬਾਸੀ ਤੋਂ ਆਸ ਕੀਤੀ ਜਾ ਸਕਦੀ ਹੈ ਕਿ ਉਹ ਇਸ 'ਤੇ ਚਾਨਣਾ ਪਾਉਣ)

ਅਰਦਾਸ ਸ਼ਬਦ ਦਾ ਮੂਲ ਭਾਵੇਂ ਦੋਵਾਂ ਭਾਸ਼ਾਵਾਂ ਵਿਚੋਂ ਕਿਸੇ ਵਿਚ ਵੀ ਹੋਵੇ ਪਰ 'ਅਰਦਾਸ' ਸੰਕਲਪ ਅਤੇ ਪਰੰਪਰਾ ਦੇ ਤੌਰ 'ਤੇ ਸਿੱਖ ਧਰਮ ਦਾ ਇੱਕ ਵਿਲੱਖਣ ਅਤੇ ਆਪਣਾ ਸੰਕਲਪ ਹੈ, ਸਿੱਖ ਧਰਮ ਦੀ ਅਨੋਖੀ ਅਤੇ ਅਨੂਠੀ ਰਵਾਇਤ ਹੈ। ਇਸ਼ਟ ਅੱਗੇ ਪ੍ਰਾਰਥਨਾ ਕਰਨ ਦੀ ਰਵਾਇਤ ਹੋਰ ਧਰਮਾਂ ਜਿਵੇਂ ਯਹੂਦੀ, ਈਸਾਈ ਮਤ ਅਤੇ ਇਸਲਾਮ ਵਿਚ ਵੀ ਪ੍ਰਾਪਤ ਹੈ। ਅਰਦਾਸ ਦਾ ਧਰਮ ਨਾਲ ਸਬੰਧ ਅਸਲ ਵਿਚ ਧਰਮ ਦੇ ਇਕ-ਈਸ਼ਵਰਵਾਦੀ ਹੋਣ ਨਾਲ ਹੈ। ਇਕ-ਈਸ਼ਵਰਵਾਦੀ ਧਰਮ ਵਿਚ ਹੀ ਆਤਮਾ ਦਾ ਪਰਮਾਤਮਾ ਜਾਂ ਰੱਬ ਨਾਲ ਸਿੱਧਾ ਸੰਪਰਕ ਸਮਝਿਆ ਜਾਂਦਾ ਹੈ।

ਬਹੁ-ਦੇਵਵਾਦੀ ਧਰਮਾਂ ਵਿਚ ਅਰਦਾਸ ਦਾ ਕੋਈ ਬਹੁਤਾ ਮਹੱਤਵ ਨਹੀਂ ਹੈ ਜਿਵੇਂ ਹਿੰਦੂ ਮਤ ਵਿਚ। ਹਿੰਦੂ ਮਤ ਵਿਚ ਵੇਦ-ਕਾਲ ਤੋਂ ਲੈ ਕੇ ਦੇਵਤਿਆਂ ਨੂੰ ਖੁਸ਼ ਕਰਨ ਲਈ ਹਵਨ ਅਤੇ ਯੱਗ ਕੀਤੇ ਜਾਂਦੇ ਤੇ ਖਾਸ ਸਮਿਆਂ ਤੇ ਖਾਸ ਮੰਤਰ ਪੜ੍ਹੇ ਜਾਂਦੇ ਰਹੇ ਹਨ। ਵੇਦ-ਕਾਲ ਤੋਂ ਬਾਅਦ ਜਦੋਂ ਯੱਗ ਅਤੇ ਹਵਨ ਦਾ ਰਿਵਾਜ ਘਟ ਗਿਆ ਤਾਂ ਮੰਦਰਾਂ ਵਿਚ ਵੱਖ-ਵੱਖ ਦੇਵੀ-ਦੇਵਤਿਆਂ ਦੇ ਬੁੱਤਾਂ ਦੀ ਪੂਜਾ ਹੋਣ ਲੱਗ ਪਈ। ਨਿਰ-ਈਸ਼ਵਰਵਾਦੀ ਧਰਮਾਂ ਵਿਚ ਅਰਦਾਸ ਦਾ ਕੋਈ ਮਹੱਤਵ ਨਹੀਂ ਜਿਵੇਂ ਜੈਨ ਧਰਮ ਅਤੇ ਬੁੱਧ ਧਰਮ। ਅਰਦਾਸ ਅਕਾਲ ਪੁਰਖ ਨੂੰ ਹੀ ਇੱਕੋ ਇੱਕ ਪਰਮ ਸ਼ਕਤੀ ਮੰਨਦੇ ਹੋਏ ਉਸ ਅੱਗੇ ਆਤਮ-ਸਮਰਪਣ ਦੀ ਭਾਵਨਾ ਨਾਲ ਹੀ ਕੀਤੀ ਜਾਂਦੀ ਹੈ, ਕਿਸੇ ਸਿੱਧ, ਯੋਗੀ ਜਾਂ ਤੀਰਥੰਕਰ ਨੂੰ ਖੁਸ਼ ਕਰਨ ਲਈ ਨਹੀਂ। ਜੈਨੀਆਂ ਅਨੁਸਾਰ ਸਿਹਤ, ਖੁਸ਼ਹਾਲੀ, ਪ੍ਰਸਿੱਧੀ ਜਾਂ ਹੋਰ ਪ੍ਰਾਪਤੀਆਂ ਲਈ ਅਰਦਾਸ ਕਰਨ ਦਾ ਕੋਈ ਤਾਰਕਿਕ ਪੱਧਰ ਨਹੀਂ ਹੈ ਕਿਉਂਕਿ ਇਹ ਸਭ 'ਕਰਮ' ਰਾਹੀਂ ਨਿਰਧਾਰਤ ਹੁੰਦੀਆਂ ਹਨ। ਬੁੱਧ ਧਰਮ ਕਰਤਾ ਪੁਰਖ ਦੀ ਹੋਂਦ ਵਿਚ ਵਿਸ਼ਵਾਸ ਨਹੀਂ ਕਰਦਾ। ਇਸ ਲਈ ਬੁੱਧ ਮਤ ਅਨੁਸਾਰ ਧਰਮ ਦੀ ਪਰਪੱਕਤਾ ਮਨੁੱਖ ਦੇ ਆਪਣੇ ਆਪੇ ਦੀ ਸੰਪੂਰਨਤਾ ਵਿਚ ਹੀ ਨਿਹਤ ਮੰਨੀ ਜਾਂਦੀ ਹੈ। ਇਸੇ ਲਈ ਬੁੱਧ ਧਰਮ ਵਿਚ ਵੀ ਅਰਦਾਸ ਦਾ ਕੋਈ ਮਹੱਤਵ ਨਹੀਂ ਹੈ, ਬਲਕਿ ਬੁੱਧ ਨੇ ਪਰਮਾਤਮਾ ਅੱਗੇ ਅਰਦਾਸ ਦੀ ਮਨਾਹੀ ਕੀਤੀ ਹੈ।

ਅਰਦਾਸ, ਜ਼ਰੂਰੀ ਤੌਰ 'ਤੇ ਕੋਈ ਲਾਭ ਮੰਗਣ ਲਈ ਪਰਮਾਤਮਾ ਅੱਗੇ ਦਰਖਾਸਤ ਨਹੀਂ ਹੈ। ਮਨੁੱਖੀ ਸੁਰਤਿ ਦੀ ਪਰਮ ਹਸਤੀ ਨਾਲ ਲਿਵਲੀਨਤਾ ਦੇ ਛਿਣਾਂ ਨੂੰ ਅਰਦਾਸ ਕਿਹਾ ਜਾ ਸਕਦਾ ਹੈ। ਇਹ ਮਨੁੱਖੀ ਮਨ ਦਾ ਪਰਮ ਹਸਤੀ ਵੱਲ ਉਮੜਨਾ ਹੈ। ਇਸ ਤਰ੍ਹਾਂ ਮਨੁੱਖੀ ਮਨ ਦਾ ਉਮੜਨਾ, ਅਕਾਲ ਪੁਰਖ ਦੀ ਵਡਿਆਈ, ਉਸ ਅੱਗੇ ਆਪਣੇ ਮਨ ਦੇ ਅਹਿਸਾਸਾਂ, ਤੌਖਲਿਆਂ ਨੂੰ ਜ਼ਾਹਿਰ ਕਰਨਾ ਅਤੇ ਖਾਸ ਰਹਿਮਤਾਂ ਲਈ ਦੁਆ ਮੰਗਣਾ ਅਰਦਾਸ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ।

ਸਿੱਖ ਚਿੰਤਨ ਵਿਚ ਮੁੱਖ ਬਲ ਇਸ ਤੱਥ 'ਤੇ ਦਿੱਤਾ ਗਿਆ ਹੈ ਕਿ ਮਨੁੱਖ ਨੇ ਅਗਿਆਨ ਤੋਂ ਬਾਹਰ ਆਉਣਾ ਹੈ, ਉਸ ਪਰਮ ਸਤਾ ਦਾ ਗਿਆਨ ਪ੍ਰਾਪਤ ਕਰਨਾ ਹੈ, ਉਸ ਦੇ ਗੁਣਾਂ ਨੂੰ ਯਾਦ ਕਰਦਿਆਂ ਆਪਣੇ ਅੰਦਰ ਉਹ ਗੁਣ ਪੈਦਾ ਕਰਨੇ ਹਨ ਜਿਨ੍ਹਾਂ ਅਨੁਸਾਰ ਸਕ੍ਰਿਅ ਵਿਅਕਤਿਤਵ ਘੜਨਾ ਹੈ, ਅਜਿਹਾ ਵਿਅਕਤਿਤਵ ਜੋ ਅਕਾਲ ਪੁਰਖ ਦੀ ਨੇੜਤਾ ਦਾ ਅਹਿਸਾਸ ਜਗਾਵੇ ਅਤੇ ਉਸ ਦੀ ਹਜ਼ੂਰੀ ਨੂੰ ਅਨੁਭਵ ਕਰ ਸਕੇ ਅਤੇ ਉਸ ਨਾਲ ਇਕਸੁਰ ਹੋ ਕੇ ਜੀਵਨ ਬਸਰ ਕਰੇ। ਮਨੁੱਖ ਨੇ ਅਜਿਹੇ ਹਾਲਾਤ ਦੀ ਸਿਰਜਣਾ ਕਰਨ ਦਾ ਯਤਨ ਕਰਨਾ ਹੈ ਜਿਸ ਵਿਚ ਇਸ ਕਿਸਮ ਦੇ ਵਿਅਕਤਿਤਵ ਦਾ ਵਿਕਾਸ ਹੋ ਸਕੇ ਅਤੇ ਉਚਤਮ ਸਤਿ ਨਾਲ ਇਕਸੁਰਤਾ ਪੈਦਾ ਹੋਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਹੀ ਜਪੁਜੀ ਵਿਚ ਗੁਰੂ ਨਾਨਕ ਸਾਹਿਬ ਨੇ ਮਨੁੱਖ ਦੇ ਸਾਹਮਣੇ ਆਦਰਸ਼ 'ਸਚਿਆਰ' ਹੋਣ ਦਾ ਰੱਖਿਆ ਹੈ, "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ" ਅਤੇ ਨਾਲ ਹੀ ਗੁਰੂ ਸਾਹਿਬ ਨੇ ਇਸ ਦਾ ਉਤਰ ਵੀ ਦੇ ਦਿੱਤਾ ਹੈ, "ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥" ਮੂਲ ਮੰਤਰ ਵਿਚ ਅਕਾਲ ਪੁਰਖ ਦੇ ਜੋ ਗੁਣ ਬਿਆਨ ਕੀਤੇ ਗਏ ਹਨ, ਉਨ੍ਹਾਂ ਗੁਣਾਂ ਨੂੰ ਆਪਣੇ ਅੰਦਰ ਵਸਾਉਣਾ ਹੈ ਅਤੇ ਆਪਣੇ ਵਿਅਕਤਿਤਵ ਦਾ ਹਿੱਸਾ ਬਣਾਉਣਾ ਹੈ। ਮਨੁੱਖ ਦੇ ਸਾਹਮਣੇ ਰੱਖਿਆ ਗਿਆ ਇਹ ਆਦਰਸ਼ ਆਪਣੇ ਉਸ ਇਸ਼ਟ ਵਰਗਾ ਹੋਣ ਦਾ ਹੈ, ਕਿਉਂਕਿ ਗੁਰਮਤਿ ਚਿੰਤਨ ਅਨੁਸਾਰ ਜਿਸ ਕਿਸਮ ਦੇ ਇਸ਼ਟ ਨੂੰ ਮਨੁੱਖ ਧਿਆਉਂਦਾ ਹੈ, ਉਸ ਦਾ ਵਿਅਕਤਿਤਵ ਵੀ ਉਹੋ ਜਿਹਾ ਹੀ ਘੜਿਆ ਜਾਂਦਾ ਹੈ, "ਜੈਸਾ ਸੇਵੈ ਤੈਸੋ ਹੋਇ॥"

ਅਰਦਾਸ, ਇਸ ਉਪਰ ਦੱਸੇ ਆਦਰਸ਼ ਤੱਕ ਪਹੁੰਚ ਸਕਣ ਲਈ, ਇਸ ਨੂੰ ਅਨੁਭਵ ਕਰ ਸਕਣ, ਇਸ ਦਾ ਅਨੁਸਾਰੀ ਹੋ ਕੇ ਜੀਅ ਸਕਣ ਅਤੇ ਦੂਸਰਿਆਂ ਨੂੰ ਇਸ ਕਿਸਮ ਦਾ ਜੀਵਨ ਜਿਉਣ ਦੇਣ ਦੇ ਉਪਰਾਲੇ ਵਾਸਤੇ ਬਿਨੈ ਵੀ ਹੈ, ਉਤਸ਼ਾਹ ਦੇਣ ਵਾਲਾ ਪ੍ਰੇਰਨਾ ਸਰੋਤ ਵੀ ਹੈ ਅਤੇ ਵਾਹਿਗੁਰੂ ਅੱਗੇ ਜੀਵ-ਆਤਮਾ ਦਾ ਸਮਰਪਣ ਵੀ ਹੈ। ਕੂੜ ਅਰਥਾਤ ਹਉਮੈ ਦੀ ਕੰਧ ਨੂੰ ਤੋੜ ਕੇ, ਉਸ ਗਿਆਨ ਦੀ ਪ੍ਰਾਪਤੀ ਰਾਹੀਂ ਵਾਹਿਗੁਰੂ ਦੇ ਹੁਕਮ ਦਾ ਅਨੁਸਾਰੀ ਹੋ ਕੇ ਉਹ ਮਨੁੱਖ ਹੀ ਜਿਉਂ ਸਕਦਾ ਹੈ ਜੋ ਵਾਹਿਗੁਰੂ ਦੇ ਹਜ਼ੂਰ ਆਪਣੇ ਆਪੇ ਦਾ ਪੂਰਨ ਸਮਰਪਣ ਕਰਦਾ ਹੈ। ਸਿੱਖ ਚਿੰਤਨ ਅਨੁਸਾਰ ਵਿਚਾਰ, ਭਗਤੀ ਅਤੇ ਵਾਹਿਗੁਰੂ ਦੀ ਨਦਰਿ ਜੀਵ ਨੂੰ ਉਸ ਪਰਮ ਸਤਿ ਦੇ ਅਨੁਭਵ ਵੱਲ ਲੈ ਜਾਂਦੀ ਹੈ। ਇਸ ਰਸਤੇ 'ਤੇ ਚਲਦਿਆਂ ਮਨੁੱਖ ਦੀ ਬੁੱਧੀ ਅਤੇ ਉਸ ਦੀ ਸ਼ਖਸੀਅਤ ਵਿਕਾਸ ਕਰਦੀ ਹੈ। ਸਿੱਖ ਧਰਮ ਵਿਚ ਵਾਹਿਗੁਰੂ ਅੱਗੇ ਅਰਦਾਸ ਕਰਕੇ ਇਨ੍ਹਾਂ ਤਿੰਨਾਂ ਦੀ ਅਕਾਂਖਿਆ ਕੀਤੀ ਗਈ ਹੈ।

ਜਪੁਜੀ ਵਿਚ 'ਖੰਡਾਂ' ਦੀਆਂ ਪਉੜੀਆਂ ਵਿਚ ਗਿਆਨ ਦਾ ਜੋ ਸਿਧਾਂਤ ਦਿਤਾ ਗਿਆ ਹੈ, ਉਸ ਵਿਚ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਮਨੁੱਖ ਕੁਦਰਤ ਤੋਂ ਕਾਦਰ ਵੱਲ, ਰਚਨਾ ਤੋਂ ਰਚਨਹਾਰ ਵੱਲ ਵਿਕਾਸ ਕਰਦਾ ਹੈ। ਇਥੇ ਵਿਚਾਰ, ਭਗਤੀ ਅਤੇ ਨਦਰਿ ਦੀ ਵਿਆਖਿਆ ਕੀਤੀ ਗਈ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਇੱਕ ਲੰਮੀ ਅਰਦਾਸ ਹੈ ਜਿਸ ਵਿਚ ਵਿਚਾਰ ਰਾਹੀਂ ਮਨੁੱਖ ਭਗਤੀ ਕਰਦਾ ਹੈ ਅਤੇ ਵਾਹਿਗੁਰੂ ਦੀ ਨਦਰਿ ਦਾ ਪਾਤਰ ਬਣਦਾ ਹੈ। ਸਿੱਖ ਧਰਮ ਵਿਚ ਭਗਤੀ ਨਾਮ ਸਿਮਰਣ, ਉਸ ਪਰਵਰਦਗਾਰ ਦੇ ਗੁਣਾਂ ਦਾ ਗਾਇਣ ਕਰਨ ਨਾਲ ਜੁੜੀ ਹੋਈ ਹੈ ਅਤੇ ਅਰਦਾਸ ਇਸ ਦਾ ਜ਼ਰੂਰੀ ਅੰਗ ਹੈ। ਨਾਮ ਸਿਮਰਨ ਅਤੇ ਅਰਦਾਸ ਆਪਣੇ ਆਪ ਨੂੰ ਵਾਹਿਗੁਰੂ ਦੇ ਸਮਰਪਣ ਕਰ ਦੇਣਾ ਹੈ। ਇਸ ਤਰ੍ਹਾਂ ਮਨੁੱਖ, ਭਾਵੇਂ ਉਹ ਇਸਤਰੀ ਹੋਵੇ ਜਾਂ ਪੁਰਸ਼, ਆਪਣੀ ਸ਼ਖਸੀਅਤ ਦਾ ਵਿਕਾਸ ਕਰਕੇ ਵਾਹਿਗੁਰੂ ਦੀ ਹਜ਼ੂਰੀ ਦਾ ਅਨੁਭਵ ਕਰ ਸਕਦਾ ਹੈ ਅਤੇ ਅਜਿਹੇ ਹਾਲਾਤ, ਵਾਤਾਵਰਣ ਦੀ ਸਿਰਜਣਾ ਹਿਤ ਜੁਝਦਾ ਹੈ ਜਿਸ ਵਿਚ ਸਰਬ ਲੋਕਾਈ ਲਈ ਇਸ ਅਵਸਰ ਨੂੰ ਪ੍ਰਾਪਤ ਕਰਨਾ ਸੰਭਵ ਹੋ ਸਕੇ। ਇਸੇ ਨੂੰ ਸਿੱਖ ਧਰਮ ਦਰਸ਼ਨ ਅਨੁਸਾਰ 'ਧਰਮ ਯੁੱਧ' ਕਿਹਾ ਜਾ ਸਕਦਾ ਹੈ।

ਗੁਰੂ ਨਾਨਕ ਸਾਹਿਬ ਅਨੁਸਾਰ ਜੀਵ ਆਤਮਾ ਦਾ ਅੰਤਮ ਸਥਾਨ, ਉਸ ਦੀ ਆਖਰੀ ਮੰਜ਼ਿਲ ਵਾਹਿਗੁਰੂ ਦਾ ਦਰ ਹੈ, ਇਸ ਤੋਂ ਬਿਨਾ ਉਸ ਦਾ ਹੋਰ ਕੋਈ ਸਥਾਨ ਨਹੀਂ ਹੈ। ਇਸ ਲਈ ਆਪਣਾ ਤਨ ਅਤੇ ਮਨ ਵਾਹਿਗੁਰੂ ਨੂੰ ਅਰਪਣ ਕਰਕੇ ਉਸ ਦੀ ਰਜ਼ਾ ਵਿਚ ਰਹਿਣਾ ਹੀ ਅਰਦਾਸ ਹੈ, ਕਿਉਂਕਿ ਇਹ ਆਤਮਾ ਅਤੇ ਸਰੀਰ ਉਸ ਵਾਹਿਗੁਰੂ ਦੀ ਬਖਸ਼ਿਸ਼ ਦੁਆਰਾ ਹੀ ਪ੍ਰਾਪਤ ਹੋਇਆ ਹੈ,

ਜੇਤਾ ਦੇਹਿ ਤੇਤਾ ਹਉ ਖਾਉ॥
ਬਿਆ ਦਰੁ ਨਾਹੀ ਕੈ ਦਰਿ ਜਾਉ॥
ਨਾਨਕੁ ਏਕ ਕਹੈ ਅਰਦਾਸਿ॥
ਜੀਉ ਪਿੰਡੁ ਸਭੁ ਤੇਰੈ ਪਾਸਿ॥੩॥
(ਪੰਨਾ ੨੫)

ਗੁਰੂ ਨਾਨਕ ਸਾਹਿਬ ਨੇ ਸਿਰੀ ਰਾਗੁ ਵਿਚ 'ਸ਼ਬਦ ਸੀਗਾਰੀਆ' ਹੋਣ ਦਾ ਜ਼ਿਕਰ ਕੀਤਾ ਹੈ। ਸ਼ਬਦ ਉਹ ਗਿਆਨ ਹੈ ਜੋ ਮਨੁੱਖ ਦੀ ਸੱਚੀ ਰਹਿਣੀ ਵਾਸਤੇ ਰਾਹਨੁਮਾਈ ਕਰਦਾ ਹੈ। ਸ਼ਬਦ ਉਸ ਹਰ ਤਰ੍ਹਾਂ ਦੇ ਅਗਿਆਨ ਤੋਂ ਮਨੁੱਖ ਨੂੰ ਛੁਟਕਾਰਾ ਦੁਆਉਂਦਾ ਹੈ ਜੋ ਉਸ ਨੂੰ ਵਾਹਿਗੁਰੂ ਤੋਂ ਵਿਛੋੜਨ ਦਾ ਅਤੇ ਜਨਮ-ਮਰਨ ਦੇ



ਚੱਕਰ ਵਿਚ ਪੈਣ ਦਾ ਕਾਰਨ ਬਣਦਾ ਹੈ। ਸ਼ਬਦ ਰਾਹੀਂ ਮਨੁੱਖ ਦਾ ਮਨ ਅਤੇ ਤਨ ਦੋਵੇਂ ਪ੍ਰਕਾਸ਼ਮਾਨ ਹੁੰਦੇ ਹਨ। ਅਜਿਹੇ ਪ੍ਰਕਾਸ਼ਮਾਨ ਜੀਵ ਨੂੰ ਹੀ 'ਗੁਰ ਸਬਦੀ ਸੀਗਾਰੀਆ' ਕਿਹਾ ਹੈ। ਇਸ ਤਰ੍ਹਾਂ ਗੁਰੂ ਸਾਹਿਬਾਨ ਅਨੁਸਾਰ ਸ਼ਬਦ ਜਗਿਆਸੂ ਦੀ ਧਰਮ ਦੇ ਰਸਤੇ 'ਤੇ ਤੁਰਨ ਲਈ ਮਦਦ ਕਰਦਾ ਹੈ। ਗੁਰੂ ਨਾਨਕ ਸਾਹਿਬ ਨੇ ਇਥੇ ਧਰਮ ਦਾ ਰਸਤਾ ਕੀ ਹੈ, ਉਸ ਦੀ ਵੀ ਵਿਆਖਿਆ ਕੀਤੀ ਹੈ। ਗੁਰੂ ਸਾਹਿਬ ਅਨੁਸਾਰ ਧਰਮ ਦਾ ਰਸਤਾ ਉਹ ਹੈ, ਜਿਸ ਵਿਚ ਮਨੁੱਖ ਦਾ ਤਨ ਅਤੇ ਮਨ ਵਾਹਿਗੁਰੂ ਦੇ ਭਉ ਅਤੇ ਭਾਉ ਅਰਥਾਤ ਵਾਹਿਗੁਰੂ ਦੇ ਪ੍ਰੇਮ ਅਤੇ ਭੈ ਵਿਚ ਰੰਗੇ ਹੁੰਦੇ ਹਨ (ਭੈ ਇਥੇ ਨਿਰਮਲ ਭੈ ਹੈ ਜੋ ਪ੍ਰੇਮ ਵਿਚੋਂ ਪੈਦਾ ਹੁੰਦਾ ਹੈ, ਕਿਸੇ ਡਰ ਵਿਚੋਂ ਨਹੀਂ), ਮਨੁੱਖ ਦੀ ਇੱਛਾ ਵਾਹਿਗੁਰੂ ਦੀ ਇੱਛਾ ਨਾਲ ਇੱਕ-ਮਿੱਕ ਹੋ ਜਾਂਦੀ ਹੈ। ਇਸੇ ਰਸਤੇ ਦਾ ਅਨੁਸਾਰੀ ਬਣਨ ਲਈ ਜੀਵ ਵਾਹਿਗੁਰੂ ਅੱਗੇ ਅਰਦਾਸ ਕਰਦਾ ਹੈ। ਰੱਬੀ ਗਿਆਨ ਦਾ ਇੱਕੋ ਇੱਕ ਸਾਧਨ ਸ਼ਬਦ ਹੈ,

ਗੁਰ ਸਬਦੀ ਸੀਗਾਰੀਆ
ਤਨੁ ਮਨੁ ਪਿਰ ਕੈ ਪਾਸਿ॥
ਦੁਇ ਕਰ ਜੋੜਿ ਖੜੀ ਤਕੈ
ਸਚੁ ਕਹੈ ਅਰਦਾਸਿ॥
ਲਾਲਿ ਰਤੀ ਸਚ ਭੈ ਵਸੀ
ਭਾਇ ਰਤੀ ਰੰਗਿ ਰਾਸਿ॥੨॥ (ਪੰਨਾ ੫੪)

ਸਿੱਖ ਧਰਮ ਚਿੰਤਨ ਵਿਚ 'ਸਚ' ਤਿੰਨ ਅਰਥਾਂ ਵਿਚ ਵਰਤਿਆ ਮਿਲਦਾ ਹੈ। ਪਹਿਲਾ, ਸੱਚ ਪਰਮ ਹਸਤੀ ਦਾ ਵਿਸ਼ੇਸ਼ਣ ਹੈ, ਗੁਣ ਹੈ, ਉਸ ਦੀ ਸਦੀਵੀ ਹੋਂਦ ਦਾ ਸੂਚਕ ਹੈ ਜਿਸ ਨੂੰ 'ਸਤਿਨਾਮੁ' ਵੀ ਕਿਹਾ ਹੈ। ਦੂਜਾ ਪ੍ਰਸਤਾਵਨਾ (proposition) ਦੇ ਗੁਣ ਦੇ ਤੌਰ 'ਤੇ ਵੀ ਪ੍ਰਾਪਤ ਹੈ ਜਿਸ ਵਿਚ ਮਨੁੱਖ ਦੇ ਚੱਲਣ ਦੀ ਅਗਵਾਈ ਕਰਨ ਦੀ ਸਮਰੱਥਾ ਹੈ। ਤੀਸਰਾ, ਸੱਚ ਨੈਤਿਕ ਗੁਣ (moral virtue) ਹੈ ਜਿਸ ਨੂੰ ਮਨੁੱਖ ਨੇ ਧਾਰਨ ਕਰਨਾ ਹੈ। ਗੁਰੂ ਸਾਹਿਬ ਨੇ ਜਦੋਂ 'ਸਚੀ ਅਰਦਾਸਿ' ਦੀ ਗੱਲ ਕੀਤੀ ਹੈ ਤਾਂ ਉਹ ਮਨੁੱਖੀ ਚੱਲਣ ਦੀ ਰਾਹਨੁਮਾਈ ਕਰਨ ਵਾਲੀ ਹੈ ਜਿਸ ਦਾ ਨਤੀਜਾ ਭਗਤੀ ਵਿਚ ਨਿਕਲਦਾ ਹੈ। ਜਦੋਂ 'ਸਾਚਉ ਵਖਰੁ' ਅਤੇ 'ਸਚੁ ਰਾਸਿ' ਦੀ ਗੱਲ ਕੀਤੀ ਹੈ ਤਾਂ ਸੱਚ ਨੂੰ ਮਨੁੱਖ ਦੇ ਨੈਤਿਕ ਗੁਣ ਵਜੋਂ ਲਿਆ ਹੈ ਜਿਸ ਨੂੰ ਉਸ ਨੇ ਆਪਣੇ ਅੰਦਰ ਪ੍ਰਜਵਲਿਤ ਕਰਨਾ ਹੈ। ਜਦੋਂ 'ਸਾਚੀ ਦਰਗਹ' ਦੀ ਗੱਲ ਕੀਤੀ ਹੈ ਤਾਂ ਸੱਚ ਪਰਮ ਹਸਤੀ ਦਾ ਵਿਸ਼ੇਸ਼ਣ ਹੈ ਜਿਥੇ ਜਗਿਆਸੂ ਨੇ ਪਹੁੰਚਣਾ ਹੈ। ਇਸ ਮਾਰਗ 'ਤੇ ਚੱਲ ਕੇ ਮਨੁੱਖ ਦਾ ਪ੍ਰਗਾਸ ਹੁੰਦਾ ਹੈ। ਭਾਵ ਉਹ ਪਰਮ ਸਤਿ ਨਾਲ ਇਕਸੁਰ ਹੋ ਜਾਂਦਾ ਹੈ। 'ਪਤਿ' ਵਾਲਾ ਜੀਵਨ ਜਿਉਣ ਤੇ ਸਿੱਖ ਧਰਮ ਵਿਚ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ,

ਸਾਚਉ ਵਖਰੁ ਲਾਦੀਐ
ਲਾਭੁ ਸਦਾ ਸਚੁ ਰਾਸੁ॥
ਸਾਚੀ ਦਰਗਹ ਬੈਸਈ
ਭਗਤਿ ਸਚੀ ਅਰਦਾਸਿ॥
ਪਤਿ ਸਿਉ ਲੇਖਾ ਨਿਬੜੈ
ਰਾਮਨਾਮੁ ਪਰਗਾਸਿ॥ (ਪੰਨਾ ੫੫)

ਗੁਰੂ ਨਾਨਕ ਸਾਹਿਬ ਨੇ ਅੱਗੇ ਚੱਲ ਕੇ 'ਅਰਦਾਸ' ਨੂੰ ਹੁਕਮ ਨਾਲ ਜੋੜਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਹੁਕਮ' ਕੁਦਰਤੀ ਪ੍ਰਬੰਧ ਲਈ, ਸੰਯੁਕਤ ਸਮੁੱਚ ਲਈ ਆਇਆ ਹੈ, ਜਿਸ ਨੂੰ ਇੱਕ ਕ੍ਰਮਬਧ ਬ੍ਰਹਿਮੰਡ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਕਰਨਾ ਹੈ ਭਾਵ ਹੁਕਮ ਕਾਰਨ ਹੀ ਬ੍ਰਹਿਮੰਡ ਇੱਕ ਸਮੁੱਚੀ ਵਿਵਸਥਾ (cosmos) ਹੈ ਦੇ ਸਰੂਪ ਵਿਚ ਹੈ, ਕੋਈ ਅਫਰਾ-ਤਫਰੀ ਜਾਂ ਬੇਤਰਤੀਬੀ ਨਹੀਂ ਹੈ। ਹੁਕਮ ਰਾਹੀਂ ਸਾਨੂੰ ਕੁਦਰਤਿ ਵਿਚ ਕਾਰਣ ਅਤੇ ਕਾਰਜ ਦੇ ਰਿਸ਼ਤੇ ਦੀ ਸਮਝ ਪੈਂਦੀ ਹੈ। ਕੁਦਰਤਿ ਵਿਚ ਹਰ ਚੀਜ਼ ਸੰਯੁਕਤ ਰੂਪ ਵਿਚ ਸਬੰਧਤ ਹੈ ਅਤੇ ਇਸ ਸਬੰਧ ਨੂੰ ਸਮਝਣਾ ਹੁਕਮ ਨੂੰ ਸਮਝਣਾ ਹੈ।

ਗੁਰੂ ਨਾਨਕ ਦੇਵ ਨੇ ਹੁਕਮ ਨੂੰ ਅਗਿਆਨ ਅਤੇ ਕੂੜ ਨੂੰ ਦੂਰ ਕਰਨ ਲਈ ਇੱਕ ਬਲਵਾਨ ਸਾਧਨ ਮੰਨਿਆ ਹੈ। ਇਸੇ ਲਈ ਜਪੁਜੀ ਵਿਚ 'ਕਿਵ ਕੂੜੈ ਤੁਟੈ ਪਾਲਿ' ਦਾ ਉਤਰ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਵਿਚ ਦਿੱਤਾ ਹੈ। ਗੁਰੂ ਸਾਹਿਬ ਨੇ ਹੁਕਮ ਅਤੇ ਅਗਿਆਨ ਵਿਚ ਪਰਸਪਰ ਵਿਰੋਧ ਸਥਾਪਤ ਕੀਤਾ ਹੈ। 'ਹੁਕਮ' ਨਾ ਹੀ ਅਗਿਆਨੀ ਹੈ (ਅੰਨ੍ਹਾ) ਹੈ ਅਤੇ ਨਾ ਹੀ ਗਿਆਨਮੂਲਕ ਬ੍ਰਹਿਮੰਡੀ ਤੱਤ (cosmic cognitive element) ਤੋਂ ਸੱਖਣਾ ਹੈ। ਇਹ ਵਿਚਾਰਵਾਨ ਕੁਦਰਤਿ ਵੱਲ ਇਸ਼ਾਰਾ ਵੀ ਕਰਦਾ ਹੈ ਅਤੇ ਜਦੋਂ ਇਸ ਨੂੰ 'ਲਿਖਿਆ ਨਾਲਿ' ਕਿਹਾ ਹੈ ਤਾਂ ਇਸ ਨੂੰ ਪ੍ਰਕਾਸ਼ ਅਤੇ ਗਿਆਨ ਦਾ ਸਿਧਾਂਤ (principle of illumination and knowledge) ਕਿਹਾ ਹੈ। ਗੁਰਬਾਣੀ ਅਨੁਸਾਰ ਹੁਕਮ ਨੂੰ ਬੁੱਝ ਕੇ ਹੀ 'ਹੁਕਮੀ' (ਕਰਤਾ ਪੁਰਖ) ਤੱਕ ਪਹੁੰਚਿਆ ਜਾ ਸਕਦਾ ਹੈ ਅਤੇ ਉਸ ਵਿਚ ਲੀਨ ਹੋਇਆ ਜਾ ਸਕਦਾ ਹੈ। ਇਨ੍ਹਾਂ ਤੁਕਾਂ ਵਿਚ ਗੁਰੂ ਪਾਤਿਸ਼ਾਹ ਨੇ ਬਹੁਤ ਸੁੰਦਰ ਢੰਗ ਨਾਲ ਸ਼ਬਦ, ਸੱਚ ਅਤੇ ਹੁਕਮ ਦਾ ਸੁਮੇਲ ਅਰਦਾਸ ਵਿਚ ਕੀਤਾ ਹੈ,

ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ॥
ਕਰਨਿ ਭਗਤਿ ਦਿਨੁ ਰਾਤਿ
ਨਾ ਰਹਨੀ ਵਾਰੀਆ॥
ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ॥
ਸਚੁ ਕਹਨਿ ਅਰਦਾਸਿ ਸੇ ਵੇਚਾਰੀਆ॥
ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ॥
ਸਖੀ ਕਹਨਿ ਅਰਦਾਸਿ
ਮਨਹੁ ਪਿਆਰੀਆ॥
ਬਿਨੁ ਨਾਵੈ ਧ੍ਰਿਗੁ ਵਾਸੁ ਫਿਟੁ ਸੁ ਜੀਵਿਆ॥
ਸਬਦਿ ਸਵਾਰੀ ਆਸੁ
ਅੰਮ੍ਰਿਤੁ ਪੀਵਿਆ॥੨੨॥

# ਹਰਿ ਬਿਨੁ ਅਵਰ ਕ੍ਰਿਆ ਬਿਰਥੇ

ਗੁਰਬਾਣੀ ਗਿਆਨ

**ਗਉੜੀ ਮਾਲਾ ਮਹਲਾ ੫**
ਹਰਿ ਬਿਨੁ ਅਵਰ ਕ੍ਰਿਆ ਬਿਰਥੇ॥
ਜਪ ਤਪ ਸੰਜਮ ਕਰਮ ਕਮਾਣੇ
ਇਹਿ ਓਰੈ ਮੂਸੇ॥੧॥ ਰਹਾਉ॥
ਬਰਤ ਨੇਮ ਸੰਜਮ ਮਹਿ ਰਹਤਾ
ਤਿਨ ਕਾ ਆਢੁ ਨ ਪਾਇਆ॥
ਆਗੈ ਚਲਣੁ ਅਉਰੁ ਹੈ ਭਾਈ
ਊਂਹਾ ਕਾਮਿ ਨ ਆਇਆ॥੧॥
ਤੀਰਥਿ ਨਾਇ ਅਰੁ ਧਰਨੀ ਭ੍ਰਮਤਾ
ਆਗੈ ਠਉਰ ਨ ਪਾਵੈ॥
ਊਹਾ ਕਾਮਿ ਨ ਆਵੈ ਇਹ ਬਿਧਿ
ਓਹੁ ਲੋਗਨ ਹੀ ਪਤੀਆਵੈ॥੨॥
ਚਤੁਰ ਬੇਦ ਮੁਖ ਬਚਨੀ ਉਚਰੈ
ਆਗੈ ਮਹਲੁ ਨ ਪਾਈਐ॥
ਬੂਝੈ ਨਾਹੀ ਏਕੁ ਸੁਧਾਖਰੁ
ਓਹੁ ਸਗਲੀ ਝਾਖ ਝਖਾਈਐ॥੩॥
ਨਾਨਕੁ ਕਹਤੋ ਇਹੁ ਬੀਚਾਰਾ
ਜਿ ਕਮਾਵੈ ਸੁ ਪਾਰ ਗਰਾਮੀ॥
ਗੁਰੁ ਸੇਵਹੁ ਅਰੁ ਨਾਮੁ ਧਿਆਵਹੁ
ਤਿਆਗਹੁ ਮਨਹੁ ਗੁਮਾਨੀ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਵਿਚ ਉਪਦੇਸ਼ ਕਰਦੇ ਆਖਦੇ ਹਨ- ਹਰਿ ਬਿਨੁ ਅਵਰ ਕ੍ਰਿਆ ਬਿਰਥੇ, ਹੇ ਭਾਈ! ਉਸ ਮਿਹਰਵਾਨ ਪ੍ਰਭ ਦੇ ਸਿਮਰਨ ਤੋਂ ਬਿਨਾਂ ਹੋਰ ਸਾਰੇ ਹੀ ਦਿਖਾਵੇ ਦੇ ਧਾਰਮਿਕ ਕੰਮ ਬਿਰਥਾ ਹਨ; ਜਪ ਤਪ ਸੰਜਮ ਕਰਮ ਕਮਾਣੇ, ਰੱਬ ਨੂੰ ਖੁਸ਼ ਕਰਨ ਲਈ ਜਪ ਤਪ ਕਰਨੇ, ਇੰਦਰੀਆਂ ਨੂੰ ਵੱਸ ਵਿਚ ਕਰਨ ਲਈ ਹਠ ਜੋਗ ਕਰਨੇ; ਇਹਿ ਓਰੈ ਮੂਸੇ, ਇਹ ਕਰਮ ਰੱਬ ਦੀ ਦਰਗਾਹ ਵਿਚ ਵੜਨ ਤੋਂ ਪਹਿਲਾਂ ਹੀ ਖੋਹ ਲਏ ਜਾਂਦੇ ਹਨ।

ਬਰਤ ਨੇਮ ਸੰਜਮ ਮਹਿ ਰਹਤਾ
ਤਿਨ ਕਾ ਆਢੁ ਨ ਪਾਇਆ॥
ਆਗੈ ਚਲਣੁ ਅਉਰੁ ਹੈ ਭਾਈ
ਊਂਹਾ ਕਾਮਿ ਨ ਆਇਆ॥੧॥

ਗੁਰਦੇਵ ਆਖਦੇ ਹਨ, ਇਹ ਜੀਵ ਵਰਤਾਂ ਅਤੇ ਸੰਜਮਾਂ ਦੇ ਨੇਮ ਵਿਚ ਹੀ ਫਸਿਆ ਰਹਿੰਦਾ ਹੈ, ਪਰ ਇਨ੍ਹਾਂ ਕਰਮਾਂ ਦਾ ਮੁੱਲ ਅੱਧੀ ਕੌਡੀ ਵੀ ਨਹੀਂ ਮਿਲਦਾ; ਆਗੈ ਚਲਣੁ ਅਉਰੁ ਹੈ ਭਾਈ, ਪਰ ਹੇ ਭਾਈ! ਅੱਗੇ ਦਰਗਾਹ ਵਿਚ ਜੀਵ ਦਾ ਸਾਥ ਨਿਭਾਉਣ ਵਾਲਾ ਤਾਂ ਕੋਈ ਹੋਰ ਹੀ ਹੈ; ਊਂਹਾ ਕਾਮਿ ਨ ਆਇਆ, ਹੇ ਜੀਵ! ਤੇਰੇ ਦਿਖਾਵੇ ਦੇ ਕੀਤੇ ਕਰਮਾਂ ਵਿਚੋਂ ਦਰਗਾਹ ਵਿਚ ਕੋਈ ਵੀ ਕੰਮ ਨਾ ਆਇਆ।

ਤੀਰਥਿ ਨਾਇ ਅਰੁ ਧਰਨੀ ਭ੍ਰਮਤਾ
ਆਗੈ ਠਉਰ ਨ ਪਾਵੈ॥
ਊਹਾ ਕਾਮਿ ਨ ਆਵੈ ਇਹ ਬਿਧਿ
ਓਹੁ ਲੋਗਨ ਹੀ ਪਤੀਆਵੈ॥੨॥

ਗੁਰਦੇਵ ਆਖਦੇ ਹਨ, ਹੇ ਭਾਈ! ਜਿਹੜਾ ਜੀਵ ਤੀਰਥ ਉਤੇ ਜਾ ਕੇ ਨਹਾਉਂਦਾ ਤੇ ਤਿਆਗੀ ਬਣ ਕੇ ਧਰਤੀ ਦਾ ਭ੍ਰਮਣ ਕਰਦਾ ਫਿਰਦਾ ਹੈ, ਇਹੋ ਜਿਹਾ ਤਿਆਗੀ ਵੀ ਪ੍ਰਭੂ ਦੀ ਦਰਗਾਹ ਵਿਚ ਥਾਂ ਨਹੀਂ ਲੈ ਸਕਦਾ; ਊਹਾ ਕਾਮਿ ਨ ਆਵੈ ਇਹ ਬਿਧਿ, ਉਸ ਮਾਲਕ ਦੇ ਘਰ ਵਿਚ ਦਿਖਾਵੇ ਦੀ ਅਜਿਹੀ ਕੋਈ ਵੀ ਵਿਧੀ ਕੰਮ ਨਹੀਂ ਆਉਂਦੀ; ਓਹੁ ਲੋਗਨ ਹੀ ਪਤੀਆਵੈ, ਉਹ ਪਖੰਡੀ ਦਿਖਾਵੇ ਕਰ ਕੇ ਲੋਕਾਂ ਨੂੰ ਹੀ ਪਤਿਆਉਂਦਾ ਰਹਿੰਦਾ ਹੈ।

ਚਤੁਰ ਬੇਦ ਮੁਖ ਬਚਨੀ ਉਚਰੈ
ਆਗੈ ਮਹਲੁ ਨ ਪਾਈਐ॥
ਬੂਝੈ ਨਾਹੀ ਏਕੁ ਸੁਧਾਖਰੁ
ਓਹੁ ਸਗਲੀ ਝਾਖ ਝਖਾਈਐ॥੩॥

ਹੇ ਭਾਈ! ਜੇ ਕੋਈ ਚਤੁਰ ਵਿਅਕਤੀ ਚਾਰੇ ਵੇਦ ਜ਼ੁਬਾਨੀ ਵੀ ਉਚਾਰ ਲਵੇ ਤਾਂ ਉਸ ਨੂੰ ਪ੍ਰਭੂ ਦੇ ਘਰ ਥਾਂ ਨਹੀਂ ਮਿਲ ਸਕਦੀ, ਉਹ ਵੀ ਆਪਣਾ ਸਾਰਾ ਜੀਵਨ ਦਿਖਾਵੇ ਦੇ ਕਰਮਾਂ ਵਿਚ ਗਵਾ ਰਿਹਾ ਹੈ; ਬੂਝੈ ਨਾਹੀ ਏਕੁ ਸੁਧਾਖਰੁ, ਜਿਹੜਾ ਜੀਵ ਉਸ ਮਿਹਰਵਾਨ ਪ੍ਰਭੂ ਦੇ ਨਾਮ ਦਾ ਪਵਿੱਤਰ ਅੱਖਰ, ਭਾਵ ਨਾਮ ਸਿਮਰਨ ਕਰਨ ਲਈ ਨਹੀਂ ਸੋਚਦਾ; ਓਹੁ ਸਗਲੀ ਝਾਖ ਝਖਾਈਐ, ਉਹ ਜੀਵਨ ਵਿਚ ਝੱਖ ਹੀ ਮਾਰਦਾ ਫਿਰਦਾ ਹੈ।

ਨਾਨਕੁ ਕਹਤੋ ਇਹੁ ਬੀਚਾਰਾ
ਜਿ ਕਮਾਵੈ ਸੁ ਪਾਰ ਗਰਾਮੀ॥
ਗੁਰੁ ਸੇਵਹੁ ਅਰੁ ਨਾਮੁ ਧਿਆਵਹੁ
ਤਿਆਗਹੁ ਮਨਹੁ ਗੁਮਾਨੀ॥੪॥

ਹੇ ਭਾਈ! ਨਾਨਕ ਵਿਚਾਰ ਦੀ ਇਕ ਗੱਲ ਆਖਦਾ ਹੈ, ਉਹ ਗੱਲ ਇਹ ਹੈ; ਜਿ ਕਮਾਵੈ ਸੁ ਪਾਰ ਗਰਾਮੀ, ਜੋ ਵੀ ਇਸ ਵਿਚਾਰ ਨੂੰ ਕਮਾਵੇਗਾ, ਇਸ ਦੀ ਵਰਤੋਂ ਕਰੇਗਾ, ਉਹ ਵਿਕਾਰਾਂ ਭਰੇ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਵੇਗਾ ਤੇ ਉਹ ਨੇਕ ਵਿਚਾਰ ਇਹ ਹੈ; ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ, ਗੁਰੂ ਦੀ ਸ਼ਰਨ ਪਵੋ ਤੇ ਆਪਣੇ ਅੰਦਰੋਂ ਹੰਕਾਰ ਦਾ ਤਿਆਗ ਕਰ ਦਿਓ ਅਤੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰੋ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਦੇਵਿੰਦਰ ਸਤਿਆਰਥੀ-11

# ਸਤਿਆਰਥ ਦਾ ਰਚਨਾਕਾਰ ਮਹਾਂਰਿਸ਼ੀ

**ਦੇਵਿੰਦਰ ਸਤਿਆਰਥੀ ਨੇ ਹਿੰਦੀ, ਉਰਦੂ ਅਤੇ ਪੰਜਾਬੀ-ਤਿੰਨਾਂ ਹੀ ਭਾਸ਼ਾਵਾਂ ਵਿਚ ਸਾਹਿਤ ਰਚਨਾ ਕੀਤੀ। ਉਨ੍ਹਾਂ ਦਾ ਅਸਲ ਨਾਂ ਦੇਵਿੰਦਰ ਬੱਤਾ ਸੀ। ਦੇਸ਼ ਦੇ ਕੋਨੇ ਕੋਨੇ ਦੀ ਯਾਤਰਾ ਕਰ ਕੇ ਉਥੋਂ ਦੇ ਲੋਕ ਜੀਵਨ, ਲੋਕ ਸਾਹਿਤ, ਗੀਤਾਂ ਅਤੇ ਪਰੰਪਰਾਵਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਉਨ੍ਹਾਂ ਕਿਤਾਬਾਂ ਅਤੇ ਵਾਰਤਾਵਾਂ ਵਿਚ ਸਾਂਭ ਦਿੱਤੀ। ਦਿੱਲੀ ਦੇ ਸਾਹਿਤਕ ਹਲਕਿਆਂ ਵਿਚ ਉਨ੍ਹਾਂ ਦੀ ਸਾਹਿਤ ਰਚਨਾ ਲਈ ਖਬਤ ਕਰਕੇ ਉਨ੍ਹਾਂ ਬਾਰੇ ਕਈ ਲਤੀਫੇ ਬਣੇ ਹੋਏ ਸਨ। ਨਾਮੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਦੇਵਿੰਦਰ ਸਤਿਆਰਥੀ ਦੇ ਜੀਵਨ ਬਾਰੇ ਲਿਖੀ ਲੇਖ ਲੜੀ ਅਸੀਂ ਪਿਛਲੇ ਕੁਝ ਸਮੇਂ ਤੋਂ ਛਾਪ ਰਹੇ ਹਾਂ। ਪਾਠਕਾਂ ਦੀ ਨਜ਼ਰ ਹੈ ਇਸ ਲੇਖ ਲੜੀ ਦਾ ਆਖਰੀ ਲੇਖ। -ਸੰਪਾਦਕ**



**ਗੁਰਬਚਨ ਸਿੰਘ ਭੁੱਲਰ**
ਫੋਨ: 01191-11425-02364
bhullargs@gmail.com

ਮੇਰੇ ਘਰ ਦੇ ਕਮਰੇ ਵਿਚ ਸਤਿਆਰਥੀ ਜੀ ਸਨ ਤੇ ਮੈਂ ਸੀ। ਆਥਣ ਡੂੰਘੀ ਹੁੰਦੀ ਜਾਂਦੀ ਸੀ। ਉਨ੍ਹਾਂ ਦਾ ਮੇਜ਼ ਤੋਂ ਚੁੱਕਿਆ ਖਰੜਾ ਬਹੁਤ ਮੋਟਾ ਸੀ। ਇਸ ਖਰੜੇ ਦੇ ਅਖੰਡ ਪਾਠ ਨੇ ਤਾਂ ਸਵੇਰ ਕਰ ਦੇਣੀ ਸੀ। ਮੈਂ ਆਵਾਜ਼ ਵਿਚਲਾ ਭੈ ਛੁਪਾਉਂਦਿਆਂ ਬੇਨਤੀ ਕੀਤੀ, "ਸਤਿਆਰਥੀ ਜੀ, ਰਚਨਾ ਤਾਂ ਕਾਫੀ ਵੱਡੀ ਹੈ...।"

ਉਹ ਹੱਸੇ, "ਦਰਅਸਲ ਜੀ ਵਰਕੇ ਤਾਂ ਨੌਂ ਹੀ ਹਨ, ਇਕੋ ਪਾਸੇ ਲਿਖੇ ਹੋਏ। ਯਾਨਿ ਕੁੱਲ ਨੌਂ ਸਫ਼ੇ ਹੀ ਹੋਏ। ਚੇਪੀਆਂ ਲੱਗ-ਲੱਗ ਕੇ ਵਰਕੇ ਮੋਟੇ ਹੋ ਗਏ।"

ਵਰਕੇ, ਭਾਵ ਸਫ਼ੇ ਨੌਂ ਹੀ ਸਨ। ਸੰਘਣੇ ਲਿਖੇ ਹੋਣ ਦੇ ਬਾਵਜੂਦ ਮੈਂ ਤਸੱਲੀ ਦਾ ਸਾਹ ਲਿਆ ਅਤੇ ਪੁੱਛਿਆ, "ਰਚਨਾ ਦਾ ਨਾਂ ਕੀ ਐ?"

"ਅਗਿਆਰੀ।" ਉਨ੍ਹਾਂ ਨੇ ਪਹਿਲਾ ਪੰਨਾ ਖੋਲ੍ਹਦਿਆਂ ਦਸਿਆ।

"ਅਗਿਆਰੀ? ਇਹ ਤਾਂ ਮੈਂ ਬਾਰਾਂ-ਤੇਰਾਂ ਸਾਲ ਪਹਿਲਾਂ ਸੁਣੀ ਹੋਈ ਹੈ", ਮੈਂ ਕਥਾ ਮੁਕਦੀ ਹੋਣ ਦਾ ਰਾਹ ਖੁੱਲ੍ਹਦਾ ਦੇਖ ਕੇ ਆਖਿਆ।

"ਦਰਅਸਲ ਜੀ ਉਸ ਪਿਛੋਂ ਤਾਂ ਇਸ ਵਿਚ ਬਹੁਤ ਸਾਰੇ ਪਰਿਵਰਤਨ ਆਏ ਨੇ। ਪੁਲਾਂ ਹੇਠੋਂ ਬਹੁਤ ਪਾਣੀ ਵਹਿ ਗਿਆ ਹੈ, ਭੁੱਲਰ ਜੀ। ਚੇਪੀ-ਚੇਪੀ ਨਈ ਲਿਖਾਵਟ, ਕਾਗਜ਼ ਬਣ ਗਿਆ ਗੱਤਾ।" ਉਨ੍ਹਾਂ ਨੇ ਮੁਸਕਰਾ ਕੇ ਆਪਣੀ ਕਵਿਤਾ ਦੀ ਸਤਰ ਦੁਹਰਾਈ ਅਤੇ ਪੜ੍ਹਨ ਲਗ ਪਏ, "ਮਹਾਂਨਗਰ ਦੇ ਵਿਚੋਂ-ਵਿਚ ਵਹਿੰਦੀ ਜਵਾਲਾ ਨਦੀ। ਉਸ ਉਤੇ ਪੰਜ ਪੁਲ-ਪੁਲ ਸ਼ਨੀਵਾਰ, ਪੁਲ ਸਮਾਚਾਰ, ਪੁਲ ਹੀਰਾ ਮੋਤੀ, ਸੁੰਦਰ ਪੁਲ ਅਤੇ ਔਲੀਆ ਪੁਲ। ਕਿਸੇ ਪੁਲ ਉਤੇ ਕਾਲੀ ਬਿੱਲੀ ਦੰਦ ਕਢਦੀ, ਕਿਸੇ ਪੁਲ ਉਤੇ ਸਫੈਦ ਬਿੱਲੀ। ਰੋਸ਼ਨਦਾਨ, ਕਬੂਤਰਾਂ ਦਾ ਬਸੇਰਾ...।"

ਉਹ ਜਨਮ ਸਮੇਂ ਸੋਨੇ ਦੀ ਸਲਾਈ ਮਾਖਿਓਂ ਵਿਚ ਡੋਬ ਕੇ ਓਮ ਲਿਖੇ ਵਾਲੀ ਜੀਭ ਨਾਲ ਬੜੀ ਮਿੱਠੀ ਅਤੇ ਲੈਅ-ਭਰੀ ਆਵਾਜ਼ ਵਿਚ ਪੜ੍ਹ ਰਹੇ ਸਨ। ਤੇ ਉਨ੍ਹਾਂ ਦੀ ਇਸ ਆਵਾਜ਼ ਵਿਚ ਅਨੇਕ ਕਾਲਾਂ ਦੀ ਆਵਾਜ਼, ਅਨੇਕ ਦੇਸਾਂ ਦੀ ਆਵਾਜ਼ ਮਿਲੀ ਹੋਈ ਸੀ। ਭੋਗ ਪਿਆ ਤਾਂ ਮੈਨੂੰ ਖਿਆਲ ਆਇਆ, ਜੇ ਪਹਿਲਾਂ ਸੋਚਿਆ ਹੁੰਦਾ, ਬਾਬਿਆਂ ਦੀ ਕਥਾ ਸੁਣਨ ਵਾਸਤੇ ਗਲੀ ਦੀਆਂ ਭਗਤਨੀਆਂ ਬੁਲਾਈਆਂ ਜਾ ਸਕਦੀਆਂ ਸਨ। ਉਹ ਵੀ ਉਸ ਸਰੋਤਾ-ਮੰਡਲੀ ਵਿਚ ਸੁਣਾ ਕੇ ਜ਼ਿਆਦਾ ਖੁਸ਼ ਹੁੰਦੇ। ਅਨੇਕ ਲੇਖਕਾਂ ਨੇ ਨਾਰੀ ਦੀ ਸੁੰਦਰਤਾ, ਚੰਚਲਤਾ ਤੇ ਚਤੁਰਾਈ ਬਾਰੇ ਪੋਥਿਆਂ ਦੇ ਪੋਥੇ ਲਿਖੇ ਹਨ ਪਰ ਸਤਿਆਰਥੀ ਜੀ ਦੀ ਇਕ ਕਵਿਤਾ ਦੀ ਇਕ ਸਤਰ ਉਨ੍ਹਾਂ ਸਭ ਉਤੇ ਭਾਰੂ ਹੈ। ਸਾਡੇ ਇਲਾਕੇ ਵਿਚ 'ਬਾਜੀ ਬਾਜੀ' ਦਾ ਮਤਲਬ 'ਕੋਈ ਕੋਈ' ਹੁੰਦਾ ਹੈ ਅਤੇ ਉਨ੍ਹਾਂ ਦੀ ਉਹ ਇਕ ਸਤਰ ਹੈ: "ਬਾਜੀਆਂ ਬਾਜੀਆਂ ਤੀਮੀਆਂ, ਹਾਏ ਓ ਰੱਬਾ, ਅੱਖਾਂ ਕਰਨ ਨਾ ਨੀਵੀਆਂ!"

ਮੈਂ ਕਿਹਾ, "ਸਤਿਆਰਥੀ ਜੀ, ਸਾਡੀ ਗਲੀ ਵਿਚ ਜ਼ਨਾਨੀਆਂ ਮਿਲ ਕੇ ਕਦੀ ਕਾਸੇ ਦਾ, ਕਦੀ ਕਾਸੇ ਦਾ ਪਾਠ ਕਰਵਾਉਂਦੀਆਂ ਰਹਿੰਦੀਆਂ ਨੇ, ਜੇ ਤੁਹਾਡੇ ਰਸੀਲੇ ਪਾਠ ਬਾਰੇ ਆਪਾਂ ਪਹਿਲਾਂ ਸੋਚਿਆ ਹੁੰਦਾ, ਉਨ੍ਹਾਂ ਨੂੰ ਬੁਲਾ ਲੈਂਦੇ।"

"ਲਓ ਜੀ, ਸੋਚਿਆ ਕਿਉਂ ਨਾ? ਇਹ ਤਾਂ ਬਹੁਤ ਹੀ ਵਧੀਆ ਗੱਲ ਹੋਣੀ ਸੀ", ਉਨ੍ਹਾਂ ਨੂੰ ਜਿਵੇਂ ਝੋਰਾ ਹੋ ਰਿਹਾ ਸੀ।

'ਅਗਿਆਰੀ' ਸਰਵਣ ਕਰ ਕੇ ਮੈਂ ਕਿਹਾ, "ਭੋਜਨ ਕੀਤਿਆਂ ਕਾਫ਼ੀ ਸਮਾਂ ਹੋ ਗਿਆ, ਕੋਈ ਚਾਹ-ਦੁੱਧ ਲੈ ਲਈਏ।" ਕਹਿਣ ਲਗੇ, "ਇਥੋਂ ਰੁਪਾਣਾ ਜੀ ਦਾ ਘਰ ਕਿੰਨੀ ਕੁ ਦੂਰ ਹੈ? ਉਹ ਕਹਿੰਦਾ ਸੀ ਕਿਤੇ ਤੁਹਾਡੇ ਨੇੜੇ ਹੀ ਰਹਿੰਦਾ ਹੈ। ਚੱਲੀਏ? ਚਾਹ ਤਾਂ ਉਥੇ ਵੀ ਪੀਣੀ ਹੀ ਪੈਣੀ ਹੈ।"

ਮੈਂ ਦਸਿਆ, "ਕਾਲੋਨੀ ਤਾਂ ਇਹੋ ਹੈ, ਪਰ ਘਰ ਉਹਦਾ ਹੈ ਕੋਈ ਦੋ ਕਿਲੋਮੀਟਰ ਦੂਰ।"

ਉਨ੍ਹਾਂ ਨੇ ਤੁਰ ਕੇ ਜਾਣ ਲਈ ਫ਼ਾਈਲਾਂ ਤੇ ਖਰੜੇ ਕੱਛੇ ਮਾਰ ਲਏ, ਪਰ ਮੈਂ ਧਕ-ਧਕਾ ਕੇ ਬਸ ਚੜ੍ਹਾ ਲਏ। ਰੁਪਾਣੇ ਦੇ ਘਰ ਨੇੜੇ ਉਤਰ ਕੇ ਸੜਕ ਪਾਰ ਕੀਤੀ ਹੀ ਸੀ ਕਿ ਦੂਜੇ ਪਾਸਿਓਂ ਇਕ ਬਸ ਆਉਂਦੀ ਦਿੱਸ ਪਈ। ਉਨ੍ਹਾਂ ਨੇ ਪੁੱਛਿਆ, "ਭੁੱਲਰ ਜੀ, ਇਹ ਕਿਥੇ ਨੂੰ ਚੱਲੀ ਹੈ?" ਕਨਾਟ ਪਲੇਸ ਦੱਸੇ ਤੋਂ ਉਹ ਕਾਹਲੇ ਪੈਰੀਂ ਬਸ ਚੜ੍ਹਨ ਲਗੇ ਤਾਂ ਮੈਂ ਵਰਜਿਆ, "ਇਹ ਤੁਹਾਡੇ ਘਰ ਕੋਲੋਂ ਦੀ ਨਹੀਂ ਜਾਂਦੀ।" ਉਨ੍ਹਾਂ ਨੇ ਬਸ ਦੇ ਪੈਰ-ਦਾਨ ਉਤੇ ਖਲੋ ਕੇ ਹੱਥ ਹਿਲਾਇਆ, "ਕਨਾਟ ਪਲੇਸ ਹੀ ਜਾਵਾਂਗਾ, ਘਰ ਤਾਂ ਮੈਂ ਕਿਤੇ ਅੱਧੀ ਰਾਤ ਨੂੰ ਜਾਣਾ ਹੈ। ਰੁਪਾਣਾ ਜੀ ਨੂੰ ਕਹਿ ਦੇਣਾ, ਉਨ੍ਹਾਂ ਦੇ ਘਰ ਕਦੀ ਫੇਰ ਆਵਾਂਗੇ।" ਬਸ ਤੁਰੀ ਗਈ ਤਾਂ ਮੈਨੂੰ ਹੋਸ਼ ਆਈ ਕਿ ਇਸ ਨੇ ਤਾਂ ਮੇਰੇ ਘਰ ਕੋਲੋਂ ਹੋ ਕੇ ਜਾਣਾ ਸੀ। ਪਿਛੇ ਆ ਰਹੀ ਇਕ ਹੋਰ ਬਸ 'ਚ ਸਵਾਰ ਹੋ ਕੇ ਮੈਂ ਵੀ ਘਰ ਪਰਤ ਆਇਆ।

ਬਹੁਤ ਮਗਰੋਂ ਜਦੋਂ ਬੇਬੇ ਨੇ ਉਨ੍ਹਾਂ ਦੇ ਇਕੱਲਿਆਂ ਬਾਹਰ ਜਾਣ ਉਤੇ ਪਾਬੰਦੀ ਲਾ ਦਿੱਤੀ, ਇਕ ਦਿਨ ਮੈਂ ਛੇੜਿਆ, "ਚਲੋ, ਆਵਾਰਾਗਰਦੀ ਕਰਾਂਗੇ।" ਤੇ ਬੇਬੇ ਨੂੰ ਆਖਿਆ, "ਬੇਬੇ, ਇਹ ਸ਼ਾਮ ਤਕ ਸਹੀ-ਸਲਾਮਤ ਵਾਪਸ ਘਰ ਪਹੁੰਚਦੇ ਹੋ ਜਾਣਗੇ।"

ਬੇਬੇ ਸਹਿਮਤ ਨਹੀਂ ਸੀ। ਉਹਨੇ ਸਿਰ ਮਾਰਿਆ, "ਕਿਥੇ ਧੂਹੀਂ ਫਿਰੇਂਗਾ ਪੁੱਤ ਇਨ੍ਹਾਂ ਨੂੰ! ਹੁਣ ਇਨ੍ਹਾਂ ਦਾ ਸਰੀਰ ਐਨੀ ਧੰਗੇੜ ਝੱਲਣ ਜੋਗਾ ਹੈ ਨਹੀਂ। ਨਾਲੇ ਬੋਲੇ ਕੁੱਕੜ ਨੂੰ ਕੁਝ ਸੁਣਦਾ ਤਾਂ ਹੈ ਨਹੀਂ।"

ਦਾੜ੍ਹੀ ਨੂੰ ਗਲਵਕੜੀ ਪਾਉਣ ਲਈ ਹੇਠਾਂ ਨੂੰ ਪਲਮੀਆਂ ਹੋਈਆਂ ਮੁੱਛਾਂ ਪਿਛੋਂ ਸਤਿਆਰਥੀ ਜੀ ਮੁਸਕਰਾਏ, "ਦੇਖੋ ਜੀ, ਮੰਟੋ ਇਕ ਵਾਰ ਬੇਦੀ ਨੂੰ ਕਹਿਣ ਲਗਿਆ, ਦਾੜ੍ਹੀ-ਕਟੇ ਸਰਦਾਰ ਕੀ ਹਾਲ ਹੈ? ਬੇਦੀ ਬੋਲਿਆ, ਮੀਆਂ, ਮੇਰਾ ਹਾਲ ਪੁੱਛਦਾ ਹੈ ਕਿ ਪੂਰੀ ਸਿੱਖ ਕੌਮ ਦੀ ਬੇਇੱਜ਼ਤੀ ਕਰ ਰਿਹਾ ਹੈਂ!...ਭੁੱਲਰ ਜੀ, ਲੋਕ-ਮਾਤਾ ਨੂੰ ਪੁੱਛੋ, ਮੇਰੀ ਸੱਟ-ਫੇਟ ਦੀ ਚਿੰਤਾ ਕਰ ਰਹੀ ਹੈ ਕਿ ਬਹਾਨੇ ਨਾਲ ਮੈਨੂੰ ਬੋਲਾ ਕੁੱਕੜ ਆਖ ਰਹੀ ਹੈ।" ਫੇਰ ਕਹਿਣ ਲਗੇ, "ਲਓ ਤੁਸੀਂ ਨਾਲ ਚੱਲਣ ਦੇ ਸੱਦੇ ਦੀ ਗੱਲ ਵੀ ਸੁਣ ਲਓ। ਇਕ ਵਾਰ ਬਾਪੂ ਪੁੱਛਣ ਲਗੇ ਕਿ ਤੇਰਾ ਕੀ ਕਾਰਜਕ੍ਰਮ ਹੈ? ਮੈਂਥੋਂ ਬੰਬਈ ਜਾਣਾ ਸੁਣ ਕੇ ਕਹਿੰਦੇ, ਮੇਰੇ ਨਾਲ ਵਾਰਧਾ ਚਲੋ। ਮੈਂ ਕਿਹਾ, ਤੁਸੀਂ ਮੇਰੇ ਨਾਲ ਬੰਬਈ ਚਲੋ! ਬੋਲੇ, ਬੰਬਈ ਕੀ ਪਿਆ ਹੈ? ਮੈਂ ਠਾਹ ਉਤਰ ਦਿੱਤਾ, ਵਾਰਧਾ ਕੀ ਪਿਆ ਹੈ? ਬਾਪੂ ਨੂੰ ਤਾਂ ਜੀ ਇਉਂ ਮਿੱਤਰਾਂ ਵਾਂਗੂੰ ਕੋਈ ਕਦੀ ਬੋਲਦਾ ਹੀ ਨਹੀਂ ਸੀ। ਉਹ ਕੱਚੇ ਜਿਹੇ ਹੋ ਕੇ ਬੋੜੀ ਹਾਸੀ ਹੱਸੇ ਅਤੇ ਕੋਲ ਖਲੋਤੇ ਇਕ ਆਦਮੀ ਨੂੰ ਕਹਿਣ ਲਗੇ, ਮੁਣਸ਼ੀ ਕੋ ਬੁਲਾਓ। ਕੇ.ਐਮ. ਮੁਣਸ਼ੀ ਭਜਿਆ-ਭਜਿਆ ਆਇਆ। ਬਾਪੂ ਬੋਲੇ, ਬਈ ਮੁਣਸ਼ੀ, ਤੂੰ ਬੰਬਈ ਆਪਣੀ ਨਵੀਂ ਕੋਠੀ ਵਿਚ ਜੋ ਕਮਰਾ ਵਿਸ਼ੇਸ਼ ਮੇਰੇ ਲਈ ਬਣਵਾਇਆ ਹੈ, ਉਹ ਏਸ ਦਾੜ੍ਹੀ ਵਾਲੇ ਲਈ ਖੋਲ੍ਹ ਦੇਈਂ। ਇਹ ਬੰਬਈ ਜਾ ਰਿਹਾ ਹੈ। ਅਗੋਂ ਵੀ ਇਹ ਜਦੋਂ ਬੰਬਈ ਆਵੇ, ਮੇਰੇ ਵਾਲਾ ਕਮਰਾ ਇਹਦਾ।...ਸੋ ਤੁਸੀਂ, ਭੁੱਲਰ ਜੀ, ਮੈਨੂੰ ਆਪਣੇ ਨਾਲ ਚੱਲਣ ਲਈ ਕਹਿੰਦੇ ਹੋ, ਮੈਂ ਕਹਿੰਦਾ ਹਾਂ, ਤੁਸੀਂ ਅੱਜ ਮੇਰੇ ਕੋਲ ਇਥੇ ਘਰ ਹੀ ਬੈਠੋ। ਕਹਿੰਦੇ ਨੇ ਨਾ ਜੀ, ਟਪਦੀ ਫਿਰਦੀ ਵੱਡੀ ਮੌਜ ਨਾਲ ਧੁੱਪੇ ਪਏ ਕੱਟੇ ਨੂੰ ਕਹਿਣ ਲਗੀ, ਆ ਜਾ ਵੇ ਕਟਿਆ, ਖੇਡੀਏ। ਕੱਟਾ ਬੋਲਿਆ, ਤੂੰ ਹੀ ਟਪਦੀ ਫਿਰ, ਅਸੀਂ ਤਾਂ ਇਥੇ ਪਏ ਹੀ ਕੰਨ ਹਿਲਾ-ਹਿਲਾ ਕੇ ਖੇਡਾਂਗੇ। ਹੁਣ ਤਾਂ ਜੀ ਅਸੀਂ ਘਰੇ ਬੈਠੇ-ਪਏ ਹੀ ਕੰਨ ਹਿਲਾ-ਹਿਲਾ ਕੇ ਖੇਡਣ ਜੋਗੇ ਰਹਿ ਗਏ ਹਾਂ।"

ਬਾਹਰ ਆਉਂਦਿਆਂ ਉਮਰ ਵੱਲ ਦੇਖ ਕੇ ਉਨ੍ਹਾਂ ਦੀ ਸਿਹਤ ਅਤੇ ਸੁਰਤ ਬਾਰੇ ਮਨ ਸੰਤੁਸ਼ਟ ਸੀ। ਸਰੋਜਨੀ ਨਾਇਡੂ ਦੇ ਅਨੁਭਵੀ, ਜਾਂ ਸ਼ਾਇਦ ਅਨੁਭਵ-ਆਧਾਰਿਤ ਬੋਲ ਫੇਰ ਚੇਤੇ ਆਏ ਅਤੇ ਪਹਿਲਾਂ ਨਾਲੋਂ ਵੀ ਵਧੀਕ ਸੱਚੇ ਜਾਪਣੇ ਲਗੇ: ਸਤਿਆਰਥੀ ਓਨਾ ਬੁੱਢਾ ਨਹੀਂ, ਜਿੰਨਾ ਦਾੜ੍ਹੀ ਕਰਕੇ ਲਗਦਾ ਹੈ।

ਅਗਲੀ ਵਾਰ ਕਹਿਣ ਲੱਗੇ, "ਭੁੱਲਰ ਜੀ, ਤੁਹਾਨੂੰ ਇਕ ਵਾਰ ਦੱਸਿਆ ਸੀ ਕਿ ਭਾਪਾ ਜੀ ਮੇਰੀਆਂ ਸਾਰੀਆਂ ਪੰਜਾਬੀ ਰਚਨਾਵਾਂ ਪਤਾ ਨਹੀਂ ਕਿਸ ਮਨੋਰਥ ਨਾਲ ਲੈ ਗਏ ਹਨ। ਹੁਣ ਉਹ ਆਏ ਸਨ ਤੇ ਦਸਦੇ ਸਨ ਕਿ ਉਹ ਸਭ ਕੁਝ ਇਕੋ ਜਿਲਦ ਵਿਚ ਛਾਪਣਾ ਚਾਹੁੰਦੇ ਹਨ। ਪਰ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਤਰਤੀਬ ਵੀ ਦੇਣੀ ਪਵੇਗੀ ਤੇ ਹਰ ਪੁਸਤਕ ਦੇ ਅਗਲੇ ਪੰਨਿਆਂ ਵਾਲੀ ਜਾਣਕਾਰੀ ਵੀ ਪੁਸਤਕ-ਸੰਗ੍ਰਹਿ ਦੀ ਲੋੜ ਅਨੁਸਾਰ ਸੰਖੇਪ ਕਰਨੀ ਪਵੇਗੀ। ਫੇਰ ਘੱਟੋ-ਘੱਟ ਦੋ ਵਾਰ ਪਰੂਫ਼ ਪੜ੍ਹਨੇ ਹੋਣਗੇ। ਯਾਨੀ ਸਾਰਾ ਕੰਮ ਕਾਫ਼ੀ ਮਿਹਨਤ, ਸਗੋਂ ਮੁਸ਼ੱਕਤ ਵੀ ਮੰਗਦਾ ਹੈ ਤੇ ਸਮਾਂ ਵੀ। ਮੈਂ ਤਾਂ ਭੁੱਲਰ ਜੀ ਹੁਣ ਇਹ ਕੰਮ ਕਰਨ ਜੋਗਾ ਹਾਂ ਨਹੀਂ।"

ਮੈਂ ਉਨ੍ਹਾਂ ਦੀ ਗੱਲ ਵੀ ਸਮਝ ਗਿਆ ਤੇ ਸਾਰੀ ਹਾਲਤ ਵੀ, ਪਰ ਮਚਲਾ ਹੋ ਕੇ ਕਿਹਾ, "ਫੇਰ ਕਿਵੇਂ ਕਰੀਏ, ਸਤਿਆਰਥੀ ਜੀ?"

ਉਹ ਬੋਲੇ, "ਦੇਖੋ ਭੁੱਲਰ ਜੀ, ਜਦੋਂ ਮੱਸੇ ਰੰਘੜ ਨੂੰ ਸੋਧਣ ਦਾ ਮਸਲਾ ਖੜ੍ਹਾ ਹੋਇਆ ਸੀ, ਸਭ ਇਕ ਦੂਜੇ ਨੂੰ ਦੇਖਣ ਲੱਗੇ ਸਨ। ਆਖਰ ਆਪਣੇ ਇਲਾਕੇ ਵਿਚੋਂ ਦਮਦਮਾ ਸਾਹਿਬ ਤੋਂ ਬਾਬਾ ਦੀਪ ਸਿੰਘ ਨੇ ਖੰਡਾ ਚੁੱਕਿਆ ਸੀ। ਇਹ ਮੇਰੀਆਂ ਸਾਰੀਆਂ ਪੁਸਤਕਾਂ ਨੂੰ ਇਕੋ ਗਰੰਥ ਦਾ ਰੂਪ ਦੇਣ ਦਾ ਕੰਮ ਮੱਸੇ ਰੰਘੜ ਨੂੰ ਸੋਧਣ ਨਾਲੋਂ ਘੱਟ ਮੁਸ਼ਕਿਲ ਨਹੀਂ!" ਉਨ੍ਹਾਂ ਨੇ ਮੇਰੇ ਮੋਢੇ ਉਤੇ ਹੱਥ ਰਖਿਆ, "ਖੰਡਾ ਤਾਂ ਜੀ ਹੁਣ ਵੀ ਆਪਣੇ ਇਲਾਕੇ ਦੇ ਕਿਸੇ ਨੂੰ ਹੀ ਚੁੱਕਣਾ ਪਵੇਗਾ!"

ਮੈਂ ਉਨ੍ਹਾਂ ਦੇ ਗੋਡੇ ਛੋਹੇ, "ਠੀਕ ਹੈ, ਸਤਿਆਰਥੀ ਜੀ, ਬੇਫ਼ਿਕਰ ਹੋ ਜਾਓ, ਇਸ ਮੱਸੇ ਰੰਘੜ ਨੂੰ ਮੈਂ ਹੀ ਸੋਧਾਂਗਾ। ਘਰ ਜਾ ਕੇ ਭਾਪਾ ਜੀ ਨੂੰ ਅੱਜ ਹੀ ਪੁਸਤਕਾਂ ਭੇਜਣ ਵਾਸਤੇ ਫੋਨ ਕਰ ਦੇਵਾਂਗਾ।" ਪੁਸਤਕਾਂ ਮੰਗੀਆਂ ਤਾਂ ਨਾਲ ਹੀ ਮੈਂ ਭਾਪਾ ਜੀ ਨੂੰ ਇਹ ਵੀ ਆਖ ਦਿੱਤਾ, "ਤੁਸੀਂ ਮੈਥੋਂ ਵੱਧ ਜਾਣਦੇ ਹੋ, ਕੰਮ ਬੜਾ ਵੱਡਾ, ਫੈਲਵਾਂ ਤੇ ਸਮਾਂ-ਖਾਊ ਹੈ। ਬਾਬਿਆਂ ਦੀ ਸਿਹਤ ਛੱਪੜ ਦੇ ਪਾਣੀ ਵਾਂਗ ਸੁਕਦੀ ਜਾਂਦੀ ਹੈ। ਸਭ ਕੰਮ ਛੱਡ ਕੇ ਇਸੇ ਨੂੰ ਲੱਗ ਜਾਈਏ। ਗ੍ਰੰਥ ਛਪ ਜਾਵੇ, ਪੰਜਾਬੀ ਭਵਨ ਵਿਚ ਵੱਡਾ ਇਕੱਠ ਕਰ ਕੇ ਪੂਰੇ ਆਦਰ-ਮਾਣ ਤੇ ਜਲੌਅ ਨਾਲ ਉਨ੍ਹਾਂ ਨੂੰ ਭੇਟ ਕਰ ਦੇਈਏ।"

ਭਾਪਾ ਜੀ ਬੋਲੇ, "ਤੁਸਾਂ ਮੇਰੇ ਮਨ ਦੀ ਬੁੱਝ ਲਈ ਏ। ਬਿਲਕੁਲ ਇੰਜ ਹੀ ਕਰਾਂਗੇ।"

"ਪਰ ਇਕ ਜਿਲਦ ਬਹੁਤ ਵੱਡੀ ਨਾ ਹੋ ਜਾਊ?" ਮੈਂ ਸ਼ੰਕਾ ਜ਼ਾਹਿਰ ਕੀਤਾ ਅਤੇ ਸੁਝਾਅ ਦਿੱਤਾ, "ਦੋ ਸੈਂਚੀਆਂ ਨਾ ਬਣਾ ਦੇਈਏ?"

"ਇਹ ਸਭ ਗੱਲਾਂ ਤੁਸੀਂ ਮੇਰੇ ਉਤੇ ਛੱਡ ਦੇਵੋ।" ਨਾਲ ਹੀ ਉਨ੍ਹਾਂ ਨੇ ਇਸ਼ਾਰਾ ਕੀਤਾ, "ਦੋ ਸੈਂਚੀਆਂ ਵਿਚ ਉਹ ਸ਼ਾਨ ਨਹੀਂ ਰਹਿੰਦੀ। ਕਿਸੇ ਪਾਠਕ ਦੇ ਹੱਥ ਇਕ ਸੈਂਚੀ ਆ ਜਾਊ, ਦੂਜੀ ਮਿਲੂ ਹੀ ਨਾ! ਟੁੱਟਵਾਂ ਕੰਮ ਟੁੱਟਵਾਂ ਹੀ ਹੁੰਦਾ ਹੈ!"

ਗ੍ਰੰਥ ਦਾ ਨਾਂ ਮੈਂ 'ਸਤਿਆਰਥ' ਰੱਖ ਦਿੱਤਾ। ਪਹਿਲੇ ਪਰੂਫ਼ ਆਏ ਤਾਂ ਸਾਧਾਰਨ ਪੁਸਤਕ ਤੋਂ ਦੁਗਣੇ ਆਕਾਰ ਵਿਚ ਸੰਘਣੀ ਜੜਤ ਦੇ 880 ਪੰਨੇ ਬਣੇ ਹੋਏ ਸਨ। ਦੂਜੇ ਪਰੂਫ਼ਾਂ ਨੂੰ ਛਪਣਜੋਗ ਬਣਾ ਕੇ ਮੈਂ ਪੁਲੰਦਾ ਭਾਪਾ ਜੀ ਨੂੰ ਦੇਣ ਤੁਰਿਆ ਤਾਂ ਸਤਿਆਰਥੀ ਜੀ ਵਾਲੇ ਰਾਹੇ ਹੋ ਲਿਆ। ਉਹ ਤਾਂ ਆਪ ਸੰਪਾਦਨ ਤੇ ਦਿੱਖ ਦੇ ਮਹਾਂ-ਅਨੁਭਵੀ ਸਨ, ਪਰੂਫ਼ ਫਰੋਲੇ-ਦੇਖੇ ਤਾਂ ਉਨ੍ਹਾਂ ਦੇ ਚਿਹਰੇ ਦਾ ਰੰਗ ਦੇਖਣ ਵਾਲਾ ਸੀ। ਬੋਲੇ, "ਇਹਨੂੰ ਕਹਿੰਦੇ ਨੇ ਜੀ ਮੱਸੇ ਰੰਘੜ ਨੂੰ ਸੋਧਣਾ!"

ਬਹੁਤ ਪਹਿਲਾਂ ਜਦੋਂ ਉਨ੍ਹਾਂ ਦੀ 60ਵੀਂ ਵਰ੍ਹੇਗੰਢ ਸੀ, ਆਪਣੀਆਂ ਬੱਚੀਆਂ ਨੂੰ ਅਤੇ ਉਨ੍ਹਾਂ ਦੀ ਮਾਂ ਨੂੰ ਕੋਲ ਬਿਠਾ ਕੇ ਕਹਿਣ ਲਗੇ, "ਮੈਨੂੰ ਵਧਾਈ ਦਿਓ, ਮੈਂ ਸੱਠਾਂ ਸਾਲਾਂ ਦਾ ਹੋ ਗਿਆ ਹਾਂ। ਪਰ ਯਕੀਨ ਰਖੋ, ਹਾਲੇ ਮੈਂ ਅੱਧਾ ਆਦਮੀ ਹਾਂ, ਕਿਉਂਕਿ ਹਾਲੇ ਮੈਂ ਅੱਧੀ ਆਯੂ ਹੀ ਭੋਗੀ ਹੈ। ਮੇਰੀ ਆਯੂ ਸੌ ਤੋਂ ਉਪਰ ਜਾਵੇਗੀ, ਪੂਰੇ ਇਕ ਸੌ ਵੀਹ ਵਰ੍ਹੇ।"

ਉਨ੍ਹਾਂ ਦਾ 95ਵਾਂ ਸਾਲ ਮੁੱਕਣ ਵੱਲ ਜਾ ਰਿਹਾ ਸੀ ਤੇ 'ਸਤਿਆਰਥ' ਦੇ ਫ਼ਰਮੇ ਫਟਾਫਟ ਛਪ ਰਹੇ ਸਨ ਕਿ 12 ਫ਼ਰਵਰੀ 2003 ਨੂੰ ਪੈਰਾਂ ਵਿਚ ਲਗਾਤਾਰ ਯਾਤਰਾ ਲਿਖੀ ਵਾਲਾ ਯਾਤਰੀ ਲੰਮੀ ਇਕ-ਮਾਰਗੀ ਯਾਤਰਾ ਉਤੇ ਤੁਰ ਗਿਆ ਤੇ ਪਿੱਛੇ ਅਜਿਹਾ ਖਾਲੀ ਆਸਣ ਛੱਡ ਗਿਆ ਜਿਸ ਉਤੇ ਬੈਠਣ ਵਾਲਾ ਪੰਜਾਬੀ ਸਾਹਿਤ ਨੂੰ ਕਦੀ ਕੋਈ ਨਹੀਂ ਲੱਭੇਗਾ! ਝੋਰਾ ਹੋਇਆ, ਉਨ੍ਹਾਂ ਦੇ ਦੇਖੇ ਹੋਏ ਪਰੂਫ਼ਾਂ ਤੋਂ ਬਣਿਆ ਸੁੰਦਰ-ਸਜੀਲਾ ਗ੍ਰੰਥ 'ਸਤਿਆਰਥ' ਅਸੀਂ ਉਨ੍ਹਾਂ ਨੂੰ ਹਾਲ-ਗੁੰਜਾਵੀਆਂ ਤਾੜੀਆਂ ਵਿਚ ਭੇਟ ਨਾ ਕਰ ਸਕੇ ਪਰ ਕੁਝ ਕੁਝ ਤਸੱਲੀ ਵੀ ਰਹੀ, ਘੱਟੋ-ਘੱਟ ਉਹ ਗ੍ਰੰਥ ਨੂੰ ਛਪਾਈ ਵਿਚ ਪਿਆ ਤਾਂ ਦੇਖ ਹੀ ਗਏ ਸਨ!

**(ਸਮਾਪਤ)**

---

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

# ਸਾਡੇ ਵਿਹੜੇ ਆਈ ਸਿਆਸਤ

ਮੇਰਾ ਭਾਣਜਾ ਅਮਰਜੀਤ ਸਿੰਘ ਲਾਲੀ ਪੰਜਾਬ ਯੂਥ ਕਾਂਗਰਸ ਦਾ ਪ੍ਰਧਾਨ ਚੁਣਿਆ ਗਿਆ ਹੈ। ਸਾਡੇ ਪਰਿਵਾਰ ਵਿਚੋਂ ਉਹ ਪਹਿਲਾ ਵਿਅਕਤੀ ਹੈ ਜਿਹੜਾ ਆਪਣੀ ਸੋਚ ਤੇ ਦ੍ਰਿਸ਼ਟੀ ਦੇ ਆਧਾਰ ਉਤੇ ਏਸ ਪਦਵੀ ਉਤੇ ਪਹੁੰਚਿਆ ਹੈ। ਉਸ ਦਾ ਪਿਤਾ ਪਰਮਜੀਤ ਸਿੰਘ ਡਾਕਟਰੀ ਦੀ ਪ੍ਰੈਕਟਿਸ ਕਰਦਾ ਸੀ ਤੇ ਮਾਂ ਬਲਵਿੰਦਰ ਕੌਰ ਬੀ ਐਡ ਕਾਲਜ, ਨਵਾਂ ਸ਼ਹਿਰ ਦੀ ਪ੍ਰਿੰਸੀਪਲ ਰਹਿ ਚੁੱਕੀ ਹੈ। ਲਾਲੀ ਗਿਆਰਾਂ ਸਾਲਾਂ ਦਾ ਸੀ ਜਦੋਂ ਪਿਤਾ ਜੀ ਛਾਂ ਸਿਰ ਤੋਂ ਚਲੀ ਗਈ।



**ਅਮਰਜੀਤ ਸਿੰਘ ਲਾਲੀ**

ਲਾਲੀ ਕਿਵੇਂ ਤੇ ਕਿਉਂ ਰਾਜਨੀਤੀ ਵਿਚ ਕੁੱਦਿਆ ਸਾਨੂੰ ਕਿਸੇ ਨੂੰ ਵੀ ਨਹੀਂ ਪਤਾ। ਏਨਾ ਜ਼ਰੂਰ ਹੈ ਕਿ ਜਦੋਂ ਉਚੇਰੀ ਵਿਦਿਆ ਤੋਂ ਮੂੰਹ ਮੋੜ ਕੇ ਕੈਨੇਡਾ ਗਿਆ ਤਾਂ ਚਾਰ ਕੁ ਮਹੀਨੇ ਉਥੇ ਰਹਿ ਕੇ ਵੀ ਪਿੱਛੇ ਵਲ ਹੀ ਤਾਂਘਦਾ ਸੀ। ਉਸ ਨੂੰ ਆਪਣੀ ਧਰਤੀ ਦੇ ਮੋਹ ਨੇ ਵਾਪਸ ਖਿਚ ਲਿਆਂਦਾ। ਇਸ ਮੋਹ ਨੂੰ ਪਾਲਦਿਆਂ ਸਾਬਕਾ ਸੰਸਦ ਮੈਂਬਰ ਵਿਜੇਇੰਦਰ ਸਿੰਗਲਾ, ਪੰਜਾਬ ਦੇ ਸਾਬਕਾ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਕਾਂਗਰਸ ਦੀ ਜਨਰਲ ਸਕੱਤਰ ਅੰਬਿਕਾ ਸੋਨੀ ਦਾ ਚਹੇਤਾ ਹੋ ਕੇ ਉਭਰਿਆ। ਉਹ ਪੂਰਨ ਤੌਰ ਤੇ ਗੈਰ ਸਿਆਸੀ ਪਰਿਵਾਰ ਵਿਚੋਂ ਹੋਣ ਦੇ ਬਾਵਜੂਦ ਅਪਣੇ ਹਾਣ ਦੇ ਨੌਜਵਾਨ ਕਾਂਗਰਸੀਆਂ 'ਚ ਸਭ ਤੋਂ ਅੱਗੇ ਵੱਧ ਗਿਆ ਹੈ।

ਮੇਰੇ ਲਈ ਖੁਸ਼ੀ ਦੀ ਗੱਲ ਇਹ ਵੀ ਹੈ ਕਿ ਪੰਜਾਬ ਯੂਥ ਕਾਂਗਰਸ ਦੇ ਨਵੀਂ ਟੀਮ ਦੇ ਸੀਨੀਅਰ ਮੀਤ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਖਾਲਸਾ ਕਾਲਜ ਮਾਹਿਲਪੁਰ ਦੇ ਐਡਮਨਿਸਟ੍ਰੇਟਰ ਤੇ ਮੇਰੇ ਮਿੱਤਰ ਵਿੰਗ ਕਮਾਂਡਰ ਹਰਦੇਵ ਸਿੰਘ ਢਿੱਲੋਂ ਦਾ ਦੋਹਤ ਜੁਆਈ ਹੈ। ਦੋਵੇਂ ਰਲ ਕੇ ਪੰਜਾਬ ਦੀ ਜਵਾਨੀ ਨੂੰ ਕਿਸ ਪਾਸੇ ਤੋਰਦੇ ਹਨ, ਸਮੇਂ ਨੇ ਦੱਸਣਾ ਹੈ। ਕੰਮ ਬੜਾ ਕਠਿਨ ਹੈ ਕਿਉਂਕਿ ਗਵਾਂਢੀ ਦੇਸ਼ ਇਸ ਨੂੰ ਮੂਧੇ ਮੂੰਹ ਸੁੱਟਣ ਉਤੇ ਤੁਲੇ ਹੋਏ ਹਨ। ਹਾਲ ਦੀ ਘੜੀ ਨਵੀਂ ਟੀਮ ਦਾ ਸਵਾਗਤ ਹੈ, ਬਾਕੀ ਇਨ੍ਹਾਂ ਦਾ ਕੰਮ ਵੇਖਣ ਤੋਂ ਪਿੱਛੋਂ।

**ਸੁਦੇਸ਼ ਸ਼ਰਮਾ ਦਾ ਰੰਗ ਮੰਚ ਸੰਸਾਰ:** ਚੰਡੀਗੜ੍ਹ ਦੇ 'ਥੀਏਟਰ ਫਾਰ ਥੀਏਟਰ' ਨਾਲ ਜੁੜਿਆ ਸੁਦੇਸ਼ ਸ਼ਰਮਾ ਇਕ ਤਰ੍ਹਾਂ ਦੀ ਸੰਸਥਾ ਹੈ। ਕੁਝ ਸਾਲ ਪਹਿਲਾਂ ਜਦੋਂ ਉਸ ਨੇ ਬਲਵੰਤ ਗਾਰਗੀ ਦੇ ਨਾਟਕ 'ਲੋਹਾ ਕੁੱਟ' ਵਿਚ ਨਾਇਕ ਦਾ ਰੋਲ ਕੀਤਾ, ਉਦੋਂ ਤੋਂ ਮੈਂ ਉਸ ਦੀ ਪੇਸ਼ਕਾਰੀ ਤੋਂ ਪ੍ਰਭਾਵਤ ਹਾਂ। ਉਸ ਦੀ ਅਦਾਕਾਰੀ ਵਿਚ ਏਨੀ ਸਰਲਤਾ ਹੈ ਕਿ ਦਰਸ਼ਕ ਖੁਦ ਉਸ ਦੀ ਦੁਨੀਆਂ ਦਾ ਹਿੱਸਾ ਬਣ ਜਾਂਦੇ ਹਨ।

ਉਹ 'ਥੀਏਟਰ ਫਾਰ ਥੀਏਟਰ' ਦੀ ਸਥਾਪਨਾ ਦੇ ਸਮੇਂ ਤੋਂ ਇਸ ਦਾ ਉਘਾ ਮੈਂਬਰ ਹੈ। ਉਸ ਨੇ ਮੁਢਲੇ ਦਿਨਾਂ ਵਿਚ ਇਸ ਦਾ ਸਕੱਤਰ ਹੁੰਦਿਆਂ, ਇਸ ਦੀਆਂ ਅਜਿਹੀਆਂ ਨੀਹਾਂ ਰੱਖੀਆਂ ਕਿ ਇਹ ਸੰਸਥਾ ਤੀਹ ਸਾਲ ਤੋਂ ਚੰਡੀਗੜ੍ਹ ਤੇ ਆਸ ਪਾਸ ਦੇ ਦਰਸ਼ਕਾਂ ਨੂੰ ਨਿਹਾਲ ਕਰਦੀ ਆ ਰਹੀ ਹੈ। ਪਿਛਲੇ ਸਪਤਾਹ ਦਾ ਤਿੰਨ ਰੋਜ਼ਾ ਨਾਟਕ ਮੇਲਾ ਇਸ ਦੀ ਮੂੰਹ ਬੋਲਦੀ ਤਸਵੀਰ ਸੀ। 'ਪਾਰਸਾਈ ਦੇ ਕਿੱਸੇ' ਵਿਚ ਉਸ ਦੇ ਚੇਲੇ ਗੁਰਦੀਪ ਸਿੰਘ ਗੁਰਾ ਤੇ ਪ੍ਰਿੰਸ ਸ਼ਰਮਾ ਦੀ ਅਦਾਕਾਰੀ ਨੇ ਅਪਣੀ ਹਾਸ ਵਿਅੰਗ ਅਦਾਕਾਰੀ ਨਾਲ ਦਰਸ਼ਕਾਂ ਨੂੰ ਨਿਹਾਲ ਕੀਤਾ ਅਗਲੇ ਦਿਨ 'ਸੰਧਿਆਂ ਛਾਇਆ' ਵਿਚ ਉਸ ਦੀ ਅਪਣੀ ਤੇ ਸੈਕੰਡ ਰੋਲ ਅਦਾ ਕਰ ਰਹੀ ਮਧੂ ਬਾਲਾ ਦੀ ਅਦਾਕਾਰੀ ਨੇ ਇਕਹਿਰੇ ਪਰਿਵਾਰਾਂ ਦੀ ਜੀਵਨ ਲੀਲ੍ਹਾ ਵਿਚ ਆਏ ਠਹਿਰਾਓ ਨੇ ਮੇਰੀ ਉਮਰ ਦੇ ਦਰਸ਼ਕ ਮਨਾਂ ਨੂੰ ਖਿਚ ਕੇ ਮੰਚ ਉਤੇ ਬਿਠਾਈ ਰੱਖਿਆ। ਦੋਵਾਂ ਦੀ ਅਦਾਕਾਰੀ ਏਨੀ ਕੁਦਰਤੀ ਸੀ ਕਿ ਉਹ ਜੁਗਾਂ-ਜੁਗਾਂਤਰਾਂ ਤੋਂ ਇਕੱਠੇ ਰਹਿ ਰਹੇ ਜਾਪਦੇ ਸਨ। ਤੀਜੇ ਦਿਨ 'ਗਧੇ ਦੀ ਬਰਾਤ' ਨਾਂ ਦਾ ਨਾਟਕ ਵੀ ਠੀਕ ਸੀ ਪਰ ਪਹਿਲੇ ਦੋ ਤੋਂ ਕਾਫ਼ੀ ਪਿਛੇ। ਸ਼ਾਇਦ ਇਸ ਲਈ ਕਿ ਇਸ ਨਾਟਕ ਦਾ ਨਿਰਦੇਸ਼ਨ ਸੁਦੇਸ਼ ਨੇ ਖੁਦ ਨਹੀਂ ਸੀ ਕੀਤਾ। ਸੁਦੇਸ਼ ਵਾਲੀ ਸੰਸਥਾ ਨੇ ਚੰਡੀਗੜ੍ਹ ਦੇ ਰੰਗ ਸ਼ਾਲਾ ਜੀਵਨ ਨੂੰ ਏਨਾ ਰੰਗੀਲਾ ਬਣਾ ਦਿੱਤਾ ਹੈ ਕਿ ਏਸ ਸ਼ਹਿਰ ਵਿਚ ਹੋਰ ਵੀ ਵਧੀਆ ਟੋਲੀਆਂ ਉਭਰ ਆਈਆਂ ਹਨ। ਚੰਡੀਗੜ੍ਹ ਦਾ ਨਾਟਕੀ ਸੰਸਾਰ ਅੱਜ ਪੰਜਾਬ, ਹਰਿਆਣਾ, ਹਿਮਾਚਲ ਤੇ ਦਿੱਲੀ ਨੂੰ ਮਾਤ ਪਾ ਰਿਹਾ ਹੈ। ਚੰਡੀਗੜ੍ਹ ਨੂੰ ਚੰਡੀਗੜ੍ਹ ਦੀਆਂ ਤਰਕਾਲਾਂ ਮੁਬਾਰਕ!

**ਸੀਰੀਆ ਦੀ ਮਲਾਲਾ:** ਸੀਰੀਆ ਵਿਚ ਫੈਲੀ ਹਿੰਸਾ ਕਾਰਨ ਪ੍ਰਭਾਵਿਤ ਵੱਸੋਂ ਸ਼ਰਨਾਰਥੀ ਕੈਂਪਾਂ ਵਿਚ ਰਹਿਣ ਲਈ ਮਜਬੂਰ ਹੈ। ਪਰ ਇੱਕ ਮਾਜੂਨ ਅਲਮੇਲੇਹਨ ਨਾਂ ਦੀ ਸੋਲਾ ਸਾਲਾ ਮੁਟਿਆਰ ਅਪਣੇ ਤਿੰਨ ਭੈਣ ਭਰਾਵਾਂ ਸਮੇਤ ਜਾਰਡਨ ਕੈਂਪ ਵਿੱਚ ਰਹਿੰਦਿਆਂ ਉਨ੍ਹਾਂ ਦੀ ਦੇਖ ਭਾਲ ਦੇ ਨਾਲ-ਨਾਲ ਅਪਣੀ ਸਿੱਖਿਆ ਦੀ ਚੇਟਕ ਵੀ ਪਾਲ ਰਹੀ ਹੈ। ਕੈਂਪ ਦੀਆਂ ਮਾਵਾਂ ਕੈਂਪਾਂ ਦੇ ਅਸੁਰੱਖਿਅਤ ਜੀਵਨ ਤੋਂ ਡਰਦੀਆਂ ਅਪਣੀਆਂ ਧੀਆਂ ਨੂੰ ਵਿਆਹ ਕੇ ਮੁਕਤ ਹੋਣਾ ਚਾਹੁੰਦੀਆਂ ਹਨ ਪਰ ਮਾਜੂਨ ਇਸ ਦੇ ਉਲਟ ਅਪਣੇ ਤੇ ਦੂਜੇ ਕੈਂਪਾਂ ਦੇ ਮਾਪਿਆਂ ਨੂੰ ਵਿਦਿਆ ਦੇਣ ਲਈ ਪ੍ਰੇਰਦੀ ਹੈ। ਇਹ ਕਹਿ ਕੇ ਕਿ ਵਿਆਹ ਅਸਫਲ ਹੋ ਸਕਦੇ ਹਨ ਪਰ ਵਿਦਿਆ ਨਹੀਂ। ਪਿਛਲੇ ਸਾਲ ਦੇ ਫਰਵਰੀ ਮਹੀਨੇ ਉਸ ਦੀ ਮੁਲਾਕਾਤ ਮਲਾਲਾ ਯੂਸਫਜ਼ਈ ਨਾਲ ਹੋਈ ਤਾਂ ਦੋਵੇਂ ਗੂੜ੍ਹੀਆਂ ਸਹੇਲੀਆਂ ਬਣ ਗਈਆਂ। ਸੀਰੀਆ ਵਾਲੀ ਮਲਾਲਾ ਅੰਗਰੇਜ਼ੀ ਪੜ੍ਹ ਕੇ ਪੱਤਰਕਾਰ ਬਣਨ ਦਾ ਸੁਪਨਾ ਲੈ ਰਹੀ ਹੈ। ਉਸ ਨੂੰ ਉਸ ਦਾ ਸੁਪਨਾ ਮੁਬਾਰਕ!

***ਅੰਤਿਕਾ:*** (ਸੁਖਵਿੰਦਰ ਅੰਮ੍ਰਿਤ)
ਇਸ਼ਕ ਦਾ ਇਹ ਹਾਲ ਹੈ
ਕਿ ਔੜ੍ਹਦਾ ਕੁਝ ਵੀ ਨਹੀਂ,
ਇਕ ਪਾਸੇ ਬੇਖੁਦੀ ਹੈ,
ਇਕ ਪਾਸੇ ਬੇਬਸੀ।

ਅਫ਼ਸਾਨਾ-ਏ-ਅਫ਼ਗਾਨਿਸਤਾਨ-2

# ਰੂਸ ਤੇ ਅਮਰੀਕਾ ਦੀ ਜੰਗ ਦਾ ਮੈਦਾਨ

*ਅਫ਼ਗਾਨਿਸਤਾਨ ਚਿਰਾਂ ਤੋਂ ਅਸਥਿਰਤਾ ਦੀ ਮਾਰ ਹੇਠ ਹੈ। ਸਿਆਸੀ ਅਤੇ ਸਮਾਜਕ ਉਥਲ-ਪੁਥਲ ਨੇ ਇਸ ਮੁਲਕ ਦਾ ਬੜਾ ਕੁਝ ਲੀਹੋਂ ਲਾਹ ਦਿੱਤਾ ਹੋਇਆ ਹੈ। ਅਫ਼ਗਾਨਿਸਤਾਨ ਦੇ ਇਸ ਪਿਛੋਕੜ ਅਤੇ ਅੱਜ ਦੇ ਹਾਲਾਤ ਦਾ ਲੇਖਾ-ਜੋਖਾ ਪੰਜਾਬੀ ਦੇ ਨਿਰਾਲੇ ਬਿਰਤਾਂਤਕਾਰ ਹਰਮਹਿੰਦਰ ਚਹਿਲ ਨੇ ਆਪਣੀ ਇਸ ਲੰਬੀ ਰਚਨਾ ਵਿਚ ਕੀਤਾ ਹੈ ਜੋ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। 'ਪੰਜਾਬ ਟਾਈਮਜ਼' ਦੇ ਪਾਠਕ 2013 ਵਿਚ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਹਾਲਾਤ ਬਾਰੇ ਲਿਖਿਆ ਲੇਖਕ ਦਾ ਨਾਵਲ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁੱਕੇ ਹਨ, ਜੋ ਬੇਹਦ ਪਸੰਦ ਕੀਤਾ ਗਿਆ ਸੀ। ਉਮੀਦ ਹੈ ਪਾਠਕ ਇਹ ਲਿਖਤ ਵੀ ਪਸੰਦ ਕਰਨਗੇ। ਚਹਿਲ ਨੇ ਪੰਜ ਕਹਾਣੀ ਸੰਗ੍ਰਿਹਾਂ ਤੋਂ ਇਲਾਵਾ 'ਹੋਣੀ' ਅਤੇ 'ਬਲੀ' ਨਾਵਲ ਲਿਖ ਕੇ ਪੰਜਾਬੀ ਸਾਹਿਤ ਜਗਤ ਵਿਚ ਪੈਂਠ ਬਣਾਈ ਹੈ। 'ਬਲੀ' ਵਿਚ ਪੰਜਾਬ ਸੰਕਟ ਦੀਆਂ ਪਰਤਾਂ ਫਰੋਲੀਆਂ ਗਈਆਂ ਹਨ ਅਤੇ 'ਹੋਣੀ' ਪਰਵਾਸ ਨਾਲ ਜੁੜੇ ਮਸਲਿਆਂ ਨਾਲ ਜੁੜੀ ਤੰਦ-ਤਾਣੀ ਦਾ ਖੁਲਾਸਾ ਕਰਦਾ ਹੈ। ਮਾਨਸਾ ਜ਼ਿਲ੍ਹੇ ਦੇ ਪਿੰਡ ਆਲਮਪੁਰ ਮੰਦਰਾਂ ਤੋਂ ਅਮਰੀਕਾ ਆ ਵੱਸੇ ਹਰਮਹਿੰਦਰ ਚਹਿਲ ਦੀਆਂ ਰਚਨਾਵਾਂ ਵਿਚ ਪੇਸ਼ ਆਲੇ-ਦੁਆਲੇ ਦਾ ਬਾਰੀਕ ਬਿਰਤਾਂਤ ਉਸ ਦੀਆਂ ਰਚਨਾਵਾਂ ਦੀ ਖਾਸੀਅਤ ਬਣਦਾ ਹੈ। ਇਨ੍ਹਾਂ ਰਚਨਾਵਾਂ ਵਿਚ ਹਕੀਕਤ ਝਾਤੀਆਂ ਮਾਰਦੀ ਦਿਸਦੀ ਹੈ ਅਤੇ ਪਾਠਕਾਂ ਨੂੰ ਆਪਣੇ ਨਾਲ ਤੁਰਨ ਲਈ ਸੈਨਤਾਂ ਮਾਰਦੀ ਹੈ। -ਸੰਪਾਦਕ*

## ਤੁਸੀਂ ਪੜ੍ਹ ਚੁੱਕੇ ਹੋ...

**ਅਫਗਾਨਿਸਤਾਨ ਵਿਚ ਕਈ ਸਦੀਆਂ ਤੋਂ ਸਿਆਸੀ ਤੂਫਾਨ ਉਠਦੇ ਰਹੇ ਹਨ। ਵੱਖ ਵੱਖ ਸ਼ਾਸਕਾਂ ਨੇ ਮੁਲਕ ਵਿਚ ਪੈਂਠ ਬਣਾਈ। ਅਫਗਾਨ ਮਾਣ ਕਰਦੇ ਹਨ ਕਿ ਉਹ ਕਦੀ ਅੰਗਰੇਜ਼ਾਂ ਦੇ ਅਧੀਨ ਨਹੀਂ ਰਹੇ ਜਿਨ੍ਹਾਂ ਦੇ ਰਾਜ ਵਿਚ ਸੂਰਜ ਨਹੀਂ ਸੀ ਛੁਪਦਾ ਹੁੰਦਾ। ਐਪਰ, ਅੰਗਰੇਜ਼ਾਂ ਦੀ ਖਰੀਦੋ-ਫਰੋਖਤ ਵਾਲੀ ਸਿਆਸਤ ਮੁਲਕ ਦੀਆਂ ਜੜ੍ਹਾਂ ਵਿਚ ਬੈਠ ਗਈ ਜੋ ਅੱਜ ਵੀ ਮਾਰ ਕਰ ਰਹੀ ਹੈ। 20ਵੀਂ ਸਦੀ ਦੇ 7ਵੇਂ ਦਹਾਕੇ ਬਾਅਦ ਤਾਂ ਮੁਲਕ ਵਿਚ ਖਾਨਾਜੰਗੀ ਨੇ ਜੋ ਰੂਪ ਅਖਤਿਆਰ ਕੀਤਾ, ਉਸ ਦੀ ਮਿਸਾਲ ਦੁਨੀਆਂ ਭਰ ਵਿਚ ਕਿਤੇ ਨਹੀਂ ਮਿਲਦੀ। ਰੂਸ ਅਤੇ ਅਮਰੀਕਾ ਵਰਗੇ ਵੱਡੇ ਮੁਲਕ ਵੱਖਰੀ ਘਾਤ ਲਾ ਕੇ ਬੈਠੇ ਸਨ ਅਤੇ ਦਖਲ ਦੇਣ ਦਾ ਮੌਕਾ ਤਲਾਸ਼ ਰਹੇ ਸਨ। ਹੁਣ ਪੜ੍ਹੋ ਇਸ ਤੋਂ ਅੱਗੇ...**

ਅਫਗਾਨਿਸਤਾਨ ਵਿਚ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਸਨ। ਜਿਉਂ ਜਿਉਂ ਸਰਕਾਰ ਦਮਨ ਵਧਾ ਰਹੀ ਸੀ, ਲੋਕਾਂ 'ਚ ਵਿਰੋਧ ਵਧ ਰਿਹਾ ਸੀ। ਧਾਰਮਿਕ ਲੀਡਰਾਂ ਨੇ ਅਫਗਾਨਿਸਤਾਨ ਦੀ ਕਮਿਊਨਿਸਟ ਸਰਕਾਰ ਖਿਲਾਫ ਜਹਾਦ ਲੜਨ ਦਾ ਫਤਵਾ ਜਾਰੀ ਕਰ ਦਿੱਤਾ। ਪਹਿਲਾਂ ਜਿਵੇਂ ਹੈਰਾਤ ਵਿਚ ਹੋ ਚੁੱਕਾ ਸੀ, ਉਵੇਂ ਹੀ ਜਲਾਲਬਾਦ ਵਿਚ ਸ਼ੁਰੂ ਹੋ ਗਿਆ। ਫੌਜ ਬੈਰਕਾਂ ਛੱਡ ਕੇ ਮੁਜਾਹਿਦੀਨ ਦੇ ਹੱਕ ਵਿਚ ਹੋ ਗਈ। ਥਾਂ ਥਾਂ ਸਰਕਾਰ ਪੱਖੀਆਂ ਨੂੰ ਮਾਰਿਆ ਜਾਣ ਲੱਗਾ। ਰੂਸੀ ਅਫਸਰ ਅਤੇ ਉਨ੍ਹਾਂ



**ਹਰਮਹਿੰਦਰ ਚਹਿਲ**
**ਫੋਨ: 703-362-3239**
chahals57@yahoo.com

ਦੇ ਪਰਿਵਾਰਾਂ ਨੂੰ ਹੈਰਾਤ ਵਾਂਗ ਮਾਰ ਦਿੱਤਾ ਗਿਆ। ਇਸ ਵਿਦਰੋਹ ਦੀ ਖ਼ਬਰ ਪਿੰਡਾਂ ਤੱਕ ਪਹੁੰਚੀ ਤਾਂ ਪੇਂਡੂ ਲੋਕ ਵੀ ਸਰਕਾਰ ਦੇ ਖਿਲਾਫ ਹੋ ਗਏ। ਹੈਰਾਤ ਵੱਲੋਂ ਚੱਲੀ ਵਿਦਰੋਹ ਦੀ ਹਨ੍ਹੇਰੀ ਜਲਾਲਬਾਦ ਹੁੰਦੀ ਹੋਈ ਸਾਰੇ ਮੁਲਕ ਵਿਚ ਫੈਲਣ ਲੱਗੀ। ਇਸ ਵੇਲੇ ਰੂਸ ਸਰਕਾਰ ਨੇ ਗੁਪਤ ਸਰਵੇਖਣ ਕਰਵਾਇਆ ਤਾਂ ਪਤਾ ਲੱਗਾ ਕਿ ਤਰਾਕੀ ਹੱਦੋਂ ਵੱਧ ਸਖਤੀ ਕਰ ਰਿਹਾ ਹੈ। ਉਹ ਅਫਗਾਨ ਕਮਿਊਨਿਸਟ ਪਾਰਟੀ ਨਾਲੋਂ ਆਪਣੇ ਆਪ ਨੂੰ ਪਹਿਲ ਦੇ ਰਿਹਾ ਹੈ। ਉਸ ਦਾ ਇੱਕੋ-ਇਕ ਏਜੰਡਾ ਆਪਣੇ ਆਪ ਨੂੰ ਲੈਨਿਨ ਵਰਗਾ ਸੁਪਰੀਮ ਲੀਡਰ ਸਥਾਪਤ ਕਰਨ ਦਾ ਹੈ। ਇਹ ਵੇਖਿਦਿਆਂ ਰੂਸ ਨੇ ਉਸ ਨੂੰ ਸਲਾਹ ਦਿੱਤੀ ਕਿ ਉਹ ਲੋਕਾਂ ਦਾ ਦਿਲ ਜਿੱਤਣ ਦੀ ਕੋਸ਼ਿਸ਼ ਕਰੇ। ਧਾਰਮਿਕ ਮੁੱਲ੍ਹਾਂ ਮੁਲਾਣਿਆਂ ਨੂੰ ਆਪਣੇ ਨਾਲ ਰਲਾਵੇ ਅਤੇ ਪਾਰਟੀ ਦੇ ਸਾਰੇ ਵਰਕਰਾਂ ਨੂੰ ਨਾਲ ਲੈ ਕੇ ਸਰਕਾਰ ਨੂੰ ਸਥਿਰ ਬਣਾਉਣ ਦੀ ਕੋਸ਼ਿਸ਼ ਕਰੇ, ਪਰ ਨੂਰ ਮੁਹੰਮਦ ਤਰਾਕੀ ਉਸੇ ਪੁਰਾਣੀ ਗੱਲ 'ਤੇ ਅੜਿਆ ਰਿਹਾ ਕਿ ਰੂਸ ਸਿੱਧਾ ਫੌਜੀ ਦਖਲ ਦੇ ਕੇ ਉਸ ਦੀ ਮੱਦਦ ਕਰੇ। ਰੂਸ ਨੂੰ ਲੱਗਿਆ ਕਿ ਤਰਾਕੀ ਆਪ ਕੁਝ ਨਹੀਂ ਕਰਨਾ ਚਾਹੁੰਦਾ। ਉਹ ਸਾਰਾ ਕੁਝ ਬਣਿਆ ਬਣਾਇਆ ਭਾਲਦਾ ਹੈ। ਅਮਰੀਕਾ ਨੇ ਥੋੜ੍ਹਾ ਅਗਾਂਹ ਵਧਦਿਆਂ ਅਫਗਾਨ ਗੁਰੀਲਿਆਂ ਦੇ ਇਲਾਜ ਅਤੇ ਦਵਾਈਆਂ ਵਗੈਰਾ ਲਈ ਪੈਸਾ ਜ਼ਿਆ-ਉਲ ਹੱਕ ਤੱਕ ਭੇਜਣਾ ਸ਼ੁਰੂ ਕਰ ਦਿਤਾ।

ਰੂਸ ਦੀਆਂ ਸਮਝੌਤੀਆਂ ਦੇ ਬਾਵਜੂਦ ਤਰਾਕੀ ਨੇ ਆਪਣਾ ਰਸਤਾ ਨਾ ਬਦਲਿਆ। ਇੱਥੋਂ ਤੱਕ ਕਿ ਉਸ ਦੀ ਆਪਣੀ ਹੀ ਪਾਰਟੀ ਦੇ ਸੀਨੀਅਰ ਆਗੂਆਂ ਨਾਲ ਅਣਬਣ ਹੋਣ ਲੱਗੀ। ਉਸ ਨੇ ਪਾਰਟੀ ਦੇ ਵੱਡੇ ਲੀਡਰ ਹਾਫਿਜ਼ਉਲਾ ਅਮੀਨ ਨਾਲ ਆਢਾ ਲਾ ਲਿਆ। ਅਮੀਨ ਅਮਰੀਕਾ ਦਾ ਪੜ੍ਹਿਆ ਲਿਖਿਆ ਸੀ ਤੇ ਉਸ ਦਾ ਅਫਗਾਨਿਸਤਾਨ ਵਿਚ ਕਮਿਊਨਿਸਟ ਸਰਕਾਰ ਸਥਾਪਤ ਕਰਨ ਵਿਚ ਵੱਡਾ ਹੱਥ ਸੀ। ਦੋਨਾਂ ਵਿਚ ਝਗੜਾ ਇੰਨਾ ਵਧ ਗਿਆ ਕਿ ਦੋਨੋਂ ਸੋਚਣ ਲੱਗੇ ਕਿ ਉਨ੍ਹਾਂ ਵਿਚੋਂ ਇਕ ਨੂੰ ਪਾਸੇ ਹਟਣਾ ਪਵੇਗਾ। ਹਾਫਿਜ਼ਉਲਾ ਪਹਿਲ ਕਰ ਗਿਆ ਤੇ ਉਸ ਨੇ 1979 ਵਿਚ ਆਪਣੇ ਆਪ ਨੂੰ ਮਹਾਨ ਟੀਚਰ ਕਹਾਉਣ ਵਾਲੇ ਨੂਰ ਮੁਹੰਮਦ ਦਾ ਕਤਲ ਕਰਵਾ ਕੇ ਸੱਤਾ ਹਥਿਆ ਲਈ। ਹਾਫਿਜ਼ਉਲਾ ਨੇ ਪੂਰੀ ਤਰ੍ਹਾਂ ਤਾਕਤ ਆਪਣੇ ਹੱਥ ਕੀਤੀ ਤਾਂ ਉਸ ਦਾ ਵਿਹਾਰ ਵੀ ਬਦਲਣ ਲੱਗਾ। ਉਸ ਨੂੰ ਰੂਸ ਦਾ ਪਿੱਠੂ ਬਣ ਕੇ ਚੱਲਣਾ ਮਨਜ਼ੂਰ ਨਹੀਂ ਸੀ। ਉਹ ਕੇ.ਜੀ.ਬੀ. ਨੂੰ ਅੱਖਾਂ ਵਿਖਾਉਣ ਲੱਗਾ। ਨਾਲ ਹੀ ਅਮਰੀਕੀ ਸਫਾਰਤੀ ਅਮਲੇ ਨਾਲ ਮੇਲ-ਜੋਲ ਵਧਾਉਣ ਲੱਗਾ। ਉਸ ਦੇ ਪੜ੍ਹਾਈ ਦੌਰਾਨ ਅਮਰੀਕਾ ਰਿਹਾ ਹੋਣ ਕਰ ਕੇ ਰੂਸ ਨੂੰ ਸ਼ੱਕ ਹੋਇਆ ਕਿ ਉਹ ਸੀ.ਆਈ.ਏ. ਨਾਲ ਮਿਲਿਆ ਹੋਇਆ ਹੈ। ਹਾਫਿਜ਼ਉਲਾ ਦਾ ਅਮਰੀਕੀਆਂ ਨਾਲ ਮੇਲ-ਜੋਲ ਰੂਸ ਦੀਆਂ ਅੱਖਾਂ ਵਿਚ ਰੜਕਣ ਲੱਗਾ। ਇਕ ਮੌਕੇ 'ਤੇ ਰੂਸ ਨੂੰ ਜਾਪਿਆ ਕਿ ਹਾਫਿਜ਼ਉਲਾ ਵਾਕਿਆ ਹੀ ਅਮਰੀਕਾ ਅਤੇ ਪਾਕਿਸਤਾਨ ਨਾਲ ਮਿਲ ਕੇ ਆਪਣੀ ਸਰਕਾਰ ਪੱਕੀ ਕਰਨ ਦੇ ਚੱਕਰ ਵਿਚ ਹੈ। ਅਸਲ ਵਿਚ ਹਾਲਾਤ ਹੋਰ ਸਨ। ਜੋ ਉਸ ਬਾਰੇ ਰੂਸ ਸੋਚਦਾ ਸੀ, ਅਜਿਹਾ ਕੁਝ ਵੀ ਨਹੀਂ ਸੀ। ਅਮਰੀਕਾ ਨੂੰ ਵੀ ਹਾਫਿਜ਼ਉਲਾ 'ਤੇ ਇਤਬਾਰ ਨਹੀਂ ਸੀ, ਪਰ ਰੂਸ ਨੂੰ ਜਾਪਣ ਲੱਗਾ ਸੀ ਕਿ ਉਸ ਦੀ ਦਹਾਕਿਆਂ



*ਸਟਿੰਗਰ ਮਿਜ਼ਾਈਲ ਚਲਾ ਰਿਹਾ ਮੁਜਾਹਿਦੀਨ। ਇਸ ਮਿਜ਼ਾਈਲ ਨੇ ਰੂਸ ਦੀ ਹਵਾਈ ਫੌਜ ਦਾ ਲੱਕ ਤੋੜ ਕੇ ਰੱਖ ਦਿੱਤਾ। ਇਹ ਤਸਵੀਰ 1984 ਦੀ ਹੈ।*

ਦੀ ਕੀਤੀ ਕਰਾਈ ਖੂਹ ਵਿਚ ਪੈਣ ਲੱਗੀ ਹੈ। ਕੇ.ਜੀ.ਬੀ. ਨੇ ਹਾਫਿਜ਼ਉਲਾ ਬਾਰੇ ਪੂਰੀ ਰਿਪੋਰਟ ਤਿਆਰ ਕਰ ਕੇ ਸਰਕਾਰ ਨੂੰ ਭੇਜਦਿਆਂ ਸਲਾਹ ਦਿੱਤੀ ਕਿ ਜੇ ਹਾਫਿਜ਼ਉਲਾ ਨੂੰ ਛੇਤੀ ਪਾਸੇ ਨਾ ਕੀਤਾ ਗਿਆ ਤਾਂ ਉਹ ਅਮਰੀਕਾ ਨਾਲ ਮਿਲ ਕੇ ਰੂਸ ਦਾ ਪਾਸਾ ਪਲਟ ਦੇਵੇਗਾ। ਰੂਸ ਸਰਕਾਰ ਨੇ ਇਸ ਰਿਪੋਰਟ ਨੂੰ ਬੜੀ ਸੰਜੀਦਗੀ ਨਾਲ ਲਿਆ। ਨਾਲ ਹੀ ਹਾਫਿਜ਼ਉਲਾ ਨੂੰ ਰਸਤੇ 'ਚੋਂ ਪਾਸੇ ਕਰ ਕੇ ਅਫਗਾਨ ਕਮਿਊਨਿਸਟ ਸਰਕਾਰ ਬਚਾਉਣ ਦੇ ਆਦੇਸ਼ ਦੇ ਦਿੱਤੇ। ਰੂਸ ਨੇ ਸਿੱਧੀ ਫੌਜ ਭੇਜਣ ਦਾ ਫੈਸਲਾ ਕਰ ਲਿਆ, ਇਸ ਨੂੰ ਭਾਵੇਂ ਡਰ ਸੀ ਕਿ ਕਿਤੇ ਇਸ ਨਾਲ ਵੱਡੀ ਲੜਾਈ ਨਾ ਭੜਕ ਪਵੇ ਤੇ ਸਾਰਾ ਸੰਸਾਰ ਇਸ ਵਿਚ ਉਲਝ ਜਾਵੇ। ਨਾਲ ਹੀ ਇਹ ਵੀ ਖਤਰਾ ਸੀ ਕਿ ਕਿਤੇ ਅਮਰੀਕਾ ਪਹਿਲ ਨਾ ਕਰ ਜਾਵੇ। ਇਸ ਫੈਸਲੇ ਪਿੱਛੋਂ ਰੂਸੀ ਫੌਜ, ਟੁਕੜੀਆਂ ਦੇ ਰੂਪ ਵਿਚ ਗੁਪਤ ਢੰਗ ਨਾਲ ਅਫਗਾਨਿਸਤਾਨ ਵਿਚ ਦਾਖਲ ਹੋਣੀ ਸ਼ੁਰੂ ਹੋ ਗਈ। ਹਾਫਿਜ਼ਉਲਾ ਨੂੰ ਮਾਰਨ ਦੇ ਯਤਨ ਵੀ ਤੇਜ਼ ਕਰ ਦਿੱਤੇ ਗਏ। ਫਿਰ ਉਸ ਦਿਨ ਰੂਸ ਦਾ ਸਿੱਧਾ ਹਮਲਾ ਜਨਤਕ ਹੋ ਗਿਆ ਜਿਸ ਦਿਨ ਰੂਸੀ ਫੌਜਾਂ ਨੇ ਅਮੂ ਦਾਰੀਆ ਦਰਿਆ 'ਤੇ ਆਰਜ਼ੀ ਪੁਲ ਬਣਾ ਕੇ ਆਪਣੇ ਟੈਂਕ ਅਫਗਾਨਿਸਤਾਨ ਵਿਚ ਦਾਖਲ ਕੀਤੇ। ਨਾਲ ਹੀ ਕਾਬੁਲ ਏਅਰਪੋਰਟ 'ਤੇ ਰੂਸੀ



*ਜ਼ਿਆ-ਉਲ ਹੱਕ*



*ਹਾਫਿਜ਼ਉਲਾ ਅਮੀਨ*



*ਗੁਲਬੂਦੀਨ ਹਿਕਮਤਯਾਰ*

ਫੌਜਾਂ ਦੇ ਸਪੈਸ਼ਲ ਦਸਤੇ ਉਤਰਨੇ ਸ਼ੁਰੂ ਹੋ ਗਏ। ਹਾਫਿਜ਼ਉਲਾ ਨੂੰ ਮਾਰਨ ਲਈ ਜਦੋਂ ਕੋਈ ਲੁਕਵਾਂ ਢੰਗ ਕਾਰਗਾਰ ਨਾ ਹੋਇਆ ਤਾਂ ਕੇ.ਜੀ.ਬੀ. ਦੇ ਸਪੈਸ਼ਲ ਦਸਤਿਆਂ ਨੇ ਉਸ ਦੇ ਮਹਿਲ 'ਤੇ ਹਮਲਾ ਬੋਲ ਦਿੱਤਾ। ਰੂਸ ਨੇ ਜਲਾਵਤਨੀ ਭੁਗਤ ਰਹੇ ਬਬਰਾਕ ਕਰਮਾਲ ਨੂੰ ਹਵਾਈ ਜਹਾਜ਼ ਰਾਹੀਂ ਬਗਰਾਮ ਏਅਰਪੋਰਟ 'ਤੇ ਲਿਆ ਉਤਾਰਿਆ ਸੀ। ਸੋ ਛੇਤੀ ਤੋਂ ਛੇਤੀ ਹਾਫਿਜ਼ਉਲਾ ਦਾ ਖਾਤਮਾ ਕਰ ਕੇ ਬਬਰਾਕ ਕਰਮਾਲ ਨੂੰ ਪ੍ਰਧਾਨ ਬਣਾਉਣ ਦੀ ਕਾਹਲੀ ਸੀ। ਹਾਫਿਜ਼ਉਲਾ ਦੇ ਮਹਿਲ ਵਿਚ ਘੁਸ ਜਾਣ ਪਿੱਛੋਂ ਦੋਨਾਂ ਧਿਰਾਂ ਵਿਚ ਲਹੂ ਡੋਲ੍ਹਵੀਂ ਲੜਾਈ ਹੋਈ ਜਿਸ ਵਿਚ ਦਰਜਨਾਂ ਰੂਸੀ ਫੌਜੀ ਮਾਰੇ ਗਏ। ਆਖਰ ਹਾਫਿਜ਼ਉਲਾ ਮਾਰ ਦਿੱਤਾ ਗਿਆ। 1979 ਦੀ ਕ੍ਰਿਸਮਸ ਦੀ ਸਵੇਰ ਰੂਸੀ ਫੌਜਾਂ ਅਫਗਾਨਿਸਤਾਨ ਵਿਚ ਘੁੰਮਦੀਆਂ ਅਤੇ ਇਸ ਦੇ ਲੜਾਕੇ ਜਹਾਜ਼ ਅਸਮਾਨ ਵਿਚ ਉਡਦੇ ਵੇਖੇ ਤਾਂ ਸਾਰੀ ਦੁਨੀਆਂ ਹੈਰਾਨ ਰਹਿ ਗਈ। ਖਾਸ ਕਰ ਕੇ ਅਮਰੀਕਾ ਨੂੰ ਤਾਂ ਰੂਸ ਦੇ ਇਸ ਫੈਸਲੇ ਨੇ ਸੁੰਨ ਹੀ ਕਰ ਦਿੱਤਾ। ਉਸ ਨੂੰ ਉਮੀਦ ਨਹੀਂ ਸੀ ਕਿ ਰੂਸ ਇੰਨੀ ਜਲਦੀ ਇਹ ਕਦਮ ਚੁੱਕੇਗਾ। ਹਮਲੇ ਦਾ ਮੋੜਵਾਂ ਜੁਆਬ ਦੇਣ ਲਈ ਉਸ ਨੂੰ ਜਿਸ ਸਾਥੀ ਦੀ ਸਭ ਤੋਂ ਵੱਧ ਲੋੜ ਸੀ, ਉਹ ਸੀ ਪਾਕਿਸਤਾਨ ਦਾ ਸਦਰ ਜਨਰਲ ਜ਼ਿਆ। ਜਨਰਲ ਜ਼ਿਆ ਦੀਆਂ ਤਾਂ ਵਰਾਛਾਂ ਹੀ ਖਿੜ ਗਈਆਂ। ਅਮਰੀਕਾ ਨੇ ਸਾਊਦੀ ਅਰਬ ਨੂੰ ਨਾਲ ਲੈ ਕੇ ਪਾਕਿਸਤਾਨ ਨੂੰ ਮੋਹਰਾ ਬਣਾਉਂਦਿਆਂ ਅੱਗੇ ਦੀ ਤਿਆਰੀ ਸ਼ੁਰੂ ਕਰ ਦਿੱਤੀ।

ਰੂਸੀ ਫੌਜਾਂ ਬਬਰਾਕ ਕਰਮਾਲ ਦੀ ਮੱਦਦ ਕਰਦੀਆਂ ਉਸ ਖਿਲਾਫ ਸਿਰ ਚੁੱਕ ਰਹੇ ਲੋਕਾਂ 'ਤੇ ਸਖਤੀ ਕਰਨ ਲੱਗੀਆਂ, ਲੋਕਾਂ ਦਾ ਗੁੱਸਾ ਹੋਰ ਵਧ ਗਿਆ ਅਤੇ ਬਬਰਾਕ ਦੇ ਖਿਲਾਫ ਵਿਦਰੋਹ ਉਠ ਖੜ੍ਹਾ ਹੋਇਆ। ਰੂਸੀ ਫੋਰਸਾਂ ਜਦੋਂ ਹੋਰ ਵੀ ਸਖਤੀ ਨਾਲ ਇਸ ਵਿਦਰੋਹ ਕੁਚਲਣ ਲੱਗੀਆਂ ਤਾਂ ਲੋਕ ਲੜਨ ਲਈ ਇੱਕ-ਮੁੱਠ ਹੋਣ ਲੱਗੇ। ਮੁਲਾਣਿਆਂ ਨੇ ਇਸ ਸੰਘਰਸ਼ ਨੂੰ ਜਹਾਦ ਦਾ ਨਾਂ ਦਿੱਤਾ ਤੇ ਲੋਕਾਂ ਨੂੰ ਰੂਸੀ ਫੌਜ ਅਤੇ ਬਬਰਾਕ ਖਿਲਾਫ ਲੜਨ ਦਾ ਫਤਵਾ ਜਾਰੀ ਕਰ ਦਿੱਤਾ। ਕਈ ਸਾਲਾਂ ਤੋਂ ਅੰਦਰੇ ਅੰਦਰ ਧੁਖ ਰਿਹਾ ਲੋਕਾਂ ਦਾ ਗੁੱਸਾ ਲਾਵਾ ਬਣ ਖੜੋਤਾ। ਲੋਕ ਲਾਮਬੰਦ ਹੋਣ ਲੱਗੇ। ਉਦੋਂ ਹੀ ਪਾਕਿਸਤਾਨ ਨੇ ਉਥੇ ਪਨਾਹ ਲਈ ਬੈਠੇ ਮੁਜਾਹਿਦੀਨ ਨੂੰ ਅਫਗਾਨਿਸਤਾਨ ਵੱਲ ਜਾਣ ਦਾ ਸੁਝਾਅ ਦਿੱਤਾ। ਸਾਰੇ ਦੇਸ਼ ਵਿਚ ਭੁਚਾਲ ਆ ਗਿਆ। ਲੋਕ ਰੋਹ ਦੀ ਅਗਵਾਈ ਕਰਦੇ ਮੁਜਾਹਿਦੀਨ ਜ਼ੋਰ-ਸ਼ੋਰ ਨਾਲ ਲੜਨ ਲੱਗੇ। ਪਾਕਿਸਤਾਨ ਨੇ ਭਵਿੱਖ ਦੀ ਰਣਨੀਤੀ ਤੈਅ ਕਰਦਿਆਂ ਘਿਨਾਉਣੀ ਚਾਲ ਚੱਲੀ। ਉਸ ਨੇ ਮੁਜਾਹਿਦੀਨ ਗਰੁੱਪਾਂ ਨੂੰ ਇੱਕ ਝੰਡੇ ਹੇਠ ਇਕੱਠਾ ਨਾ ਹੋਣ ਦਿੱਤਾ, ਸਗੋਂ ਪਹਿਲਾਂ ਤੋਂ ਹੀ ਵੰਡੀਆਂ 'ਚ ਫਸੇ ਅਫਗਾਨ ਸਮਾਜ ਨੂੰ ਹੋਰ ਅੱਡ ਅੱਡ ਕਰ ਦਿੱਤਾ। ਇਹ ਚਾਲ ਅੱਗੇ ਜਾ ਕੇ ਬਹੁਤ ਮਾਰੂ ਸਾਬਤ ਹੋਈ। ਅਫਗਾਨਿਸਤਾਨ ਸਦੀਆਂ ਤੋਂ ਬਹੁਤ ਸਾਰੇ ਧਰਮਾਂ, ਕਬੀਲਿਆਂ ਅਤੇ ਸਭਿਆਚਾਰਾਂ ਦਾ ਮਿਲਿਆ-ਜੁਲਿਆ ਸਮਾਜ ਹੈ। ਸਦੀਆਂ ਤੋਂ ਵੱਖ ਵੱਖ ਫਿਰਕਿਆਂ ਦੇ ਲੋਕ ਸੰਪੂਰਨ ਆਜ਼ਾਦੀ ਲਈ ਲੜਦੇ ਆਏ ਹਨ। ਕਈ ਵਾਰੀ ਮੌਕੇ ਦੇ ਸ਼ਾਸਕਾਂ ਨੇ ਇਸ ਬਗਾਵਤ ਨੂੰ ਕੁਚਲਿਆ। ਇਸ ਵੇਲੇ ਵੀ ਦੁਰਾਨੀ ਪਖਤੂਨ, ਗਿਲਜੀਆ ਪਖਤੂਨ, ਹਜ਼ਾਰਾ, ਸ਼ੀਆ ਅਤੇ ਸੁੰਨੀ, ਤਾਜਿਕ, ਉਜ਼ਬੇਕ, ਤੁਰਕ ਅਤੇ ਹੋਰ ਕਈ ਸਮਾਜਾਂ 'ਚੋਂ ਲੜਾਕੇ ਸਾਂਝੀ ਲੜਾਈ ਲੜਨ ਲਈ ਵੱਖੋ-ਵੱਖਰੇ ਗਰੁੱਪਾਂ ਵਿਚ ਤਿਆਰ ਹੋ ਗਏ। ਉਨ੍ਹਾਂ ਦੀ ਅਗਵਾਈ ਪਖਤੂਨ ਲੀਡਰ ਗੁਲਬੂਦੀਨ ਹਿਕਮਤਯਾਰ, ਪੀਰ ਸਈਅਦ ਅਹਿਮਦ ਗਿਲਾਨੀ, ਤਾਜਿਕ ਲੀਡਰ ਬਰਹਾਨੂਦੀਨ ਰੱਬਾਨੀ ਅਤੇ ਮਜ਼ਾਰ-ਏ-ਸ਼ਰੀਫ ਵੱਲੋਂ ਫੌਜੀ ਜਨਰਲ ਅਹਿਮਦ ਸ਼ਾਹ ਮਸੂਦ, ਉਜ਼ਬੇਕ ਲੀਡਰ ਜਨਰਲ ਰਸ਼ੀਦ ਦੋਸਤਮ, ਤਾਕਤਵਰ ਪਖਤੂਨ ਲੀਡਰ ਜਲਾਲੂਦੀਨ ਹੱਕਾਨੀ ਅਤੇ ਅਜਿਹੇ ਕਿੰਨੇ ਹੀ ਹੋਰ ਜਰਨੈਲ ਕਰ ਰਹੇ ਸਨ। ਸ਼ਾਇਦ ਪਾਕਿਸਤਾਨ ਨੇ ਭਵਿੱਖ 'ਚ ਅਫਗਾਨਿਸਤਾਨ ਨੂੰ ਆਪਣੇ ਕਬਜ਼ੇ ਵਿਚ ਰੱਖਣ ਦੀ ਚਾਹਤ ਅਧੀਨ ਉਨ੍ਹਾਂ ਨੂੰ ਇੱਕ ਝੰਡੇ ਹੇਠ ਨਾ ਲੜਨ ਦਿੱਤਾ। ਅਫਗਾਨ ਸਮਾਜ ਅੰਦਰ ਡੂੰਘੀਆਂ ਜੜ੍ਹਾਂ ਰੱਖਣ ਵਾਲੇ ਅਤੇ ਸਦੀਆਂ ਤੋਂ ਅਫਗਾਨਿਸਤਾਨ 'ਤੇ ਰਾਜ ਕਰਦੇ ਆ ਰਹੇ ਦੱਖਣ ਵੱਲ ਦੇ ਦੁਰਾਨੀ ਪਖਤੂਨਾਂ ਨੂੰ ਪਾਕਿਸਤਾਨ ਸੱਤਾ ਤੋਂ ਦੂਰ ਰੱਖਣਾ ਚਾਹੁੰਦਾ ਸੀ। ਇਸੇ ਕਰ ਕੇ ਪਖਤੂਨਾਂ ਨੂੰ ਦੋ ਧੜਿਆਂ ਵਿਚ ਵੰਡਦਿਆਂ ਉਸ ਨੇ ਗਿਲਜੀਆ ਪਖਤੂਨਾਂ ਨੂੰ ਅੱਗੇ ਰੱਖਿਆ ਜਿਨ੍ਹਾਂ ਦਾ ਪੂਰਬ ਵੱਲ ਪਾਕਿਸਤਾਨ ਦੇ ਨਾਲ ਲੱਗਦੇ ਇਲਾਕੇ ਅਤੇ ਪਿਸ਼ਾਵਰ ਵਿਚ ਵੱਡਾ ਆਧਾਰ ਹੈ। ਇਹੋ ਵੰਡੀਆਂ ਅੱਗੇ ਜਾ ਕੇ ਵੱਡੇ ਸੰਕਟ ਦਾ ਕਾਰਨ ਬਣੀਆਂ।

ਮੁਲਕ ਵੱਖੋ-ਵੱਖਰੇ ਸਿਪਾਹਸਲਾਰਾਂ ਅਧੀਨ ਵੰਡਿਆ ਜਾ ਚੁੱਕਿਆ ਸੀ। ਜਦੋਂ ਲੜਾਈ ਭਖ ਉਠੀ ਤਾਂ ਸ਼ਹਿ ਲਾ ਕੇ ਬੈਠਾ ਅਮਰੀਕਾ ਹਰਕਤ ਵਿਚ ਆ ਗਿਆ। ਸਾਊਦੀ ਅਰਬ ਨਾਲ ਮਿਲ ਕੇ ਅਮਰੀਕਾ ਨੇ ਸਾਂਝੀ ਨੀਤੀ ਤਿਆਰ ਕੀਤੀ ਜਿਸ ਅਨੁਸਾਰ ਪੈਸਾ ਇਨ੍ਹਾਂ ਦੋਹਾਂ ਨੇ ਦੇਣਾ ਸੀ ਤੇ ਅੱਗੇ ਲੜਾਈ ਦੀ ਵਿਉਂਤਬੰਦੀ ਸਾਰੀ ਪਾਕਿਸਤਾਨ ਨੇ ਕਰਨੀ ਸੀ। ਇਹ ਤਜਵੀਜ਼ ਸੁਣਦਿਆਂ ਪਾਕਿਸਤਾਨੀ ਡਿਕਟੇਟਰ ਜ਼ਿਆ-ਉਲ ਹੱਕ ਬਾਗੋ-ਬਾਗ ਹੋ ਗਿਆ, ਪਰ ਉਸ ਨੇ ਸ਼ਰਤ ਰੱਖੀ ਕਿ ਅਮਰੀਕਾ, ਅਫਗਾਨਿਸਤਾਨ ਵਿਚ ਆਪਣੀ ਫੌਜ ਨਹੀਂ ਭੇਜੇਗਾ। ਅਮਰੀਕਾ ਨੂੰ ਇਸ ਨਾਲ ਕੋਈ ਫਰਕ ਨਾ ਪਿਆ ਸਗੋਂ ਇਹ ਸਕੀਮ ਉਸ ਦੇ ਫਿੱਟ ਬੈਠ ਗਈ। ਵੀਅਤਨਾਮ ਦੇ ਘਾਤਕ ਨਤੀਜਿਆਂ ਤੋਂ ਸਬਕ ਸਿੱਖ ਕੇ ਉਹ ਵੀ ਕਿਧਰੇ ਸਿੱਧੀਆਂ ਫੌਜਾਂ ਭੇਜਣ ਤੋਂ ਕਤਰਾਉਣ ਲੱਗ ਪਿਆ ਸੀ। ਖੈਰ! ਪੈਸਾ ਆਉਣ ਲੱਗਿਆ ਤਾਂ ਪਾਕਿਸਤਾਨ ਆਪਣੇ ਹਿਸਾਬ ਇਸ ਨੂੰ ਖਰਚਣ ਲੱਗਿਆ। ਇੱਥੇ ਵੀ ਉਹ ਆਪਣੀ ਮਰਜ਼ੀ ਅਨੁਸਾਰ ਚਹੇਤੇ ਮੁਜਾਹਿਦੀਨ ਦੀ ਵੱਧ ਤੇ ਦੂਸਰਿਆਂ ਦੀ ਘੱਟ ਮੱਦਦ ਕਰਦਾ। ਕਈ ਵਾਰ ਉਨ੍ਹਾਂ ਨੂੰ ਇੱਕ-ਦੂਜੇ ਦੇ ਖਿਲਾਫ ਵੀ ਲੜਾ ਦਿੰਦਾ। ਜੰਗ ਨੂੰ ਪਾਕਿਸਤਾਨ ਪੂਰੀ ਤਰ੍ਹਾਂ ਆਪਣੀ ਮਰਜ਼ੀ ਨਾਲ ਚਲਾ ਰਿਹਾ ਸੀ। ਸਾਰੇ ਲੜਾਕੇ ਸਰਦਾਰ ਉਸ ਦੀਆਂ ਕਠਪੁਤਲੀਆਂ ਸਨ। ਅਫਗਾਨਿਸਤਾਨ ਦੇ ਦੁਰਾਨੀ ਪਖਤੂਨਾਂ ਨੂੰ ਉਸ ਨੇ ਸ਼ੁਰੂ ਤੋਂ ਹੀ ਠਿੱਬੀ ਲਾਉਣ ਦੀ ਸੋਚ ਲਈ ਸੀ ਜੋ ਉਥੋਂ ਦੀ ਸਭ ਤੋਂ ਵੱਡੀ ਧਿਰ ਸੀ ਤੇ ਅਹਿਮਦ ਸ਼ਾਹ ਅਬਦਾਲੀ ਤੋਂ ਲੈ ਕੇ ਜ਼ਹੀਰ ਸ਼ਾਹ ਤੱਕ ਇਹੀ ਰਾਜ ਕਰਦੀ ਆ ਰਹੀ ਸੀ। ਸ਼ੁਰੂ ਵਿਚ ਦੁਨੀਆਂ ਨੂੰ ਸੀ ਕਿ ਰੂਸ, ਰਾਜਧਾਨੀ ਕਾਬੁਲ ਨੂੰ ਘੇਰਾ ਪਾ ਕੇ ਬੈਠ ਜਾਵੇਗਾ ਤੇ ਸਰਕਾਰ ਨੂੰ ਸੁਰੱਖਿਆ ਮੁਹੱਈਆ ਕਰਵਾਏਗਾ, ਪਰ ਰੂਸ ਨੇ ਜੋ ਕੀਤਾ, ਫੌਜੀ ਮਾਹਰਾਂ ਮੁਤਾਬਕ ਉਹ ਬਹੁਤ ਵੱਡੀ ਗਲਤੀ ਸੀ। ਉਸ ਨੇ ਸਾਰੇ ਮੁਲਕ ਨੂੰ ਹੀ ਆਪਣੇ ਘੇਰੇ ਵਿਚ ਲੈ ਲਿਆ। ਦੂਰ ਦੁਰਾਡੇ ਇਲਾਕਿਆਂ ਤੱਕ ਵੀ ਉਸ ਨੇ ਫੌਜ ਭੇਜ ਦਿੱਤੀ। ਫੌਜ ਖਿਲਰਨ ਨਾਲ ਬਹੁਤ ਮੁਸ਼ਕਿਲਾਂ ਆਈਆਂ। ਜਿੱਡੀ ਵੱਡੀ ਫੌਜ ਉਸ ਨੂੰ ਤਾਇਨਾਤ ਕਰਨੀ ਪਈ, ਇਸ ਲਈ ਨਾ ਉਹ ਤਿਆਰ ਸੀ, ਨਾ ਉਸ ਕੋਲ ਲੋੜੀਂਦੀ ਸਿੱਖਲਾਈ ਸੀ ਤੇ ਨਾ ਇੰਨੇ ਵੱਡੇ ਪੈਮਾਨੇ 'ਤੇ ਸਾਧਨ ਸਨ। ਨਤੀਜੇ ਵਜੋਂ ਰੂਸ ਦਾ ਖਰਚਾ ਬਹੁਤ ਵਧ ਗਿਆ।

ਜ਼ਿਆਦਾ ਖਰਚ ਨੇ ਰੂਸੀ ਅਰਥਚਾਰਾ ਡਗਮਗਾ ਦਿੱਤਾ। ਇਹੀ ਅਮਰੀਕਾ ਦੀ ਚਾਲ ਸੀ ਕਿ ਰੂਸ ਦਾ ਇੰਨਾ ਖਰਚ ਕਰਵਾਓ ਕਿ ਦਿਵਾਲਾ

**(ਬਾਕੀ ਅਗਲੇ ਸਫੇ 'ਤੇ)**

ਨਿਕਲ ਜਾਵੇ। 1985 ਤੱਕ ਰੂਸ ਦਾ ਹੱਥ ਉਪਰ ਰਿਹਾ। ਅਮਰੀਕਾ ਕੋਈ ਨਵੀਂ ਜੁਗਤ ਸੋਚਣ ਲੱਗਿਆ। ਇਨ੍ਹੀਂ ਹੀ ਦਿਨੀਂ ਅਫਗਾਨ ਮੁਜਾਹਿਦੀਨ ਨੇ ਸਬੱਬੀਂ ਨੀਵਾਂ ਉਡਿਆ ਜਾਂਦਾ ਹਿੰਦ-ਡੀ ਹੈਲੀਕਾਪਟਰ ਜਿਸ ਨੂੰ ਰੂਸੀ ਏਅਰ ਟੈਂਕ ਵੀ ਕਿਹਾ ਜਾਂਦਾ ਸੀ, ਉਡਾ ਦਿੱਤਾ। ਅਮਰੀਕੀ ਫੌਜੀ ਮਾਹਿਰਾਂ ਨੂੰ ਅਚਾਨਕ ਇਹ ਗੱਲ ਅਹੁੜੀ ਕਿ ਜੇ ਮੁਜਾਹਿਦੀਨ ਉਡਦੇ ਹੈਲੀਕਾਪਟਰ ਅਤੇ ਲੜਾਕੇ ਜਹਾਜ਼ ਡੇਗਣ ਲੱਗ ਪੈਣ ਤਾਂ ਰੂਸ ਦਾ ਕਾਫੀ ਨੁਕਸਾਨ ਕਰ ਸਕਦੇ ਹਨ, ਪਰ ਉਪਰ ਉਡਦਾ ਜਹਾਜ਼ ਡੇਗਣ ਲਈ ਅਮਰੀਕਾ ਕੋਲ ਜੋ ਹਥਿਆਰ ਸਨ, ਉਸ ਨੂੰ ਨਾ ਹੀ ਸੀ.ਆਈ.ਏ. ਤੇ ਨਾ ਹੀ ਸੁਰੱਖਿਆ ਵਿਭਾਗ ਕਿਸੇ ਬਾਹਰਲੇ ਨੂੰ ਦੇਣ ਲਈ ਤਿਆਰ ਸੀ। ਇਹ ਹਥਿਆਰ ਸੀ ਸਟਿੰਗਰ ਐਂਟੀ-ਏਅਰਕਰਾਫਟ ਮਿਜ਼ਾਈਲ। ਅਮਰੀਕੀ ਨੀਤੀ ਮਾਹਿਰਾਂ ਨੇ ਆਖਰ ਡਿਫੈਂਸ ਵਿਭਾਗ ਨੂੰ ਇਹ ਮਿਜ਼ਾਈਲ ਦੇਣ ਲਈ ਮਨਾ ਲਿਆ, ਪਰ ਇਹ ਬਿਨਾਂ ਟਰੇਨਿੰਗ ਦੇ ਚਲਾਈ ਨਹੀਂ ਸੀ ਜਾ ਸਕਦੀ। ਪਾਕਿਸਤਾਨ ਨਾਲ ਸ਼ੁਰੂ ਵਿਚ ਹੋਏ ਸਮਝੌਤੇ ਅਨੁਸਾਰ ਅਮਰੀਕਾ ਉਥੇ ਆਪਣੇ ਟਰੇਨਰ ਨਹੀਂ ਸੀ ਭੇਜ ਸਕਦਾ। ਹੱਲ ਇਹ ਕੱਢਿਆ ਕਿ ਟਰੇਨਰ ਪਾਕਿਸਤਾਨ ਭੇਜੇ ਜਾਣ। ਟਰੇਨਰ ਪਾਕਿਸਤਾਨ ਚਲੇ ਗਏ ਤੇ ਉਧਰੋਂ ਮੁਜਾਹਿਦੀਨ ਆ ਗਏ। ਅਗਲੇ ਛੇ ਮਹੀਨਿਆਂ ਵਿਚ ਉਨ੍ਹਾਂ ਨੂੰ ਸਟਿੰਗਰ ਮਿਜ਼ਾਈਲ ਚਲਾਉਣ ਦੀ ਸਿਖਲਾਈ ਦੇ ਕੇ ਵਾਪਸ ਭੇਜ ਦਿੱਤਾ ਗਿਆ। ਹਫਤੇ ਪਿੱਛੋਂ ਉਨ੍ਹਾਂ ਕੋਲ ਮਿਜ਼ਾਈਲ ਵੀ ਪਹੁੰਚਾ ਦਿੱਤੀ ਗਈ। ਅਗਲੇ ਦੋ ਦਿਨਾਂ ਵਿਚ ਹੀ ਉਨ੍ਹਾਂ ਦੋ ਹਿੰਦ-ਡੀ ਹੈਲੀਕਾਪਟਰ ਡੇਗ ਲਏ। ਅਮਰੀਕਾ ਨੂੰ ਜਾਪਿਆ, ਇਹ ਹਥਿਆਰ ਕਾਰਗਰ ਸਾਬਤ ਹੋਵੇਗਾ। ਅਸਲ ਵਿਚ ਸਟਿੰਗਰ ਮਿਜ਼ਾਈਲ ਸਿਰਫ ਕਾਮਯਾਬ ਹੀ ਨਾ ਹੋਈ, ਸਗੋਂ ਉਸ ਨੇ ਰੂਸੀ ਹਵਾਈ ਫੌਜ ਦਾ ਲੱਕ ਤੋੜ ਦਿੱਤਾ। ਲੜਾਕੇ ਜਹਾਜ਼ ਰੋਜ਼ ਸਟਿੰਗਰ ਮਿਜ਼ਾਈਲ ਦਾ ਨਿਸ਼ਾਨਾ ਬਣਨ ਲੱਗੇ। ਅਗਲੇ ਦੋ ਢਾਈ ਸਾਲਾਂ 'ਚ ਮੁਜਾਹਿਦੀਨਾਂ ਨੇ ਢਾਈ ਸੌ ਤੋਂ ਉਪਰ ਮਿੱਗ ਲੜਾਕੇ ਜਹਾਜ਼ ਅਤੇ ਹੈਲੀਕਾਪਟਰ ਡੇਗ ਲਏ। ਹਾਰ ਕੇ ਰੂਸ ਨੇ ਉਥੇ ਜਹਾਜ਼ ਉਡਾਉਣੇ ਬੰਦ ਕਰ ਦਿੱਤੇ।

ਇੱਥੋਂ ਹੀ ਸ਼ੁਰੂ ਹੋਈ ਰੂਸ ਦੀ ਹਾਰ।

ਜਦੋਂ ਉਪਰੋਂ ਗੋਲਾਬਾਰੀ ਦਾ ਡਰ ਨਾ ਰਿਹਾ ਤਾਂ ਮੁਜਾਹਿਦੀਨ ਦੇ ਹੌਸਲੇ ਵਧ ਗਏ। ਉਹ ਬਿਨਾ ਡਰ ਰੂਸੀ ਫੌਜਾਂ ਨੂੰ ਖਦੇੜਨ ਲੱਗੇ। ਪੇਂਡੂ ਅਤੇ ਦੂਰ ਦਰਾਜ ਦੇ ਇਲਾਕਿਆਂ ਤੋਂ ਰੂਸੀ ਫੌਜਾਂ ਪਿੱਛੇ ਹਟਣ ਲੱਗੀਆਂ। ਆਖਰ ਪਿੱਛੇ ਹਟਦੀਆਂ ਉਹ ਕਾਬੁਲ ਤੱਕ ਪਹੁੰਚ ਗਈਆਂ। ਵੱਡੇ ਸ਼ਹਿਰਾਂ ਨੂੰ ਛੱਡ ਕੇ ਹਰ ਪਾਸੇ ਮੁਜਾਹਿਦੀਨ ਦਾ ਬੋਲ-ਬਾਲਾ ਹੋ ਗਿਆ। ਸਭ ਨੇ ਸੋਚਿਆ ਕਿ ਰੂਸ ਹੁਣ ਕਾਬੁਲ ਵਿਚ ਅੱਡੇ ਲਾ ਕੇ ਬੈਠ ਜਾਵੇਗਾ, ਪਰ ਲੜਾਈ ਨੇ ਰੂਸ ਦੀ ਅੰਦਰੂਨੀ ਹਾਲਤ ਇੰਨੀ ਪਤਲੀ ਕਰ ਦਿੱਤੀ ਕਿ ਉਹ ਅਫਗਾਨਿਸਤਾਨ ਵਿਚੋਂ ਖਹਿੜਾ ਛੁਡਾ ਕੇ ਭੱਜਣ ਦਾ ਰਾਹ ਲੱਭਣ ਲੱਗਾ। ਆਖਰ ਯੂ.ਐਨ.ਓ. ਨੇ ਸਮਝੌਤੇ ਦਾ ਰਾਹ ਕੱਢਿਆ। 1988 ਵਿਚ ਹੋਏ ਸਮਝੌਤੇ ਅਨੁਸਾਰ ਰੂਸ ਨੇ ਫੌਜਾਂ ਵਾਪਸ ਬੁਲਾਉਣ ਦੀ ਸੰਧੀ 'ਤੇ ਸਹੀ ਪਾ ਦਿੱਤੀ ਤੇ ਅਗਲੇ ਸਾਲ ਤੱਕ ਸਾਰੀ ਫੌਜ ਕੱਢ ਲਈ। ਇਸ ਪਿੱਛੋਂ ਰੂਸ ਨੇ ਬਾਹਰੋਂ ਥੋੜ੍ਹੀ ਬਹੁਤ ਮੱਦਦ ਕੀਤੀ ਤੇ ਨਜੀਬ-ਉਲਾ ਦੀ ਕਮਾਂਡ ਹੇਠ ਸਰਕਾਰ ਆਪਣੇ ਤੌਰ 'ਤੇ ਮੁਜਾਹਿਦੀਨ ਨਾਲ ਲੜਦੀ ਰਹੀ (ਬਬਰਾਕ ਕਰਮਾਲ ਪਿੱਛੋਂ 1986 'ਚ ਉਥੇ ਨਜੀਬ-ਉਲਾ ਰਾਸ਼ਟਰਪਤੀ ਬਣ ਗਿਆ ਸੀ) ਪਰ ਦਿਨੋ-ਦਿਨ ਇਸ ਦੀ ਸਮਰੱਥਾ ਘਟਦੀ ਗਈ। ਆਖਰ 1992 ਵਿਚ ਸਰਕਾਰ ਡਿੱਗ ਪਈ ਅਤੇ ਮੁਜਾਹਿਦੀਨ ਹੱਥੋਂ ਗ੍ਰਿਫਤਾਰ ਹੋਣੋਂ ਬਚਦਿਆਂ ਨਜੀਬ-ਉਲਾ ਨੇ ਯੂ.ਐਨ.ਓ. ਦੀ ਬਿਲਡਿੰਗ 'ਚ ਪਨਾਹ ਲੈ ਲਈ। ਇਉਂ ਰੂਸ ਪੱਖੀ ਸਰਕਾਰ ਦਾ ਭੋਗ ਪੈਣ ਪਿੱਛੋਂ ਇਸ ਵੱਡੇ ਕਾਂਡ ਦਾ ਅੰਤ ਹੋ ਗਿਆ। ਸਭ ਨੇ ਸੋਚਿਆ ਕਿ ਹੁਣ ਅਫਗਾਨਿਸਤਾਨ ਵਿਚ ਸ਼ਾਂਤੀ ਹੋ ਜਾਵੇਗੀ, ਪਰ ਹੋਇਆ ਇਸ ਦੇ ਉਲਟ।

ਰੂਸ ਨੇ ਆਪਣੀ ਫੌਜ ਵਾਪਸ ਬੁਲਾ ਲਈ ਤਾਂ ਅਮਰੀਕਾ ਵੀ ਹੱਥ ਝਾੜਨ ਲਈ ਤਿਆਰ ਹੋ ਗਿਆ। ਅਸਲ 'ਚ ਰੂਸੀ ਫੌਜ ਨੂੰ ਸਾਹ-ਸਤ ਹੀਣ ਕਰਨ ਦਾ ਮਕਸਦ ਪੂਰਾ ਹੋ ਚੁੱਕਾ ਸੀ। ਨਿਸ਼ਾਨਾ ਪੂਰਾ ਹੋ ਗਿਆ ਤਾਂ ਅਮਰੀਕਾ ਨੇ ਆਪਣੇ ਖਜ਼ਾਨੇ ਦਾ ਮੂੰਹ ਬੰਦ ਕਰ ਦਿੱਤਾ। ਇਸ ਨਾਲ ਪਾਕਿਸਤਾਨ ਤਿਲਮਿਲਾ ਉਠਿਆ, ਉਂਜ ਡਿਕਟੇਟਰ ਜ਼ਿਆ-ਉਲ ਹੱਕ ਨੂੰ ਵੀ ਛੇਤੀ ਹੀ ਸ਼ਾਂਤ ਕਰ ਦਿੱਤਾ ਗਿਆ। ਜਿੱਤ ਪਿੱਛੋਂ ਮੁਜਾਹਿਦੀਨ ਵਿਚ ਰਾਜ ਸੱਤਾ ਸੰਭਾਲਣ ਲਈ ਦੌੜ ਲੱਗ ਗਈ। ਹਰ ਕੋਈ ਸੋਚਦਾ ਸੀ ਕਿ ਜੋ ਵੀ ਰਾਜਧਾਨੀ ਕਾਬੁਲ 'ਤੇ ਕਾਬਜ਼ ਹੋ ਜਾਵੇਗਾ, ਤਾਕਤ ਦਾ ਧੁਰਾ ਉਸੇ ਕੋਲ ਹੋਵੇਗਾ। ਆਪਸ ਵਿਚ ਖਹਿੰਦੇ ਕਮਾਂਡਰ ਕਾਬੁਲ ਵੱਲ ਵਧਣ ਲੱਗੇ। ਆਖਰ ਤਾਕਤਵਰ ਤਾਜਿਕ ਲੀਡਰ ਬਰਹਾਨੁਦੀਨ ਰੱਬਾਨੀ ਅਤੇ ਉਸ ਦਾ ਯੋਗ ਕਮਾਂਡਰ ਅਹਿਮਦ ਸ਼ਾਹ ਮਸੂਦ ਕਾਬੁਲ 'ਤੇ ਕਾਬਜ਼ ਹੋ ਗਏ; ਹਾਲਾਂਕਿ ਸਭ ਤੋਂ ਵੱਡੇ ਧੜੇ ਅਤੇ ਸੱਤਾ ਦੇ ਹੱਕਦਾਰ ਪਖਤੂਨ ਗਰੁੱਪ ਸਨ। ਇਸ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਤੋਂ ਸਥਾਪਤ ਹੋਏ ਸਿੰਘਾਸਣ ਦਾ ਕਬਜ਼ਾ ਪਹਿਲੀ ਵਾਰ ਗੈਰ-ਪਖਤੂਨਾਂ ਕੋਲ ਚਲਾ ਗਿਆ। ਇਸ ਨਾਲ ਅਫਗਾਨਿਸਤਾਨ ਦੇ ਸਭ ਤੋਂ ਵੱਡੇ ਫਿਰਕੇ ਪਖਤੂਨਾਂ ਵਿਚ ਰੋਸ ਅਤੇ ਗੁੱਸਾ ਫੈਲ ਗਿਆ। ਇਸੇ ਵਰਤਾਰੇ ਨੇ ਅੱਗੇ ਜਾ ਕੇ ਕਦੇ ਨਾ ਮੁੱਕਣ ਵਾਲੀ ਖਾਨਾਜੰਗੀ ਦਾ ਰੂਪ ਧਾਰ ਲਿਆ।



*1992 ਵਿਚ ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਦੀਆਂ ਗਲੀਆਂ ਵਿਚ ਬਾਘੀਆਂ ਪਾ ਰਹੇ ਜੇਤੂ ਮੁਜਾਹਿਦੀਨ।*

***ਅਮਰੀਕਾ ਚੁੱਪ-ਚਾਪ ਖਿਸਕਣ ਲੱਗਾ ਤਾਂ ਅਫਗਾਨ ਫਿਕਰਮੰਦ ਹੋ ਗਏ। ਅਮਰੀਕਾ ਚਾਹੁੰਦਾ ਤਾਂ ਰੂਸ ਦੇ ਨਿਕਲ ਜਾਣ ਪਿੱਛੋਂ ਮੁਜਾਹਿਦੀਨ ਗਰੁੱਪਾਂ ਵਿਚਕਾਰ ਸਮਝੌਤਾ ਕਰਵਾ ਕੇ ਸਥਿਰ ਸਰਕਾਰ ਬਣਵਾ ਸਕਦਾ ਸੀ, ਪਰ ਇਹ ਉਸ ਦਾ ਨਿਸ਼ਾਨਾ ਨਹੀਂ ਸੀ। ਇਸੇ ਕਰ ਕੇ ਸਾਰਾ ਖਿਲਾਰਾ ਉਵੇਂ ਦਾ ਉਵੇਂ ਛੱਡ ਕੇ ਉਹ ਆਪਣੇ ਰਾਹ ਪੈ ਗਿਆ। ਪਿੱਛੇ ਰਹਿ ਗਈ ਬਰਬਾਦੀ। ਇੱਕ ਦੂਜੇ ਨੂੰ ਲਤਾੜਦੇ-ਪਛਾੜਦੇ ਸਿਪਾਹਸਲਾਰਾਂ ਨੇ ਮੁਲਕ ਨੂੰ ਖਾਨਾਜੰਗੀ ਵੱਲ ਧੱਕ ਦਿੱਤਾ ਜੋ ਕਦੇ ਵੀ ਨਾ ਖਤਮ ਹੋਣ ਵਾਲੇ ਅਧਿਆਇ ਵਿਚ ਦਾਖਲ ਹੋ ਗਈ। ਜਿੱਥੇ ਕੋਈ ਜਿੱਤ ਜਾਂਦਾ, ਉਥੇ ਹੀ ਆਪਣੀ ਸਰਕਾਰ ਕਾਇਮ ਕਰ ਲੈਂਦਾ।***

ਗਿਲਜ਼ੀਆ ਪਖਤੂਨਾਂ ਦੇ ਸਭ ਤੋਂ ਵੱਡੇ ਧੜੇ ਦੇ ਲੀਡਰ ਗੁਲਬੁਦੀਨ ਹਿਕਮਤਯਾਰ ਨੇ ਆਪਣੀ ਫੌਜ ਨਾਲ ਕਾਬੁਲ 'ਤੇ ਚੜ੍ਹਾਈ ਕਰ ਦਿੱਤੀ ਅਤੇ ਸ਼ਹਿਰ ਨੂੰ ਘੇਰ ਕੇ ਗੋਲੇ ਵਰਸਾਉਣ ਲੱਗਿਆ। ਸਾਂਝੇ ਦੁਸ਼ਮਣ ਵਿਰੁੱਧ ਲੜਦੇ ਆ ਰਹੇ ਗੁਰੀਲੇ ਆਹਮੋ-ਸਾਹਮਣੇ ਹੋ ਖੜੋਤੇ। ਹਿਕਮਤਯਾਰ ਨੇ ਬਹੁਤ ਜ਼ੋਰ ਲਾਇਆ ਪਰ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਨਾ ਹੋ ਸਕਿਆ। ਪਿੱਛੋਂ ਅਹਿਮਦ ਸ਼ਾਹ ਮਸੂਦ ਦਾ ਪਹਿਲਾਂ ਸਾਥੀ ਰਹਿ ਚੁੱਕਾ ਜੋਟੀਦਾਰ ਜਨਰਲ ਰਸ਼ੀਦ ਦੋਸਤਮ ਹਿਕਮਤਯਾਰ ਦੀ ਮੱਦਦ 'ਤੇ ਆ ਗਿਆ। ਦੋਨਾਂ ਵਿਚਕਾਰ ਕਾਬੁਲ ਨੂੰ ਅੱਧੋ-ਅੱਧ ਕਰ ਲੈਣ ਦਾ ਸਮਝੌਤਾ ਹੋ ਗਿਆ ਤੇ ਦੋਸਤਮ ਨੇ ਕਾਬੁਲ ਸ਼ਹਿਰ ਵਿਚ ਤਬਾਹੀ ਮਚਾ ਦਿੱਤੀ, ਪਰ ਕਾਮਯਾਬੀ ਫਿਰ ਵੀ ਨਾ ਮਿਲੀ।

ਦੂਜੇ ਪਾਸੇ ਉਤਰ ਵੱਲ ਦੋਸਤਮ ਵਧੇਰੇ ਇਲਾਕਿਆਂ ਦੇ ਕਬਜ਼ੇ ਨੂੰ ਲੈ ਕੇ ਉਧਰ ਦੇ ਜਰਨੈਲ ਇਸਮਾਇਲ ਖਾਂ ਨਾਲ ਦਸਤਪੰਜਾ ਲੜਾ ਰਿਹਾ ਸੀ। ਬਰਹਾਨੁਦੀਨ ਰੱਬਾਨੀ ਨੇ ਇਸਮਾਇਲ ਖਾਂ ਖਿਲਾਫ ਉਸ ਦੀ ਮੱਦਦ ਕਰ ਕੇ ਉਸ ਨੂੰ ਆਪਣੇ ਵੱਲ ਕਰ ਲਿਆ ਤੇ ਉਹ ਫੌਜਾਂ ਪਿੱਛੇ ਹਟਾਉਂਦਾ ਮਜ਼ਾਰ-ਏ-ਸ਼ਰੀਫ ਵੱਲ ਪਰਤ ਗਿਆ।

ਕਾਬੁਲ ਲੜਾਈ ਦੀ ਇਹ ਕਹਾਣੀ ਹਰ ਪਾਸੇ ਦੁਹਰਾਈ ਜਾ ਰਹੀ ਸੀ। ਕਿਤੇ ਕਿਸੇ ਸ਼ਹਿਰ ਨੂੰ ਲੈ ਕੇ ਦੋ ਧਿਰਾਂ ਵਿਚਕਾਰ ਯੁੱਧ ਹੋ ਰਿਹਾ ਸੀ ਤੇ ਕਿਤੇ ਦੋ ਤੋਂ ਵੱਧ ਵਿਚਕਾਰ। ਕਿਧਰੇ ਦੋ ਧਿਰਾਂ ਇੱਕ ਇਲਾਕੇ ਵਿਚ ਦੋਸਤ ਸਨ ਤੇ ਕਿਸੇ ਦੂਜੇ ਵਿਚ ਦੁਸ਼ਮਣ। ਕਦੇ ਕਿਤੇ ਇੱਕ ਧਿਰ ਦਾ ਕਬਜ਼ਾ ਹੋ ਜਾਂਦਾ ਤੇ ਫਿਰ ਥੋੜ੍ਹੇ ਵਕਤ ਬਾਅਦ ਕੋਈ ਦੂਜਾ ਉਸ ਨੂੰ ਖਦੇੜ ਦਿੰਦਾ। ਸਾਰੇ ਅਫਗਾਨਿਸਤਾਨ ਦਾ ਸ਼ਹਿਰ ਸ਼ਹਿਰ, ਪਿੰਡ ਪਿੰਡ ਲੜਾਈ ਦਾ ਮੈਦਾਨ ਬਣ ਗਿਆ। ਲੋਕਾਂ ਨੇ ਜਿਹੜੀਆਂ ਉਮੀਦਾਂ ਨਾਲ ਜਹਾਦ ਵਿਚ ਹਿੱਸਾ ਲਿਆ ਸੀ, ਉਹ ਪੂਰੀਆਂ ਨਾ ਹੋਈਆਂ।

ਰੂਸ ਨੇ ਇਹ ਸਭ ਆਪਣੇ ਨਿੱਜੀ ਹਿਤਾਂ ਖਾਤਰ ਕੀਤਾ ਸੀ। ਇਸੇ ਤਰ੍ਹਾਂ ਅਮਰੀਕਾ ਦੇ ਆਪਣੇ ਹਿਤ ਸਨ। ਪਾਕਿਸਤਾਨ ਵੀ ਆਪਣੇ ਸੌੜੇ ਹਿਤਾਂ ਖਾਤਰ ਅਮਰੀਕਾ ਦਾ ਹਥਿਆਰ ਬਣਿਆ। ਸਾਊਦੀ ਅਰਬ ਦੇ ਆਪਣੇ ਸਵਾਰਥ ਸਨ। ਅਰਬ ਖਿੱਤੇ ਦੇ ਹੋਰ ਮੁਲਕਾਂ ਤੋਂ ਬਹੁਤ ਸਾਰੇ ਲੜਾਕੇ ਜਹਾਦ ਦੇ ਨਾਂ 'ਤੇ ਅਫਗਾਨਿਸਤਾਨ ਵਿਚ ਲੜਨ ਆਏ। ਇਹ ਨੌਜਵਾਨ ਆਪਣੇ ਮੁਲਕਾਂ ਵਿਚ ਬਰਦਾਸ਼ਤ ਨਹੀਂ ਸਨ ਕੀਤੇ ਜਾ ਰਹੇ। ਇਨ੍ਹਾਂ ਵਿਚੋਂ ਬਹੁਤਿਆਂ 'ਤੇ ਦਹਿਸ਼ਤਪਸੰਦੀ ਦੇ ਦੋਸ਼ ਲੱਗੇ ਹੋਏ ਸਨ। ਜਹਾਦ ਦੇ ਨਾਂ ਹੇਠ ਇਨ੍ਹਾਂ ਨੂੰ ਲੜਨਾ ਹੋਰ ਵੀ ਸੌਖਾ ਹੋ ਗਿਆ। ਇਨ੍ਹਾਂ ਵਿਚੋਂ ਉਸਾਮਾ ਬਿਨ-ਲਾਦਿਨ ਸਾਊਦੀ ਸਰਕਾਰ ਦੇ ਕਹਿਣ 'ਤੇ ਆਪਣੇ ਨਿੱਜੀ ਲੜਾਕੇ ਲੈ ਕੇ ਇੱਥੇ ਆਇਆ। ਉਸ ਵਰਗੇ ਹੋਰ ਵੀ ਕਾਫੀ ਸਨ, ਪਰ ਇਹ ਸਾਰੇ ਰੂਸੀ ਫੌਜ ਨਿਕਲਣ ਪਿੱਛੋਂ ਵਿਹਲੇ ਹੋ ਗਏ। ਵਾਪਸ ਆਪਣੇ ਮੁਲਕਾਂ ਨੂੰ ਇਹ ਜਾ ਨਹੀਂ ਸਨ ਸਕਦੇ। ਲੜਾਕੇ ਲੜਾਈ ਤੋਂ ਬਿਨਾਂ ਹੋਰ ਕੁਝ ਕਰ ਵੀ ਨਹੀਂ ਸਕਦੇ। ਇਉਂ ਇਹ ਵੀ ਵੱਡੀ ਸਮੱਸਿਆ ਬਣ ਗਏ।

ਅਮਰੀਕਾ ਚੁੱਪ-ਚਾਪ ਖਿਸਕਣ ਲੱਗਾ ਤਾਂ ਅਫਗਾਨ ਫਿਕਰਮੰਦ ਹੋ ਗਏ। ਅਮਰੀਕਾ ਚਾਹੁੰਦਾ ਤਾਂ ਰੂਸ ਦੇ ਨਿਕਲ ਜਾਣ ਪਿੱਛੋਂ ਮੁਜਾਹਿਦੀਨ ਗਰੁੱਪਾਂ ਵਿਚਕਾਰ ਸਮਝੌਤਾ ਕਰਵਾ ਕੇ ਸਥਿਰ ਸਰਕਾਰ ਬਣਵਾ ਸਕਦਾ ਸੀ, ਪਰ ਇਹ ਉਸ ਦਾ ਨਿਸ਼ਾਨਾ ਨਹੀਂ ਸੀ। ਇਸੇ ਕਰ ਕੇ ਸਾਰਾ ਖਿਲਾਰਾ ਉਵੇਂ ਦਾ ਉਵੇਂ ਛੱਡ ਕੇ ਉਹ ਆਪਣੇ ਰਾਹ ਪੈ ਗਿਆ। ਪਿੱਛੇ ਰਹਿ ਗਈ ਬਰਬਾਦੀ। ਇੱਕ ਦੂਜੇ ਨੂੰ ਲਤਾੜਦੇ-ਪਛਾੜਦੇ ਸਿਪਾਹਸਲਾਰਾਂ ਨੇ ਮੁਲਕ ਨੂੰ ਖਾਨਾਜੰਗੀ ਵੱਲ ਧੱਕ ਦਿੱਤਾ ਜੋ ਕਦੇ ਵੀ ਨਾ ਖਤਮ ਹੋਣ ਵਾਲੇ ਅਧਿਆਇ ਵਿਚ ਦਾਖਲ ਹੋ ਗਈ। ਜਿੱਥੇ ਕੋਈ ਜਿੱਤ ਜਾਂਦਾ, ਉਥੇ ਹੀ ਆਪਣੀ ਸਰਕਾਰ ਕਾਇਮ ਕਰ ਲੈਂਦਾ।

ਗੁਲਬੁਦੀਨ ਹਿਕਮਤਯਾਰ ਪੂਰੇ ਕਾਬੁਲ ਸ਼ਹਿਰ 'ਤੇ ਤਾਂ ਕਾਬਜ਼ ਨਾ ਹੋ ਸਕਿਆ, ਪਰ ਉਸ ਨੇ ਪੂਰਬ ਵੱਲ ਦਾ ਕੁਝ ਭਾਗ ਹਥਿਆ ਲਿਆ। ਉਸ ਦਾ ਕੁਝ ਦੱਖਣੀ ਇਲਾਕਿਆਂ 'ਤੇ ਵੀ ਕਬਜ਼ਾ ਹੋ ਗਿਆ। ਸਭ ਤੋਂ ਜ਼ਿਆਦਾ ਇਲਾਕੇ 'ਤੇ ਕਬਜ਼ਾ ਕਰਨ ਵਾਲਾ ਤਾਜਿਕ ਲੀਡਰ ਬਰਹਾਨੁਦੀਨ ਰੱਬਾਨੀ ਸੀ ਜਿਸ ਦਾ ਰਾਜਧਾਨੀ ਕਾਬੁਲ 'ਤੇ ਮੁਕੰਮਲ ਕਬਜ਼ਾ ਸੀ ਤੇ ਉਹੋ ਹੀ ਸਦਰ ਸੀ। ਉਤਰ ਪੂਰਬ ਦੇ ਕਾਫੀ ਸੂਬੇ ਵੀ ਉਸ ਦੇ ਕਬਜ਼ੇ ਹੇਠ ਸਨ।

ਹੈਰਾਤ ਵੱਲ ਦੇ ਪੰਜ ਸੂਬੇ ਤਾਕਤਵਰ ਲੀਡਰ ਇਸਮਾਇਲ ਖਾਂ ਕੋਲ ਸਨ। ਪਾਕਿਸਤਾਨ ਨਾਲ ਲੱਗਦੇ ਪੂਰਬੀ ਇਲਾਕਿਆਂ ਉਤੇ ਸਾਂਝੀ ਕੌਂਸਲ ਨੇ ਕਬਜ਼ਾ ਜਮਾ ਲਿਆ। ਕਈ ਛੋਟੇ ਪਖਤੂਨ ਕਮਾਂਡਰ ਕੌਂਸਲ ਦੇ ਮੈਂਬਰ ਸਨ। ਉਤਰ ਦੇ ਛੇ ਸੂਬੇ ਉਜ਼ਬੇਕ ਕਮਾਂਡਰ ਰਸ਼ੀਦ ਦੋਸਤਮ ਕੋਲ ਸਨ। ਮੱਧ ਅਫਗਾਨਿਸਤਾਨ 'ਚ ਕਰੀਮ ਖਲੀਲੀ ਵਰਗੇ ਹਜ਼ਾਰੇ ਦੇ ਕਈ ਕਮਾਂਡਰਾਂ ਨੇ ਇਕੱਠੇ ਹੋ ਕੇ ਕਬਜ਼ਾ ਜਮਾ ਲਿਆ ਸੀ। ਦੱਖਣ ਵੱਲ ਵੀ ਇਹੀ ਹਾਲ ਸੀ। ਥਾਂ ਥਾਂ ਛੋਟੇ ਦੁਰਾਨੀ ਪਖਤੂਨ ਲੀਡਰ ਆਪਣੇ ਨਾਕੇ ਲਾ ਕੇ ਬੈਠ ਗਏ। ਸਾਰਾ ਮੁਲਕ ਦਰਜਨਾਂ ਹਿੱਸਿਆਂ ਵਿਚ ਵੰਡਿਆ ਜਾ ਚੁੱਕਾ ਸੀ। ਹਰ ਕੋਈ ਕਮਾਂਡਰ ਦੂਜੇ ਦੇ ਖੂਨ ਦਾ ਪਿਆਸਾ ਸੀ। ਰੋਜ਼ਾਨਾ ਕਦੇ ਵੀ ਨਾ ਮੁੱਕਣ ਵਾਲੀ ਲੜਾਈ ਚਲਦੀ ਰਹਿੰਦੀ। ਆਮ ਜਨਤਾ ਜਿਹੜੀ ਜਹਾਦ ਦੇ ਨਾਂ ਹੇਠ ਰੂਸ ਖਿਲਾਫ ਲੜੀ ਸੀ, ਨਿਰਾਸ਼ ਹੋ ਗਈ। ਕਿਸੇ ਪਾਸੇ ਸ਼ਾਂਤੀ ਨਹੀਂ ਸੀ। ਇਸ ਅਫਰਾ-ਤਫਰੀ 'ਚ ਮੁਲਕ ਦੀ ਤਰੱਕੀ ਅਸੰਭਵ ਸੀ, ਸਗੋਂ ਇਸ ਦੀ ਥਾਂ ਸਥਾਨਕ ਕਮਾਂਡਰ ਅਤੇ ਸਿਪਾਹ ਸਿਲਾਰ ਲੋਕਾਂ 'ਤੇ ਅੰਨ੍ਹਾ ਜ਼ੁਲਮ ਕਰ ਰਹੇ ਸਨ। ਕਤਲੋਗਾਰਤ, ਉਧਾਲੇ, ਲੁੱਟ-ਖੋਹ ਅਤੇ ਗੁੰਡਾਗਰਦੀ ਸਾਰੇ ਹੱਦਾਂ ਬੰਨੇ ਟੱਪ ਗਈ। ਮੁਲਕ ਛੱਡ ਕੇ ਭੱਜੇ ਜੋ ਲੋਕ ਪਾਕਿਸਤਾਨ ਜਾਂ ਇਰਾਨ ਵਿਚ ਰਿਫਿਊਜੀ ਬਣੇ ਬੈਠੇ ਸਨ, ਨੇ ਸੋਚਿਆ ਸੀ ਕਿ ਰੂਸ ਦੇ ਜਾਣ ਪਿੱਛੋਂ ਉਹ ਘਰਾਂ ਨੂੰ ਮੁੜ ਸਕਣਗੇ, ਪਰ ਅਜਿਹਾ ਨਾ ਹੋਇਆ, ਸਗੋਂ ਇਨ੍ਹਾਂ ਸਿਪਾਹਸਲਾਰਾਂ ਦੇ ਸਤਾਏ ਲੋਕ ਹੁਣ ਵੀ ਭੱਜ ਰਹੇ ਸਨ।

*(ਚਲਦਾ)*

---

ਟੈਕਸੀਨਾਮਾ

2




**ਹਰਪ੍ਰੀਤ ਸਿੰਘ ਸੇਖਾ**
**ਫੋਨ: 778-231-1189**
**e-mail: hsekha@hotmail.com**

***ਕੈਨੇਡਾ ਵੱਸਦਾ ਨੌਜਵਾਨ ਹਰਪ੍ਰੀਤ ਸੇਖਾ ਬੁਨਿਆਦੀ ਰੂਪ ਵਿਚ ਕਹਾਣੀਕਾਰ ਹੈ। ਉਹਦੇ ਦੋ ਕਹਾਣੀ ਸੰਗ੍ਰਿਹ 'ਬੀ ਜੀ ਮੁਸਕਰਾ ਪਏ' ਅਤੇ 'ਬਾਰਾਂ ਬੂਹੇ' ਛਪ ਚੁੱਕੇ ਹਨ। ਇਨ੍ਹਾਂ ਕਹਾਣੀਆਂ ਵਿਚ ਕੈਨੇਡੀਅਨ ਸਮਾਜ ਅੰਦਰ ਜੂਝ ਰਹੇ ਜਿਊੜਿਆਂ ਦਾ ਜ਼ਿਕਰ ਹੈ। ਆਪਣੀਆਂ ਰਚਨਾਵਾਂ ਵਿਚ ਉਹ ਪਾਤਰਾਂ ਦੀ ਮਾਨਸਿਕਤਾ ਨੂੰ ਪੜ੍ਹਦਾ, ਆਲੇ-ਦੁਆਲੇ ਦਾ ਬਿਰਤਾਂਤ ਬੁਣਦਾ ਹੈ। 'ਟੈਕਸੀਨਾਮਾ' ਉਹਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਉਹਨੇ ਟੈਕਸੀ ਚਲਾਉਣ ਵਾਲਿਆਂ ਦੇ ਕਿੱਤੇ ਅਤੇ ਮਨਾਂ ਅੰਦਰ ਭਰਵੀਂ ਝਾਤੀ ਮਾਰੀ ਹੈ। ਇਸ ਵਿਚੋਂ ਕਹਾਣੀ ਵਰਗਾ ਰਸ ਵੀ ਡੁੱਲ੍ਹ ਡੁੱਲ੍ਹ ਪੈਂਦਾ ਹੈ। ਆਪਣੇ ਪਾਠਕਾਂ ਲਈ ਇਹ ਰਚਨਾ ਲੜੀਵਾਰ ਛਾਪੀ ਜਾ ਰਹੀ ਹੈ। -ਸੰਪਾਦਕ***

# ਬਦਲਦੇ ਰੌਂਅ

ਜ਼ੋਨ ਸੈਵਨ ਵਿਚ ਟੈਕਸੀ ਬੁੱਕ ਕਰਵਾਈ ਨੂੰ ਘੰਟਾ ਹੋ ਗਿਆ ਸੀ, ਵਾਰੀ ਆਉਣ ਵਿਚ ਹੀ ਨਹੀਂ ਸੀ ਆ ਰਹੀ। ਤੇ ਜਦੋਂ ਅੱਖਾਂ ਪਕਾ ਕੇ ਵਾਰੀ ਆਈ, ਮੈਂ ਰੇਡੀਓ ਡਿਸਪੈਚ ਵਾਲੇ ਮਾਈਕ ਨੂੰ ਝਪੱਟਾ ਮਾਰ ਕੇ ਚੁੱਕਿਆ ਤੇ ਆਪਣੀ ਕਾਰ ਦਾ ਨੰਬਰ ਬੋਲਣ ਲੱਗੇ ਸਕਿੰਟ ਹੀ ਲਾਇਆ। ਜਦੋਂ ਡਿਸਪੈਚਰ ਟੈਕਸੀ ਦਾ ਨੰਬਰ ਬੋਲਦਾ ਹੈ ਤਾਂ ਸਕੂਲ ਵਿਚ ਹਾਜ਼ਰੀ ਲਵਾਉਣ ਵਾਂਗ ਟੈਕਸੀ ਦਾ ਨੰਬਰ ਬੋਲ ਕੇ ਦੱਸਣਾ ਪੈਂਦਾ ਹੈ ਕਿ ਹਾਜ਼ਰ ਹਾਂ। ਮੇਰੀ ਹਾਜ਼ਰੀ ਸੁਣ ਕੇ ਡਿਸਪੈਚਰ ਨੇ ਸਵਾਰੀ ਦਾ ਪਤਾ ਬੋਲਿਆ। ਐਡਰੈਸ ਸੁਣ ਕੇ ਮੇਰਾ ਜੀਅ ਕੀਤਾ ਕਿ ਕਾਰ ਦੀ ਵਿੰਡਸ਼ੀਲਡ 'ਚ ਘਸੁੰਨ ਮਾਰਾਂ। ਮੈਨੂੰ ਪਤਾ ਸੀ ਕਿ ਇਸ ਪਤੇ ਤੋਂ ਮਿਸਿਜ਼ ਸਮਾਲ ਨੇ ਦੋ ਬਲਾਕ ਦੀ ਵਿੱਥ 'ਤੇ ਆਪਣੇ ਵਾਲ ਕਟਵਾਉਣ ਜਾਂ ਸੰਵਾਰਨ ਜਾਣਾ ਸੀ। ਦੋ ਡਾਲਰ ਅੱਸੀ ਸੈਂਟ ਮੀਟਰ 'ਤੇ ਚੱਲਣੇ ਸਨ ਤੇ ਉਸ ਨੇ ਤਿੰਨ ਡਾਲਰ ਦੇਣੇ ਸਨ। ਮੈਂ ਤਾਂ ਇਹ ਉਮੀਦ ਲਾਈ ਬੈਠਾ ਸੀ ਕਿ ਯੂ.ਬੀ.ਸੀ. ਨੂੰ ਜਾਣ ਵਾਲਾ ਲੰਮਾ ਟ੍ਰਿੱਪ ਮਿਲੇਗਾ। ਉਹ ਰੈਗੂਲਰ ਟ੍ਰਿੱਪ ਏਸ ਵੇਲੇ ਹੀ ਨਿਕਲਦਾ ਸੀ। ਮੇਰਾ ਜੀਅ ਕੀਤਾ ਕਿ ਮਿਸਿਜ਼ ਸਮਾਲ ਨੂੰ ਉਸ ਦੇ ਟਿਕਾਣੇ 'ਤੇ ਛੱਡ ਕੇ 'ਨੋ-ਟ੍ਰਿੱਪ' ਕਰ ਦੇਵਾਂ। ਇਸ ਤਰ੍ਹਾਂ ਕਰਨ ਨਾਲ ਜ਼ੋਨ ਵਿਚ ਪਹਿਲਾ ਨੰਬਰ ਹੀ ਰਹਿ ਜਾਣਾ ਸੀ ਤੇ ਅਗਲਾ ਟ੍ਰਿੱਪ ਫਿਰ ਮੈਨੂੰ ਹੀ ਮਿਲ ਜਾਣਾ ਸੀ। ਫਿਰ ਸੋਚਿਆ ਕਿ ਸਾਰੇ ਟੈਕਸੀ ਡਰਾਈਵਰਾਂ ਨੂੰ ਪਤਾ ਹੈ ਕਿ ਇਹ ਟ੍ਰਿੱਪ 'ਜਰਕ' ਹੈ ਤੇ ਦੂਜਿਆਂ ਨੇ ਸੋਚਣਾ ਹੈ ਕਿ ਮੈਂ ਜਾਣ-ਬੁੱਝ ਕੇ 'ਨੋ-ਟ੍ਰਿੱਪ' ਕੀਤਾ ਹੈ। ਅੱਜ ਦਾ ਦਿਨ ਚੰਗਾ ਨਾ ਲੰਘਣ 'ਤੇ ਭੁਰਦਾ ਮੈਂ ਮਿਸਿਜ਼ ਸਮਾਲ ਦੇ ਪਤੇ ਵੱਲ ਜਾ ਰਿਹਾ ਸੀ ਕਿ ਮੈਥੋਂ ਪਿਛਲੀ ਟੈਕਸੀ ਨੂੰ ਉਹ ਟ੍ਰਿੱਪ ਮਿਲ ਗਿਆ ਜਿਸ ਦੀ ਮੈਂ ਉਮੀਦ ਲਾਈ ਬੈਠਾ ਸਾਂ। ਮੈਂ ਸੰਘ ਘਰੋੜ ਕੇ 'ਫੱਅਅਕ' ਕਿਹਾ ਤੇ ਠਾਹ ਕਰ ਕੇ ਹਥੇਲੀ ਸਟੇਰਿੰਗ 'ਤੇ ਮਾਰੀ। ਖਿੱਝਦਾ-ਕ੍ਰਿਝਦਾ ਮੈਂ ਟਿਕਾਣੇ 'ਤੇ ਜਾ ਪੁੱਜਾ। ਮਿਸਿਜ਼ ਸਮਾਲ ਵਾਕਰ ਦੇ ਸਹਾਰੇ ਤੁਰਦੀ ਹੈ। ਉਸ ਦਾ ਵਾਕਰ ਫੜ ਕੇ ਟਰੰਕ ਵਿਚ ਰੱਖਣਾ ਪੈਣਾ ਸੀ, ਫਿਰ ਉਸ ਨੂੰ ਸਹਾਰਾ ਦੇ ਕੇ ਕਾਰ ਵਿਚ ਬਿਠਾਉਣਾ ਪੈਣਾ ਸੀ। ਉਸ ਵਕਤ ਇਹ ਸਾਰਾ ਕੁਝ ਕਰਨ ਦੀ ਵੱਢੀ ਰੂਹ ਨਹੀਂ ਸੀ ਕਰਦੀ। ਮੈਂ 'ਹੈਲੋ' ਵੀ ਉਸ ਵੱਲ ਚਲਾਵੀਂ ਮਾਰੀ ਤੇ ਫਿਰ ਉਸ ਦੇ ਟਿਕਾਣੇ 'ਤੇ ਲਿਜਾ ਕੇ ਉਸ ਦਾ ਵਾਕਰ ਟਰੰਕ ਵਿਚੋਂ ਕੱਢਿਆ ਅਤੇ ਉਸ ਦੇ ਮੂਹਰੇ ਪਟਕਾ ਮਾਰਿਆ। ਉਹ ਮੇਰੇ ਵੱਲ ਝਾਕੀ ਸੀ, ਬੋਲੀ ਕੁਝ ਨਹੀਂ। ਮੈਨੂੰ ਲੱਗਾ, ਉਹ ਕੁਝ ਆਖਣਾ ਚਾਹੁੰਦੀ ਸੀ, ਪਰ ਮੈਂ ਉਸ ਵੱਲੋਂ ਨਜ਼ਰਾਂ ਹਟਾ ਕੇ ਠਾਹ ਦੇਣੇ ਦਰਵਾਜ਼ਾ ਬੰਦ ਕੀਤਾ ਤੇ ਟੈਕਸੀ ਵਿਚ ਬੈਠ ਕੇ ਵੱਡੀ ਸਾਰੀ ਗਾਲ੍ਹ ਕੱਢੀ, "ਝੂਠ ਸਾਲੀ ਦੇ ਵਾਲ ਐ, ਏਹਨਾਂ ਨੂੰ ਮੁਨਾਉਣ ਤੁਰ ਪੂ ਜਿਵੇਂ ਕਿਸੇ ਯਾਰ ਨੂੰ ਮਿਲਣ ਜਾਣਾ ਹੁੰਦੈ।"



ਤੇ ਪਿਛਲੇ ਸ਼ਨਿਚਰਵਾਰ ਵੀ ਮੈਨੂੰ ਮਿਸਿਜ਼ ਸਮਾਲ ਵਾਲਾ ਟ੍ਰਿੱਪ ਮਿਲਿਆ ਸੀ। ਉਸ ਦਿਨ ਮੇਰਾ ਪੂਰਾ 'ਸੂਤ' ਲੱਗਿਆ ਹੋਇਆ ਸੀ। ਇੱਕ ਟ੍ਰਿੱਪ ਤੋਂ ਵਿਹਲਾ ਹੁੰਦਾ ਤੇ ਝੱਟ ਦੂਜਾ ਮਿਲ ਜਾਂਦਾ। ਉਸ ਦਿਨ ਉਹ ਮੈਨੂੰ ਆਪਣੀ ਨਾਨੀ ਵਰਗੀ ਲੱਗੀ ਸੀ। ਪਟੋਲਾ ਜਿਹਾ। ਮੇਰਾ ਜੀਅ ਕੀਤਾ ਸੀ ਕਿ ਉਸ ਨੂੰ ਬਾਹਾਂ ਵਿਚ ਚੁੱਕ ਕੇ ਹੇਅਰ ਡ੍ਰੈੱਸਰ ਦੀ ਕੁਰਸੀ 'ਚ ਬਿਠਾ ਆਵਾਂ; ਸਗੋਂ ਮੈਂ ਉਸ ਨੂੰ ਪਿਆਰ ਨਾਲ ਮਸ਼ਕਰੀ ਵੀ ਕੀਤੀ ਸੀ। ਮੈਂ ਉਸ ਨੂੰ ਕਿਹਾ ਸੀ, "ਬਿਊਟੀ ਕੁਈਨ! ਤੂੰ ਤਾਂ ਵਾਲਾਂ ਨੂੰ ਸੰਵਾਰੇ ਤੋਂ ਬਿਨਾਂ ਹੀ ਬਥੇਰੀ ਸੋਹਣੀ ਐਂ। ਫਿਰ ਤੈਨੂੰ ਹਰ ਹਫਤੇ ਹੇਅਰ ਡ੍ਰੈੱਸਰ ਦੇ ਜਾਣ ਦੀ ਕੀ ਲੋੜ ਹੈ?" ਉਹ ਮੁਹਰਿਓਂ ਬੋਲੀ ਸੀ, "ਜਦੋਂ ਘਰੇ ਇਕੱਲਤਾ ਤੋਂ ਤੰਗ ਪੈ ਜਾਨੀ ਆਂ, ਤਾਂ ਵਾਲ ਸੰਵਾਰਨ ਦੇ ਬਹਾਨੇ ਮੈਂ ਲੋਕਾਂ ਨੂੰ ਮਿਲ ਆਉਨੀ ਆਂ। ਕੁਝ ਗੱਲਾਂ ਬਾਤਾਂ ਕਰ ਆਉਨੀ ਆਂ।"

ਜਦੋਂ ਕਦੇ ਮੈਨੂੰ ਮਿਸਿਜ਼ ਸਮਾਲ ਦੀਆਂ ਕੁਝ ਆਖਣ ਲਈ ਲੋਚਦੀਆਂ ਅੱਖਾਂ ਯਾਦ ਆਉਂਦੀਆਂ ਹਨ ਤਾਂ ਆਪਣੇ ਬੇਰੁਖੀ ਵਾਲੇ ਵਤੀਰੇ 'ਤੇ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ।

*(ਚਲਦਾ)*

ਕਹਾਣੀ

# ਅੱਗ ਲੱਗੇ ਦਰਿਆ

*ਹਾਫਿਜ਼ ਬਰਖੁਰਦਾਰ ਨੇ ਕਿੱਸਾ 'ਮਿਰਜ਼ਾ ਸਾਹਿਬਾਂ' ਵਿਚ ਬੇਵਸੀ ਦਾ ਜ਼ਿਕਰ ਕਰਦਿਆਂ ਲਿਖਿਆ ਹੈ-ਕੌਣ ਬੁਝਾਏ ਹਾਫਿਜ਼ਾ, ਅੱਗ ਲੱਗੇ ਦਰਿਆ'। ਲਹਿੰਦੇ ਪੰਜਾਬ ਦੇ ਸ਼ਹਿਰ ਲਾਹੌਰ ਵਿਚ ਵੱਸਦੇ ਕਹਾਣੀਕਾਰ ਜ਼ੁਬੈਰ ਅਹਿਮਦ ਨੇ 'ਅੱਗ ਲੱਗੇ ਦਰਿਆ' ਦੀ ਕਹਾਣੀ ਛੋਹੀ ਹੈ। ਇਹ ਉਹ ਕਹਾਣੀ ਹੈ ਜੋ ਵਿਹੰਦਿਆਂ ਵਿਹੰਦਿਆਂ ਭਾਂਬੜ ਬਣ ਗਈ ਹੈ। ਇਹ ਇਕੱਲੇ ਲਹਿੰਦੇ ਪੰਜਾਬ ਦੀ ਨਹੀਂ, ਚੜ੍ਹਦੇ ਪੰਜਾਬ ਦੀ ਵੀ ਹੋਣੀ ਜਾਪਦੀ ਹੈ, ਬਲਕਿ ਪੂਰੇ ਪਾਕਿਸਤਾਨ ਤੇ ਹਿੰਦੋਸਤਾਨ ਦੀ ਹੋਣੀ ਪ੍ਰਤੀਤ ਹੁੰਦੀ ਹੈ। ਜ਼ੁਬੈਰ ਅਹਿਮਦ ਉਨ੍ਹਾਂ ਲੇਖਕਾਂ ਦੀ ਢਾਣੀ ਵਿਚੋਂ ਹੈ ਜਿਹੜੇ ਵੰਡ ਤੋਂ ਬਾਅਦ ਦੇ ਹਨ। ਲਾਹੌਰ ਦੇ ਇਸਲਾਮੀਆ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦਾ ਲੇਖਕ, ਕਹਾਣੀਆਂ ਦੇ ਨਾਲ ਨਾਲ ਕਵਿਤਾ ਵੀ ਲਿਖਦਾ ਹੈ। -ਸੰਪਾਦਕ*

ਕਿਸੇ ਪੁਰਾਣੇ ਕਮਰੇ ਵਿਚ ਮੈਂ ਬੈਠਾਂ। ਦੂਜੀ ਮੰਜ਼ਲੇ, ਵੱਡੀ ਇਮਾਰਤ। ਇਮਾਰਤ ਉਕਾ ਖਾਲੀ, ਜੀਅ ਕੋਈ ਨਹੀਂ। ਅਸਲੋਂ ਇਹ ਇਮਾਰਤ ਪੁਰਾਣੇ ਹੋਵਣ ਪਾਰੋਂ ਬੰਦ ਹੋਈ ਜਾਪਦੀ ਏ। ਕਦੇ ਹੁੰਦੀ ਸੀ ਰੱਜ ਆਬਾਦ, ਵਸੀ ਰਸੀ। ਕਿਥੇ ਰਾਤ ਨੂੰ ਜਾ ਚੁੱਪ ਲੱਭਣੀ। ਗੋਲ ਘੁੰਮ ਘੇਰ ਪੌੜੀਆਂ ਪੁਰਾਣਿਆਂ ਵੇਲਿਆਂ ਦੀਆਂ, ਤੇ ਜਦ ਤੁਸੀਂ ਪੌੜੀਆਂ ਚੜ੍ਹ ਕੇ ਉਤੇ ਅੱਪੜੋ, ਲੰਮਾ ਬਰਾਂਡਾ, ਤੇ ਦੂਜੇ ਹੱਥ ਕਮਰਿਆਂ ਦੀ ਪਾਲ। ਪਹਿਲੇ ਕਮਰੇ ਵਿਚ ਰਜ਼ਾ ਤੇ ਮੈਂ ਬੈਠਦੇ ਸਾਂ, ਪਰ ਹੁਣ ਉਹ ਕਮਰਾ ਅਸਚਰਜ ਜਿਹਾ ਲੱਗਾ। ਬਹੁਤ ਔਖਾ ਲੱਗਾ ਦਿਲ ਨੂੰ ਬੜਾ ਦੁਖੀ ਜਿਹਾ ਕਰਦਾ। ਇਕ ਪਾਸੇ ਚਿੱਟਾ ਕੱਪੜਾ ਬੰਨ੍ਹਿਆ ਹੋਵੇ, ਗੋਲ ਬਾਂਸ ਵਰਗਾ ਲੰਮਾ ਦੂਰ ਤੀਕ ਜਾਂਦਾ; ਛੱਤ ਨਾਲ ਜਿਵੇਂ ਏ.ਸੀ. ਦੀ ਮੋਟੀ ਪਾਈਪ ਬਾਹਰ ਨੂੰ ਲੱਗੀ ਜਾਂਦੀ ਏ ਜਾਂ ਜਿਵੇਂ ਪੜਛੱਤੀ ਜਿਹੀ।

ਇਹ ਰਿਕਾਰਡ ਰੂਮ ਵਿਚ ਨਹੀਂ ਸੀ ਹੁੰਦੀ? ਜਿਥੇ ਹੁੰਦਾ ਸੀ ਚਾਚਾ ਆਸ਼ਿਕ, ਸਸਤੇ ਸਿਗਰਟ ਫੂਕਦਾ। ਇਸ ਦਾ ਕਮਰਾ ਪੁਰਾਣੀਆਂ ਫਾਈਲਾਂ

**ਜ਼ੁਬੈਰ ਅਹਿਮਦ**

ਨਾਲ ਭਰਿਆ ਰਹਿਣਾ। ਗਰਮੀਆਂ ਵਿਚ ਪੁਰਾਣਾ ਕੂਲਰ ਘੀਂ ਘੀਂ ਚਲਦੇ ਹੋਣਾ ਤੇ ਸਿਆਲਾਂ ਵਿਚ ਮੌਜ। ਸਰਕਾਰੀ ਕੋਟੇ ਦਾ ਕੋਇਲਾ ਜਾਂ ਫਿਰ ਕਮਰੇ ਨਾਲ ਈ ਵਿਹੜਾ। ਧੁੱਪ ਹੋਵੇ ਤਾਂ ਉਸ ਦੀ ਨਿਸ਼ਾ ਲਉ, ਪਰ ਇਹ ਸਾਰੀਆਂ ਫਾਈਲਾਂ ਇਥੇ ਕਿਉਂ ਆ ਗਈਆਂ? ਮੈਂ ਚੁੱਪ-ਚਾਪ ਬੈਠਾ ਹਾਂ। ਇਕ ਵੇਲੇ ਮੈਂ ਇਥੇ ਕਲਰਕ ਸਾਂ, ਬਿਜਲੀ ਦੇ ਮਹਿਕਮੇ ਵਿਚ।

ਇਸ ਇਮਾਰਤ ਨੂੰ ਕੀ ਹੋਇਆ। ਅਜਬ ਜਿਹਾ ਭੇਤ ਏ ਹੁਣ ਇਸ ਵਿਚ। ਬੇਕਦਰੀ ਜਿਹੀ ਵੀਰਾਨੀ, ਉਜੜੀ ਹੋਈ ਬੇ-ਨਿਸ਼ਾਨੀ। ਇਸ ਵੇਲੇ ਇਕ ਬੰਦਾ ਬਸ਼ਰ ਨਹੀਂ ਇਸ ਵਿਚ। ਉਕਾ ਬੰਦ ਏ ਇਹ। ਮੈਂ ਕਿਥੋਂ ਆਣ ਵੜਿਆ ਆਂ। ਮੈਂ ਬੜੀ ਔਖ ਨਾਲ ਬੈਠਾ ਆਂ ਐਥੇ। ਇਕ ਛਿਣ ਨੂੰ ਉਹ ਮੈਨੂੰ ਬੂਹੇ ਤੋਂ ਬਾਹਰ ਦਿਸਦਾ ਏ। ਰਜ਼ਾ। ਲਗਦਾ ਏ ਜਿਵੇਂ ਮੈਂ ਫੜਿਆ ਗਿਆ ਆਂ। ਰਜ਼ਾ ਮੈਨੂੰ ਵੇਖ ਕੇ ਇਕਦਮ ਛਾਈਂ ਮਾਈਂ ਹੋ ਜਾਂਦਾ ਏ। ਰਜ਼ਾ ਤੇ ਮੈਂ ਇਕੋ ਕਮਰੇ ਵਿਚ ਪੰਜ ਵਰ੍ਹੇ ਬੈਠੇ ਰਹੇ। ਉਹ ਮੈਥੋਂ ਕਈ ਵਰ੍ਹੇ ਵੱਡਾ ਸੀ। ਸੀ ਉਹ ਵੀ ਕਲਰਕ, ਪਰ ਸਿਗਰਟ ਪੀਣੇ ਗੋਲਡ ਲੀਫ਼ ਦੇ। ਉਹ ਇੰਜ ਦਾ ਨਹੀਂ ਸੀ ਰਿਸ਼ਵਤਖੋਰ। ਬੜੀ ਚੰਗੀ ਸੀ ਉਸ ਦੀ ਡਰਾਫਟਿੰਗ। ਪੁਰਾਣੇ ਵੇਲਿਆਂ ਦਾ ਬੀ.ਏ. ਪਾਸ। ਮਧਰਾ ਕੱਦ ਬੁੱਤ। ਗਠਿਆ ਜਿਹਾ ਪਿੰਡਾ। ਉਸ ਸਾਰੇ ਦਿਨ ਆਪਣੀ ਸੀਟ ਤੋਂ ਨਾ ਹਿੱਲਣਾ। ਮੈਂ ਸਵੇਰੇ ਜਦ ਦਫ਼ਤਰ ਆਉਣਾ, ਉਸ ਆਪਣੀ ਸੀਟ 'ਤੇ ਬੈਠੇ ਹੋਣਾ। ਜਦ ਮੈਂ ਜਾਣਾ, ਉਦੋਂ ਵੀ। ਕਈਆਂ ਕਹਿਣਾ, ਦਫ਼ਤਰ ਦੀ ਸਟੇਸ਼ਨਰੀ ਵੇਚਦਾ ਏ। ਇਸ ਲਈ ਜਦ ਸਾਰੇ ਚਲੇ ਜਾਂਦੇ, ਇਸ ਤਦ ਜਾਣੈ। ਕਿਸੇ ਸੁਣਾਵਣਾ, ਖੋਤਾ ਰੇੜ੍ਹੀ ਆਉਂਦੀ ਏ, ਤੇ ਲੱਦ ਤੁਰ ਜਾਂਦੀ ਏ ਸਟੇਸ਼ਨਰੀ। ਕੁਝ ਦੱਸਦੇ, ਦਫ਼ਤਰ ਦੀ ਸਫ਼ਾਈ ਕਰ ਕੇ ਘਰ ਜਾਣਾ ਤੇ ਕੁਝ ਕੰਮ ਸਵੇਰੇ ਕਰਨਾ ਤੇ ਸਵੇਰੇ ਵੀ ਉਸ ਸਭ ਤੋਂ ਪਹਿਲਾਂ ਆਉਣਾ।

ਉਹ ਸਭੇ ਮੁਲਾਜ਼ਮ ਜਿਨ੍ਹਾਂ ਦੀ ਮੁਅੱਤਲੀ ਜਾਂ ਸ਼ੋਅ ਕਾਜ਼ ਨੋਟਿਸ ਜਾਰੀ ਹੋਇਆ ਹੁੰਦਾ, ਉਸ ਤੋਂ ਜਵਾਬ ਲਿਖਵਾਉਣ ਆਉਂਦੇ ਸਨ। ਅਸੀਂ ਭਾਵੇਂ ਦੋਵੇਂ ਇਕ ਕਮਰੇ ਵਿਚ ਬਹਿਣੇ ਸਾਂ, ਸਾਡੇ ਵਿਚਕਾਰ ਝਿਜਕ ਸੀ, ਓਹਲਾ ਜਿਹਾ, ਕੋਈ ਲੁਕੋ। ਖੌਰੇ ਝਿਜਕ ਪਾਰੋਂ ਕੋਈ ਡਰ, ਅਣਜਾਣੇ ਦੀ ਵਿੱਥ ਜਿਵੇਂ। ਅਸਾਂ ਪੂਰੇ ਪੰਜ ਵਰ੍ਹੇ ਇਕੋ ਕਮਰੇ ਵਿਚ ਇਕੋ ਛੱਤ ਥੱਲੇ ਬੈਠੇ, ਪਰ ਇਹ ਵਿੱਥ, ਝਿਜਕ ਨਾ ਮੁੱਕੀ।

ਇਹ ਲੁਕਾ ਉਸ ਵੱਲੋਂ ਸੀ, ਮੇਰੇ ਵੱਲੋਂ ਨਹੀਂ। ਖੌਰੇ ਇਸ ਲਈ, ਪਈ ਉਸ ਅੰਦਰ ਕੋਈ ਚੋਰ ਸੀ ਜਿਸ ਕਰ ਕੇ ਵਿੱਥ ਨਾ ਮੁੱਕੀ। ਨਾਲੇ ਮੈਂ ਉਸ ਤੋਂ ਘੱਟੋ ਘੱਟ 20 ਵਰ੍ਹੇ ਨਿੱਕਾ ਸਾਂ। ਮੈਂ ਬੀ.ਏ. ਕਰ ਕੇ ਨਵਾਂ ਨਵਾਂ ਕਲਰਕ ਲੱਗਾ ਸਾਂ ਤੇ ਐਮ.ਏ. ਪ੍ਰਾਈਵੇਟ ਦੀ ਤਿਆਰੀ ਕਰਦਾ ਪਿਆ ਸਾਂ। ਉਸ ਨੂੰ ਪਤਾ ਸੀ, ਮੈਂ ਕੁਝ ਚਿਰ ਲਈ ਆਂ। ਮੈਂ ਉਚੀ ਸਿਫ਼ਾਰਸ਼ ਪਾਰੋਂ ਸਿੱਧਾ 7ਵੀਂ ਸਕੇਲ ਵਿਚ ਆਇਆ ਸਾਂ ਤੇ ਉਹ 15 ਵਰ੍ਹੇ ਜੂਨੀਅਰ ਕਲਰਕ ਰਹਿਣ ਪਿਛੋਂ ਹੁਣ ਸੀਨੀਅਰ ਕਲਰਕ ਬਣਿਆ ਸੀ। ਇਸ ਦਾ ਉਸ ਨੂੰ ਰੱਜ ਸਾੜਾ ਸੀ। ਉਸ ਨੂੰ ਇਹ ਵੀ ਡਰ ਸਨ, ਪਈ ਕਿਤੇ ਉਸ ਦੇ ਕੰਮ ਮੈਨੂੰ ਨਾ ਮਿਲ ਜਾਣ। ਉਸ ਦੇ ਸਾਰੇ ਕੰਮ ਕਮਾਈ ਆਲੇ ਸਨ, ਇਸ ਲਈ ਉਸ ਹੈਡ ਕਲਰਕ ਨਾਲ ਅੱਟੀ ਸਿਟੀ ਲੜਾ ਕੇ ਮੈਨੂੰ ਉਹ ਕੰਮ ਦਿੱਤੇ, ਜਿਨ੍ਹਾਂ ਵਿਚ ਕੋਈ ਕਮਾਈ ਨਹੀਂ ਸੀ; ਸਗੋਂ ਮੈਨੂੰ ਕਈ ਦਿਨ ਕੋਈ ਕੰਮ ਨਾ ਲੱਭਾ। ਮੈਂ ਦਫ਼ਤਰ ਆਣਾ ਤੇ ਸਾਰਾ ਦਿਨ ਵਿਹਲੇ ਬਹਿ ਘਰ ਤੁਰ ਜਾਣਾ।

ਮੈਂ ਕਿਉਂ ਜੋ ਨਵਾਂ ਨਵਾਂ ਨੌਕਰੀ ਲੱਗਾ ਸਾਂ, ਇਸ ਲਈ ਹਮੇਸ਼ਾ ਵੇਲੇ ਸਿਰ ਆਉਣਾ। ਪੂਰੇ ਸਾਢੇ ਸੱਤ ਵਜੇ। ਇਸ ਵੇਲੇ ਨਿਰਾ ਰਜ਼ਾ ਤੇ ਰਿਕਾਰਡ ਕੀਪਰ ਆਉਂਦੇ ਸਨ। ਹਾਂ, ਅਫਸਰ ਦੇ ਕਮਰੇ ਦਾ ਚਪੜਾਸੀ ਤੇ ਥੱਲੇ ਕੰਟੀਨ ਵਾਲਾ ਵੀ ਆਇਆ ਹੋਣਾ, ਪਰ ਚਾਹ ਸਾਨੂੰ ਨੌਂ, ਸਾਢੇ ਨੌਂ ਵਜੇ ਜਾ ਲੱਭਣੀ ਤੇ ਸਭ ਤੋਂ ਪਹਿਲੀ ਚਾਹ ਵੀ ਮੇਰੇ ਕਮਰੇ ਦੇ ਬੇਲੀ ਈ ਮੰਗਾਣੀ। ਇਸ ਦਾ ਚਾਹ ਦਾ ਬਿੱਲ ਵੀ ਸਭ ਤੋਂ ਵੱਧ ਹੋਣਾ, ਪਰ ਉਸ ਨੂੰ ਕੋਈ ਪ੍ਰਵਾਹ ਨਾ ਹੋਣੀ; ਸਗੋਂ ਜਦ ਕੋਈ ਉਸ ਨੂੰ ਮਿਲਣ ਆਉਂਦਾ, ਉਸ ਝੱਟ ਆਪਣੀ ਕੁਰਸੀ ਤੋਂ ਉਠ ਬਾਰੀ ਕੋਲ ਜਾ ਹੌਲੀ ਜਿਹੀ ਹੇਠਾਂ ਸਿਰ ਕਰ, ਚਾਹ ਲਈ 'ਵਾਜ ਮਾਰ ਦੇਣੀ। ਕਈ ਵਾਰੀ ਅਗਲੇ ਤੁਰ ਜਾਣਾ, ਤੇ ਮੁੜ ਉਸ ਚਾਹ ਮੇਰੀ ਮੇਜ਼ 'ਤੇ ਧਰ ਦੇਣੀ।

ਪੌਂਦ ਵਿਚ ਤਾਂ ਮੈਨੂੰ ਚੰਗਾ ਲਗਦਾ ਰਿਹਾ, ਫਿਰ ਮੈਨੂੰ ਖਿਆਲ ਆਉਣਾ, ਇਹ ਵੱਢੀ ਤਾਂ ਨਹੀਂ। ਇਸ ਲਈ ਮੈਂ ਹੌਲੀ ਹੌਲੀ ਚਾਹ ਪੀਣ ਤੋਂ ਨਾਂਹ ਕਰ ਦੇਣੀ, ਤੇ ਉਸ ਦਫ਼ਤਰ ਦੀ ਝਾੜ ਪੂੰਝ ਕਰਨ ਆਲੀ ਨੂੰ ਬੁਲਾ ਚਾਹ ਦੇ ਦੇਣੀ। ਉਸ ਦਾ ਨਾਂ ਜਮੀਲਾ ਸੀ। ਉਹ ਚੌਤੀ-ਪੈਂਤੀ ਦੀ ਹੋਣੀ ਏ। ਕਾਲਾ ਸ਼ਾਹ ਪਿੰਡਾ ਤੇ ਭਰਿਆ ਭਰਿਆ ਸਰੀਰ। ਮੋਟੇ ਬੁੱਲ੍ਹ ਤੇ ਮੋਟੀਆਂ ਈ ਕਾਲੀਆਂ ਸ਼ਾਹ ਅੱਖੀਆਂ। ਇਸ ਦੇ ਮੁੱਖ ਉਤੇ ਸਭ ਤੋਂ ਸੋਹਣੀਆਂ ਉਸ ਦੀਆਂ ਅੱਖਾਂ ਈ ਸਨ।

ਸਾਰਾ ਦਿਨ ਉਸ ਨਾਲ ਗੰਦਾ-ਮੰਦਾ ਮਖੌਲ ਹੁੰਦਾ ਰਹਿਣਾ, ਤੇ ਉਸ ਖਚਰਾ ਜਿਹਾ ਹਾਸਾ ਹੱਸਦੇ ਰਹਿਣਾ। ਕਈ ਵਾਰੀ ਉਹ ਬਹੁਤ ਚੁੱਪ ਹੁੰਦੀ ਸੀ ਤੇ ਉਸ ਉਕਾ ਕਿਸੇ ਗੱਲ ਦਾ ਜਵਾਬ ਨਾ ਦੇਣਾ; ਸਗੋਂ ਕਿਸੀ ਲੁਕਵੇਂ ਥਾਂ ਪਏ ਰਹਿਣਾ। ਅੱਖਾਂ ਉਸ ਦੀਆਂ ਵਿਚ ਅਜਬ ਜਿਹਾ ਪਾਣੀ ਤਰਨਾ ਦੁੱਖ ਦਾ ਤੇ ਪੀੜ ਦਾ। ਅਜਿਹੇ ਵੇਲਿਆਂ, ਉਸ ਮੇਰੇ ਵੱਲ ਵੀ ਆਪਣੇਅਤ ਨਾਲ ਤੱਕਣਾ, ਜਿਵੇਂ ਕਹਿੰਦੀ ਹੋਵੇ, ਮੁੰਡਿਆ! ਤੂੰ ਅਜੇ ਮੌਜ ਕਰ, ਤੈਨੂੰ ਹਯਾਤੀ ਦੇ ਦੁੱਖਾਂ ਦੀ ਕੀ ਸਾਰ ਏ? ਰਜ਼ਾ ਨੇ ਉਸ ਨੂੰ ਗੰਦੇ ਮਖੌਲ ਕਰਦੇ ਰਹਿਣਾ। 'ਜਮੀਲਾ, ਇਹਦਾ ਵੀ ਮੁਬਾਇਲ ਬਦਲਾ ਦੇ'।

ਮੈਨੂੰ ਬੜੀ ਸ਼ਰਮ ਆਣੀ। ਸਾਡੇ ਪੜ੍ਹਿਆਰ ਮੁੰਡਿਆਂ ਵਿਚਕਾਰ ਇੰਨੇ ਨੰਗੇ ਮਖੌਲ ਨਹੀਂ ਸਨ ਹੁੰਦੇ। ਗਾਲ੍ਹਾਂ ਦੀ ਵਾਛੜ ਭਾਵੇਂ ਵਰ੍ਹਦੀ ਸੀ, ਪਰ ਸ਼ਰਮ ਲਿਹਾਜ਼ ਵੀ ਹੁੰਦਾ ਸੀ। ਖੌਰੇ ਪੜ੍ਹਿਆਰਾਂ ਦੀ ਬਹਿਣਾ ਪਾਰੋਂ ਹੋਵੇ। ਕਈ ਵਾਰੀ ਜਮੀਲਾ ਲੰਘਦੇ ਲੰਘਦੇ ਮੇਰੀ ਗੱਲ੍ਹ ਵੀ ਪੁੱਟ ਲੈਣੀ, ਜਾਂ ਚੂੰਢੀ ਵੱਢ ਲੈਣੀ, ਪਰ ਉਸ ਦਾ ਸਾਰਾ ਮਖੌਲ ਇੰਨਾ ਹੀ ਹੁੰਦਾ ਸੀ।

ਤੇ ਹੌਲੀ ਹੌਲੀ ਮੇਰੇ ਪੈਰ ਉਸ ਦਫਤਰ ਲੱਗਣੇ ਸ਼ੁਰੂ ਹੋਏ। ਇਸ ਵਿਚ ਵੀ ਬਹੁਤਾ ਹੱਥ ਜਮੀਲਾ ਦਾ ਸੀ। ਉਸ ਕਹਿਣਾ, 'ਘਾਬਰੀਂ ਨਾ। ਇਨ੍ਹਾਂ ਸਾਰਿਆਂ ਦੇ ਭੇਤ ਨੇ; ਕੁਝ ਦੇ ਘੱਟ, ਕੁਝ ਦੇ ਵੱਧ। ਛੱਡਦਾ ਕੋਈ ਨਹੀਂ, ਮੰਗਦੇ ਸਾਰੇ ਨੇ। ਤੈਨੂੰ ਵੀ ਜੋ ਲੱਭੇ, ਬੋਝੇ ਪਾ ਲਈਂ। ਨਿਰੀ ਤਨਖਾਹ ਨਾਲ ਕੀ ਹੁੰਦਾ ਏ? ਬੱਸ ਮੂੰਹ ਸੁੱਟ ਕੇ ਆਪਣਾ ਕੰਮ ਕਰੀ ਜਾ। ਕਿਸੇ ਵੱਲ ਵੇਖਣ ਟੋਹ ਲੈਣ ਦੀ ਲੋੜ ਨਹੀਂ। ਕੋਈ ਕੀ ਕਰਦਾ ਏ, ਤੇਰਾ ਕੋਈ ਮਤਲਬ ਨਹੀਂ। ਤੇਰੀ ਨਵੀਂ ਨਵੀਂ ਨੌਕਰੀ ਏ, ਚੁੱਪ ਕਰ ਕੇ ਵੇਲਾ ਟਪਾ। ਨਹੀਂ ਤਾਂ ਰਹਿਣਾ ਔਖਾ ਕਰ ਦੇਣਗੇ। ਤੈਨੂੰ ਰੋਜ਼ ਅਫ਼ਸਰ ਤੋਂ ਝਾੜ ਪਏਗੀ। ਅਫ਼ਸਰ ਤੋਂ ਝਾੜ ਪਏ ਤਾਂ ਬੰਦੇ ਦਾ ਜੀਅ ਕਰਦਾ ਏ ਥਾਂ ਮਰ ਜਾਵੇ। ਮੈਨੂੰ ਵੇਖ। ਮੇਰੇ ਤਿੰਨ ਬਾਲ ਨੇ। ਬੰਦਾ ਕੁਝ ਨਹੀਂ ਕਰਦਾ। ਅਠਾਰਾਂ ਵਰ੍ਹਿਆਂ ਦੀ ਸਾਂ ਜਦ ਇਥੇ ਆਈ। ਪਹਿਲੇ ਦਿਨ ਈ ਸਵੇਰੇ ਮੈਨੂੰ ਮੇਰੇ ਨਾਲ ਦੇ ਨੇ ਈ ਢਾਹ ਲਿਆ। ਤੂੰ ਨਹੀਂ ਜਾਣਦਾ, ਹੁਣ ਉਹਦੀ ਬਦਲੀ ਹੋ ਗਈ ਏ। ਮੁੜ ਇਕ ਦਿਨ ਕਿਸੇ ਹੋਰ। ਹੌਲੀ ਹੌਲੀ ਮੈਂ ਤਾਕਤ ਫੜੀ, ਤੇ ਦੋ-ਤਿੰਨ ਵਰ੍ਹਿਆਂ ਵਿਚ ਈ ਆਪਣੇ ਪੈਰਾਂ ਉਤੇ ਖਲੋ ਗਈ। ਹੁਣ ਭਾਵੇਂ ਗੰਦਾ ਮਖੌਲ ਕਰਦੇ ਨੇ, ਪਰ ਮਜਾਲ ਏ ਕੋਈ ਹੱਥ ਲਾਏ, ਮੇਰੀ ਮਰਜ਼ੀ ਬਿਨਾਂ। ਉਹ ਭੇਤ ਭਰੀ ਮੁਸਕਾਨ ਨਾਲ ਕਹਿੰਦੀ ਏ।

ਇਹ ਦਫ਼ਤਰ ਅਸਲੋਂ ਬਹੁੰ ਪੁਰਾਣੀ ਕੋਠੀ ਵਿਚ ਸੀ। ਚੌਬੁਰਜੀ ਵਿਚ। ਜੇ ਤੁਸੀਂ ਸ਼ਾਮ ਨਗਰ ਵੱਲ ਜਾਓ, ਰਾਹ ਵਿਚ ਪੈਂਦੇ ਪੁੱਠੇ ਹੱਥ। ਹੁਣ ਖੌਰੇ ਹੈ ਵੀ ਜਾਂ ਨਹੀਂ, ਜਾਂ ਫਿਰ ਪਲਾਜ਼ਾ ਬਣ ਗਿਆ ਹੋਣਾ ਏ। ਬਿਜਲੀ ਦੇ ਮਹਿਕਮੇ ਆਲਿਆਂ ਕਿਰਾਏ ਉਤੇ ਲਈ ਹੋਈ ਸੀ ਕੋਠੀ, ਤੇ ਉਤਲੀ ਮੰਜ਼ਲੇ ਐਕਸੀਅਨ ਬੈਠਦਾ ਸੀ ਜਿਹੜਾ ਐਸ.ਡੀ.ਓ. ਤੋਂ ਉਚਾ ਅਫ਼ਸਰ ਹੁੰਦਾ ਏ, ਤੇ ਉਸ ਦੇ ਹੇਠ ਤਿੰਨ-ਚਾਰ ਐਸ.ਡੀ.ਓ. ਹੁੰਦੇ ਨੇ।



ਉਤੇ ਦਸ ਬਾਰਾਂ ਕਮਰੇ ਸਨ ਜਿਸ ਵਿਚ ਕਲਰਕਾਂ, ਡਰਾਫਟਮੈਨ, ਸਟੈਨੋ, ਰਿਕਾਰਡ ਕੀਪਰ, ਡਾਇਰੀ ਕਲਰਕ ਦੇ ਵੱਖੋ-ਵੱਖ ਕਮਰੇ ਸਨ। ਇੰਨੇ ਈ ਕਮਰੇ ਥੱਲੇ ਸਨ, ਪਰ ਥੱਲੇ ਰੈਵਨਿਊ ਦਾ ਦਫ਼ਤਰ ਸੀ ਜਿਹੜਾ ਵੱਖਰਾ ਦਫ਼ਤਰ ਸੀ।

ਇਸ ਕੋਠੀ ਦੀ ਮਾਲਕਣ ਬੁੜ੍ਹੀ ਮਾਈ ਸੀ ਜਿਸ ਮਸਾਂ ਪੌੜੀਆਂ ਚੜ੍ਹਨੀਆਂ, ਤੇ ਮੁੜ ਵਰਾਂਡੇ ਵਿਚ ਡਾਇਰੀ ਕਲਰਕ ਕੋਲ ਬਹਿ ਜਾਣਾ। ਇਸ ਡਾਇਰੀ ਕਲਰਕ ਈ ਉਸ ਦਾ ਕਿਰਾਏ ਦਾ ਬਿੱਲ ਪਾਸ ਕਰਾਣਾ, ਤੇ ਉਸ ਨੂੰ ਚੈਕ ਦੇ ਕੇ ਡਾਇਰੀ ਰਜਿਸਟਰ ਉਤੇ ਵਸੂਲੀ ਦੇ ਦਸਤਖ਼ਤ ਕਰਾ ਲੈਣੇ। ਇਸ ਬਿੱਲ ਦੀ ਤਿਆਰੀ ਦੀ ਫਾਈਲ ਰਜ਼ਾ ਦੇ ਨੋਟ ਉਤੋਂ ਤੁਰਨੀ, ਮੁੜ ਇਹ ਫਾਈਲ ਹੈਡ ਕਲਰਕ ਕੋਲ ਜਾਣੀ ਤੇ ਮੁੜ ਐਕਸੀਅਨ ਦੀ ਮਨਜ਼ੂਰੀ ਨਾਲ ਚੈੱਕ ਬਣ ਜਾਣਾ। ਮਾਈ ਨੇ ਇੰਨਾ ਚਿਰ ਡਾਇਰੀ ਕਲਰਕ ਕੋਲ ਬੈਠੀ ਰਹਿਣਾ, ਤੇ ਮੁੜ ਉਸ ਚੈੱਕ ਲਿਆ ਕੇ ਡਾਇਰੀ ਰਜਿਸਟਰ ਉਤੇ ਉਹਦੇ ਦਸਤਖ਼ਤ ਕਰਾ ਕੇ ਇਹ ਚੈੱਕ ਉਹਦੇ ਹਵਾਲੇ ਕਰ ਦੇਣਾ, ਤੇ ਇਸ ਡਾਇਰੀ ਕਲਰਕ ਦੇ ਖੀਸੇ ਵਿਚ ਕੁਝ ਪਾ ਕੇ ਹੌਲੀ ਹੌਲੀ ਆਪਣੇ ਡਰਾਈਵਰ ਨਾਲ ਪੌੜੀਆਂ ਲਹਿ ਜਾਣਾ।

ਇਸ ਕੋਠੀ ਬਾਰੇ ਬੜੀਆਂ ਕਹਾਣੀਆਂ ਸਨ। ਇਕ ਕਹਾਣੀ ਇਹ ਸੀ, ਪਈ ਇਹ ਕੋਠੀ ਸਦਰ ਅਯੂਬ ਨੇ ਕਿਸੇ ਫੌਜੀ ਨੂੰ ਤੋਹਫ਼ੇ ਵਿਚ ਦਿੱਤੀ ਸੀ, ਤੇ ਇਹ ਬੁੜ੍ਹੀ ਮਾਈ ਉਸ ਦੀ ਵਹੁਟੀ ਈ। ਕੁਝ ਕਹਿੰਦੇ, ਨਹੀਂ ਰਖੇਲ ਸੀ ਅਯੂਬ ਦੇ ਵੇਲੇ ਦੇ ਕਿਸੇ ਫੌਜੀ ਅਫ਼ਸਰ ਦੀ, ਤੇ ਉਸ ਨੇ ਦਿੱਤੀ ਕੋਈ ਡਿਪਟੀ ਮਾਰਸ਼ਲ ਲਾਅ ਅਫਸਰ ਸੀ ਮੁਲਤਾਨ, ਕਿ ਲਾਹੌਰ, ਕਿ ਪਿਸ਼ੌਰ ਦਾ, ਤੇ ਮੁੜ ਸਾਰੇ ਕਲਰਕਾਂ ਉਚੀ ਹੱਸ ਕੇ ਉਸ ਬੁਢੇਰੀ ਦੀਆਂ ਨਕਲਾਂ ਲਾਹਣੀਆਂ। ਵੇਖਿਆ ਨਹੀਂ, ਕਿੰਝ ਪਾਨ ਖਾਂਦੀ ਈ, ਬਾਈ ਨਹੀਂ ਲਗਦੀ ਤੈਨੂੰ। ਮੈਨੂੰ ਉਹ ਇਸ ਤੋਂ ਚੇਤੇ ਏ, ਪਈ ਇਕ ਵਾਰ ਉਹ ਚੈੱਕ ਲੈਣ ਆਈ, ਤੇ ਸਾਡਾ ਡਾਇਰੀ ਕਲਰਕ ਜਿਹੜਾ ਸੋਹਣਾ ਸ਼ੌਕੀ ਮੁੰਡਾ ਸੀ, ਤੇ ਸਦਾ ਇਸ ਦੇ ਮੁੱਖ ਉਤੇ ਮੁਸਕਾਨ ਰਹਿਣੀ। ਸਭ ਨੂੰ ਪਤਾ ਸੀ, ਪਈ ਮਾਲਕਣ ਚੈੱਕ ਲੈ ਉਸ ਦੇ ਬੁਸ਼ਰਟ ਦੇ ਖੀਸੇ ਵਿਚ ਕੁਝ ਪਾ ਜਾਂਦੀ ਏ। ਇਕ ਦਿਨ ਉਹਦੀ ਛੁੱਟੀ ਪਾਰੋਂ ਮੈਨੂੰ ਇਹ ਕੰਮ ਕਰਨਾ ਪਿਆ, ਤੇ ਜਾਂਦੀ ਵਾਰੀ ਉਸ ਨੇ ਮੇਰੀ ਕਮੀਜ਼ ਦੇ ਖੀਸੇ ਵਿਚ ਸੌ ਦਾ ਨੋਟ ਪਾ ਦਿੱਤਾ। ਉਨ੍ਹਾਂ ਵੇਲਿਆਂ ਵਿਚ ਸੌ ਦਾ ਨੋਟ ਬਹੁੰ ਰਕਮ ਸੀ। ਮੇਰੀ ਤਾਂ ਕੁੱਲ ਤਨਖਾਹ ਯਾਰਾਂ-ਬਾਰਾਂ ਸੌ ਸੀ।

ਪਰ ਮੈਂ ਇਹ ਕੇਹੀ ਸੋਚੀ ਜਾਂਦਾ ਆਂ। ਇਸ ਕਮਰੇ ਵਿਚ 'ਕੱਲਾ ਕੀ ਕਰਦਾ ਪਿਆ ਆਂ। ਦਫ਼ਤਰ ਤੇ ਕਦ ਦਾ ਮੁੱਕ ਗਿਆ ਹੋਇਆ ਏ। ਮੈਨੂੰ ਰਜ਼ਾ ਦਾ ਖਿਆਲ ਆਂਦਾ ਏ, ਉਸ ਨੂੰ ਤਾਂ ਮਿਲਾਂ। ਹੁਣੇ ਨਜ਼ਰੀ ਪਿਆ ਤਾਂ ਸੀ। ਮੈਂ ਕਮਰੇ ਤੋਂ ਬਾਹਰ ਨਿਕਲਦਾ ਆਂ, ਤੇ ਸਾਰੇ ਕਮਰਿਆਂ ਨੂੰ ਤਾਲੇ ਵੱਜੇ ਹੋਏ ਨੇ। ਹੇਠਾਂ ਵੇਖਦਾ ਆਂ ਤਾਂ ਗੇਟ ਕੁੰਡਲੀਆਂ ਤਾਰਾਂ ਨਾਲ ਬੰਦ ਕੀਤਾ ਹੋਇਆ ਏ। ਇਥੋਂ ਹੁਣ ਕਿਵੇਂ ਨਿਕਲਾਂ। ਅਚਨਚੇਤ ਤ੍ਰਿਖੇ ਪੈਰੀਂ ਨੱਸਦਾ ਮੁੜ ਮੁੜ ਪਿਛੇ ਪੁਣਛ ਰੋਡ ਉਤੇ ਦਿੱਸਦਾ ਏ, ਮੈਂ ਉਸ ਦੇ ਪਿਛੇ ਨੱਸਦਾ ਆਂ। ਉਹ ਤ੍ਰਿਖਾ ਨੱਸਦਾ ਮੁੜ ਮੁੜ ਪਿਛੇ ਵੇਖਦਾ ਨੱਸੀ ਜਾਂਦਾ ਏ। ਕਦੇ ਉਹ ਜਵਾਨ ਬਣ ਜਾਂਦਾ ਏ, ਕਦੀ ਬਹੁੰ ਬੁਢੇਰਾ। ਮੈਂ ਉਹਨੂੰ 'ਵਾਜਾਂ ਮਾਰਦਾ ਆਂ, ਪਰ ਉਹ ਮੇਰੀ 'ਵਾਜ ਨਹੀਂ ਸੁਣਦਾ। ਮੈਨੂੰ ਚੇਤੇ ਆਂਦਾ ਏ, ਇਹਦਾ ਵਾਪਡਾ ਟਾਊਨ ਵਿਚ ਪਲਾਟ ਹੁੰਦਾ ਸੀ। ਜਦ 80-82 ਵਿਚ ਇਹ ਕਾਲੋਨੀ ਬਣੀ ਸੀ, ਤੇ ਇਸ ਦੇ ਨਕਸ਼ੇ ਆਏ ਸਨ, ਤੇ ਰਜ਼ਾ ਕਿੰਨੇ ਚਾਅ ਨਾਲ ਆਪਣਾ ਪਲਾਟ ਵਿਖਾਂਦਾ ਸੀ- 'ਵੇਖੋ ਨੇੜੇ ਈ ਮਸੀਤ ਏ। ਸਾਹਮਣੇ ਬਾਲਾਂ ਦਾ ਪਾਰਕ ਏ। ਕਾਰਨਰ ਪਲਾਟ ਏ। ਇਹਦਾ ਤਾਂ ਮੁੱਲ ਵੀ ਬੜਾ ਮਿਲ ਜਾਏਗਾ। ਉਦੋਂ ਉਹ ਹਰ ਵੇਲੇ ਆਪਣੇ ਪਲਾਟ ਦੀਆਂ ਗੱਲਾਂ ਕਰਦਾ ਰਹਿੰਦਾ ਸੀ। ਇੰਝ ਦਾ ਨਕਸ਼ਾ ਹੋਵੇਗਾ। ਡਰਾਫਟਮੈਨ ਕੋਲੋਂ ਨਵੇਂ ਨਵੇਂ ਨਕਸ਼ਿਆਂ ਬਾਰੇ ਪੁੱਛਦਾ ਸੀ। ਮੈਂ ਇਸ ਦੇ ਪਿਛੇ ਪਿਛੇ ਨੱਸਦਾ ਉਚੀ 'ਵਾਜ ਨਾਲ ਪੁੱਛਣਾ ਆਂ- 'ਵਾਪਡਾ ਟਾਊਨ ਘਰ ਪਾ ਲਿਆ ਸੀ?' 'ਨਹੀਂ।' ਉਹ ਉਚੀ 'ਵਾਜ ਦਿੰਦਾ ਨੱਸੀ ਜਾਂਦਾ ਏ, 'ਕੁੜੀਆਂ ਦੇ ਵਿਆਹ ਕਰਨੇ ਸਨ, ਵੇਚ ਦਿੱਤਾ ਸੀ।' 'ਹੈਂ', ਮੈਂ ਅਚੰਭੇ ਨਾਲ ਕਹਿਨਾ ਆਂ। ਇਹ ਆਖ ਉਹ ਛਾਈਂ ਮਾਈਂ ਹੋ ਜਾਂਦਾ ਏ।

ਅਚਨਚੇਤ ਮੈਂ ਚੌਬੁਰਜੀ ਚੌਕ ਵਿਚ ਆ ਖੜ੍ਹਾ ਹੋਨਾ ਆਂ। ਚੌਕ ਵਿਚ ਘਾਹ ਉਤੇ ਲੋਕ ਬੈਠੇ ਹੋਏ ਨੇ। ਸਾਹਮਣੇ ਟੀ ਸਟਾਲ ਤੋਂ ਚਾਹਵਾਂ ਆਈ ਜਾਂਦੀਆਂ ਨੇ। ਲੋਕ ਗਪੌੜੀਆਂ ਮਾਰਦੇ ਪਏ ਨੇ। ਬਾਲ ਤੇ ਜਨਾਨੀਆਂ ਵੀ ਨੇ। ਤੇਲ ਮਾਲਿਸ਼ ਆਲੇ ਬੋਤਲਾਂ ਖੜਕਾਂਦੇ ਪਏ ਨੇ। ਚੌਕ ਦੇ ਚੁਫ਼ੇਰੇ ਮੈਨੂੰ ਪਾਣੀ ਦਾ ਵੱਡਾ ਨਾਲਾ ਜਿਹਾ ਵਿਖਾਈ ਦਿੰਦਾ ਏ। ਇਸ ਵਿਚ ਸਾਫ਼ ਸੁਥਰਾ ਪਾਣੀ ਏ, ਤੇ ਰੰਗ ਬਰੰਗੀਆਂ ਮੱਛੀਆਂ ਨਾਲ ਭਰਿਆ ਹੋਇਆ ਏ। 'ਹੈਂ! ਇਥੇ ਮੱਛੀਆਂ ਵੀ ਨੇ। ਕਦੀ ਫੜਨ ਆਵਾਂਗਾ।' ਸਾਫ਼ ਪਾਣੀ ਵਿਚ ਮੱਛੀਆਂ ਮੈਨੂੰ ਟੁੰਬ ਲੈਂਦੀਆਂ ਨੇ। ਮੈਨੂੰ ਲੱਗਦਾ ਏ, ਮੈਂ ਇਨ੍ਹਾਂ ਨੂੰ ਹੱਥ ਨਾਲ ਫੜ ਸਕਨਾਂ ਵਾਂ।

ਮੈਂ ਪਾਣੀ ਵਿਚ ਹੱਥ ਪਾਨਾ ਈ ਆਂ, ਤੇ ਪਾਣੀ ਇਕਦਮ ਲਾਲ ਹੋ ਜਾਂਦਾ ਏ। ਮੱਛੀਆਂ ਤੜਫਣ ਲਗ ਪੈਂਦੀਆਂ ਨੇ, ਜਿਵੇਂ ਮਰ ਰਹੀਆਂ ਹੋਵਣ। ਫਿਰ ਉਹ ਫਟਣ ਲੱਗ ਪੈਂਦੀਆਂ ਨੇ। ਉਨ੍ਹਾਂ ਦੇ ਲੋਥੜੇ ਪਾਣੀ ਵਿਚ ਖਿੱਲਰ ਜਾਂਦੇ ਨੇ। ਚੌਕ ਅਚਨਚੇਤ ਸੁੰਨ ਮਸਾਣ ਹੋ ਜਾਂਦਾ ਏ। ਸਭ ਲੋਕ ਗੈਬ ਜਿਹੇ ਹੋ ਜਾਂਦੇ ਨੇ। ਮੱਛੀਆਂ ਨਾਲੇ ਤੋਂ ਬਾਹਰ ਡਿੱਗਣ ਲੱਗ ਪੈਂਦੀਆਂ ਨੇ, ਤੇ ਸੜਕ ਉਤੇ ਤੜਾਫਟ ਨਾਲ ਲੋਟਣ ਲੱਗ ਪੈਂਦੀਆਂ ਨੇ। ਉਹ ਮੈਨੂੰ ਅਤਿ ਹੈਰਾਨੀ ਨਾਲ ਤੱਕਦੀਆਂ ਸੜਕ ਉਤੇ ਮਰੀ ਜਾਂਦੀਆਂ ਨੇ, ਤੇ ਉਨ੍ਹਾਂ ਦੇ ਆਨੇ ਟੱਡੇ ਜਾਂਦੇ ਨੇ। ਹੈਂ!!

ਬਿਸਤਰਿਓਂ ਉਠ ਬਹਿ ਜਾਨਾ। ਕੇਹਾ ਕੁ ਸੁਫ਼ਨਾ ਸੀ ਇਹ। ਪੂਰੀ ਡਿੱਠੀ ਸਗਵੀਂ ਫਿਲਮ ਦੀ ਰੀਲ ਹਾਰ ਅੱਖਾਂ ਅੱਗਿਉਂ ਲੰਘ ਜਾਂਦੀ ਏ, ਅੱਖ ਖੁੱਲ੍ਹਣ ਨਾਲ ਭਾਵੇਂ ਬਹੁਤੇ ਸੁਫ਼ਨੇ ਤੇ ਧੁੱਪ ਵਿਚ ਤ੍ਰੇਲ ਵਾਂਙੂੰ ਉਡ ਪੁੱਡ ਜਾਂਦੇ ਨੇ। ਕਮਰਿਓਂ ਉਠ ਵੱਡੇ ਬਹਿਣ ਆਲੇ ਕਮਰੇ ਆ ਖਲੋਨਾ ਆਂ। ਓਹ ਮੇਰਿਆਂ ਰੱਬਾ! ਸਾਡਾ ਤਾਂ ਜੀਵਨ ਈ ਕੁ-ਸੁਫ਼ਨਾ ਹੋਈ ਜਾਂਦਾ ਏ। ਬਾਹਰੋਂ ਬਾਰੀਆਂ ਰਾਹੀਂ ਨਿੰਮ੍ਹਾ ਨਿੰਮ੍ਹਾ ਚਾਨਣ ਆਂਦਾ ਪਿਆ ਏ। ਬਾਹਰ ਦੀ ਬੱਤੀ ਬੰਦ ਕਰਾਂ, ਤੇ ਅਖਬਾਰ ਵੇਖਾਂ, ਆਇਆ ਏ ਜਾਂ ਨਹੀਂ! ਬੱਤੀ ਬੰਦ ਕਰ ਭੁੰਜਿਓਂ ਅਖ਼ਬਾਰ ਚੁੱਕਣ ਲਈ ਹੱਥ ਵਿਚ ਫੜਨਾ ਈ ਆਂ, ਕਿ ਹੱਥ ਲਹੂ ਨਾਲ ਭਰ ਜਾਂਦੇ ਨੇ। ਹੈਂ!

## ਮਿੰਨੀ ਕਹਾਣੀ

### ਪ੍ਰਸ਼ਾਦ

ਅਧਰੰਗ ਹੋਣ ਕਰਕੇ ਉਸ ਦੀ ਪਤਨੀ, ਕਪੜੇ ਆਦਿ ਸੀਅ ਕੇ ਘਰ ਦਾ ਗੁਜ਼ਾਰਾ ਮਸਾਂ ਹੀ ਚਲਾਉਂਦੀ ਸੀ। ਇਕ ਦਿਨ ਮੈਂ ਤੇ ਮੇਰਾ ਦੋਸਤ ਉਸ ਦੇ ਘਰ ਗਏ। "ਚਾਹ ਤਾਂ ਬਣਾਈਂ ਦੋ-ਤਿੰਨ ਕੱਪ," ਉਸ ਨੇ ਆਪਣੀ ਪਤਨੀ ਨੂੰ ਉਚੀ ਆਵਾਜ਼ ਦੇ ਕੇ ਕਿਹਾ ਕਿਉਂਕਿ ਉਹ ਪਹਿਲਾਂ ਹੀ ਰਸੋਈ ਵਿਚ ਸੀ। ਹੁਣ ਅਸੀਂ ਗੱਲਾਂ-ਬਾਤਾਂ ਵਿਚ ਰੁੱਝ ਗਏ ਸਾਂ। ਕਾਫੀ ਸਮੇਂ ਤੋਂ ਬਾਅਦ ਹੁਣ ਅਸੀਂ ਚੱਲਣ ਲਈ ਤਿਆਰ ਹੋ ਗਏ ਸਾਂ। "ਬੈਠੋ-ਬੈਠੋ, ਚਾਹ ਬਣ ਗਈ ਹੋਣੀ ਹੈ, ਪੀ ਕੇ ਜਾਣਾ।" ਉਸ ਨੇ ਫਿਰ ਬੈਠਣ ਲਈ ਮਜਬੂਰ ਕਰ ਦਿੱਤਾ। ਕੁਝ ਚਿਰ ਹੋਰ ਬੈਠਣ ਤੋਂ ਬਾਅਦ ਅਸੀਂ ਖੜੇ ਹੋ ਗਏ ਤੇ ਚੱਲ ਪਏ।

"ਓ ਚਾਹ ਕਾਹਤੋਂ ਨਹੀਂ ਆਈ, ਮੇਰੇ ਦੋਸਤ ਏਦਾਂ ਹੀ ਚੱਲ ਪਏ?" ਦਰਵਾਜ਼ੇ ਵਿਚੋਂ ਨਿਕਲਦਿਆਂ ਅਸੀਂ ਉਸ ਦੀ ਆਵਾਜ਼ ਸੁਣੀ, ਜੋ ਆਪਣੀ ਘਰ ਵਾਲੀ ਤੋਂ ਪੁੱਛ ਰਿਹਾ ਸੀ। "ਚਾਹ ਕਾਹਦੀ ਬਣਾਉਂਦੀ, ਮੈਥੋਂ ਕਈ ਦਿਨਾਂ ਤੋਂ ਤਾਂ ਮੰਦਰ ਨਹੀਂ ਜਾ ਹੋਇਆ," ਘਰ ਵਾਲੀ ਨੇ ਜਵਾਬ ਦਿੱਤਾ। "ਪਰ ਮੰਦਰ ਨਾਲ ਚਾਹ ਦਾ ਕੀ ਸਬੰਧ?" ਉਸ ਨੇ ਫਿਰ ਪੁੱਛਿਆ। "ਦੋਨੋਂ ਵਕਤ ਮੰਦਰੋਂ, ਜੋ ਮਿਸ਼ਰੀ ਦਾ ਪ੍ਰਸ਼ਾਦ ਮਿਲ ਜਾਂਦਾ ਸੀ, ਮੈਂ ਉਸ ਪ੍ਰਸ਼ਾਦ ਨੂੰ ਡੱਬੇ ਵਿਚ ਰੱਖ ਲੈਂਦੀ ਸਾਂ ਚਾਹ ਆਦਿ ਬਣਾਉਣ ਵਾਸਤੇ, ਤਾਂ ਜੋ ਏਨੀ ਮਹਿੰਗਾਈ ਵਿਚ ਚੀਨੀ ਦਾ ਖਰਚਾ ਤਾਂ ਬਚੇ।" ਉਸ ਦੀ ਘਰ ਵਾਲੀ ਹੁਣ ਭਰੇ ਹੋਏ ਗਲੇ ਨਾਲ ਬੋਲ ਰਹੀ ਸੀ।

-ਨਾਇਬ ਸਿੰਘ 'ਸੈਂਪਲੇ'
ਫੋਨ: 91-98724-05203

# ਓਮ ਚਮਚਾਇ ਨਮਹ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪਤਲੇ ਲੰਮੇ ਹੱਥੇ ਦੇ ਸਿਰੇ 'ਤੇ ਲੱਗੀ ਨਿੱਕਚੂ ਜਿਹੀ ਕੌਲੀ ਵਾਲੇ ਬਰਤਨ ਨੂੰ ਚਮਚਾ ਕਿਹਾ ਜਾਂਦਾ ਹੈ। ਧਿਆਨ ਨਾਲ ਸੋਚੋ, ਇਹ ਬਰਤਨ ਬਾਂਹ ਦੇ ਸਿਰੇ 'ਤੇ ਬਣਾਈ ਹੱਥ ਦੀ ਚੂਲੀ ਜਿਹਾ ਹੀ ਹੈ। ਕੁਝ ਲੋਕ ਇਸ ਨੂੰ ਚਮਚ ਆਖਣ ਵਿਚ ਸ਼ਾਨ ਸਮਝਦੇ ਹਨ। ਮੈਂ ਜੱਕੋ ਤੱਕੇ ਵਿਚ ਹਾਂ ਕਿ ਇਸ ਜੁਗਾੜ ਨੂੰ ਭਾਂਡਾ ਬਿਆਨਾਂ ਕਿ ਸੰਦ! ਲੇਖਕ ਰਾਜਿੰਦਰ ਸਿੰਘ ਬੇਦੀ ਨੇ ਇਕ ਵਾਰੀ ਕਿਹਾ ਸੀ ਕਿ ਪੰਜਾਬੀ ਭਾਸ਼ਾ ਦੇ ਸ਼ਬਦ-ਨਿਰਮਾਣ ਦੀ ਖੂਬੀ ਹੈ ਕਿ ਕਿਸੇ ਚੀਜ਼ ਦੇ ਅਕਾਰ ਅਨੁਸਾਰ ਇਕੋ ਸ਼ਬਦ ਤੋਂ ਕਈ ਹੋਰ ਉਪ-ਸ਼ਬਦ ਘੜੇ ਜਾ ਸਕਦੇ ਹਨ। ਮਿਸਾਲ ਵਜੋਂ ਆਮ ਪੇਟ ਢਿੱਡ ਤਾਂ ਹੈ ਹੀ, ਬੱਚੇ ਦਾ ਛੋਟਾ ਪੇਟ ਢਿੱਡੀ ਬਣ ਜਾਂਦਾ ਹੈ, ਬਹੁਤ ਵੱਡੇ ਪੇਟ ਨੂੰ ਢਿੱਡਾ ਤੇ ਅਜਿਹੇ ਢਿਡ ਵਾਲੇ ਨੂੰ ਢਿੱਡਲ ਕਹਿ ਦਿੱਤਾ ਜਾਂਦਾ ਹੈ। ਇਸ ਹਿਸਾਬ ਨਾਲ ਛੋਟੇ ਚਮਚੇ ਨੂੰ ਅਸੀਂ ਚਮਚੀ ਆਖ ਦਿੰਦੇ ਹਾਂ। ਖਾਧ ਪਦਾਰਥ ਨੂੰ ਚੁੱਕਣ ਵਾਲੇ ਚਮਚੇ ਜਿਹੇ ਕੁਝ ਹੋਰ ਸੰਦ ਵੀ ਹਨ ਜਿਵੇਂ ਪਲੀ, ਡੋਈ, ਕੜਛੀ। ਭਾਵੇਂ ਚਮਚਾ ਤਰੀ ਜਿਹੇ ਤਰਲ ਜਾਂ ਕੜਾਹ ਜਿਹੇ ਅਰਧ-ਠੋਸ ਭੋਜਨ ਨਿਗਲਣ ਲਈ ਬਣਾਇਆ ਗਿਆ ਹੈ ਪਰ ਬਹੁਤੇ ਨੱਕ-ਚੜ੍ਹੇ ਆਲੂਆਂ ਆਦਿ ਦੀ ਭੁਰਜੀ ਜਿਹੇ ਪਕਵਾਨਾਂ ਨੂੰ ਮੂੰਹ ਦੇ ਕੋਲ ਅਪੜਾਉਣ ਲਈ ਵੀ ਇਸ ਸੰਦ ਦੀ ਵਰਤੋਂ ਕਰਦੇ ਹਨ। ਅੱਜ ਕਲ੍ਹ ਚਮਚੇ ਆਮ ਤੌਰ 'ਤੇ ਸਟੀਲ, ਪਲਾਸਟਿਕ ਅਤੇ ਚੀਨੀ ਦੇ ਬਣੇ ਮਿਲਦੇ ਹਨ। ਮੇਰੇ ਬਚਪਨ ਦੇ ਸਮੇਂ ਅਸੀਂ ਪਿੱਤਲ ਦੇ ਚਮਚੇ ਵਰਤਦੇ ਰਹੇ ਹਾਂ। ਜਦ ਸਟੀਲ ਦੇ ਭਾਂਡੇ ਆਏ ਤਾਂ ਚਮਚਿਆਂ ਸਮੇਤ ਭਾਂਡਾ-ਜਗਤ ਦੀ ਕਾਇਆ ਹੀ ਪਲਟ ਗਈ, ਸਾਫ ਸਾਫ ਦਿਖਦੇ, ਛੇਤੀ ਮਾਂਜੇ ਜਾਣ ਵਾਲੇ ਅਤੇ ਚਮਚਮ ਕਰਦੇ ਚਮਚੇ, ਜਾਣੋਂ ਜ਼ਿੰਦਗੀ ਹੋਰ ਦੀ ਹੋਰ ਹੋ ਗਈ।

ਭਾਵੇਂ ਚਮਚੇ ਦਾ ਇਤਿਹਾਸ ਬਹੁਤ ਪੁਰਾਣਾ ਹੈ ਪਰ ਆਮ ਘਰ ਦੀ ਰਸੋਈ ਵਿਚ ਇਹ ਵੀਹਵੀਂ ਸਦੀ ਵਿਚ ਹੀ ਆਇਆ। ਬਹੁਤੇ ਮਧ-ਵਰਗੀ ਭਾਰਤੀ ਲੋਕ ਭੋਜਨ ਨੂੰ ਚਮਚੇ ਤੋਂ ਬਗੈਰ ਹੱਥ ਨਾਲ ਚੱਕ ਕੇ ਖਾਣ ਦੇ ਹੀ ਰਸੀਏ ਹਨ। ਦਰਅਸਲ ਆਮ ਭਾਰਤੀ ਨੂੰ ਖਾਣਾ ਓਨੀ ਦੇਰ ਸੁਆਦ ਨਹੀਂ ਲਗਦਾ ਜਿੰਨੀ ਦੇਰ ਬੁਰਕੀ ਵਾਲੇ ਹੱਥ ਦੀ ਛੋਹ ਬੁਲ੍ਹਾਂ ਤੇ ਜੀਭ ਨੂੰ ਨਾ ਲੱਗੇ। ਦੱਖਣੀ ਭਾਰਤੀ ਤਾਂ ਜਿੰਨਾ ਚਿਰ ਚੌਲਾਂ ਅਤੇ ਸਾਂਬਰ ਦੇ ਚਿੱਕੜ ਨੂੰ ਕੂਹਣੀਆਂ ਤੱਕ ਲਬੇੜ ਕੇ ਨਾ ਚੱਟਣ, ਉਨ੍ਹਾਂ ਨੂੰ ਲਗਦਾ ਹੈ, ਉਨ੍ਹਾਂ ਕੁਝ ਖਾਧਾ ਹੀ ਨਹੀਂ। ਰਾਜਿਆਂ, ਮਹਾਰਾਜਿਆਂ, ਰਈਸਾਂ ਤੇ ਅਮੀਰਾਂ ਦੇ ਘਰ ਸੋਨੇ ਚਾਂਦੀ ਦੇ ਚਮਚੇ ਵੀ ਹੁੰਦੇ ਹਨ। ਜਵਾਹਰ ਲਾਲ ਨਹਿਰੂ ਵਰਗੇ ਤਾਂ ਜੰਮੇ ਹੀ ਮੂੰਹ ਵਿਚ ਚਾਂਦੀ ਦਾ ਚਮਚਾ ਲੈ ਕੇ ਸਨ। ਹੀਰਿਆਂ ਜੜੇ ਚਮਚਿਆਂ ਦਾ ਜ਼ਿਕਰ ਵੀ ਬਥੇਰਾ ਸੁਣਿਆ ਹੈ। ਚਮਚੇ ਤੋਂ ਖਾਣ ਦੇ ਇਲਾਵਾ ਮਾਪਣ, ਮਿਲਾਉਣ, ਘੋਲਣ ਅਤੇ ਉਲੱਦਣ ਪੁਲੱਦਣ ਦਾ ਕੰਮ ਵੀ ਲੈ ਲਿਆ ਜਾਂਦਾ ਹੈ। ਲੱਡੂ ਰੱਖੇ ਚਮਚੇ ਨੂੰ ਮੂੰਹ ਵਿਚ ਫਸਾ ਕੇ ਚਮਚਾ-ਦੌੜ ਰਚਾਉਣ ਦਾ ਵੀ ਰਿਵਾਜ਼ ਤੁਰ ਪਿਆ ਹੈ।

ਕਈ ਜੁੱਗ ਪਹਿਲਾਂ ਕੁਦਰਤੀ ਬਣੀਆਂ ਬਣਾਈਆਂ ਵਸਤਾਂ ਜਿਵੇਂ ਸਿੱਪੀਆਂ ਆਦਿ ਤੋਂ ਚਮਚੇ ਜਿਹਾ ਕੰਮ ਲਿਆ ਜਾਂਦਾ ਸੀ। ਕੋਈ ਤਿੰਨ ਹਜ਼ਾਰ ਸਾਲ ਪਹਿਲਾਂ ਪ੍ਰਾਚੀਨ ਮਿਸਰ ਦੇ ਅਮੀਰਜ਼ਾਦੇ ਹਾਥੀਦੰਦ, ਵਧੀਆ ਪੱਥਰ ਅਤੇ ਲੱਕੜੀ ਦੇ ਚਮਚੇ ਵਰਤਦੇ ਰਹੇ ਹਨ। ਇਨ੍ਹਾਂ ਉਤੇ ਧਾਰਮਕ ਚਿੰਨ੍ਹ ਉਕਰੇ ਹੁੰਦੇ ਸਨ। ਚੀਨ ਵਿਚ ਹੱਡੀਆਂ ਦੇ ਚਮਚੇ ਬਣਾਏ ਜਾਂਦੇ ਸਨ। ਇੰਗਲੈਂਡ ਵਿਚ ਤੇਰ੍ਹਵੀਂ ਸਦੀ ਵਿਚ ਚਮਚੇ ਦੀ ਵਰਤੋਂ ਦਾ ਜ਼ਿਕਰ ਆਉਂਦਾ ਹੈ। ਐਡਵਰਡ ਪਹਿਲੇ ਦੇ ਰਾਜ ਸਮੇਂ ਚਮਚਾ ਅਮੀਰੀ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ। ਉਸ ਵੇਲੇ ਤਾਜਪੋਸ਼ੀ ਦੀ ਰਸਮ ਚਮਚਾ ਭਰ ਤੇਲ ਲਾਉਣ ਨਾਲ ਕੀਤੀ ਜਾਂਦੀ ਸੀ। ਪ੍ਰਾਚੀਨ ਭਾਰਤ ਵਿਚ ਵੀ ਚਮਚੇ ਜਿਹੇ ਭਾਂਡੇ ਦੀ ਸੋਅ ਮਿਲਦੀ ਹੈ ਪਰ ਇਸ ਦਾ ਬਹੁਤਾ ਪ੍ਰਚਲਨ ਮੁਸਲਮਾਨੀ ਹਕੂਮਤ ਦੌਰਾਨ ਹੋਇਆ। ਵੈਦਿਕ ਕਾਲ ਵਿਚ ਸੋਮਰਸ ਪਾਨ ਲਈ ਚਮਸ ਨਾਂ ਦੇ ਭਾਂਡੇ ਦੀ ਵਰਤੋਂ ਦੇ ਸੰਕੇਤ ਮਿਲਦੇ ਹਨ। ਚਮਚਾ ਹਿੰਦ-ਇਰਾਨੀ ਭਾਸ਼ਾਈ ਪਰਿਵਾਰ ਦਾ ਸ਼ਬਦ ਹੈ। ਕਿਹਾ ਜਾਂਦਾ ਹੈ ਕਿ ਇਹ ਤੁਰਕ ਭਾਸ਼ਾ ਤੋਂ ਫਾਰਸੀ ਵਿਚ ਹੁੰਦਾ ਹੋਇਆ ਭਾਰਤੀ ਭਾਸ਼ਾਵਾਂ ਵਿਚ ਆ ਵੜਿਆ ਪਰ ਇਸ ਦੇ ਅਜਿਹੇ ਪਿਛੋਕੜ ਦੇ ਕੋਈ ਸਬੂਤ ਨਹੀਂ ਦਿੱਤੇ ਜਾਂਦੇ। ਸ਼ਾਇਦ ਚਮਚਾ ਸ਼ਬਦ ਦੀ ਧੁਨੀ ਹੀ ਇਸ ਦੇ ਤੁਰਕੀ ਪਿਛੋਕੜ ਦਾ ਭੁਲੇਖਾ ਪਾਉਂਦੀ ਹੈ।

ਅਜਿਤ ਵਡਨੇਰਕਰ ਅਨੁਸਾਰ ਇਹ ਮੂਲ ਰੂਪ ਵਿਚ ਸੰਸਕ੍ਰਿਤ ਪਿਛੋਕੜ ਵਾਲਾ ਸ਼ਬਦ ਹੋ ਸਕਦਾ ਹੈ। ਅਜਿਹਾ ਦਾਅਵਾ ਉਸ ਨੇ ਕੁਲਕਰਣੀ ਦੇ ਮਰਾਠੀ ਵਿਉਤਪਤੀ ਕੋਸ਼ ਦੇ ਆਧਾਰ 'ਤੇ ਕੀਤਾ ਹੈ। ਇਸ ਦਾਅਵੇ ਅਨੁਸਾਰ ਚਮਚ ਸ਼ਬਦ ਦੀ ਵਿਉਤਪਤੀ ਪਿਛੇ ਸੰਸਕ੍ਰਿਤ ਦਾ 'ਚਮ' ਧਾਤੂ ਹੈ। ਇਸ ਧਾਤੂ ਵਿਚ ਪੀਣ, ਗਟ ਗਟ ਕਰਨ, ਡੀਕਣ, ਚੱਟਣ ਆਦਿ ਦੇ ਭਾਵ ਹਨ। ਇਸ ਧਾਤੂ ਤੋਂ ਚਮਤਕਾਰ ਸ਼ਬਦ ਬਣਿਆ। ਚਮਤਕਾਰ ਵਿਚ ਜਾਦੂ ਦੀ ਤਰ੍ਹਾਂ ਕਿਸੇ ਚੀਜ਼ ਦੇ ਅਚਾਨਕ ਅਲੋਪ ਹੋਣ ਦੇ ਭਾਵ ਹਨ। ਜਦੋਂ ਅਸੀਂ ਕਿਸੇ ਤਰਲ ਪਦਾਰਥ ਨੂੰ ਨਿਗਲਦੇ, ਗਟਾਗਟ ਪੀਂਦੇ ਜਾਂ ਡੀਕਦੇ ਹਾਂ ਤਾਂ ਉਹ ਪਦਾਰਥ ਇਕ ਦਮ ਅਲੋਪ ਹੀ ਤਾਂ ਹੋ ਜਾਂਦਾ ਹੈ। ਪੂਜਾ ਵਿਧੀਆਂ ਵਿਚ ਸ਼ੁਧ ਜਲ ਛਕਣ ਨੂੰ ਆਚਮਨ ਕਿਹਾ ਜਾਂਦਾ ਹੈ। ਆਚਮਨ ਸ਼ਬਦ ਵੀ ਇਸੇ ਧਾਤੂ ਤੋਂ ਬਣਿਆ ਹੈ। ਪ੍ਰਾਚੀਨ ਕਾਲ ਵਿਚ ਸੋਮਪਾਨ ਕਰਨ ਲਈ ਚਮਚੇ ਜਿਹੇ ਇਕ ਭਾਂਡੇ 'ਚਮਸ' ਦੀ ਵਰਤੋਂ ਕੀਤੀ ਜਾਂਦੀ ਸੀ ਜੋ ਪਲਾਸ਼ (ਢੱਕ) ਦਾ ਬਣਿਆ ਹੁੰਦਾ ਸੀ। ਚਮਸ ਸ਼ਬਦ ਚਮ ਧਾਤੂ ਤੋਂ ਬਣਿਆ ਹੈ। ਉਸ ਜ਼ਮਾਨੇ ਵਿਚ ਮਦਰਾ ਪਾਨ ਕਰਨ ਲੱਗਿਆਂ ਸ਼ਰਾਬ ਇਕ ਵੱਡੇ ਭਾਂਡੇ ਵਿਚ ਪਾ ਲਈ ਜਾਂਦੀ ਸੀ ਤੇ ਕੁਲੀਨ ਵਰਗ ਦੇ ਲੋਕ ਇਸ ਚਮਸ ਨਾਲ ਇਕ ਨਿਸਚਿਤ ਮਿਕਦਾਰ ਅਰਥਾਤ ਚਮਸ ਭਰ (ਪੰਜਾਬੀ ਦਾ ਹਾੜਾ) ਸ਼ਰਾਬ ਵਾਰੋ ਵਾਰੀ ਪੀਵੀ ਜਾਂਦੇ ਸਨ। ਵਡਨੇਰਕਰ ਅਨੁਸਾਰ ਪ੍ਰਾਚੀਨ ਯੂਨਾਨ ਦੇ ਅਮੀਰ ਲੋਕ ਇਸ ਤਰ੍ਹਾਂ ਸ਼ਰਾਬ ਪੀਂਦੇ ਸਨ ਤੇ ਹੋ ਸਕਦਾ ਹੈ ਇਹ ਤਰੀਕਾ ਯੂਨਾਨੀਆਂ ਦੇ ਪ੍ਰਭਾਵ ਸਦਕਾ ਹੀ ਪ੍ਰਚਲਿਤ ਹੋਇਆ ਹੋਵੇ। ਗੰਧਾਰ ਦੇ ਇਲਾਕੇ ਵਿਚ ਯੂਨਾਨੀਆਂ ਦਾ ਉਪਨਿਵੇਸ਼ ਰਿਹਾ ਹੈ।






'ਚਮਸ' ਸ਼ਬਦ ਦਾ ਅਗਲਾ ਰੂਪ ਹੈ, ਚਮਸਯਾ। ਪਰਾਕ੍ਰਿਤ ਵਿਚ ਇਸ ਦਾ ਰੂਪ ਹੋਇਆ ਚਮਸ, ਤੇ ਸੰਭਵ ਹੈ ਅਪਭਰੰਸ਼ਾਂ ਵਿਚੋਂ ਹੁੰਦਾ ਹੋਇਆ ਇਸ ਦਾ ਅਜੋਕਾ ਰੂਪ ਚਮਚ/ਚਮਚਾ ਬਣ ਗਿਆ ਹੋਵੇ ਜਾਂ ਫਿਰ ਫਾਰਸੀ ਵਿਚ ਜਾ ਕੇ ਇਸ ਨੇ ਅਜਿਹਾ ਰੂਪ ਧਾਰਿਆ। ਇਹ ਨਿਸਚਿਤ ਲਗਦਾ ਹੈ ਕਿ ਇਸ ਰੂਪ ਵਿਚ ਇਹ ਫਾਰਸੀ ਵਲੋਂ ਹੀ ਭਾਰਤੀ ਭਾਸ਼ਾਵਾਂ ਵਿਚ ਦਾਖਲ ਹੋਇਆ। ਕੁਝ ਵੀ ਹੋਵੇ ਇਕ ਗੱਲ ਤਾਂ ਪੱਕੀ ਹੈ ਕਿ ਚਮਚਾ ਸ਼ਬਦ ਮੂਲ ਰੂਪ ਵਿਚ ਹਿੰਦ-ਇਰਾਨੀ ਹੀ ਹੈ।

ਚਮਚਾ (ਸ਼ਬਦ) ਇਕ ਹੋਰ ਆਸ਼ੇ ਲਈ ਵੀ ਵਰਤਿਆ ਜਾਂਦਾ ਹੈ। ਇਹ ਚਮਚਾ ਕਿਸੇ ਧਾਤ ਆਦਿ ਦਾ ਨਹੀਂ ਬਣਿਆ ਹੁੰਦਾ ਬਲਕਿ ਮਨੁੱਖੀ ਹੱਡ ਮਾਸ ਤੋਂ ਤਿਆਰ ਹੁੰਦਾ ਹੈ। ਹਾਂ, ਇਸ ਵਿਚੋਂ ਆਤਮਾ ਗਾਇਬ ਹੁੰਦੀ ਹੈ। ਕਿਸੇ ਵੱਡੇ, ਚਲਦੇ ਪੁਰਜ਼ੇ ਬੰਦੇ ਅੱਗੇ ਇਹ ਚਮਚਾ ਪੇਸ਼ ਪੇਸ਼ ਹੁੰਦਾ ਹੈ। ਤੁਸੀਂ ਸਮਝ ਹੀ ਗਏ ਹੋਵੋਗੇ, ਆਮ ਭਾਸ਼ਾ ਵਿਚ ਇਸ ਨੂੰ ਖੁਸ਼ਾਮਦੀ ਜਾਂ ਚਾਪਲੂਸ ਕਿਹਾ ਜਾਂਦਾ ਹੈ। ਕਹਿੰਦੇ ਹਨ, ਜਿਸ ਉਭਰਦੇ ਨੇਤਾ ਦਾ ਕਾਰਟੂਨ ਬਣਾਇਆ ਜਾਂਦਾ ਹੈ, ਥੋੜੇ ਚਿਰ ਪਿਛੋਂ ਉਸ ਦੀ ਵਾਸਤਵਿਕ ਸ਼ਕਲ ਵੀ ਕਾਰਟੂਨ ਵਰਗੀ ਹੀ ਹੋ ਜਾਂਦੀ ਹੈ। ਚਮਚਾ ਬਣੇ ਲੋਕਾਂ ਬਾਰੇ ਵੀ ਅਜਿਹਾ ਕਿਹਾ ਜਾ ਸਕਦਾ ਹੈ। ਚਮਚੇ ਦੀ ਖੁਸ਼ਾਮਦੀ ਹਰਕਤ ਨੂੰ ਚਮਚਾਗੀਰੀ ਕਿਹਾ ਜਾਂਦਾ ਹੈ। 'ਗੀਰੀ' ਫਾਰਸੀ ਦਾ ਮਸ਼ਹੂਰ ਪਿਛੇਤਰ ਹੈ। ਯੁੱਗ ਯੁੱਗ ਵਿਚ ਚਮਚੇ ਪੈਦਾ ਹੁੰਦੇ ਆਏ ਹਨ। ਇਨ੍ਹਾਂ ਤੋਂ ਬਿਨਾ ਕਿਸੇ ਵੀ ਸੰਗਠਨ ਦਾ ਕਾਰੋਬਾਰ ਚੱਲ ਨਹੀਂ ਸਕਦਾ। ਅਨੁਮਾਨ ਹੈ ਕਿ ਚਮਚਾ ਸ਼ਬਦ ਦੀ ਅਜਿਹੀ ਵਰਤੋਂ ਮੁਸਲਮਾਨੀ ਹਕੂਮਤ ਦੌਰਾਨ ਸ਼ੁਰੂ ਹੋਈ ਕਿਉਂਕਿ ਚਮਚੇ ਦੀ ਵਧੇਰੇ ਵਰਤੋਂ ਉਦੋਂ ਹੀ ਹੋਈ। ਸੱਤਾਧਾਰੀ ਲੋਕਾਂ ਦੀ ਹਉਮੈ ਨੂੰ ਪੱਠੇ ਪੈਂਦੇ ਰਹਿਣੇ ਚਾਹੀਦੇ ਹਨ ਤੇ ਇਹ ਪੱਠੇ ਚਮਚਾ ਬਣੇ ਲੋਕ ਖੂਬ ਪਰੋਸਦੇ ਹਨ।

ਇਕ ਕੋਸ਼ ਅਨੁਸਾਰ ਖੁਸ਼ਾਮਦੀ ਦੇ ਅਰਥਾਂ ਵਾਲਾ ਚਮਚਾ ਸ਼ਬਦ ਖਾਣ ਪੀਣ ਵਿਚ ਸਹਾਇਤਾ ਕਰਨ ਵਾਲੇ ਹਥਿਆਰ ਨਾਲ ਸਬੰਧਤ ਨਹੀਂ। ਇਹ ਬਣਿਆ ਹੈ 'ਚੰਮ' ਸ਼ਬਦ ਤੋਂ, ਜੋ ਚਰਮ ਸ਼ਬਦ ਦਾ ਵਿਕਸਿਆ ਰੂਪ ਹੈ। ਚੰਮ ਤੁਚਾ ਜਾਂ ਜਿਲਦ ਨੂੰ ਆਖਦੇ ਹਨ। ਜਿਵੇਂ ਚੰਮ ਮਨੁਖੀ ਸਰੀਰ ਨਾਲ ਚੁੰਬੜਿਆ ਹੁੰਦਾ ਹੈ ਇਵੇਂ ਚਮਚੇ ਆਪਣੇ ਵੱਡੇ ਲੋਕਾਂ ਦੇ ਨਾਲ ਚੁੰਬੜੇ ਰਹਿੰਦੇ ਹਨ। ਪਰ ਇਹ ਦਲੀਲ ਬੇਤੁਕੀ ਲਗਦੀ ਹੈ। ਚਮਚੇ ਦਾ ਚਰਿਤਰ ਬਹੁਤਾ ਚੁੰਬੜੇ ਹੋਏ ਹੋਣ ਵਾਲਾ ਨਹੀਂ ਬਲਕਿ ਚਾਪਲੂਸੀ ਕਰਕੇ ਆਪਣੇ ਸੁਆਰਥੀ ਹਿਤ ਪੂਰੇ ਕਰਨ ਵਾਲਾ ਹੁੰਦਾ ਹੈ।

ਚਮਚਾ ਸ਼ਬਦ ਵਿਚ ਚਾਪਲੂਸੀ ਦਾ ਭਾਵ ਚਮਚੇ ਦਾ ਖਾਣ-ਪੀਣ ਵਾਲੇ ਸੰਦ ਹੋਣ ਕਰਕੇ ਹੈ। ਸਾਡੀ ਸਭਿਅਤਾ ਵਿਚ ਖਿਲਾਉਣ-ਪਿਲਾਉਣ ਦਾ ਮਨਸ਼ਾ ਚਾਪਲੂਸੀ ਨਾਲ ਜੁੜਿਆ ਹੋਇਆ ਹੈ। ਅਸੀਂ ਕੁਝ ਮਿਸਾਲਾਂ ਲੈਂਦੇ ਹਾਂ। ਇਕ ਸ਼ਬਦ ਹੈ ਚਾਟੁਕਾਰ ਜੋ ਬਹੁਤਾ ਹਿੰਦੀ ਵਿਚ ਵਰਤਿਆ ਜਾਂਦਾ ਹੈ। ਇਹ ਸ਼ਬਦ ਵੀ ਕਿਸੇ ਦੀ ਐਵੇਂ ਸਿਫਤ ਜਾਂ ਲੋਲੋ-ਪੋਪੋ ਕਰਨ ਵਾਲੇ ਲਈ ਵਰਤਿਆ ਜਾਂਦਾ ਹੈ। ਚਾਟੁਕਾਰ ਬਣਿਆ ਹੈ, 'ਚਟ' ਧਾਤੂ ਤੋਂ ਜਿਸ ਵਿਚ ਚੱਟਣ ਦੇ ਭਾਵ ਹਨ। ਕਿਸੇ ਨੂੰ ਮੱਖਣ ਲਾਉਣ ਦਾ ਭਾਵ ਵੀ ਕਿਸੇ ਦੀ ਵਧ ਚੜ੍ਹ ਕੇ ਵਡਿਆਈ ਕਰਨਾ ਹੀ ਹੈ। ਮੱਖਣ ਖਾਣ ਪੀਣ ਵਾਲੀ ਚੀਜ਼ ਹੈ। ਅੱਜ ਕਲ੍ਹ ਤਾਂ ਇਸ ਲਈ ਇਕ ਬੋਲਚਾਲ ਦਾ ਸ਼ਬਦ 'ਬਟਰਿੰਗ' ਵੀ ਚੱਲ ਪਿਆ ਹੈ। ਅੰਗਰੇਜ਼ੀ ਵਿਚ ਇਸ ਭਾਵ ਲਈ butter up ਉਕਤੀ ਚਲਦੀ ਹੈ।

ਉਂਜ ਮਨੁੱਖੀ ਚਮਚੇ ਨੂੰ ਇਕ ਹੋਰ ਜ਼ਾਵੀਏ ਤੋਂ ਵੀ ਦੇਖਿਆ ਜਾ ਸਕਦਾ ਹੈ। ਜਿਵੇਂ ਮੈਂ ਪਹਿਲਾਂ ਕਹਿ ਚੁੱਕਾ ਹਾਂ, ਚਮਚਾ ਇਕ ਸੰਦ ਦੇ ਨਿਆਈਂ ਹੈ, ਇਸ ਸੰਦ ਨੂੰ ਅਸੀਂ ਕੋਈ ਕੰਮ ਸੁਖਾਲਾ ਕਰਨ ਲਈ ਵਰਤਦੇ ਹਾਂ। ਭਾਵ ਇਸ ਦੀ ਵਰਤੋਂ ਨਾਲ ਖਾਣਾ ਆਦਿ ਸੁਖਾਲਾ ਖਾਧਾ ਜਾਂਦਾ ਹੈ। ਸੋ, ਮਨੁਖੀ ਚਮਚਾ ਵੀ ਇਕ ਸੰਦ ਜਾਂ ਉਪਕਰਣ ਵਾਂਗ ਵਰਤਾਉ ਕਰਦਾ ਹੈ, ਉਹ ਆਪਣੇ ਹਜ਼ੂਰ ਦੇ ਕਈ ਕੁੱਤੇ ਕੰਮ ਕਰਨ ਲਈ ਹਮੇਸ਼ਾ ਤਿਆਰ ਬਰ ਤਿਆਰ ਰਹਿੰਦਾ ਹੈ। ਧਿਆਨ ਦਿਉ ਅੰਗਰੇਜ਼ੀ ਸ਼ਬਦ ਟੂਲ ਦਾ ਇਕ ਅਰਥ ਹੈ, ਅਜਿਹਾ ਵਿਅਕਤੀ ਜੋ ਦੂਜਿਆਂ ਦੇ ਕੰਮ ਸਿਰੇ ਚੜ੍ਹਾਉਣ ਲਈ ਆਪਾ ਬਖਸ਼ੇ, ਕਠਪੁਤਲੀ ਜਾਂ ਮੁਹਰਾ ਬਣੇ। ਪੰਜਾਬੀ ਦਾ ਇਕ ਹੋਰ ਸ਼ਬਦ ਹੱਥਠੋਕਾ ਅਜਿਹਾ ਹੀ ਅਰਥ ਦਿੰਦਾ ਹੈ।

---

# ਜ਼ਿੰਮੇਵਾਰ ਹੋਣ ਦਾ ਮਤਲਬ

ਜੇ ਅਸੀਂ ਵਾਕਿਆ ਹੀ ਜ਼ਿੰਮੇਵਾਰ ਹਾਂ ਤਾਂ ਨਿੱਜੀ ਜਾਂ ਪਰਿਵਾਰਕ ਫਿਕਰਾਂ ਦੇ ਨਾਲ ਨਾਲ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਤੋਂ ਬੇਮੁੱਖ ਨਹੀਂ ਹੋ ਸਕਦੇ। ਵੱਡੀ ਉਮਰ ਦੇ ਬਚਕਾਨਾ ਬੰਦਿਆਂ ਦੀ ਆਪਾਂ ਗੱਲ ਨੀਂ ਕਰਾਂਗੇ। ਅਸੀਂ ਜਾਣਦੇ ਹਾਂ, ਬ੍ਰਹਿਮੰਡ ਵਿਚ ਸਭ ਕੁਝ ਆਪਸ ਵਿਚ ਜੁੜਿਆ ਹੋਇਆ ਹੈ, ਇਹ ਟਿਕਾ 'ਚ ਨਹੀਂ। ਰਿਸ਼ਤਿਆਂ ਦਾ ਤਾਣਾ-ਬਾਣਾ ਬੁਣਦਿਆਂ ਜਾਂ ਬੁਣੇ ਹੋਇਆਂ 'ਚ ਬਝੇ ਅਸੀਂ ਤੁਰੇ ਜਾਂਦੇ ਹਾਂ। ਰੰਕ ਤੋਂ ਰਾਜੇ ਤੱਕ, ਕੋਈ ਬੰਦਾ ਸੌ ਫੀਸਦੀ ਸਵੈਨਿਰਭਰ ਹੋਣ ਦਾ ਦਾਅਵਾ ਨੀਂ ਕਰ ਸਕਦਾ। ਉਹ ਆਵਦੀਆਂ ਅੰਦਰਲੀਆਂ ਬਾਹਰਲੀਆਂ ਲੋੜਾਂ ਲਈ, ਨਾਲਦਿਆਂ ਤੇ ਨਿਰਭਰ ਹੈ। ਇਹੀ ਅੰਤਰ-ਨਿਰਭਰਤਾ, ਸਮਾਜਿਕਤਾ ਹੈ, ਇਨਸਾਨੀਅਤ ਹੈ। ਕੀ ਇਹ ਸਾਵੀਂ ਹੈ? ਇਸ ਵਿਚ ਕਾਣ ਤਾਂ ਨ੍ਹੀਂ? ਕੀ ਇਸ ਵਿਚ ਕੁਝ ਖੁਸ ਰਿਹਾ ਲੱਗਦਾ ਹੈ ਜਾਂ ਭਰਿਆ ਭਰਿਆ ਮਹਿਸੂਸ ਕੀਤਾ ਜਾ ਰਿਹਾ ਹੈ? ਹੱਕਾਂ ਦੀ ਹੱਦ ਕਿੱਥੋਂ ਤੱਕ ਜਾਂਦੀ ਹੈ। ਇੰਨ੍ਹਾਂ ਸਾਰੇ ਸੁਆਲਾਂ ਵੱਲ ਸਾਡਾ ਚੇਤੰਨ ਹੁੰਗਾਰਾ ਹੀ ਸਾਡੀ ਜ਼ਿੰਮੇਵਾਰੀ ਤੈਅ ਕਰਦਾ ਹੈ।



ਅਵਤਾਰ ਗੋਂਦਾਰਾ
gondarasa@gmail. com

ਇਸੇ ਜ਼ਿੰਮੇਵਾਰੀ ਚੋਂ ਪਤਾ ਲਗਦੈ ਕਿ ਅਸੀਂ, ਇੱਕ ਸੈਲੇ ਜੀਵ ਰਾਹੀਂ ਲੱਖਾਂ ਵਰ੍ਹਿਆਂ ਦਾ ਸਫਰ ਤੈਅ ਕਰਕੇ ਇੱਕ ਜਟਿਲ ਅਤੇ ਚਿੰਤਨਸ਼ੀਲ ਜੀਵ ਵਜੋਂ ਜੀਵ ਵਿਕਾਸ ਦੀ ਉਚੇਰੀ ਪੌੜੀ ਤੇ ਬਿਰਾਜਮਾਨ ਹਾਂ। ਕਿਸੇ ਨੇ ਠੀਕ ਹੀ ਕਿਹਾ ਹੈ, ਕਿ ਅਸੀਂ ਬੋਲੀ ਜਾਂਦੀ ਭਾਸ਼ਾ, ਲਿਖੇ ਜਾਂਦੇ ਅੱਖਰਾਂ, ਪਹਿਨੇ ਜਾਂਦੇ ਕੱਪੜਿਆਂ, ਖਾਧੀ ਜਾਂਦੀ ਖੁਰਾਕ, ਮਾਣੀਆਂ ਜਾਂਦੀਆਂ ਸਹੂਲਤਾਂ ਲਈ ਆਪਣੇ ਤੋਂ ਪਹਿਲੀਆਂ ਪੀੜ੍ਹੀਆਂ ਦੇ ਕੀਤੇ ਗਏ, ਸਿਲਸਿਲੇਵਾਰ ਸੰਘਰਸ਼ ਦੇ ਦੇਣਦਾਰ ਹਾਂ। ਇਸ ਦੇਣਦਾਰੀ ਤੋਂ ਮੁਨਕਰ ਹੋਣਾ ਕ੍ਰਿਤਘਣਤਾ ਹੈ, ਗੈਰਜ਼ਿੰਮੇਵਾਰੀ ਹੈ। ਸਮਾਜਿਕ ਜੀਵਨ ਦੀ ਰੀਲੇਅ ਰੇਸ ਦੇ ਸਿਰੇ ਤੋਂ ਅੱਗੇ ਸਾਡੀ ਵਾਰੀ ਹੈ। ਬੀਤ ਗਏ 'ਚੋਂ ਕੁਝ ਚੰਗਾ ਲੈ ਕੇ ਅਗਾਂਹ ਵਧੀਆ ਬਣਾ ਕੇ ਦੇਣਾ ਹੈ।

ਸਭਿਆਚਾਰਕ ਵਿਰਸੇ ਦਾ ਸਾਰਾ ਕੁਝ ਅਪਨਾਉਣਯੋਗ ਨਹੀਂ ਹੁੰਦਾ। ਵਿਰਸੇ ਦੇ ਪਿਛਾਖੜੀ ਗੌਰਵ ਤੇ ਪਛਾਣ ਦੇ ਨਿਆਰੇਪਣ ਵਰਗੀਆਂ ਗੱਲਾਂ ਦੀ ਤਿਲਕਣਬਾਜੀ ਤੋਂ ਵੀ ਬਚਣ ਦੀ ਲੋੜ ਹੈ, ਜੋ ਤੁਹਾਡੇ ਤੇ ਹੋਰਨਾਂ ਵਿਚਕਾਰ ਝੂਠੀ ਲਕੀਰ ਖਿੱਚਦੀਆਂ ਹਨ। ਜੋ ਕੁਝ ਵੀ ਵਿਰਸੇ ਵਿਚ ਮਿਲਿਆ ਹੈ, ਉਸ ਵਿਚੋਂ ਮਾੜੇ ਨੂੰ ਛਡ ਕੇ, ਚੰਗੇ ਨੂੰ ਅਪਨਾਉਣਾ ਤੇ ਉਸ ਨੂੰ ਹੋਰ ਜਿਉਣਯੋਗ ਬਣਾ ਕੇ ਆਉਣ ਵਾਲੀਆਂ ਪੀੜ੍ਹੀਆਂ ਦੇ ਸਪੁਰਦ ਕਰਨਾ, ਇਸੇ ਸ਼ੰਘਰਸ਼ ਦਾ ਹਿੱਸਾ ਹੈ।

ਸਾਡੀ ਚੋਣ ਇਹ ਤਾਂ ਹੋ ਹੀ ਨਹੀਂ ਸਕਦੀ ਕਿ ਅਸੀਂ ਸੰਘਰਸ਼ ਵਿਚ ਭਾਗ ਲੈਣਾ ਹੈ ਜਾਂ ਨਹੀਂ। ਚਾਹੇ-ਅਣਚਾਹੇ ਅਸੀਂ ਇਸ ਵਿਚ ਪਹਿਲਾਂ ਹੀ ਸ਼ਾਮਿਲ ਹਾਂ। ਸਾਡੀ ਚੋਣ ਤਾਂ ਸਿਰਫ ਇਹੀ ਹੋ ਸਕਦੀ ਹੈ ਕਿ ਅਸੀਂ ਕਿਸ ਧਿਰ ਨਾਲ ਖੜ੍ਹਨਾ ਹੈ: ਗਲਤ ਜਾਂ ਸਹੀ ਨਾਲ, ਪਿਛਾਖੜੀ ਜਾਂ ਭਵਿੱਖਮੁਖੀ ਨਾਲ, ਕੁਹਜ ਜਾਂ ਸੁਹਜ ਨਾਲ...। ਆਪਣੇ ਆਪ ਨੂੰ ਨਿਰਪੱਖ ਸਮਝਦਾ ਬੰਦਾ, ਸ਼ੋਸ਼ਿਤ ਦੇ ਵਿਰੁੱਧ ਭੁਗਤਦਾ ਹੈ।

ਇਮਾਨਦਾਰ ਬੰਦਾ ਕਿਹੜੀ ਧਿਰ ਨਾਲ ਖੜਾ ਹੋਵੇ, ਇਸ ਦਾ ਛੇਤੀ ਪਤਾ ਨ੍ਹੀਂ ਲਗਦਾ। ਅੱਜ ਕੱਲ ਲੋਕ-ਪੱਖੀ ਭੇਖ ਤੇ ਲੁਭਾਉਣੇ ਨਾਅਰਿਆਂ ਵਾਲੀਆਂ ਧਿਰਾਂ ਆਪਣੇ ਵੱਲ ਖਿੱਚ ਰਹੀਆਂ ਹਨ। ਇਨ੍ਹਾਂ ਤੋਂ ਬਚਣਾ ਪਹਿਲੀ ਲੋੜ ਹੈ, ਮੁੱਖ ਸੰਘਰਸ਼ ਤਾਂ ਉਸ ਤੋਂ ਅਗਲਾ ਪੜਾਅ ਹੈ। ਸੰਘਰਸ਼ ਕਿਸੇ ਵੀ ਮੁੱਦੇ ਖਿਲਾਫ ਹੋ ਸਕਦਾ ਹੈ; ਬੇਰੁਜ਼ਗਾਰੀ ਦੇ ਖਿਲਾਫ, ਥੁੜ ਦੇ ਖਿਲਾਫ, ਮਹਿੰਗਾਈ ਦੇ ਖਿਲਾਫ; ਸੱਤਾ ਦੇ ਦਮਨ, ਸਮਾਜ ਦੀਆਂ ਰੂੜੀਆਂ, ਜਨੂੰਨੀਆਂ ਦੀਆਂ ਬੰਦਸ਼ਾਂ ਅਤੇ ਨਸਲੀ ਜਾ ਹੋਰ ਵਿਤਕਰੇ ਵਿਰੁੱਧ। ਇਸ ਬਾਰੇ ਚੌਕਸ ਹੋਣ ਦੀ ਲੋੜ ਹੈ ਕਿ ਮੁੱਖ ਸੰਘਰਸ਼ ਦੇ ਨਾਲ ਨਾਲ, ਉਪ-ਸੰਘਰਸ਼ਾਂ ਦੇ ਮੁਹਾਜ ਵੀ ਖੁੱਲ੍ਹ ਜਾਂਦੇ ਹਨ। ਆਦਰਸ਼ ਪ੍ਰਤੀ ਸ਼ੰਕਾ, ਨਿੱਜ ਤੇ ਪਰ ਦੀਆਂ ਲੋੜਾਂ ਦੀ ਖਿੱਚੋਤਾਣ, ਅੰਦਰ ਦੀ ਦੁਬਿੱਧਾ ਰਾਹ ਮੱਲ ਲੈਂਦੀਆ ਹਨ। ਬਾਹਰਲੇ ਸੰਘਰਸ਼ 'ਚ ਕੁੱਦਣ ਤੋਂ ਪਹਿਲਾਂ, ਆਪਣੇ ਸਵੈ ਨਾਲ ਵੀ ਦੋ-ਚਾਰ ਹੋਣਾ ਪੈਂਦਾ ਹੈ। ਮੌਜ ਮੇਲਾ ਕਰ ਰਿਹਾ ਬੰਦਾ ਕਹਿ ਸਕਦਾ ਹੈ ਕਿ ਸੰਘਰਸ਼ ਦਾ ਰਾਹ ਰੁੱਖਾ, ਸਿਰਫ ਨਾਅ੍ਹਰੇ-ਧਰਨੇ ਲਾਉਣ ਤੱਕ ਹੀ ਹੁੰਦਾ ਹੈ। ਹੁੰਦਾ ਸਗੋਂ ਉਲਟ ਹੈ, ਮਾਨਵੀ ਪੀੜ ਤੋਂ ਵਿਹੂਣਾ ਬੰਦਾ ਚੰਗੇ ਸਮਾਜ ਲਈ ਸੰਘਰਸ਼ ਕਰਨ ਬਾਰੇ ਸੋਚ ਹੀ ਨਹੀਂ ਸਕਦਾ। ਉਸ ਦਾ ਆਕਾਸ਼ ਤਾਂ ਘਰ ਦੀ ਵਲਗਣ ਹੀ ਹੁੰਦਾ ਹੈ। ਇਸ ਗੱਲ ਦਾ ਅਹਿਸਾਸ ਜਦੋਂ ਹੋ ਜਾਵੇ ਕਿ ਸਾਡੀ ਨਿੱਜੀ ਤੇ ਪਰਿਵਾਰਕ ਖੁਸ਼ੀ ਨਿਰਲੇਪ ਨਹੀਂ ਹੈ ਤੇ ਨਾ ਹੀ ਆਸੇ ਪਾਸੇ ਨਾਲੋਂ ਟੁੱਟੀ ਹੋਈ ਹੈ। ਇਸ ਦਾ ਨਾੜੂਆ, ਆਲੇ ਦੁਆਲੇ ਅਤੇ ਆਵਦੇ ਵਰਗੇ ਬੰਦਿਆਂ ਦੇ ਦੁੱਖ-ਸੁੱਖ ਨਾਲ ਜੁੜਿਆ ਹੋਇਆ ਹੈ; ਜਿਵੇਂ ਪੱਤੇ ਦੀ ਹਰਿਆਲੀ ਰੁੱਖ ਦੀ ਸਿਹਤ ਨਾਲ।


ਅੱਜ ਸੰਸਾਰੀਕਰਣ ਨੇ ਇਹ ਗੱਲ ਸਿੱਧ ਕਰ ਦਿੱਤੀ ਹੈ ਕਿ ਖੁਸ਼ਹਾਲੀ ਅਤੇ ਖੁਸ਼ੀ ਅਵੰਡ ਹਨ। ਕੋਈ ਇੱਕ ਮੁਲਕ, ਤਬਕਾ, ਕੋਈ ਭਾਈਚਾਰਾ ਦੂਜਿਆਂ ਨੂੰ ਮੰਦਹਾਲੀ 'ਚ ਸੁੱਟ ਕੇ-ਕੁੱਟ ਕੇ ਮੁਕੰਮਲ ਤੌਰ ਤੇ ਖੁਸ਼ ਨਹੀਂ ਰਹਿ ਸਕਦਾ। ਦਿਲ-ਬਹਿਲਾਵੇ ਲਈ ਉਹ ਸੌ ਬੰਨ-ਸੁਬ ਕਰੀ ਜਾਵੇ, ਮੋੜਵੇਂ ਵਾਰ ਦਾ ਧੁੜਕੂ ਉਸ ਨੂੰ ਲੱਗਿਆ ਰਹਿੰਦਾ ਹੈ। ਜੇ ਥੁੜੇ ਨੂੰ ਵਿਗੋਚੇ ਦਾ ਝੋਰਾ ਹੈ ਤਾਂ ਧਨੀ ਨੂੰ ਅਮੀਰੀ ਦੇ ਖੁੱਸਣ ਦਾ ਭੈਅ ਹੈ। ਐਸੇ ਮਾਹੌਲ ਵਿਚ ਸਾਧਾਂ ਸੰਤਾਂ ਵਲੋਂ ਧਾਰਮਿਕ ਚੈਨਲਾਂ ਤੋਂ ਭਾਈਚਾਰਾ ਬਣਾਈ ਰੱਖਣ ਅਤੇ ਆਪਸੀ ਮੁਹੱਬਤ ਦੇ ਕੀਤੇ ਜਾਂਦੇ ਪ੍ਰਵਚਨ ਵੱਖ ਵੱਖ ਧਿਰਾਂ ਵਿਚ ਲਗਾਤਾਰ ਵਧ ਰਿਹਾ ਤਣਾਅ, ਟਕਰਾਅ, ਬੇਵਸਾਹੀ ਅਤੇ ਹਿੰਸਾ ਖਤਮ ਨਹੀਂ ਕਰ ਸਕਦੇ। ਖੁਸ਼ਹਾਲ ਦਿਸਦੇ ਤਬਕੇ ਨੂੰ ਵੀ ਆਪਣੀ ਹੈਸੀਅਤ ਖੁੱਸਣ ਦਾ ਭੈਅ ਲਗਾਤਾਰ ਬਣਿਆ ਰਹਿੰਦਾ ਹੈ। ਘਰਾਂ ਦੀਆਂ ਤਿੱਖੀਆਂ ਗਰਿੱਲਾਂ ਵਾਲੀਆਂ ਉਚੀਆਂ ਕੰਧਾਂ, ਰਾਖੀ ਲਈ ਲਾਏ ਗਏ ਵੱਡੇ ਗੇਟ ਤੇ ਦਰਵਾਜੇ 'ਚ ਖੜੇ ਸੁਰੱਖਿਆ ਗਾਰਡ ਇਸ ਭੈਅ ਦੀਆਂ ਅਲਾਮਤਾਂ ਹਨ।

ਆਮ ਬੰਦੇ ਲਈ ਇੰਨ੍ਹਾਂ ਗੱਲਾਂ ਦੀ ਸ਼ਾਇਦ ਇੰਨੀ ਮਹੱਤਤਾ ਨਾ ਹੋਵੇ, ਉਹ ਆਪਣੀ ਨਿੱਕੀ ਹਉਂ ਦੇ ਚੱਕਰਵਿਊ 'ਚ ਫਸਿਆ ਜੁਆਕ ਪਾਲਦਾ ਅਉਧ ਹੰਢਾ ਲੈਂਦਾ ਹੈ। ਪਰ ਜਿਹੜਾ ਫਿਕਰਮੰਦ ਹੈ, ਜ਼ਿੰਮੇਵਾਰ ਹੈ, ਕਾਇਆ-ਕਲਪ ਦੀ ਆਸ ਰੱਖਦਾ ਹੈ, ਉਸ ਲਈ ਜ਼ਰੂਰੀ ਹੈ, ਇਕੱਲਾ 'ਆਜ਼ਾਦੀ' ਲਈ ਸੰਘਰਸ਼ ਦੀਆਂ ਗੱਲਾਂ ਹੀ ਨਾ ਕਰੇ, ਆਜ਼ਾਦੀ ਦੇ ਅਰਥ ਵੀ ਸਮਝੇ ਤੇ ਇਸ ਦੇ ਰਾਹ ਦੇ ਰੋੜਿਆਂ ਦੀ ਸਹੀ ਨਿਸ਼ਾਨਦੇਹੀ ਵੀ ਕਰੇ। ਆਜ਼ਾਦੀ ਦੇ ਨਾਂ 'ਤੇ ਉਠ ਰਹੇ ਪਿੱਛਾਖੜੀ, ਫਿਰਕੂ ਉਭਾਰਾਂ ਦੀ ਚਕਾਚੌਂਧ 'ਚ ਸਮਾਂ ਨਾ ਗੰਵਾਏ ਅਤੇ ਇਨ੍ਹਾਂ 'ਚ ਰਸ ਲੈਣ ਦੀ ਥਾਂ, ਵਿੱਤ ਅਤੇ ਰੁਚੀ ਮੁਤਾਬਿਕ, ਮਨੁੱਖੀ ਆਜ਼ਾਦੀ ਦੇ ਚਲ ਰਹੇ ਸਹੀ ਤੇ ਸੱਚੇ ਸੰਘਰਸ਼ਾਂ ਦੇ ਕਿਸੇ ਵੀ ਮੁਹਾਜ਼ ਤੇ ਮੋਰਚਾ ਸੰਭਾਲੇ। ਮੋਰਚਾ ਸਿਆਸੀ, ਸਾਹਿਤਕ, ਸੱਭਿਆਚਾਰਕ, ਸਮਾਜ਼ਿਕ ਕੋਈ ਵੀ ਹੋ ਸਕਦਾ ਹੈ।

ਅਸੀਂ ਦੋ ਅੱਖਰ ਪੜ੍ਹੇ, ਅਕਸਰ ਆਲੇ ਦੁਆਲੇ ਖਿੱਲਰੀ ਗੰਦਗੀ, ਅਫਰਾਤਫਰੀ, ਭ੍ਰਿਸ਼ਟਾਚਾਰ, ਨਸਲੀ ਵਿਤਕਰੇ, ਖੋਹ-ਖਿੰਝ, ਲੁੱਟ, ਨਾਬਰਾਬਰੀ, ਨਿਹੱਕੀ ਹਿੰਸਾ ਬਾਰੇ ਕੁੜ੍ਹਨ 'ਚ ਗੁੱਸਾ ਜਾਇਆ ਕਰ ਦਿੰਦੇ ਹਾਂ, ਜਦੋਂ ਕਿ ਚਾਹੀਦਾ ਇਹ ਹੈ ਕਿ, ਹਾਲਤਾਂ ਵਿਚ ਲੁਕੀ ਸੰਭਾਵਨਾ ਦੇ ਤੀਲਿਆਂ ਨੂੰ ਠੁਕ-ਸਿਰ ਕਰੀਏ ਤੇ ਜਿੱਥੋਂ ਤੱਕ ਮਾਰ ਜਾਂਦੀ ਹੈ, ਇਸ ਗੰਦਗੀ 'ਤੇ ਹੂੰਝਾ ਫੇਰੀਏ। ਜਿੰਦਗੀ ਦਾ ਜਸ਼ਨ ਇਸੇ 'ਚ ਨਿਹਿਤ ਹੈ। ਇਕੱਲ, ਬੋਰੀਅਤ, ਨਸ਼ਾਖੋਰੀ ਅਤੇ ਖੁਦਕੁਸ਼ੀਆਂ ਤੋਂ ਬਚਣ ਦਾ ਵੀ ਇਹੀ ਗਾਡੀ ਰਾਹ ਹੈ।

# ਪੰਜਾਬੀ ਦਾ ਸ਼ੇਕਸਪੀਅਰ ਗੁਰਬਖਸ਼ ਸਿੰਘ ਪ੍ਰੀਤ ਲੜੀ


## 121ਵੇਂ ਜਨਮ ਦਿਨ 'ਤੇ ਵਿਸ਼ੇਸ਼



ਗੁਰਬਖਸ਼ ਸਿੰਘ ਪ੍ਰੀਤ ਲੜੀ

**ਗੁਰਬਖਸ਼ ਸਿੰਘ ਪ੍ਰੀਤ ਲੜੀ ਮਿਸਾਲੀ ਸੁਪਨਸਾਜ਼ ਸੀ। ਬਹੁਤੇ ਲੋਕਾਂ ਨੂੰ ਬੱਸ ਇੰਨਾ ਕੁ ਹੀ ਪਤਾ ਹੈ ਕਿ ਉਨ੍ਹਾਂ ਪੰਜਾਬੀ ਵਾਰਤਕ ਨੂੰ ਬੜਾ ਮਾਲਾਮਾਲ ਕੀਤਾ, ਪਰ ਉਨ੍ਹਾਂ ਜੋ ਸੁਪਨੇ ਲਏ, ਉਸ ਦਾ ਖੁਲਾਸਾ ਸਾਡੇ ਕਾਲਮਨਵੀਸ ਜਸਵੰਤ ਸਿੰਘ ਘਰਿੰਡਾ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ। ਲੇਖਕ ਨੇ ਉਨ੍ਹਾਂ ਸਭ ਸਰੋਕਾਰਾਂ ਦੀ ਵਿਥਿਆ ਛੋਹੀ ਹੈ ਜਿਸ ਦੇ ਲਈ ਉਨ੍ਹਾਂ ਜੀਵਨ ਦਾ ਖਾਸ ਸਮਾਂ ਲੇਖੇ ਲਾ ਦਿੱਤਾ। -ਸੰਪਾਦਕ**

ਗੁਰਬਖਸ਼ ਸਿੰਘ ਦਾ ਜਨਮ 26 ਅਪਰੈਲ 1985 ਨੂੰ ਪਿਤਾ ਪਸ਼ੌਰਾ ਸਿੰਘ ਤੇ ਮਾਤਾ ਮਾਲਣੀ ਦੀ ਕੁੱਖੋਂ ਸਿਆਲਕੋਟ ਵਿਖੇ ਹੋਇਆ। ਉਹ ਅਜੇ ਅੱਠ ਸਾਲਾਂ ਦੇ ਸਨ, ਜਦੋਂ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ। ਪਰ ਭਾਈਚਾਰਕ ਸਾਂਝ ਸਦਕਾ ਉਨ੍ਹਾਂ ਦੀ ਪੜ੍ਹਾਈ ਵਿਚ ਕੋਈ ਵਿਘਨ ਨਾ ਪਿਆ। ਦਸਵੀਂ ਪਾਸ ਕਰਨ ਪਿਛੋਂ ਉਨ੍ਹਾਂ ਨੇ ਫਾਰਮਨ ਕ੍ਰਿਸਚਨ ਕਾਲਜ ਲਾਹੌਰ ਵਿਚ ਦਾਖ਼ਲਾ ਲਿਆ। ਉਨ੍ਹਾਂ ਦਾ ਵਿਆਹ ਜਗਜੀਤ ਕੌਰ ਨਾਲ 1912 ਵਿਚ ਹੋਇਆ। ਆਰਥਿਕ ਤੰਗੀ ਕਾਰਨ ਉਨ੍ਹਾਂ ਫੌਜ ਵਿਚ ਨੌਕਰੀ ਕਰ ਲਈ। ਅੱਗੇ ਵਧਣ ਦੀ ਰੀਝ ਪੂਰੀ ਕਰਨ ਲਈ ਉਹ ਬਾਮਸਨ ਇੰਜੀਨੀਅਰਿੰਗ ਕਾਲਜ (ਅੱਜ ਕੱਲ੍ਹ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ) ਵਿਚ ਦਾਖ਼ਲ ਹੋ ਗਏ। 1919 ਵਿਚ ਉਹ




**ਜਸਵੰਤ ਸਿੰਘ ਸੰਧੂ (ਘਰਿੰਡਾ)**
**ਯੂਨੀਅਨ ਸਿਟੀ, ਕੈਲੀਫੋਰਨੀਆ**
**ਫੋਨ: 510-516-5971**


ਅਮਰੀਕਾ ਦੀ ਮਿਸ਼ੀਗਨ ਯੂਨੀਵਰਸਿਟੀ ਵਿਚ ਪੜ੍ਹਨ ਲਈ ਗਏ ਜਿਥੇ ਮਿਸਟਰ ਰੀਨਵਾਰਡ ਦੀ ਅਗਵਾਈ ਨੇ ਉਨ੍ਹਾਂ ਅੰਦਰ ਵਧੀਆ ਯੋਜਨਾਕਾਰ ਦਾ ਗੁਣ ਪੈਦਾ ਕੀਤਾ।

ਸਾਂਝੇ ਪਰਿਵਾਰ ਦੇ ਗੁਜ਼ਾਰੇ ਲਈ ਉਹ ਸੜਕਾਂ ਤੋਂ ਬਰਫ਼ ਹਟਾਉਂਦੇ ਅਤੇ ਅੰਗੀਠੀਆਂ ਵਿਚੋਂ ਸਵਾਹ ਕੱਢਦੇ ਰਹੇ। ਅਜਿਹੇ ਹਾਲਾਤ ਵਿਚ ਉਨ੍ਹਾਂ ਦੀ ਮਦਦ ਪ੍ਰੋ. ਰਿਗਜ਼ ਨੇ ਕੀਤੀ। ਉਹ ਪ੍ਰੋ. ਰਿਗਜ਼ ਦੇ ਪਸੰਦਦੀਦਾ ਵਿਦਿਆਰਥੀ ਸਨ।

ਗੁਰਬਖਸ਼ ਸਿੰਘ ਜਦੋਂ ਕਦੇ ਇਕੱਲ ਮਹਿਸੂਸ ਕਰਦੇ, ਆਪਣੀ ਪਤਨੀ ਨੂੰ 60-60 ਸਫ਼ਿਆਂ ਦੀਆਂ ਲੰਬੀਆਂ ਚਿੱਠੀਆਂ ਲਿਖਦੇ। ਇਹੋ ਲੰਬੀਆਂ ਚਿੱਠੀਆਂ 'ਚਿੱਠੀਆਂ ਜੀਤਾਂ ਦੇ ਨਾਂ' ਸਿਰਲੇਖ ਹੇਠ 'ਪ੍ਰੀਤ ਲੜੀ' ਵਿਚ ਲੜੀਵਾਰ ਛਪਦੀਆਂ ਰਹੀਆਂ ਤੇ ਆਪਣੀ ਜੀਵਨ ਕਹਾਣੀ 'ਮੰਜ਼ਿਲ ਦਿਸ ਪਈ' ਦੇ ਅਖੀਰ ਵਿਚ ਛਾਪੀਆਂ ਹਨ।

ਪੜ੍ਹਾਈ ਖਤਮ ਕਰਨ ਪਿਛੋਂ ਯੂਰਪ ਦੇ ਕਈ ਦੇਸ਼ਾਂ ਦਾ ਦੌਰਾ ਕਰਨ ਉਪਰੰਤ ਦੇਸ਼ ਪਰਤ ਆਏ ਅਤੇ ਰੇਲਵੇ ਮਹਿਕਮੇ ਵਿਚ ਬਤੌਰ ਇੰਜੀਨੀਅਰ ਨੌਕਰੀ ਕੀਤੀ। ਆਪਣਾ ਪੱਕਾ ਟਿਕਾਣਾ ਸੂਬਾ ਸਰਹੱਦ (ਅੱਜ ਕੱਲ੍ਹ ਖੈਬਰ ਪਖਤੂਨਖਵਾ) ਦੇ ਨੌਸ਼ਹਿਰਾ ਸ਼ਹਿਰ ਵਿਚ ਬਣਾਇਆ। ਉਹ ਇਕੋ ਹੀ ਭਾਰਤੀ ਸਿੱਖ ਇੰਜੀਨੀਅਰ ਸਨ ਜਿਨ੍ਹਾਂ ਨੂੰ ਅੰਗਰੇਜ਼ ਇੰਜੀਨੀਅਰਾਂ ਦੇ ਬਰਾਬਰ ਸਹੂਲਤਾਂ ਮਿਲੀਆਂ ਸਨ ਪਰ ਸਾਦਾ ਜੀਵਨ ਤੇ ਉਚ ਵਿਚਾਰਾਂ ਦਾ ਫਲਸਫ਼ਾ ਰੱਖਣ ਵਾਲੇ ਗੁਰਬਖਸ਼ ਸਿੰਘ ਨੂੰ ਇਹ ਸਹੂਲਤਾਂ ਰਾਸ ਨਾ ਆਈਆਂ ਤੇ ਉਨ੍ਹਾਂ ਰੇਲਵੇ ਮਹਿਕਮਾ ਛੱਡ ਦਿੱਤਾ।

ਉਨ੍ਹਾਂ ਇੰਜੀਨੀਅਰ ਤੋਂ ਕਿਸਾਨ ਬਣਨ ਦਾ ਮਨ ਬਣਾਇਆ। ਮਹਾਰਾਜਾ ਰਣਜੀਤ ਸਿੰਘ ਨੇ ਮਹਾਨ ਸਿੰਘ ਜਰਨੈਲ ਤੇ ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਅਕਾਲੀ ਫੂਲਾ ਸਿੰਘ ਦੀ ਸਮਾਧ ਬਣਾਈ ਸੀ। ਮਹਾਰਾਜਾ ਰਣਜੀਤ ਸਿੰਘ ਨੇ ਹਜ਼ਾਰਾਂ ਏਕੜ ਜ਼ਮੀਨ ਇਸ ਸਮਾਧ ਦੇ ਨਾਮ ਲਵਾਈ ਸੀ। ਗੁਰਬਖਸ਼ ਸਿੰਘ ਨੇ ਸਮਾਧ ਕਮੇਟੀ ਤੋਂ ਕੁਝ ਜ਼ਮੀਨ ਠੇਕੇ 'ਤੇ ਲੈ ਕੇ ਕੱਚੇ ਕੋਠਿਆਂ ਵਿਚ ਰਿਹਾਇਸ਼ ਕਰ ਲਈ। ਜੌਹਨ ਡੀਅਰ ਟਰੈਕਟਰ ਵਿਦੇਸ਼ ਤੋਂ ਮੰਗਵਾ ਕੇ ਨਵੇਂ ਢੰਗ ਨਾਲ ਮਸ਼ੀਨੀ ਖੇਤੀ ਕੀਤੀ। ਇਉਂ ਉਨ੍ਹਾਂ ਨੂੰ ਅਸੀਂ ਪੰਜਾਬ ਵਿਚ ਮਸ਼ੀਨੀ ਖੇਤੀ ਦਾ ਬਾਨੀ ਕਹਿ ਸਕਦੇ ਹਾਂ।

ਸ. ਗੁਰਬਖਸ਼ ਸਿੰਘ ਰੂਸੀ ਇਨਕਲਾਬ ਤੋਂ ਪ੍ਰਭਾਵਿਤ ਸਨ। ਉਨ੍ਹਾਂ ਦਾ ਨਜ਼ਰੀਆ ਪੂਰੀ ਤਰ੍ਹਾਂ ਪ੍ਰਯੋਗਵਾਦੀ ਸੀ। ਸਤੰਬਰ 1933 ਵਿਚ ਉਨ੍ਹਾਂ 'ਪ੍ਰੀਤ ਲੜੀ' ਨਾਂ ਦਾ ਮਾਸਕ ਪਰਚਾ ਕੱਢਣਾ ਸ਼ੁਰੂ ਕੀਤਾ। ਇਸ ਪਤ੍ਰਿਕਾ ਨੇ ਸੌੜੀਆਂ ਪਰੰਪਰਾਵਾਂ ਪ੍ਰਤੀ ਵਿਰੋਧ ਪ੍ਰਗਟਾ ਕੇ ਧਰਮ ਦੇ ਸੱਚੇ ਆਦਰਸ਼ ਤੇ ਮਨੁੱਖੀ ਭਾਈਚਾਰੇ ਨੂੰ ਪ੍ਰਚਾਰਨ ਦਾ ਬੀੜਾ ਚੁੱਕਿਆ। ਚਿੱਤਰਕਾਰ ਤੋਂ 'ਪ੍ਰੀਤ ਲੜੀ' ਦੇ ਟਾਈਟਲ ਲਈ ਤਿੰਨ ਰੰਗਾ ਚਿੱਤਰ ਬਣਵਾਇਆ ਜਿਸ ਦੀ ਵਿਆਖਿਆ ਉਨ੍ਹਾਂ ਇਸ ਤਰ੍ਹਾਂ ਕੀਤੀ:

"ਸਿਰਜਣ ਸ਼ਕਤੀ, ਕਾਮਦੇਵ ਦੇ ਵਸੀਲੇ ਨਾਲ ਆਪਣੀ ਏਕਤਾ ਨੂੰ ਅਨੇਕਤਾ ਵਿਚ ਵੰਡਦੀ ਹੈ, ਪਰ ਅਨੇਕਤਾ ਦੇ ਹਰ ਅੰਗ ਵਿਚ ਏਕਤਾ ਦੀ ਲੋਚਨਾ ਮਾਲਾ ਵਿਚ ਅਦਿਖ ਧਾਗੇ ਵਾਂਗ ਲੁਕਾ ਕੇ ਰੱਖਦੀ ਹੈ, ਜਿਹਦੇ ਕਰ ਕੇ ਅਨੇਕਤਾ ਦੇ ਹਰ ਅੰਗ ਦਾ ਰੁਖ ਸੁਚੇਤ ਜਾਂ ਅਚੇਤ, ਏਕਤਾ ਵੱਲ ਰਹਿੰਦਾ ਹੈ; ਪਰ ਜਦ ਤੱਕ ਇਹ ਅਨੇਕਤਾ ਤਜਰਬਿਆਂ ਦੇ ਗੋਰਖ ਧੰਦਿਆਂ ਵਿਚੋਂ ਗੁਜ਼ਰ ਕੇ ਅਤਿ ਸੂਖਮ ਤੇ ਸਾਦੀ ਹੋ ਨਹੀਂ ਜਾਂਦੀ, ਸਚਿਦਾਨੰਦ ਵਿਚ ਨਹੀਂ ਸਮਾ ਸਕਦੀ।...ਸਚਿਦਾਨੰਦ ਦੀ ਮਹਾਨ ਦਿਲ-ਧੜਕਣ ਕਦੇ ਕਦੇ ਸਾਰੇ ਦਿਲਾਂ ਨੂੰ ਅਨੁਭਵ ਹੁੰਦੀ ਹੈ, ਅਨੰਦ ਗੀਤ ਦੀ ਲੈਅ ਕਦੇ ਕਦੇ ਸਾਰੇ ਦਿਲਾਂ ਵਿਚ ਪੈਂਦੀ ਹੈ, ਤੇ ਮਨੁੱਖ ਆਖ ਉਠਦਾ ਹੈ-ਕਿਸੇ ਦਿਲ ਸਾਂਝੇ ਦੀ ਧੜਕਣ, ਕਿਸੇ ਪ੍ਰੀਤ-ਗੀਤ ਦੀ ਲੈਅ। ਪੱਤੇ ਪ੍ਰੀਤ ਲੜੀ ਦੇ ਦੱਸਣ, ਜਿਸ ਵਿਚ ਪ੍ਰੋਤੀ ਸਭੋ ਸ਼ੈਅ।"

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਤੋਂ ਉਨ੍ਹਾਂ 'ਪ੍ਰੀਤ ਲੜੀ' ਦਾ ਪਹਿਲਾ ਅੰਕ ਪੰਜ ਸੌ ਦੀ ਗਿਣਤੀ ਵਿਚ ਛਪਵਾਇਆ। ਦੋ ਸੌ ਵਧੀਆ ਆਰਟ ਪੇਪਰ 'ਤੇ ਅਤੇ ਤਿੰਨ ਸੌ ਸਾਧਾਰਨ ਕਾਗਜ਼ ਉਤੇ। ਲਗਭਗ ਤੀਜਾ ਹਿੱਸਾ ਇਹਦਾ ਅੰਗਰੇਜ਼ੀ ਵਿਚ ਛਪਦਾ। ਹੈਰਲਡ ਆਈਗੋ ਲਗਭਗ ਹਰ ਅੰਕ ਲਈ ਮਜ਼ਮੂਨ ਭੇਜਦਾ ਰਿਹਾ ਤੇ 'ਪ੍ਰੀਤ ਲੜੀ' ਬਾਰੇ ਆਪਣੇ ਅਮਰੀਕਨ ਮਿੱਤਰਾਂ ਦੀ ਪ੍ਰਸ਼ੰਸਾ ਵੀ ਉਨ੍ਹਾਂ ਨੂੰ ਭੇਜਦਾ ਰਿਹਾ।

'ਪ੍ਰੀਤ ਲੜੀ' ਦੇ ਪਾਠਕ ਘੇਰੇ ਵਿਚ ਹਿੰਦੂ, ਸਿੱਖ, ਮੁਸਲਮਾਨ ਸਾਰੇ ਆਏ। ਧਰਮ ਬਾਰੇ ਉਨ੍ਹਾਂ ਲਿਖਿਆ, "ਬੇਸ਼ੱਕ ਦਲੇਰ ਹੋ ਕੇ ਆਖ ਦਿਓ ਕਿ ਤੁਸਾਂ ਮਜ਼ਹਬ ਦੇ ਅਰਥ ਸਮਝ ਲਏ ਹਨ। ਅਸਲੀ ਮਜ਼ਹਬ 'ਦੇਣ' ਦਾ ਨਾਮ ਹੈ, 'ਲੈਣ' ਦਾ ਨਹੀਂ। ਅਸਲੀ ਮਜ਼ਹਬ ਪ੍ਰੀਤ ਵਲਵਲੇ ਪੈਦਾ ਕਰਨਾ ਹੈ, ਘਿਰਣਾ ਉਪਜਾਉਣਾ ਨਹੀਂ। ਅਸਲੀ ਮਜ਼ਹਬ ਮਿਲਾਪ ਹੈ, ਵਿਛੋੜਾ ਨਹੀਂ। ਮਜ਼ਹਬ ਖੇੜੇ ਦਾ ਨਾਮ ਹੈ, ਲਹੂ ਡੋਲ੍ਹਣਾ ਮਜ਼ਹਬ ਨਹੀਂ।"




'ਪ੍ਰੀਤ ਲੜੀ' ਸਤੰਬਰ 1937 ਦਾ ਟਾਈਟਲ।

ਜਦ ਗੁਰਬਖਸ਼ ਸਿੰਘ ਖੇਤੀ ਕਰਦੇ ਸਨ, ਉਨ੍ਹਾਂ ਦੇ ਖੇਤ ਮਜ਼ਦੂਰ ਪਠਾਣ ਤੇ ਸਿੱਖ ਸਨ। ਮਜ਼ਦੂਰਾਂ ਦੇ ਬੱਚਿਆਂ ਨੂੰ ਨਾ ਚੰਗੀ ਖੁਰਾਕ ਮਿਲਦੀ ਤੇ ਨਾ ਤਨ ਦੇ ਚੰਗੇ ਕੱਪੜੇ। ਜਦ ਕਦੇ ਗੁਰਬਖਸ਼ ਸਿੰਘ ਅੰਮ੍ਰਿਤਸਰ ਜਾਂਦੇ, ਉਹ ਗਰੀਬ ਕਿਸਾਨ ਉਨ੍ਹਾਂ ਨੂੰ ਆਪਣੇ ਬੱਚਿਆਂ ਦੀਆਂ ਲੋੜਾਂ ਰੋਕ ਕੇ, ਸਵਾ ਰੁਪਏ ਪ੍ਰਸ਼ਾਦ ਕਰਾਉਣ ਲਈ ਜ਼ਰੂਰ ਦਿੰਦੇ। ਗੁਰਬਖਸ਼ ਸਿੰਘ ਮਨ ਵਿਚ ਸੋਚਦੇ, 'ਤੁਹਾਨੂੰ ਕੀ ਪਤਾ, ਇਸ ਸਵਾ ਰੁਪਏ ਨਾਲ ਅੰਮ੍ਰਿਤਸਰ ਮਾਝੇ ਤੇ ਮਾਲਵੇ ਦੇ ਧੜੇ ਪਿੱਟੇ ਜਾਣੇ ਹਨ'।

ਉਨ੍ਹਾਂ ਦਿਨਾਂ ਵਿਚ ਗਿਆਨੀ ਸਤਨਾਮ ਸਿੰਘ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਤੋਂ ਮਾਸਕ ਪੱਤਰ 'ਗੁਰੂ ਨਾਨਕ ਦਰਸ਼ਨ' ਕੱਢਦੇ ਸਨ। ਗਿਆਨੀ ਜੀ ਗੁਰਬਖਸ਼ ਸਿੰਘ ਦੀਆਂ ਲਿਖਤਾਂ ਦੇ ਇੰਨੇ ਪ੍ਰੇਮੀ ਹੋ ਗਏ ਕਿ ਉਨ੍ਹਾਂ ਗੁਰੂ ਨਾਨਕ ਪੁਰਬ 'ਤੇ ਉਨ੍ਹਾਂ ਦਾ ਲੇਖ ਆਪਣੇ ਮਾਸਕ ਪੱਤਰ ਵਿਚ ਛਾਪਿਆ। ਗੁਰੂ ਗੋਬਿੰਦ ਸਿੰਘ ਦੇ ਜਨਮ ਦਿਨ 'ਤੇ ਗਿਆਨੀ ਜੀ ਨੇ ਫਿਰ ਲੇਖ ਦੀ ਮੰਗ ਕੀਤੀ ਤਾਂ ਗੁਰਬਖਸ਼ ਸਿੰਘ ਨੇ ਲਿਖਿਆ ਕਿ ਧਰਮ ਉਨ੍ਹਾਂ ਦਾ ਖੇਤਰ ਨਹੀਂ, ਉਹ ਉਨ੍ਹਾਂ ਨੂੰ ਖਿਮਾਂ ਕਰ ਦੇਣ। ਗਿਆਨੀ ਜੀ ਨੇ ਕਿਹਾ, "ਜੇ ਤੁਸਾਂ ਆਪਣਾ ਲੇਖ ਨਾ ਭੇਜਿਆ ਤਾਂ ਉਹ ਇੰਨੇ ਸਫ਼ੇ ਆਪਣੇ ਮਾਸਕ ਪੱਤਰ ਵਿਚ ਅਣਛਪੇ ਛੱਡ ਦੇਣਗੇ ਜਿਨ੍ਹਾਂ ਉਤੇ ਲਿਖਿਆ ਹੋਵੇਗਾ, ਇਥੇ ਗੁਰਬਖਸ਼ ਸਿੰਘ ਦਾ ਲੇਖ ਛਪਣਾ ਸੀ ਜਿਹੜਾ ਉਨ੍ਹਾਂ ਨਹੀਂ ਘੱਲਿਆ।" ਗੁਰਬਖਸ਼ ਸਿੰਘ ਨੇ 'ਪਰਮ ਮਨੁੱਖ ਗੁਰੂ ਗੋਬਿੰਦ ਸਿੰਘ ਜੀ' ਦੇ ਸਿਰਲੇਖ ਥੱਲੇ ਲੇਖ ਦੂਜੇ ਦਿਨ ਡਾਕ ਵਿਚ ਪਾ ਦਿੱਤਾ। ਇਸ ਵਾਰ ਉਨ੍ਹਾਂ ਹੋਰ ਅਖਬਾਰਾਂ ਨੂੰ ਵੀ ਇਸ ਦੀਆਂ ਨਕਲਾਂ ਭੇਜ ਦਿੱਤੀਆਂ। ਗੁਰਬਖਸ਼ ਸਿੰਘ ਆਪਣੀ ਜੀਵਨ ਕਹਾਣੀ 'ਮੰਜ਼ਿਲ ਦਿਸ ਪਈ' ਵਿਚ ਲਿਖਦੇ ਹਨ, ਮੈਨੂੰ ਇਸ ਗੱਲ ਦੀ ਸਮਝ ਨਹੀਂ ਸੀ ਆਈ ਕਿ ਗਿਆਨੀ ਜੀ ਨੇ ਦੂਜੇ ਅਖਬਾਰਾਂ ਨੂੰ ਨਕਲਾਂ ਭੇਜਣ ਜਾਂ ਗੁਰੂ ਗੋਬਿੰਦ ਸਿੰਘ ਨੂੰ ਪਰਮ ਮਨੁੱਖ ਲਿਖਣ ਦਾ ਬੁਰਾ ਮਨਾਇਆ ਜਾਂ ਉਹ ਲੇਖ ਧਾਰਮਿਕ ਕਦਰਾਂ-ਕੀਮਤਾਂ ਦੀ ਉਲੰਘਣਾ ਸੀ। ਇਕਦਮ ਜਹਾਦ ਵਰਗੀ 'ਪ੍ਰੀਤ ਲੜੀ' ਗੁਰਸਿੱਖੀ ਲਈ ਖਤਰਨਾਕ ਹੋਣ ਦੀ ਚਿਤਾਵਨੀ ਪੰਥਕ ਪੱਧਰ 'ਤੇ ਕਰ ਦਿੱਤੀ। ਫਿਰ ਤਾਂ ਬਿਨਾ ਲੇਖ ਪੜ੍ਹਿਆਂ ਉਨ੍ਹਾਂ ਖਿਲਾਫ਼ ਗੁਰਦੁਆਰਿਆਂ ਵਿਚ ਗੁਰਮਤੇ ਪਾਸ ਹੋਣ ਲਗੇ। ਮਨਮਤੀਏ ਨਾਸਤਿਕ ਦਾ ਜੈਕਾਰਾ ਉਠ ਖਲੋਤਾ।

ਇਸ ਭੰਡੀ ਪ੍ਰਚਾਰ ਖਿਲਾਫ਼ ਪ੍ਰੋ. ਜੋਧ ਸਿੰਘ, ਪ੍ਰੋ. ਤੇਜਾ ਸਿੰਘ, ਬਾਵਾ ਹਰਕਿਸ਼ਨ ਸਿੰਘ, ਪ੍ਰੋ. ਨਿਰੰਜਨ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ ਵੀ ਲੇਖ ਦਾ ਪੱਖ ਲਿਆ। ਗੁਰਬਖਸ਼ ਸਿੰਘ ਨੇ ਆਪ ਉਸ ਵੇਲੇ ਦੇ ਅਕਾਲੀ ਲੀਡਰ, ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ ਨੂੰ ਪੜ੍ਹ ਕੇ ਸੁਣਾਇਆ। ਉਨ੍ਹਾਂ ਨੇ ਸਰਦਾਰ ਬਹਾਦਰ ਮਹਿਤਾਬ ਸਿੰਘ, ਜੋ ਉਸ ਵੇਲੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧਕ ਸਨ, ਨੂੰ ਚਿੱਠੀ ਲਿਖੀ। ਉਨ੍ਹਾਂ ਇਸ ਵਿਸ਼ੇ 'ਤੇ ਲਿਖਣੋਂ ਰੋਕ ਦਿੱਤਾ। ਗਿਆਨੀ ਜੀ ਨੇ ਨੌਕਰੀ ਛੱਡ ਕੇ ਵੀ ਭੰਡੀ ਪ੍ਰਚਾਰ ਜਾਰੀ ਰੱਖਿਆ।

ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਨੇ ਭਾਵੇਂ ਆਪਣੇ ਮਾਸਕ ਪੱਤਰ ਨੂੰ ਉਨ੍ਹਾਂ ਖਿਲਾਫ਼ ਲਿਖਣੋਂ ਰੋਕ ਦਿੱਤਾ ਸੀ, ਪਰ ਪੈਰੋ-ਪੈਰ ਵਧਦੇ ਵਿਰੋਧ ਦੇ ਰੂ-ਬ-ਰੂ ਉਨ੍ਹਾਂ ਦਾ ਯਕੀਨ ਡੋਲਣੋਂ ਨਾ ਰਹਿ ਸਕਿਆ। ਸ. ਗੁਰਬਖਸ਼ ਸਿੰਘ ਨੇ ਨੌਸ਼ਹਿਰਾ ਛੱਡ ਕੇ ਮਾਡਲ ਟਾਊਨ ਲਾਹੌਰ ਆ ਡੇਰਾ ਲਾਇਆ। ਇਥੇ ਉਨ੍ਹਾਂ ਆਪਣਾ ਸੁਪਨਾ ਪੂਰਾ ਕਰਨ ਲਈ ਬਹੁਤ ਵਧੀਆ ਟਿਕਾਣਾ ਸੀ। ਚਾਲੀ ਹਜ਼ਾਰ 'ਤੇ ਸੌਦਾ ਮੁੱਕ ਗਿਆ। ਦਸੰਬਰ 1937 ਵਿਚ ਰਜਿਸਟਰੀ ਹੋ ਗਈ। ਅਰੂੜ ਸਿੰਘ ਇੰਜੀਨੀਅਰ ਦੀ ਨਿਗਰਾਨੀ ਹੇਠ 35 ਵਿਘਿਆਂ ਦੁਆਲੇ ਬਣੀ ਫਸੀਲ ਢਾਹ ਕੇ ਛੋਟੀਆਂ ਇੱਟਾਂ ਨਾਲ ਅੱਠ ਕੋਠੀਆਂ, ਸਾਂਝਾ ਲੰਗਰ, ਦਫ਼ਤਰ ਤੇ ਛਾਪਾਖਾਨਾ ਉਸਰਨ ਲੱਗ ਪਏ ਤੇ ਮਾਡਲ ਟਾਊਨ ਵਿਚ ਬੈਠੀ 'ਪ੍ਰੀਤ ਸੈਨਾ' ਆਪਣੀ ਪ੍ਰੀਤ ਛਾਉਣੀ ਦੀ ਉਸਾਰੀ ਲਈ ਬੇਸਬਰ ਹੋਣ ਲੱਗ ਪਈ।

7 ਜੂਨ 1938 ਨੂੰ ਪ੍ਰੀਤ ਸੈਨਾ ਪ੍ਰਤੀ ਨਗਰ ਪ੍ਰਵੇਸ਼ 'ਤੇ ਪਿਆਰਾ ਸਿੰਘ ਸਹਿਰਾਈ ਨੇ ਉਤਸ਼ਾਹ ਭਰੀ ਕਵਿਤਾ ਪ੍ਰੀਤ ਨਗਰ ਦੇ ਇਤਿਹਾਸਕ ਪੌੜਾਂ ਤੇ ਉਤਰੇ ਪ੍ਰੀਤ ਸੈਨਕਾਂ ਨੂੰ ਸੁਣਾਈ:

ਪ੍ਰੀਤ ਨਗਰ ਦੀਆਂ ਖੁੱਲ੍ਹੀਆਂ ਥਾਂਵਾਂ,
ਰੁਮਕ ਰੁਮਕ ਕੇ ਵਗਣ 'ਵਾਵਾਂ,
ਅੱਜ ਇਥੇ ਹੈ ਕੋਈ
ਅਰਸ਼ੀ ਆਸ ਪਲਮਦੀ ਆਈ,
ਪਿਆਰੇ ਪਿਆਰੇ ਵਾਸੀ ਇਸਦੇ,
ਸੁਹਣੇ ਸੁਹਣੇ ਦਿਲ ਨੇ ਜਿਨ੍ਹਾਂ ਦੇ,
ਨਾ ਕੋਈ ਵੈਰੀ, ਨਹੀਂ ਬਿਗਾਨਾ,
ਸਗਲ ਸੰਗ ਬਣ ਆਈ।
ਚੰਨ ਚਾਨਣੀ ਹੇਠ ਤਲਾਅ ਤੇ,
ਬਹਿ ਗਿਆ ਪ੍ਰੀਤ ਕਾਫ਼ਲਾ ਆ ਕੇ,
ਟੱਲੀਆਂ ਦੀ ਛਣਕਾਰ ਏ ਦੱਸਦੀ
ਦੂਰ ਮੰਜ਼ਲ ਦੇ ਰਾਹੀ।

ਮੈਂ 1962 ਵਿਚ 'ਪ੍ਰੀਤ ਲੜੀ' ਦਾ ਪਾਠਕ ਬਣਿਆ। ਪ੍ਰੀਤ ਨਗਰ ਮੇਰੇ ਪਿੰਡ ਘਰਿੰਡਾ ਤੋਂ ਦਸ ਮੀਲ ਹੈ। ਮੈਂ ਗੁਰਬਖਸ਼ ਸਿੰਘ, ਨਵਤੇਜ ਸਿੰਘ, ਨਾਨਕ ਸਿੰਘ ਤੇ ਹਿਰਦੇ ਪਾਲ ਸਿੰਘ ਨੂੰ ਪ੍ਰੀਤ ਨਗਰ ਜਾ ਕੇ ਮਿਲਦਾ। ਅੱਜ ਭਾਵੇਂ ਪ੍ਰੀਤ ਨਗਰ ਖੰਡਰ ਬਣ ਚੁੱਕਾ ਹੈ, ਪਰ ਪੰਜਾਬ ਵਿਚ ਪ੍ਰੀਤ ਨਗਰ ਪਹਿਲਾ ਯੋਜਨਾਬਧ ਵਸੇਬਾ ਸੀ। ਪੁਰਾਣੇ ਲੋਕ ਦੱਸਦੇ ਨੇ...ਨਵੇਂ ਵਸੇ ਪ੍ਰੀਤ ਨਗਰ ਚੰਗੇ ਵਿਦਵਾਨਾਂ ਦੀ ਸਲਾਹ ਨਾਲ 'ਪ੍ਰੀਤ ਸੈਨਾ' ਦਾ ਵਿਧਾਨ ਬਣਾਇਆ ਅਤੇ ਇਸ ਦਾ ਨਾਂ 'ਸੰਸਾਰ ਪ੍ਰੀਤ ਮੰਡਲ' ਰਖਿਆ। ਧੜਾ-ਧੜ ਇਸ ਦੇ ਮੈਂਬਰ ਬਣਨੇ ਸ਼ੁਰੂ ਹੋ ਗਏ। ਨਾਨਕ ਸਿੰਘ ਨਾਵਲਕਾਰ, ਗਿਆਨੀ ਹਰਭਜਨ ਸਿੰਘ, ਪਿਆਰਾ ਸਿੰਘ ਸਹਿਰਾਈ, ਦੀਨ ਦਿਆਲ ਵਕੀਲ, ਪਿਆਰਾ ਸਿੰਘ ਦਾਤਾ, ਬਖਸ਼ੀਸ਼ ਸਿੰਘ ਜਾਗੀਰਦਾਰ, ਤਾਰਾ ਸਿੰਘ ਮਲਹੋਤਰਾ ਆਦਿ ਸੱਜਣ ਮਾਡਲ ਟਾਊਨ ਲਾਹੌਰ ਪਹੁੰਚ ਗਏ। ਨਿਸਬਤ ਰੋਡ ਤੋਂ ਗੁਰਬਖਸ਼ ਸਿੰਘ ਨਿਰੰਕਾਰੀ ਦਾ ਦਰਬਾਰ ਪ੍ਰੈਸ ਵੀ ਮਾਡਲ ਟਾਊਨ ਆ ਗਿਆ।



ਅੰਮ੍ਰਿਤਾ ਪ੍ਰੀਤਮ, ਗੁਰਬਖਸ਼ ਸਿੰਘ ਪ੍ਰੀਤ ਲੜੀ ਅਤੇ ਮਹਿੰਦਰ ਸਿੰਘ ਰੰਧਾਵਾ।

ਹੁਣ ਉਨ੍ਹਾਂ ਆਪਣਾ ਪ੍ਰੀਤ ਸੁਪਨਾ ਸਾਕਾਰ ਕਰਨ ਲਈ 'ਦਸ ਸਾਲਾ ਮੈਂਬਰੀ' ਦੀ ਸਕੀਮ ਸ਼ੁਰੂ ਕੀਤੀ। ਹਰ ਮੈਂਬਰ ਨੂੰ ਦਸ ਸਾਲਾਂ ਲਈ ਸੌ ਰੁਪਿਆ ਜਮ੍ਹਾਂ ਰੱਖਣ ਉਤੇ ਦਸ ਵਰ੍ਹੇ ਬਿਨਾਂ ਚੰਦੇ 'ਪ੍ਰੀਤ ਲੜੀ' ਅਤੇ ਦੋ ਕਿਤਾਬਾਂ ਮੁਫਤ ਘੱਲੀਆਂ ਜਾਣੀਆਂ ਸਨ। ਧੜਾ-ਧੜ ਮਨੀਆਡਰ ਤੇ ਚੈਕ ਆਉਣ ਲੱਗੇ। ਬੈਂਕ ਵਿਚ ਇਨਾ ਰੁਪਿਆ ਹੋ ਗਿਆ ਜਿਸ ਨਾਲ ਜ਼ਮੀਨ ਖਰੀਦੀ ਜਾ ਸਕਦੀ ਸੀ।

ਇਸ ਦੌਰਾਨ ਕਵੀ ਧਨੀ ਰਾਮ ਚਾਤ੍ਰਿਕ ਨੇ ਲੋਪੋ ਕੀ ਲਾਗੇ ਚਾਰ ਸੌ ਵਿਘੇ ਜ਼ਮੀਨ ਦੀ ਦੱਸ ਪਾਈ। ਲੋਪੋ ਕੀ ਚਾਤ੍ਰਿਕ ਦਾ ਪੁਰਾਣਾ ਪਿੰਡ ਸੀ। ਇਹ ਜ਼ਮੀਨ ਰਾਣੀ ਬੁਧਵੰਤੀ ਦੇ ਵਾਰਸ ਪਰਿਵਾਰ ਕੋਲ ਸੀ। ਚਾਤ੍ਰਿਕ ਇਸ ਪਰਿਵਾਰ ਤੇ ਜਾਗੀਰ ਦੇ ਸਰਬਰਾਹ ਰਹੇ ਸਨ, ਲਾਹੌਰ ਤੇ ਅੰਮ੍ਰਿਤਸਰ ਸ਼ਹਿਰਾਂ ਦੇ ਵਿਚਕਾਰ ਹੋਣ ਕਰ ਕੇ ਪ੍ਰੀਤ ਨਗਰ ਦੀਆਂ ਲਿਸ਼ ਲਿਸ਼ ਕਰਦੀਆਂ ਕੋਠੀਆਂ ਅੱਜ ਕੱਲ੍ਹ ਦੇ ਚੰਡੀਗੜ੍ਹ ਦਾ ਭੁਲੇਖਾ ਪਾਉਂਦੀਆਂ ਸਨ।

ਮੁੰਡੇ-ਕੁੜੀਆਂ ਨੂੰ ਸਾਂਝੀ ਸਿੱਖਿਆ ਦੀ ਲੋੜ ਸਮਝਦਿਆਂ ਗੁਰਬਖਸ਼ ਸਿੰਘ ਨੇ ਅੱਠ ਏਕੜ ਵਿਚ ਐਕਟਿਵਟੀ ਸਕੂਲ ਖੋਲ੍ਹਿਆ ਜਿਸ ਵਿਚ ਵਿਦਿਆ ਦੇ ਨਾਲ ਨਾਲ ਹੱਥੀਂ ਕੰਮ ਕਰਨਾ ਵੀ ਸਿੱਖਾਇਆ ਜਾਂਦਾ। ਮਨੋਵਿਗਿਆਨ ਦੇ ਮਾਹਿਰ ਜਗਦੀਸ਼ ਸਿੰਘ ਸਕੂਲ ਦੇ ਪਹਿਲੇ ਪ੍ਰਿੰਸੀਪਲ ਸਨ। ਵਿਦਿਆਰਥੀਆਂ ਨੂੰ ਜੀਵਨ ਪੰਧ ਵਿਚ ਅੱਗੇ ਤੋਰਨ ਵਾਲਿਆਂ ਵਿਚ ਉਘੇ ਚਿੱਤਰਕਾਰ ਸੋਭਾ ਸਿੰਘ ਤੇ ਕਵੀ ਪਿਆਰਾ ਸਿੰਘ ਸਹਿਰਾਈ ਵੀ ਸ਼ਾਮਲ ਸਨ। ਇਸ ਸਕੂਲ ਵਿਚ ਦੇਸ-ਪਰਦੇਸ, ਆਲੇ-ਦੁਆਲੇ ਦੇ ਪਿੰਡਾਂ ਤੇ ਪ੍ਰੀਤ ਲੜੀ ਦੇ ਪਾਠਕਾਂ ਦੇ ਬੱਚੇ ਪੜ੍ਹਦੇ ਸਨ।

ਲੋਕਾਂ ਨੂੰ ਜਾਗਰੂਕ ਕਰਨ ਲਈ ਗੁਰਬਖਸ਼ ਸਿੰਘ ਨੇ ਪ੍ਰੀਤ ਮਿਲਣੀਆਂ ਕਰਨੀਆਂ ਤੇ ਨਾਟਕ ਖੇਡਣੇ ਸ਼ੁਰੂ ਕੀਤੇ। ਬਲਵੰਤ ਗਾਰਗੀ ਦਾ 'ਲੋਹਾ ਕੁੱਟ' ਨਾਟਕ ਇਥੋਂ ਦੇ ਤਲਾਅ ਵਿਚ ਪਹਿਲੀ ਵਾਰ ਖੇਡਿਆ ਗਿਆ। ਨਾਟਕਾਂ ਵਿਚ ਕੁੜੀਆਂ ਦਾ ਰੋਲ ਮੁੰਡੇ ਕਰਦੇ ਸਨ, ਪਰ ਪ੍ਰੀਤ ਨਗਰ ਵਿਚ ਪਹਿਲੀ ਵਾਰ ਕੁੜੀਆਂ ਦਾ ਰੋਲ ਕੁੜੀਆਂ ਨੇ ਕੀਤਾ। ਨਾਟਕਾਂ ਰਾਹੀਂ ਲੋਕਾਂ ਨੂੰ ਸਮਾਜਕ ਬੁਰਾਈਆਂ ਬਾਰੇ ਜਾਗਰੂਕ ਕੀਤਾ ਜਾਂਦਾ।

ਬੁੱਧੀਜੀਵੀ ਤੇ ਸਿਆਸੀ ਲੀਡਰ ਪ੍ਰੀਤ ਨਗਰ

(ਬਾਕੀ ਅਗਲੇ ਸਫੇ 'ਤੇ)



ਪ੍ਰੀਤ ਨਗਰ ਦਾ ਆਰਾਮ ਘਰ।

# ਬਦਲਦੇ ਵਕਤਾਂ ਦੀ ਵਾਰਤਾ

**ਮੂੰਹ ਆਈ ਬਾਤ**



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਉਚੀ ਹਵੇਲੀ ਵਾਲੇ ਨਿਹਾਲ ਸਿੰਘ ਦੇ ਘਰ ਵਿਆਹ ਦੇ ਬਾਰਾਂ ਸਾਲਾਂ ਪਿਛੋਂ ਵੀ ਕੋਈ ਧੀ-ਪੁੱਤ ਨਹੀਂ ਸੀ ਹੋਇਆ। ਚੰਗੀ ਜ਼ਮੀਨ ਜਾਇਦਾਦ ਸੀ ਪਰ ਸਾਂਭਣ ਵਾਲਾ ਵਾਰਸ ਅਜੇ ਪੈਦਾ ਨਹੀਂ ਸੀ ਹੋਇਆ। ਘਰਵਾਲੀ ਭਾਨ ਕੌਰ ਨਾਲ ਸਲਾਹ ਕੀਤੀ ਕਿ ਦੂਜਾ ਵਿਆਹ ਕਰਵਾਇਆ ਜਾਵੇ। ਭਾਨ ਕੌਰ ਘਰ ਵਿਚ ਸੌਕਣ ਦੇ ਦਾਖਲੇ ਤੋਂ ਡਰ ਗਈ ਸੀ। ਨਿਹਾਲ ਸਿੰਘ ਦੀ ਜ਼ਿਦ ਅੱਗੇ ਭਾਨ ਕੌਰ ਝੁਕ ਗਈ। ਉਹ ਆਪਣੇ ਬਾਪ ਜ਼ੈਲ ਸਿੰਘ ਕੋਲ ਛੋਟੀ ਭੈਣ ਤਾਰੋ ਦਾ ਹੱਥ ਮੰਗਣ ਚਲੀ ਗਈ। ਜ਼ੈਲ ਸਿੰਘ ਉਸ ਦੀ ਗੱਲ ਸੁਣ ਕੇ ਹੈਰਾਨ ਹੋ ਗਿਆ।

"ਭਾਨੋ! ਤੂੰ ਕਿਵੇਂ ਸੋਚ ਲਿਆ ਕਿ ਮੈਂ ਤਾਰੋ ਦਾ ਰਿਸ਼ਤਾ ਨਿਹਾਲ ਸਿੰਘ ਵੱਲ ਕਰ ਦੇਵਾਂਗਾ। ਉਹ ਤਾਂ ਉਸ ਤੋਂ ਵੀਹ ਵਰ੍ਹੇ ਛੋਟੀ ਹੈ। ਸਿਆਣਪ ਤੋਂ ਕੰਮ ਲਈਦਾ।" ਜ਼ੈਲ ਸਿੰਘ ਬੋਲਿਆ।

"ਜੇ ਤਾਰੋ ਦਾ ਰਿਸ਼ਤਾ ਨਾ ਦਿੱਤਾ ਤਾਂ ਉਹ ਕਿਤੇ ਹੋਰ ਵਿਆਹ ਕਰਵਾ ਲਵੇਗਾ। ਫਿਰ ਮੇਰਾ ਉਸ ਹਵੇਲੀ ਵਿਚ ਹੀ ਦਮ ਘੁਟ ਜਾਵੇਗਾ। ਮੈਂ ਕੱਖਾਂ ਤੋਂ ਹੌਲੀ ਹੋ ਜਾਵਾਂਗੀ। ਤਾਰੋ ਦੀ ਡੋਲੀ ਉਠਣ ਤੋਂ ਪਹਿਲਾਂ ਮੇਰੀ ਅਰਥੀ ਹਵੇਲੀ ਵਿਚੋਂ ਨਿਕਲੇਗੀ।" ਭਾਨੋ ਨੇ ਰੋਂਦਿਆਂ ਕਿਹਾ।

ਜ਼ੈਲ ਸਿੰਘ ਨੇ ਤਾਰੋ ਨਾਲ ਸਲਾਹ ਕੀਤੀ। ਉਹ ਵਿਚਾਰੀ ਨਾ ਚਾਹੁੰਦਿਆਂ ਵੀ ਭੈਣ ਖਾਤਰ ਅੰਗਿਆਰਾਂ 'ਤੇ ਚੱਲਣ ਲਈ ਤਿਆਰ ਹੋ ਗਈ। ਤਾਰੋ ਦੀਆਂ ਅੱਖਾਂ ਵਿਚ ਗਮੀ ਦੇ ਅੱਥਰੂ ਆ ਗਏ ਤੇ ਭਾਨੋ ਦੀਆਂ ਅੱਖਾਂ ਵਿਚ ਖੁਸ਼ੀ ਛਲਕ ਪਈ। ਦੋਵੇਂ ਪਾਸੇ 'ਹਾਂ' ਦੇ ਸੁਨੇਹੇ ਆ ਗਏ, ਤੇ ਨਿਹਾਲ ਸਿੰਘ ਰੋਂਦੀ ਤਾਰੋ ਨੂੰ ਡੋਲੀ ਬਿਠਾ ਲਿਆਇਆ। ਤਕੜੇ ਦਾ ਸੱਤੀ ਵੀਹੀਂ ਸੌ ਹੋ ਗਿਆ। ਉਧਰ, ਤਾਰੋ ਦਾ ਕਲੇਜਾ ਮੂੰਹ ਨੂੰ ਆਉਣ ਲੱਗਿਆ। ਭਾਨੋ ਭੈਣ ਨੂੰ ਤਸੱਲੀਆਂ ਦਿੰਦੀ ਰਹੀ। ਔਲਾਦ ਖਾਤਰ ਉਸ ਨੇ ਭੈਣ ਨੂੰ ਬਲੀ ਦਾ ਬੱਕਰਾ ਬਣਾ ਲਿਆ ਸੀ।

ਵਿਆਹ ਦੇ ਜਸ਼ਨਾਂ ਤੋਂ ਬਾਅਦ ਹਵੇਲੀ ਦਾ ਮਾਹੌਲ ਆਮ ਵਰਗਾ ਹੋ ਗਿਆ। ਤਾਰੋ ਦਾ ਦੀਵੇ ਵਾਂਗ ਜਗਦਾ ਹੁਸਨ, ਬੁਝਦਾ ਦਿਖਾਈ ਦਿੱਤਾ। ਭਾਨੋ ਨੇ ਉਸ ਨੂੰ ਗਹਿਣਿਆਂ ਨਾਲ ਲੱਦ ਦਿੱਤਾ ਸੀ, ਸੂਟਾਂ ਦਾ ਤਾਂ ਕੋਈ ਅੰਤ ਨਹੀਂ ਸੀ, ਪਰ ਵਿਚੇ-ਵਿਚ ਝੋਰਾ ਸੀ ਕਿ ਹਾਣ ਦਾ ਹਾਣੀ ਨਹੀਂ ਮਿਲਿਆ। ਦਿਲ ਦੇ ਸੁਪਨੇ ਦਿਲ ਵਿਚ ਹੀ ਦਫ਼ਨ ਹੋ ਗਏ ਸਨ। ਨਿਹਾਲ ਸਿੰਘ ਨੇ ਤਾਰੋ ਨੂੰ ਮਜਬੂਰੀ ਤੇ ਹਕੀਕਤ ਸੁਣਾਈ ਸੀ। ਤਾਰੋ ਸਮਝਦੀ ਵੀ ਸੀ, ਪਰ ਮੰਨਣ ਤੋਂ ਇਨਕਾਰੀ ਸੀ।

ਸਾਲ ਬੀਤ ਗਿਆ। ਤਾਰੋ ਵੱਲੋਂ ਖੁਸ਼ੀ ਦੀ ਕੋਈ ਖ਼ਬਰ ਕੰਨੀ ਨਾ ਪਈ। ਭਾਨੋ ਦਾ ਜੀਅ ਘਬਰਾਉਣ ਲੱਗਿਆ। ਉਸ ਨੇ ਆਪਣੇ ਦਿਨਾਂ ਦੀ ਗਿਣਤੀ ਕੀਤੀ ਤਾਂ ਪੰਦਰਾਂ ਦਿਨ ਟੱਪ ਗਏ ਸਨ। ਪਿੰਡ ਦੀ ਦਾਈ ਨੂੰ ਸੱਦਿਆ। ਉਸ ਨੇ ਭਾਨੋ ਦਾ ਪੇਟ ਟੋਹ ਕੇ ਦੱਸਿਆ ਕਿ ਇਹ ਤਾਂ ਮਾਂ ਬਣਨ ਵਾਲੀ ਹੈ। ਹਵੇਲੀ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਨਿਹਾਲ ਸਿੰਘ ਤਾਂ ਤਾਰੋ ਵੱਲ ਦੇਖਦਾ ਸੀ, ਪਰ ਖ਼ਬਰ ਭਾਨੋ ਨੇ ਸੁਣਾ ਦਿੱਤੀ। ਉਹ ਸੋਚਦਾ ਕਿ ਜੇ ਕੁਝ ਸਮਾਂ ਪਰਮਾਤਮਾ 'ਤੇ ਭਰੋਸਾ ਰੱਖ ਲੈਂਦਾ, ਤਾਂ ਇਹ ਗਊ ਕਤਲ ਹੋਣ ਤੋਂ ਬਚ ਜਾਂਦੀ। ਹਵੇਲੀ ਨੂੰ ਹੁਣ ਵਾਰਸ ਮਿਲਣ ਦੀ ਆਸ ਬੱਝ ਗਈ ਸੀ।

ਭਾਨੋ ਨੂੰ ਪੰਜਵਾਂ ਮਹੀਨਾ ਸ਼ੁਰੂ ਹੋ ਗਿਆ ਸੀ ਕਿ ਇਕ ਦਿਨ ਤਾਰੋ ਨੂੰ ਉਲਟੀਆਂ ਲੱਗ ਗਈਆਂ। ਦਾਈ ਨੂੰ ਫਿਰ ਸੱਦਿਆ ਗਿਆ। ਦਾਈ ਨੇ ਆਉਂਦਿਆਂ ਹੀ ਦੱਸ ਦਿੱਤਾ, "ਸਰਦਾਰਾ! ਹੁਣ ਤੇਰੇ ਦੋਵੇਂ ਹੱਥ ਲੱਡੂ ਆ ਗਏ। ਤੂੰ ਇਕ ਭਰੀ ਕੁੱਖ ਨੂੰ ਉਡੀਕਦਾ ਸੀ, ਇਧਰ ਦੋਵੇਂ ਕੁੱਖਾਂ ਭਰ ਗਈਆਂ।" ਨਿਹਾਲ ਸਿੰਘ ਨੇ ਉਂਗਲ ਵਿਚੋਂ ਛਾਪ ਲਾਹ ਕੇ ਦਾਈ ਦੇ ਬੁੱਕ ਵਿਚ ਰੱਖ ਦਿੱਤੀ। ਦਾਈ ਤੋਂ ਚਾਅ ਨਾ ਚੁੱਕਿਆ ਜਾਵੇ। ਭਾਨੋ ਤੇ ਤਾਰੋ ਦੋਵਾਂ ਦਾ ਬੜਾ ਖਿਆਲ ਰੱਖਿਆ ਜਾਂਦਾ। ਨਿਹਾਲ ਸਿੰਘ ਵਿਹੜੇ ਵਿਚ ਬੈਠਾ ਦੁਨਾਲੀ ਸਾਫ਼ ਕਰਦਾ ਬੋਲਿਆ, "ਭਾਨ ਕੁਰੇ! ਮੈਂ ਆਪਣੇ ਪੁੱਤ ਦਾ ਨਾਂ ਨਵਾਬ ਸਿੰਘ ਰੱਖਣਾ।"

"ਪਹਿਲਾਂ ਇੰਜ ਨਹੀਂ ਕਹੀਦਾ। ਕੀ ਪਤਾ ਕੁੜੀ ਹੋਵੇ, ਫਿਰ ਕੀ ਨਾਂ ਰੱਖੋਗੇ?" ਭਾਨੋ ਨੇ ਕਿਹਾ।

"ਕੁੜੀ ਤਾਂ ਹੋਣੀ ਨਹੀਂ। ਜੇ ਹੋਈ ਤਾਂ ਉਸ ਦਾ ਨਾਂ ਨਸੀਬ ਕੌਰ ਰੱਖਾਂਗਾ। ਨਸੀਬਾਂ ਵਾਲੀ ਹੋਵੇਗੀ ਜਿਸ ਦੀ ਪਹਿਲੀ ਕਿਲਕਾਰੀ ਹਵੇਲੀ ਵਿਚ ਗੂੰਜੇਗੀ।" ਨਿਹਾਲ ਸਿੰਘ ਨੇ ਦੁਨਾਲੀ ਮੰਜੇ 'ਤੇ ਰੱਖਦਿਆਂ ਕਿਹਾ।

ਭਾਨੋ ਦਾ ਸਮਾਂ ਨੇੜੇ ਆਉਣ ਲੱਗਿਆ ਤੇ ਤਾਰੋ ਅੱਧ ਵਿਚ ਪਹੁੰਚਣ ਵਾਲੀ ਸੀ। ਭਾਨੋ ਨੇ ਨਸੀਬ ਕੌਰ ਨੂੰ ਜਨਮ ਦਿੱਤਾ। ਨਿਹਾਲ ਸਿੰਘ ਖੁਸ਼ ਤਾਂ ਹੋਇਆ, ਪਰ ਜਿਵੇਂ ਉਹਦਾ ਪੁੱਤ ਬੁੱਕਲ ਵਿਚੋਂ ਖਿਸਕ ਗਿਆ ਹੋਵੇ, ਤੇ ਧੀ ਦੀ ਬਾਂਹ ਫੜ ਹੋ ਗਈ ਹੋਵੇ। ਹੁਣ ਨਿਹਾਲ ਸਿੰਘ ਦਾ ਸਾਰਾ ਧਿਆਨ ਤਾਰੋ ਵੱਲ ਲੱਗਿਆ ਰਹਿੰਦਾ। ਤਾਰੋ ਨੇ ਵੀ ਧੀ ਨੂੰ ਜਨਮ ਦਿੱਤਾ। ਹਵੇਲੀ ਦੀਆਂ ਆਸਾਂ ਵਾਲੇ ਦੀਵੇ ਬੁਝ ਗਏ। ਦੋ-ਚਾਰ ਦਿਨ ਸੋਗ ਵਿਚ ਡੁੱਬੀ ਹਵੇਲੀ ਫਿਰ ਪਹਿਲੇ ਟਿਕਾਣੇ ਆਉਣ ਲੱਗੀ। ਭਾਨੋ ਤੇ ਤਾਰੋ ਆਪਣੇ ਕਰਮਾਂ ਦੀਆਂ ਕਹਾਣੀਆਂ ਛੇੜ ਲੈਂਦੀਆਂ।

ਭਾਨੋ ਨਸੀਬ ਨੂੰ ਕਹਿੰਦੀ, "ਜੇ ਤੈਂ ਹੀ ਆਉਣਾ ਸੀ ਤਾਂ ਸਾਲ ਪਹਿਲਾਂ ਹੀ ਆ ਜਾਂਦੀ। ਤੇਰੀ ਮਾਸੀ ਤਾਂ ਚਿੰਤਾ ਦੀ ਚਿਤਾ ਉਤੇ ਨਾ ਸੜਦੀ।" ਖੈਰ! ਧੀ ਦੇ ਜਨਮ ਤੋਂ ਬਾਅਦ ਤਾਰੋ ਨੇ ਵੀ ਮਨ ਟਿਕਾ ਲਿਆ ਸੀ। ਨਿਹਾਲ ਸਿੰਘ ਨੇ ਮਨ ਸਮਝਾ ਲਿਆ ਕਿ ਜਵਾਈ ਕਿਹੜਾ ਪੁੱਤਾਂ ਨਾਲੋਂ ਘੱਟ ਹੁੰਦੇ ਨੇ, ਉਹ ਇਕ ਜਵਾਈ ਨੂੰ ਘਰ ਰੱਖ ਲਵੇਗਾ। ਭਾਨੋ ਦੀ ਨਸੀਬ ਕੌਰ ਅਤੇ ਤਾਰੋ ਦੀ ਕਰਮ ਕੌਰ, ਦੋਵੇਂ ਇਕੱਠੀਆਂ ਖੇਡਦੀਆਂ ਵੱਡੀਆਂ ਹੋਈਆਂ। ਇਕੱਠੀਆਂ ਹੀ ਪੜ੍ਹਨ ਲੱਗੀਆਂ। ਦੋਵੇਂ ਹੀ ਪੜ੍ਹਨ ਵਿਚ ਹੁਸ਼ਿਆਰ ਨਿਕਲੀਆਂ। ਨਿਹਾਲ ਸਿੰਘ ਨੇ ਦੋਵਾਂ ਨੂੰ ਪੁੱਤਾਂ ਵਾਂਗ ਪਾਲਿਆ। ਦੋਵੇਂ ਹੀ ਦੁਨਾਲੀ ਦੇ ਫਾਇਰ ਕਰ ਲੈਂਦੀਆਂ। ਘੋੜ-ਸਵਾਰੀ ਵੀ ਕਰ ਲੈਂਦੀਆਂ। ਸਮਾਂ ਬੀਤਿਆ। ਨਸੀਬ ਕੌਰ ਲਈ ਰਿਸ਼ਤਾ ਲੱਭਿਆ ਗਿਆ। ਚੰਗੇ ਖਾਨਦਾਨ ਦੇ ਇਕੱਲੇ ਵਾਰਸ ਦਿਲਬਾਗ ਸਿੰਘ ਨਾਲ ਨਸੀਬ ਕੌਰ ਦਾ ਵਿਆਹ ਕਰ ਦਿੱਤਾ। ਨਿਹਾਲ ਸਿੰਘ ਨੇ ਆਪਣੇ ਸਿਰੋਂ ਭਾਰ ਉਤਾਰ ਦਿੱਤਾ, ਪਰ ਭਾਨੋ ਨੂੰ ਹਵੇਲੀ ਦਾ ਵਿਹੜਾ ਖਾਲੀ ਖਾਲੀ ਜਾਪਦਾ। ਉਸ ਦੀਆਂ ਅੱਖਾਂ ਨਸੀਬ ਕੌਰ ਨੂੰ ਲੱਭਦੀਆਂ।

ਹੁਣ ਵਿਆਹ ਦੀ ਵਾਰੀ ਕਰਮ ਕੌਰ ਦੀ ਸੀ। ਨਿਹਾਲ ਸਿੰਘ ਘਰ-ਜਵਾਈ ਰੱਖਣਾ ਚਾਹੁੰਦਾ ਸੀ। ਫਿਰ ਉਨ੍ਹਾਂ ਨੂੰ ਦਰਮਿਆਨੇ ਜ਼ਿਮੀਂਦਾਰ ਦੇ ਪੁੱਤ ਦਾ ਰਿਸ਼ਤਾ ਲੱਭ ਗਿਆ। ਕਰਮ ਕੌਰ ਇਕ ਵਾਰ ਸਹੁਰੇ ਪੈਰ ਪਾ ਕੇ ਵਾਪਸ ਆ ਗਈ ਤੇ ਹਵੇਲੀ ਵਿਚ ਹੀ ਰਹਿਣ ਲੱਗ ਪਈ। ਉਸ ਦਾ ਪਤੀ ਬਚਨ ਸਿੰਘ ਵੀ ਸਾਊ ਤੇ ਸਿਆਣਾ ਸੀ। ਉਹ ਪਰਮਾਤਮਾ ਦਾ ਸ਼ੁਕਰਗੁਜ਼ਾਰ ਸੀ ਜਿਸ ਨੇ ਨੀਵਿਓਂ ਉਚਾ ਕੀਤਾ ਸੀ। ਉਹ ਆਪਣੇ ਭਰਾਵਾਂ ਦੀ ਭੀੜ ਵਿਚੋਂ ਕਰਮਾਂ ਵਾਲਾ ਨਿਕਲਿਆ ਸੀ। ਨਿਹਾਲ ਸਿੰਘ ਖੁਸ਼ ਸੀ ਕਿ ਦੋਵੇਂ ਜਵਾਈ ਵਧੀਆ ਮਿਲੇ। ਹੁਣ ਉਸ ਨੂੰ ਆਸ ਸੀ ਕਿ ਉਹ ਆਪਣੇ ਦੋਹਤੇ ਦਾ ਮੂੰਹ ਦੇਖ ਲਵੇਗਾ। ਪਰਮਾਤਮਾ ਨੇ ਉਸ ਦੀ ਦਿਲੀ ਖਵਾਹਿਸ਼ ਪੂਰੀ ਕੀਤੀ। ਕਰਮ ਕੌਰ ਨੇ ਪੁੱਤ ਨੂੰ ਜਨਮ ਦਿੱਤਾ।

ਨਿਹਾਲ ਸਿੰਘ ਦੇ ਜਨਮ ਤੋਂ ਬਾਅਦ ਅੱਜ ਫਿਰ ਹਵੇਲੀ ਅੰਦਰੋਂ ਪੁੱਤ ਦੀਆਂ ਕਿਲਕਾਰੀਆਂ ਦੀ ਆਵਾਜ਼ ਸੁਣਾਈ ਦਿੱਤੀ। ਬਚਨ ਸਿੰਘ ਵੀ ਖੁਸ਼ੀ ਵਿਚ ਖੀਵਾ ਹੋ ਗਿਆ। ਭਾਨੋ ਨੇ ਵੀ ਰੱਜ ਕੇ ਖੁਸ਼ੀ ਮਨਾਈ। ਤਾਰੋ ਦੇ ਹੰਝੂ ਖੁਸ਼ੀਆਂ ਵਿਚ ਵਟ ਗਏ। ਹਵੇਲੀ ਦਾ ਵਾਰਸ ਪੈਦਾ ਹੋ ਗਿਆ। ਸੰਤਾਂ, ਮਹਾਂ-ਪੁਰਸ਼ਾਂ ਦੇ ਹਵੇਲੀ ਵਿਚ ਚਰਨ ਪੁਆਏ ਗਏ। ਵਾਰਸ ਦੀ ਭਵਿੱਖਵਾਣੀ ਕਰਵਾਈ ਗਈ। ਕਿਸੇ ਸਿਆਣੇ ਜੋਤਸ਼ੀ ਨੇ ਹਵੇਲੀ ਨੂੰ ਖੰਡਰ ਹੋਇਆ ਦਿਖਾ ਦਿੱਤਾ। ਕਿਸੇ ਨੇ ਵਾਰਸ ਦੀ ਚੜ੍ਹਦੀ ਉਮਰੇ ਮੌਤ ਦਿਖਾ ਦਿੱਤੀ ਤੇ ਕਿਸੇ ਨੇ ਹਵੇਲੀ ਦਾ ਭਾਗ ਜਗਾ ਦਿੱਤਾ।

ਨਸੀਬ ਕੌਰ ਨੂੰ ਵਿਆਹਿਆਂ ਪੰਜ ਸਾਲ ਹੋ ਗਏ ਸਨ, ਪਰ ਕੋਈ ਧੀ-ਪੁੱਤ ਨਾ ਹੋਇਆ। ਉਸ ਦੀ ਸੱਸ ਮਿਹਣੇ ਮਾਰਦੀ ਕਿ ਮਾਂ 'ਤੇ ਗਈ ਹੈ। ਚੌਦਾਂ ਸਾਲਾਂ ਬਾਅਦ ਪੱਥਰ ਜੰਮੂਗੀ। ਨਸੀਬ ਕੌਰ ਸਬਰ ਦਾ ਘੁੱਟ ਪੀ ਜਾਂਦੀ। ਇਧਰ ਭਾਨ ਕੌਰ ਧੀ ਦੇ ਦੁੱਖ ਤੋਂ ਉਦਾਸ ਸੀ। ਧਨ-ਦੌਲਤ ਨਾਲ ਸਭ ਕੁਝ ਖਰੀਦਿਆ ਜਾਂਦਾ, ਪਰ ਪੁੱਤ ਨਹੀਂ। ਭਾਨ ਕੌਰ ਨਿੱਤ ਨੱਕ ਰਗੜਦੀ, ਪਹਿਲਾਂ ਆਪਣੇ ਲਈ ਤੇ ਹੁਣ ਧੀ ਲਈ। ਧਨ-ਦੌਲਤ ਦੀ ਮਾਲਕ ਹੁੰਦਿਆਂ ਵੀ ਉਹ ਗਰੀਬਾਂ ਤੋਂ ਮਾੜੀ ਸੀ, ਪਰ ਅਜੇ ਉਸ ਦੀ ਆਸ ਦਾ ਦੀਵਾ ਜਗਦਾ ਸੀ। ਨਿਹਾਲ ਸਿੰਘ ਬੁੱਢੇ ਅੰਗਾਂ ਨਾਲ ਵਾਰਸ ਨੂੰ ਪਿਆਰ ਕਰਦਾ। ਉਸ ਦੀ ਹਰ ਗੱਲ ਮੰਨਦਾ। ਉਸ ਦੇ ਪਾਲਣ-ਪੋਸਣ ਵਿਚ ਕੋਈ ਕਮੀ ਨਾ ਆਉਣ ਦਿੰਦਾ। ਅਚਾਨਕ ਹਵੇਲੀ ਵਿਚ ਗਮ ਦਾ ਮਾਹੌਲ ਛਾ ਗਿਆ। ਦਿਲ ਦਾ ਦੌਰਾ ਪੈਣ ਕਰ ਕੇ ਭਾਨ ਕੌਰ ਦੀ ਮੌਤ ਹੋ ਗਈ।

ਚੌਦਾਂ ਸਾਲ ਟੱਪ ਗਏ। ਨਸੀਬ ਕੌਰ ਦੇ ਕੋਈ ਬੱਚਾ ਨਾ ਹੋਇਆ। ਉਸ ਦੇ ਘਰਵਾਲੇ ਨੇ ਦੂਜਾ ਵਿਆਹ ਕਰਵਾ ਲਿਆ। ਨਸੀਬ ਕੌਰ ਸਹੁਰਾ ਪਰਿਵਾਰ ਛੱਡ ਕੇ ਵਾਪਸ ਹਵੇਲੀ ਆ ਗਈ। ਆਪਣੀ ਭੈਣ ਕਰਮ ਕੌਰ ਦੇ ਗਲ ਲੱਗ ਰੋਣ ਲੱਗੀ। ਹੁਣ ਸਭ ਦੀਆਂ ਆਸਾਂ ਬੱਸ ਵਾਰਸ ਉਤੇ ਸਨ। ਵਾਰਸ ਵੱਡਾ ਹੋਇਆ, ਪਰ ਉਸ ਦੀਆਂ ਆਦਤਾਂ ਵਿਗੜਨ ਲੱਗੀਆਂ। ਸਵੇਰੇ ਦੇਰ ਨਾਲ ਉਠਣਾ ਤੇ ਰਾਤ ਨੂੰ ਘਰੋਂ ਬਾਹਰ ਰਹਿਣਾ। ਸਮੇਂ ਸਿਰ ਪੜ੍ਹਨ ਵੀ ਨਾ ਜਾਣਾ। ਯਾਰਾਂ-ਦੋਸਤਾਂ ਨੂੰ ਲੈ ਕੇ ਸ਼ਿਕਾਰ ਖੇਡਣ ਤੁਰ ਜਾਣਾ। ਉਹ ਨਿੱਤ ਨਵੇਂ ਉਲਾਂਭੇ ਲਿਆਉਂਦਾ। ਕਰਮ ਕੌਰ ਤੇ ਨਸੀਬ ਬਹੁਤ ਦੁਖੀ ਹੁੰਦੀਆਂ। ਭਾਨ ਕੌਰ ਵਾਂਗ ਇਕ ਦਿਨ ਤਾਰੋ ਵੀ ਤੁਰ ਗਈ। ਨਿਹਾਲ ਸਿੰਘ ਆਪ ਮੌਤ ਮੰਗਣ ਲੱਗਿਆ। ਭਾਨੋ ਤੇ ਤਾਰੋ ਤੋਂ ਬਿਨਾਂ ਉਹ ਵੀ ਜੱਗ 'ਤੇ ਰਹਿਣਾ ਨਹੀਂ ਸੀ ਚਾਹੁੰਦਾ, ਪਰ ਅਜੇ ਉਸ ਨੇ ਹੋਰ ਦੁੱਖ ਦੇਖਣੇ ਸਨ। ਵਾਰਸ ਦੀਆਂ ਵਿਗੜੀਆਂ ਆਦਤਾਂ ਨੇ ਉਸ ਦੀ ਮੌਤ ਸਹੇੜ ਲਈ। ਕਿਸੇ ਨੇ ਦੁਸ਼ਮਣੀ ਕੱਢਦਿਆਂ ਵਾਰਸ ਨੂੰ ਰੁੱਖ ਨਾਲ ਲਟਕਾ ਦਿੱਤਾ।

ਹਵੇਲੀ ਉਤੇ ਸਿਖਰ ਦੁਪਹਿਰੇ ਬਿਜਲੀ ਡਿੱਗ ਪਈ। ਕਰਮ ਕੌਰ ਪੁੱਤ ਦੀ ਮੌਤ ਦੀ ਖ਼ਬਰ ਸੁਣ ਕੇ ਥਾਏਂ ਢੇਰੀ ਹੋ ਗਈ। ਮਾਂ-ਪੁੱਤ ਦੀਆਂ ਅਰਥੀਆਂ ਇਕੋ ਸਮੇਂ ਹੀ ਹਵੇਲੀਓਂ ਨਿਕਲੀਆਂ। ਨਿਹਾਲ ਸਿੰਘ ਟੁੱਟ ਚੁੱਕਾ ਸੀ। ਹਵੇਲੀ ਉਚੀ ਹੁੰਦੀ ਹੋਈ ਵੀ ਨੀਵੀਂ ਹੋ ਗਈ। ਲੋਕ ਉਧਰ ਦਾ ਰਾਹ ਛੱਡਣ ਲੱਗ ਪਏ। ਸਭ ਨੂੰ ਡਰ ਲੱਗਣ ਲੱਗਿਆ। ਹਵੇਲੀ ਵਿਚ ਨਸੀਬ ਕੌਰ ਤੇ ਕਰਮ ਕੌਰ ਦਾ ਘਰਵਾਲਾ ਬਚਨ ਸਿੰਘ ਰਹਿ ਗਿਆ।

ਫਿਰ ਇਕ ਦਿਨ ਨਿਹਾਲ ਸਿੰਘ ਨੇ ਨਸੀਬ ਕੌਰ ਨੂੰ ਬਿਠਾ ਕੇ ਕਿਹਾ, "ਧੀਏ! ਤੂੰ ਬਚਨ ਸਿਉਂ ਨਾਲ ਵਿਆਹ ਕਰਵਾ ਲੈ, ਸ਼ਾਇਦ ਪਰਮਾਤਮਾ ਇਸ ਹਵੇਲੀ ਦਾ ਵਾਰਸ ਵਾਪਸ ਮੋੜ ਦੇਵੇ।" ਬਚਨ ਸਿੰਘ ਨਾਲ ਸਲਾਹ ਕੀਤੀ ਤੇ ਉਹ ਮੰਨ ਗਿਆ। ਦੋਵਾਂ ਨੇ ਗੁਰਦੁਆਰੇ ਜਾ ਕੇ ਅਨੰਦ ਕਾਰਜ ਕਰਵਾ ਲਏ। ਹਵੇਲੀ ਵਿਚ ਮੁੜ ਖੁਸ਼ੀਆਂ ਆਉਣ ਲੱਗੀਆਂ। ਪਿਛਲੀ ਉਮਰੇ ਬਚਨ ਸਿੰਘ ਤੇ ਨਸੀਬ ਕੌਰ ਦੇ ਤਿੰਨ ਪੁੱਤ ਹੋਏ। ਨਿਹਾਲ ਸਿੰਘ ਤਿੰਨੇ ਦੋਹਤੇ ਦੇਖ ਕੇ ਜਹਾਨ ਤੋਂ ਗਿਆ।

ਨਸੀਬ ਕੌਰ ਦੇ ਤਿੰਨੇ ਪੁੱਤ ਗੁਰਸਿੱਖ ਨਿਕਲੇ। ਇਕ ਪੁੱਤ ਨੇ ਖਾੜਕੂ ਸੰਘਰਸ਼ ਵਿਚ ਕਈ ਪੁਲਿਸ ਅਫ਼ਸਰ ਮਾਰੇ ਜਿਨ੍ਹਾਂ ਨੇ ਅਨੇਕਾਂ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰਿਆ ਸੀ। ਅੰਤ ਵਿਚ ਆਪ ਸ਼ਹੀਦੀ ਦਾ ਜਾਮ ਪੀਤਾ। ਪਿੰਡ ਵਾਲੇ ਕਹਿੰਦੇ ਸਨ ਕਿ ਨਿਹਾਲ ਸਿੰਘ ਦੇ ਵਡੇਰੇ ਅੰਗਰੇਜ਼ਾਂ ਦੇ ਮੁਖ਼ਬਰ ਸਨ। ਹਵੇਲੀ ਅਤੇ ਮੁਰੱਬੇ ਮੁਖ਼ਬਰੀ ਦਾ ਹੀ ਇਨਾਮ ਸੀ। ਤਿੰਨ ਪੀੜ੍ਹੀਆਂ ਨੇ ਇਸੇ ਕਰ ਕੇ ਹੀ ਦੁੱਖ ਝੱਲੇ। ਅੰਤ ਸ਼ਹੀਦ ਹੋਏ ਪੁੱਤ ਨੇ ਵਡੇਰਿਆਂ ਦਾ ਦਾਗ ਧੋ ਦਿੱਤਾ। ਦੂਜੇ ਦੋਵੇਂ ਪੁੱਤ ਨਸੀਬ ਕੌਰ ਨੇ ਵਿਆਹ ਲਏ। ਭਰਿਆ ਬਾਗ ਪਰਿਵਾਰ ਛੱਡ ਕੇ ਨਸੀਬ ਕੌਰ ਤੇ ਬਚਨ ਸਿੰਘ ਜਹਾਨੋਂ ਤੁਰ ਗਏ। ਅੱਜ ਹਵੇਲੀ ਨੂੰ ਅੰਗਰੇਜ਼ਾਂ ਦੇ ਪਿੱਠੂ ਨਹੀਂ, ਸ਼ਹੀਦਾਂ ਦੀ ਸ਼ਾਨ ਸਮਝਿਆ ਜਾਂਦਾ ਹੈ। ਸ਼ਹੀਦ ਹੋਏ ਸਿੰਘ ਦੀ ਬਰਸੀ ਹਵੇਲੀ ਵਿਚ ਮਨਾਈ ਜਾਂਦੀ ਹੈ।

# ਪੰਜਾਬੀ ਦਾ ਸ਼ੇਕਸਪੀਅਰ ਗੁਰਬਖਸ਼ ਸਿੰਘ ਪ੍ਰੀਤ ਲੜੀ

*(ਪਿਛਲੇ ਸਫੇ ਦੀ ਬਾਕੀ)*

ਦੀ ਮਹਿਮਾ ਸੁਣ ਕੇ ਇਸ ਨੂੰ ਵੇਖਣ ਲਈ ਮਜਬੂਰ ਹੋ ਗਏ। ਇਨ੍ਹਾਂ ਵਿਚ ਨਾਟਕ ਦੀ ਨਕੜਦਾਦੀ ਨੋਰਾ ਰਿਚਰਡਜ਼, ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ, ਬਲਰਾਜ ਸਾਹਨੀ, ਸ਼ਰੀਫ ਕੁੰਜਾਹੀ, ਹਿੰਦੀ ਲੇਖਕ ਉਪੇਂਦਰ ਨਾਥ ਅਸ਼ਕ, ਫੈਜ਼ ਅਹਿਮਦ ਫੈਜ਼, ਸਾਹਿਰ ਲੁਧਿਆਣਵੀ, ਸੰਤੋਖ ਸਿੰਘ ਧੀਰ, ਭਾਅਜੀ ਗੁਰਸ਼ਰਨ ਸਿੰਘ, ਨਾਵਲਕਾਰ ਗੁਰਦਿਆਲ ਸਿੰਘ ਤੇ ਵਰਿਆਮ ਸਿੰਘ ਸੰਧੂ ਆਦਿ ਦੀ ਲੰਮੀ ਲੜੀ ਸ਼ਾਮਲ ਹੈ। 1941 ਵਿਚ ਰਾਬਿੰਦਰ ਨਾਥ ਟੈਗੋਰ ਨੇ ਆਪਣੇ ਵਿਸ਼ਵ ਭਾਰਤੀ ਵਿਸ਼ਵ-ਵਿਦਿਆਲੇ ਦੇ ਉਪ ਕੁਲਪਤੀ ਗੁਰਦਿਆਲ ਮਲਿਕ ਨੂੰ ਪ੍ਰੀਤ ਨਗਰ ਦਾ 'ਸ਼ਾਂਤੀ ਨਿਕੇਤਨ' ਵੇਖਣ ਲਈ ਭੇਜਿਆ। ਉਹ ਇੰਨੇ ਪ੍ਰਭਾਵਿਤ ਹੋਏ ਕਿ ਲਿਖਿਆ, "ਮੇਰੇ ਲਈ ਪ੍ਰੀਤ ਨਗਰ ਸ਼ਾਂਤੀ ਨਿਕੇਤਨ ਦੀ ਭੈਣ ਹੈ।" 23 ਮਈ, 1942 ਨੂੰ ਜਵਾਹਰ ਲਾਲ ਨਹਿਰੂ ਵੀ ਇਹ ਨਗਰ ਵੇਖਣ ਆਏ। ਉਨ੍ਹਾਂ ਸਕੂਲ ਦੇ ਬੱਚਿਆਂ ਨੂੰ ਸੰਦੇਸ਼ ਦਿੱਤਾ, "ਮੈਂ ਸਾਰੀਆਂ ਸ਼ੁਭ ਇਛਾਵਾਂ ਇਸ ਅੰਦੋਲਨ ਨੂੰ ਦਿੰਦਾ ਹਾਂ ਜਿਹੜਾ ਉਤਸ਼ਾਹ ਤੇ ਆਦਰਸ਼ਾਂ ਨਾਲ ਭਰਪੂਰ ਹੈ। ਅੱਜ ਦੀ ਬੇ-ਸੁਰ ਤੇ ਝਗੜੇ-ਝਾਂਜਿਆਂ ਭਰੀ ਦੁਨੀਆਂ ਵਿਚ ਚੰਗੇ ਆਦਮੀਆਂ ਤੇ ਇਸਤਰੀਆਂ ਨੂੰ ਇਸ ਦਲੇਰ ਕੋਸ਼ਿਸ਼ ਵਿਚ ਜੁਟਿਆਂ ਵੇਖ ਕੇ ਖੁਸ਼ੀ ਹੁੰਦੀ ਹੈ।"



*ਮਈ 1942 ਨੂੰ ਪ੍ਰੀਤ ਨਗਰ ਵਿਚ ਜਵਾਹਰ ਲਾਲ ਨਹਿਰੂ।*

1947 ਦੀ ਖੂਨੀ ਹਨੇਰੀ ਨੇ ਪ੍ਰੀਤ ਨਗਰ ਨੂੰ ਉਜਾੜ ਦਿੱਤਾ। ਬਾਰਡਰ 'ਤੇ ਹੋਣ ਕਰ ਕੇ ਸਾਰੇ ਪ੍ਰੀਤ ਸੈਨਿਕ ਇਸ ਨੂੰ ਛੱਡ ਗਏ। ਜਿਨ੍ਹਾਂ ਪਖੰਡੀ ਬਾਬਿਆਂ ਦੇ ਬਰਖਿਲਾਫ਼ ਗੁਰਬਖਸ਼ ਸਿੰਘ ਨੇ ਲਿਖਿਆ, ਉਹ ਉਸ ਦੇ ਵਸਾਏ ਪ੍ਰੀਤ ਨਗਰ ਦੇ ਆਲੇ-ਦੁਆਲੇ ਖੁੰਬਾਂ ਵਾਂਗ ਉਗ ਰਹੇ ਨੇ। ਅਜੋਕਾ ਪ੍ਰੀਤ ਨਗਰ ਗੁਰਬਖਸ਼ ਸਿੰਘ ਦੇ ਸੁਪਨਿਆਂ ਨੂੰ ਡੂੰਘਾ ਦਫ਼ਨ ਕਰ ਚੁੱਕਾ ਹੈ। ਪ੍ਰੀਤ ਨਹੀਂ, ਸਨੇਹ ਨਹੀਂ, ਇਕ ਦੂਜੇ ਪ੍ਰਤੀ ਸੰਵੇਦਨਾ ਨਹੀਂ; ਜੇ ਹੈ ਤਾਂ ਬੱਸ ਈਰਖਾ, ਸਾੜਾ, ਨਿੱਜੀ ਮੁਫਾਦ, ਮਤਲਬ। ਪ੍ਰੀਤ ਫ਼ਲਸਫ਼ੇ ਦਾ ਮਜ਼ਾਰ, ਸਹਿਜ ਪ੍ਰੀਤ ਦੇ ਜਾਦੂ ਦੀ ਕਬਰ ਤੇ ਮੁਹੱਬਤੀ ਸੁਪਨੇ ਦੀ ਦਰਗਾਹ! ਹੁਣ 'ਗੁਰਬਖਸ਼ ਸਿੰਘ ਨਾਨਕ ਸਿੰਘ ਫਾਊਂਡੇਸ਼ਨ' ਦੀ ਸਥਾਪਨਾ ਨਾਲ ਇਸ ਦੇ ਪੁਨਰਵਾਸ ਦੀ ਆਸ ਬੱਝੀ ਹੈ। ਕੇਵਲ ਧਾਲੀਵਾਲ ਮਹੀਨੇ ਦੇ ਤੀਜੇ ਬੁੱਧਵਾਰ ਉਥੇ ਨਾਟਕ ਖੇਡਦਾ ਹੈ।

ਪੰਜਾਬੀ ਜ਼ੁਬਾਨ ਦਾ ਸ਼ੇਕਸਪੀਅਰ ਤੇ ਪ੍ਰੀਤਾਂ ਦਾ ਪਹਿਰੇਦਾਰ 20 ਅਗਸਤ, 1977 ਨੂੰ ਵਿਛੋੜਾ ਦੇ ਗਿਆ। ਉਨ੍ਹਾਂ ਦਾ ਕਹਿਣਾ ਸੀ, "ਮਨੁੱਖ ਜ਼ਿੰਦਗੀ ਦੇ ਸਕੂਲ ਦਾ ਵਿਦਿਆਰਥੀ ਹੈ, ਜੰਮਣ ਤੋਂ ਲੈ ਕੇ ਮਰਨ ਤੱਕ ਸਿੱਖਦਾ ਰਹਿੰਦਾ ਹੈ।" ਸੂਰਜ ਛਿਪ ਗਿਆ, ਪਰ ਬਹੁਤ ਦੇਰ ਤੱਕ ਆਕਾਸ਼ ਨੂੰ ਲਾਲ ਕਰ ਗਿਆ।

## ਸਿੱਲ੍ਹੀਆਂ ਹਵਾਵਾਂ...

ਗੂੰਜਦੇ ਨੇ ਵੈਣ ਉਥੇ ਬੇਕਸੂਰ ਮਾਂਵਾਂ ਦੇ,
ਹੁੰਦੇ ਨੇ ਕਤਲ ਰੋਜ਼ ਸੱਧਰਾਂ ਤੇ ਚਾਅਵਾਂ ਦੇ।
ਸੱਖਣੇ ਨੇ ਅਨੇਕਾਂ ਹੀ ਦਰ,
ਜਿਥੇ ਨਾ ਆਵੇ ਕੋਈ ਨਜ਼ਰ।
ਟੁੱਟੇ ਸ਼ੀਸ਼ੇ ਨੇ ਤੇ ਟੁੱਟੇ ਨੇ ਮਹਿਲ ਮਾੜੀਆਂ।
ਅੱਜ ਵੀ ਤਾਂ ਸਿੱਲ੍ਹੀਆਂ ਨੇ
ਹਵਾਵਾਂ ਮੇਰੇ ਪੰਜਾਬ ਵਾਲੀਆਂ।

ਕੋਈ ਦੱਸੋ ਫਕੀਰ ਜਿਹਦੀ ਦੂਆ ਹੋਵੇ ਤਾਮੀਰ,
ਜਿਹੜਾ ਮੋੜ ਲਿਆਵੇ ਰੂਸੀ ਹੋਈ ਤਕਦੀਰ।
ਮੁੜ ਬੰਨੇ ਅੰਮੀ ਸ਼ਗਨਾਂ ਦੇ
ਗਾਨੇ ਅਤੇ ਸਿਹਰੇ
ਮਾਹੀ ਨੂੰ ਉਡੀਕੇ ਸੋਹਣੀ
ਬੰਨ ਸੱਗੀ ਫੁੱਲ ਤੇ ਕਲੀਏ।
ਲੈਣ ਭੈਣਾਂ ਤੇ ਭਾਬੀਆਂ ਵੀ
ਸੂਹੀਆਂ ਫੁਲਕਾਰੀਆਂ।
ਕੋਈ ਆਖੋ ਹੁਣ ਤੇਰੇ ਦੇਸ ਨੂੰ
ਬਹਾਰਾਂ ਮੁੜਨ ਵਾਲੀਆਂ।

*-ਦਵਿੰਦਰ ਕੌਰ ਕੈਨੇਡਾ*

# ਸੰਪਾਦਕ ਦੀ ਡਾਕ

## ਰੋਸ ਪ੍ਰਗਟਾਉਣ ਤੋਂ ਵੀ ਜਾਂਦੇ ਰਹੇ?

**ਮਾਣਯੋਗ ਸੰਪਾਦਕ ਜੀ,**

ਬੀਤੇ ਹਫਤੇ ਵਾਲੇ 'ਪੰਜਾਬ ਟਾਈਮਜ਼' ਵਿਚ ਪ੍ਰੋ. ਹਰਪਾਲ ਸਿੰਘ ਪਨੂੰ ਦੇ 'ਭਗਵਾਨ ਪਰਸੂ ਰਾਮ' ਬਾਰੇ ਲਿਖੇ ਗੋਰਖ-ਧੰਦਾ ਜਿਹੇ ਲੇਖ ਵਿਚੋਂ ਬੱਸ ਇਹੀ ਗੱਲ ਪੱਲੇ ਪਈ, 'ਕੁਹਾੜਾ ਰਾਮ ਦਾ ਖੂਨ ਨਾਲ ਲੱਥ ਪੱਥ, ਕੁਹਾੜਾ ਅਤੇ ਵਰ-ਸਰਾਪ।' ਇਸ ਮਿਥਿਹਾਸਕ ਪ੍ਰਸੰਗ ਉਤੇ ਕੋਈ ਟੀਕਾ ਟਿੱਪਣੀ ਕਰੇ ਬਗੈਰ, ਮੈਂ ਇਹ ਸਵਾਲ ਕਰਨਾ ਚਾਹੁੰਦਾ ਹਾਂ ਕਿ ਖੂਨ-ਖਰਾਬੇ ਤੇ ਵੱਢ-ਵਢਾਂਗੇ ਵਾਲੀ ਇਸ ਕਥਾ ਦੇ 'ਨਾਇਕ' ਦਾ ਯੂਨੀਵਰਸਿਟੀ ਨਾਲ ਕੀ ਸਬੰਧ ਹੋਇਆ? ਯੂਨੀਵਰਸਿਟੀ ਵੀ ਪੰਜਾਬੀ ਖਿੱਤੇ ਦੀ, ਜਿਸ ਵਿਚ ਦਯਾ-ਧਰਮ ਜਿਹੇ ਮਹਾਂ ਮਾਨਵੀ ਗੁਣਾਂ ਦਾ ਪ੍ਰਚਾਰ ਕਰਨ ਵਾਲੇ ਗੁਰੂਆਂ-ਪੀਰਾਂ ਨੇ 'ਨਾ ਕੋ ਬੈਰੀ ਨਾਹਿ ਬਿਗਾਨਾ' ਦੇ ਫਲਸਫੇ ਦੀ ਬੁਨਿਆਦ ਰੱਖੀ। ਉਥੇ ਇਕ ਵਰਗ ਦੇ ਖੂਨ ਦੇ ਪਿਆਸੇ ਪਰਸੂ ਰਾਮ ਦਾ ਕੀ ਕੰਮ?

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ 'ਪਰਸੂ ਰਾਮ ਚੇਅਰ' ਦਾ ਰਸਮੀ ਉਦਘਾਟਨ ਕਰਨ ਆਏ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਇਕ ਇੰਟਰਵਿਊ ਵਿਚ ਸਪਸ਼ਟ ਕਿਹਾ ਸੀ, 'ਮੈਂ ਕਿਤਾਬਾਂ ਨਹੀਂ ਪੜ੍ਹਦਾ।' ਸ਼ਾਇਦ ਇਸੇ ਕਰਕੇ ਹੀ ਉਹ ਪੰਜਾਬ ਦੇ ਵਿਦਿਅਕ ਅਦਾਰਿਆਂ ਨਾਲ ਵੈਰ ਕਮਾ ਰਹੇ ਹਨ। ਪਹਿਲਾਂ ਉਨ੍ਹਾਂ ਨਾਮਧਾਰੀ ਭਰਾਵਾਂ ਦੀਆਂ ਵੋਟਾਂ ਖਿੱਚਣ ਲਈ ਗੁਰੂ ਨਾਨਕ ਸਾਹਿਬ ਦੇ ਨਾਂ ਵਾਲੀ ਯੂਨੀਵਰਸਿਟੀ ਵਿਚ ਬਾਬਾ ਰਾਮ ਸਿੰਘ ਜੀ ਦੀ 'ਸਤਿਗੁਰੂ ਰਾਮ ਸਿੰਘ ਚੇਅਰ' ਸਥਾਪਤ ਕੀਤੀ। ਹੁਣ ਪਟਿਆਲਾ ਵਿਚ ਹਿੰਦੂ ਭਰਾਵਾਂ ਦੀਆਂ ਵੋਟਾਂ ਖਾਤਰ ਪਰਸੂ ਰਾਮ ਦਾ ਖੂਨੀ ਕੁਹਾੜਾ ਯੂਨੀਵਰਸਿਟੀ ਵਿਚ ਲਿਆ ਵਾੜਿਆ ਹੈ।

ਹੈਰਾਨੀ ਦੀ ਗੱਲ ਇਕ ਹੋਰ ਇਹ ਹੈ ਕਿ ਸਿਆਸੀ ਆਗੂਆਂ ਦੀਆਂ ਆਪ-ਹੁਦਰੀਆਂ ਵਿਰੁਧ ਕੋਈ ਰੋਸ ਵੀ ਨਹੀਂ ਪ੍ਰਗਟਾਉਂਦਾ? ਜਿਵੇਂ ਬੀਤੇ ਦਿਨੀਂ ਫਾਂਸੀ ਲਾਏ ਗਏ ਯਾਕੂਬ ਮੈਮਨ ਲਈ ਹਾਅ ਦਾ ਨਾਅਰਾ ਮਾਰਦਿਆਂ ਸੁਪਰੀਮ ਕੋਰਟ ਦੇ ਇਕ ਰਜਿਸਟਰਾਰ ਨੇ ਆਹੁਦੇ ਤੋਂ ਅਸਤੀਫਾ ਦੇ ਦਿੱਤਾ, ਪਰ ਯੂਨੀਵਰਸਿਟੀ ਦੇ ਅਕਾਦਮਿਕ ਮਾਹੌਲ ਵਿਚ ਪਰਸੂ ਰਾਮ ਠੋਸਣ ਵੇਲੇ ਕਿਸੇ ਵਾਈਸ ਚਾਂਸਲਰ, ਕਿਸੇ ਪ੍ਰੋਫੈਸਰ, ਕਿਸੇ ਵਿਭਾਗ ਦੇ ਮੁਖੀ ਨੇ ਰੋਸ ਨਹੀਂ ਜਤਾਇਆ। ਸਾਰੇ ਹੀ ਊਂਧੀਆਂ ਪਾ ਕੇ ਤਾੜੀਆਂ ਮਾਰਨ ਵਾਲੇ 'ਤਮਾਸ਼ਬੀਨ' ਹੀ ਬਣ ਗਏ! ਰੋਸ ਤਾਂ ਹੀ ਜਾਗੇ, ਜੇ ਦਿਲ ਵਿਚ ਅਣਖ ਹੋਵੇ!

*-ਫਕੀਰ ਚੰਦ ਸੈਂਪਲਾ, ਐਲ ਏ।*

# 'ਅੰਗਰੇਜ਼' ਦੀ ਅਸਲੀਅਤ










**ਰੌਸ਼ਨੀ ਖੇਤਲ**

ਗਾਇਕ ਅਮਰਿੰਦਰ ਗਿੱਲ ਦੀ ਪੰਜਾਬੀ ਫਿਲਮ 'ਅੰਗਰੇਜ਼' ਦੀ ਅੱਜ ਕੱਲ੍ਹ ਚਰਚਾ ਹੈ ਅਤੇ ਲੋਕਾਂ ਨੇ ਫਿਲਮ ਪਸੰਦ ਵੀ ਖੂਬ ਕੀਤੀ ਹੈ। ਫਿਲਮ ਦੀ ਤਰੀਫ਼ ਵਿਚ ਹਰ ਪਾਸਿਉਂ ਸਿਰਫ਼ ਇਕ ਹੀ ਫਿਕਰਾ ਦੁਹਰਾਇਆ ਜਾ ਰਿਹਾ ਹੈ ਕਿ ਇਸ ਵਿਚ ਪੁਰਾਣੇ ਪੰਜਾਬ ਦੇ ਸਭਿਆਚਾਰ ਦਾ ਪੂਰਾ ਠੁੱਕ ਬੰਨ੍ਹਿਆ ਗਿਆ ਹੈ। ਫਿਲਮ ਦੇ ਲੇਖਕ ਅੰਬਰਦੀਪ ਸਿੰਘ ਅਤੇ ਨਿਰਦੇਸ਼ਕ ਸਿਮਰਜੀਤ ਸਿੰਘ ਨੇ ਫਿਲਮ ਵਿਚ ਸਭਿਆਚਾਰ ਨੂੰ ਠੀਕ ਹੀ ਠੁੱਕ ਵਿਚ ਬੰਨ੍ਹ ਕੇ ਪੇਸ਼ ਕੀਤਾ ਹੈ, ਪਰ ਸਭਿਆਚਾਰ ਦਾ ਇਹ ਰੰਗ ਪੇਸ਼ ਕਰਦਿਆਂ ਅਤੇ ਫਿਲਮ ਦੀ ਕਹਾਣੀ ਨੂੰ ਨਵਾਂ ਰੂਪ ਦਿੰਦਿਆਂ ਉਨ੍ਹਾਂ ਕਹਾਣੀ ਹੋਰ ਦੀ ਹੋਰ ਬਣਾ ਦਿੱਤੀ। ਇਹ ਵੱਖਰੀ ਗੱਲ ਹੈ ਕਿ ਆਮ ਦਰਸ਼ਕ ਦਾ ਧਿਆਨ ਕਹਾਣੀ ਦੀ ਇਸ ਭੰਨ-ਤੋੜ ਅਤੇ ਖਾਮੀਆਂ ਵੱਲ ਘੱਟ ਜਾਂਦਾ ਹੈ ਅਤੇ ਸਾਰਾ ਧਿਆਨ ਸਭਿਆਚਾਰ ਦੀ ਲਗਾਤਾਰ ਵੱਜ ਰਹੀ ਡੁਗ-ਡੁਗੀ ਉਤੇ ਲੱਗਾ ਰਹਿੰਦਾ ਹੈ। ਇਹ ਡੁਗ-ਡੁਗੀ ਵਜਾਉਂਦਿਆਂ ਫਿਲਮ ਦੇ ਵਧੀਆ ਕਲਾਈਮੈਕਸ ਦਾ ਵੀ ਸੱਤਿਆਨਾਸ ਕਰ ਦਿੱਤਾ ਗਿਆ। ਕਲਾਈਮੈਕਸ ਦਾ ਭੇਤ ਖੁੱਲ੍ਹਣ ਤੋਂ ਬਾਅਦ ਫਿਲਮ ਨੂੰ ਇੰਨਾ ਜ਼ਿਆਦਾ ਲਮਕਾ ਦਿੱਤਾ ਹੈ ਕਿ ਅਕੇਵਾਂ ਹੋਣ ਲਗਦਾ ਹੈ।

ਦੂਜੇ ਪਾਸੇ ਸਟਾਰ ਗਾਇਕ ਅਮਰਿੰਦਰ ਗਿੱਲ ਦੀ ਅਦਾਕਾਰੀ ਵੀ ਫਿਲਮ ਵਿਚ ਖਾਸ ਉਡਾਣ ਭਰਨ ਵਿਚ ਨਾਕਾਮ ਰਹਿ ਜਾਂਦੀ ਹੈ। ਉਸ ਨਾਲੋਂ ਤਾਂ ਉਸ ਦਾ ਸ਼ਰੀਕ, ਗਾਇਕ ਐਮੀ ਵਿਰਕ ਹੀ ਛਾਇਆ ਰਹਿੰਦਾ ਹੈ। ਅਸਲ ਵਿਚ ਅਮਰਿੰਦਰ ਗਿੱਲ ਚੰਗਾ ਗਾਇਕ ਜ਼ਰੂਰ ਹੈ, ਪਰ ਅਦਾਕਾਰੀ ਉਸ ਦੇ ਵੱਸ ਦਾ ਰੋਗ ਨਹੀਂ ਜਾਪਦੀ। ਇਸੇ ਕਰ ਕੇ ਉਹ ਮਾਹੌਲ ਮੁਤਾਬਕ ਚਿਹਰੇ ਦਾ ਹਾਵ-ਭਾਵ ਬਦਲਣ ਵਿਚ ਬਹੁਤ ਪਿਛਾਂਹ ਰਹਿ ਜਾਂਦਾ ਹੈ। ਨਾਇਕਾਵਾਂ ਵਿਚੋਂ ਸਰਗੁਣ ਮਹਿਤਾ, ਅਦਿਤੀ ਸ਼ਰਮਾ ਨਾਲੋਂ ਵਧੇਰੇ ਨੰਬਰ ਲੈ ਗਈ ਹੈ। ਉਸ ਨੇ ਧਨ ਕੌਰ ਦਾ ਕਿਰਦਾਰ ਬੜੀ ਜਾਨ ਨਾਲ ਨਿਭਾਇਆ ਹੈ। ਆਪਣੇ ਹਰ ਸੀਨ ਵਿਚ ਉਹ ਦਰਸ਼ਕਾਂ ਨੂੰ ਕਾਇਲ ਕਰਦੀ ਹੈ। ਬੀਨੂ ਢਿੱਲੋਂ ਨੂੰ ਹੋਰ ਫਿਲਮਾਂ ਵਾਂਗ ਇਸ ਫਿਲਮ ਵਿਚ ਹੀ ਮਸਖਰਿਆਂ ਵਾਲਾ ਕਿਰਦਾਰ ਮਿਲਿਆ ਹੈ। ਉਸ ਦੀ ਅਦਾਕਾਰੀ ਦੀ ਥਹੁ ਪੈਣੀ ਅਜੇ ਬਾਕੀ ਹੈ। ਕਿਸੇ ਨਿਰਦੇਸ਼ਕ ਨੇ ਅਜੇ ਉਸ ਦੀ ਉਮਦਾ ਕਲਾਕਾਰੀ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਹੈ। ਪੰਜਾਬੀ ਫਿਲਮਾਂ ਵਿਚ ਸਾਰਾ ਜ਼ੋਰ ਫਿਲਮ ਦੇ ਗਾਇਕ ਮਾਰਕਾ ਨਾਇਕ ਉਤੇ ਹੀ ਲੱਗ ਜਾਂਦਾ ਹੈ। ਸਰਦਾਰ ਸੋਹੀ ਅਜਿਹਾ ਅਦਾਕਾਰ ਹੈ ਜਿਹੜਾ ਹਰ ਕਿਰਦਾਰ ਵਿਚ ਜਾਨ ਪਾ ਦਿੰਦਾ ਹੈ। ਫਿਲਮ ਦਾ ਸੰਗੀਤ ਧਿਆਨ ਖਿੱਚਦਾ ਹੈ। ਜਤਿੰਦਰ ਸ਼ਾਹ ਨੇ ਮਾਹੌਲ ਮੁਤਾਬਕ ਖੂਬ ਸੁਰਾਂ ਛੇੜੀਆਂ ਹਨ।







# ਅਮਿਤ ਕੁਮਾਰ: ਸੁਰਾਂ ਦੀਆਂ ਛਹਿਬਰਾਂ

ਹਿੰਦੀ ਫਿਲਮੀ ਦੁਨੀਆਂ ਨੂੰ ਦੋ ਦਹਾਕੇ ਪਹਿਲਾਂ ਅਲਵਿਦਾ ਆਖ ਚੁੱਕੇ ਗਾਇਕ ਕਿਸ਼ੋਰ ਕੁਮਾਰ ਦੇ ਫਰਜ਼ੰਦ ਅਮਿਤ ਕੁਮਾਰ ਨੇ ਹੁਣ ਆਪਣੇ ਪਿਤਾ ਦੇ 86ਵੇਂ ਜਨਮ ਦਿਨ ਮੌਕੇ ਐਲਬਮ 'ਬਾਬਾ ਮੇਰੇ' ਰਿਲੀਜ਼ ਕੀਤੀ ਹੈ। ਫਿਲਮ ਵਿਚ ਕੁੱਲ 6 ਗਾਣੇ ਹਨ ਅਤੇ ਇਸ ਦਾ ਟਾਈਟਲ ਗੀਤ ਕਿਸ਼ੋਰ ਕੁਮਾਰ ਦੀ ਪੋਤੀ ਤੇ ਅਮਿਤ ਕੁਮਾਰ ਦੀ 10 ਵਰ੍ਹਿਆਂ ਦੀ ਧੀ ਮੁਕਤਿਕਾ ਗਾਂਗੁਲੀ ਨੇ ਗਾਇਆ ਹੈ।


ਅਮਿਤ ਕੁਮਾਰ ਦਾ ਕਹਿਣਾ ਹੈ ਕਿ ਹਿੰਦੀ ਫਿਲਮਾਂ ਦੇ ਸੰਗੀਤ ਜਗਤ ਵਿਚ ਆਏ ਨਿਘਾਰ ਕਾਰਨ ਹੀ ਉਹ ਇਸ ਤੋਂ ਲਾਂਭੇ ਹੋਇਆ ਹੈ। ਉਹ ਆਖਦਾ ਹੈ ਕਿ ਇਸ ਦੁਨੀਆਂ ਵਿਚ ਕਲਾ ਦੀ ਕੋਈ ਕਦਰ ਹੀ ਨਹੀਂ ਕਰਦਾ; ਬਲਕਿ ਸੰਗੀਤ ਕੰਪਨੀਆਂ ਅਤੇ ਨਿਰਮਾਤਾਵਾਂ ਦੀ ਚਾਪਲੂਸੀ ਕਰਨ ਵਾਲਿਆਂ ਨੂੰ ਹੀ ਵਧੇਰੇ ਮੌਕੇ ਮਿਲਦੇ ਹਨ। ਹੁਣ ਉਹ ਖੁਦ ਦੋ ਦਹਾਕਿਆਂ ਤੋਂ ਸਟੇਜ ਪ੍ਰੋਗਰਾਮ ਕਰ ਕੇ ਆਪਣੀਆਂ ਸੁਰਾਂ ਛੇੜਨ ਦਾ ਝੱਸ ਪੂਰਾ ਕਰ ਰਿਹਾ ਹੈ। ਉਸ ਨੇ 'ਕੁਮਾਰ ਬ੍ਰਦਰਜ਼ ਮਿਊਜਿਕ' ਨਾਂ ਹੇਠ ਕੰਪਨੀ ਬਣਾਈ ਹੈ ਜਿਸ ਵਿਚ ਉਸ ਦਾ ਹੱਥ ਉਸ ਦਾ ਛੋਟਾ ਭਰਾ ਸੁਮੀਤ ਕੁਮਾਰ ਵੀ ਵਟਾ ਰਿਹਾ ਹੈ।

ਅਮਿਤ ਨੇ ਆਪਣੇ ਦੌਰ ਵਿਚ ਕਈ ਹਿੰਦੀ ਫਿਲਮਾਂ ਵਿਚ ਗੀਤ ਗਾਏ, ਪਰ ਉਹ ਆਪਣੇ ਪਿਤਾ ਕਿਸ਼ੋਰ ਕੁਮਾਰ ਦੀ ਛਾਂ ਹੇਠੋਂ ਨਾ ਨਿਕਲ ਸਕਿਆ। ਦੂਜੇ, ਉਸ ਦੀ ਆਵਾਜ਼, ਤਕਰੀਬਨ ਕਿਸ਼ੋਰ ਕੁਮਾਰ ਨਾਲ ਮਿਲਦੀ-ਜੁਲਦੀ ਸੀ। ਇਸ ਲਈ ਸਰੋਤਿਆਂ ਨੇ ਉਸ ਨੂੰ ਦੂਜੇ ਕਿਸ਼ੋਰ ਕੁਮਾਰ ਵਜੋਂ ਸਵੀਕਾਰ ਨਹੀਂ ਕੀਤਾ। ਫਿਰ ਉਹ ਖੁਦ ਹੀ ਫਿਲਮੀ ਦੁਨੀਆਂ ਤੋਂ ਕਿਨਾਰਾ ਕਰ ਗਿਆ। ਹੁਣ ਉਹ ਦੋ ਦਹਾਕਿਆਂ ਬਾਅਦ ਆਪਣੀ ਧੀ ਮੁਕਤਿਕਾ ਗਾਂਗੁਲੀ ਨੂੰ ਕਿਸ਼ੋਰ ਕੁਮਾਰ ਦੀ ਵਿਰਾਸਤ ਦਾ ਹਿੱਸਾ ਜਚਾ ਕੇ ਸੁਰਾਂ ਦੇ ਪਿੜ ਵਿਚ ਉਤਰਿਆ ਹੈ। ਉਸ ਨੂੰ ਆਸ ਹੈ ਕਿ ਮੁਕਤਿਕਾ ਉਸ ਤੋਂ ਅਗਾਂਹ ਜਾਵੇਗੀ।



*ਪਿਉ-ਪੁੱਤ ਦੀ ਜੁਗਲਬੰਦੀ: ਕਿਸ਼ੋਰ ਕੁਮਾਰ ਅਤੇ ਅਮਿਤ ਕੁਮਾਰ।*

# ਸ਼ੋਅਲੇ ਦੇ 40 ਸਾਲ




ਸਾਡੇ ਸਮਿਆਂ ਦੀ ਸਭ ਤੋਂ ਵੱਧ ਚਰਚਿਤ ਫਿਲਮ 'ਸ਼ੋਅਲੇ' 40 ਸਾਲ ਪਹਿਲਾਂ 15 ਅਗਸਤ 1975 ਨੂੰ ਰਿਲੀਜ਼ ਹੋਈ ਸੀ। ਹੁਣ ਤੱਕ ਦੀ ਸਭ ਤੋਂ ਹਿਟ ਮੰਨੀ ਜਾਂਦੀ ਇਹ ਫਿਲਮ ਪਹਿਲਾਂ ਫਿਲਮ ਆਲੋਚਕਾਂ ਦੀ ਬਦੌਲਤ ਫਲਾਪ ਹੋਣ ਕੰਢੇ ਪੁੱਜ ਗਈ ਸੀ। ਇਨ੍ਹਾਂ ਦੀ ਤਿੱਖੀ ਆਲੋਚਨਾ ਕਾਰਨ ਪਹਿਲੇ ਦੋ ਹਫਤੇ ਫਿਲਮ ਕਮਾਈ ਕਰਨ ਵਿਚ ਨਾਕਾਮਯਾਬ ਰਹੀ। ਫਿਲਮ ਦੇ ਨਿਰਦੇਸ਼ਕ ਰਾਮੇਸ਼ ਸਿੱਪੀ ਅਤੇ ਉਸ ਦੇ ਪਿਤਾ ਜੀ.ਪੀ. ਸਿੱਪੀ ਜੋ ਫਿਲਮ ਦੇ ਨਿਰਮਾਤਾ ਸਨ, ਨੇ ਫਿਲਮ ਨੂੰ ਬਚਾਉਣ ਲਈ ਇਸ ਵਿਚ ਕੁਝ ਤਬਦੀਲੀਆਂ ਕਰਨ ਬਾਰੇ ਵੀ ਸੋਚ ਲਿਆ ਸੀ। ਤਬਦੀਲੀ ਮੁਤਾਬਕ ਫਿਲਮ ਦੇ ਅਖੀਰ ਵਿਚ ਅਮਿਤਾਭ ਬੱਚਨ ਦੇ ਮਰਨ ਵਾਲਾ ਸੀਨ ਬਦਲਿਆ ਜਾਣਾ ਸੀ, ਪਰ ਤੀਜੇ ਹਫ਼ਤੇ ਲੋਕਾਂ ਨੇ ਹੁੰਗਾਰਾ ਭਰਨਾ ਸ਼ੁਰੂ ਕਰ ਦਿੱਤਾ। ਅਸਲ ਵਿਚ ਜਿਸ ਕਿਸੇ ਨੇ ਵੀ ਫਿਲਮ ਦੇਖੀ, ਉਸ ਨੇ ਖੂਬ ਤਰੀਫ ਕੀਤੀ। ਇਉਂ ਮੂੰਹੋਂ-ਮੂੰਹ ਹੋਈ ਤਰੀਫ਼ ਤੋਂ ਬਾਅਦ ਲੋਕ ਫਿਲਮ ਵੇਖਣ ਅਹੁਲ ਪਏ ਅਤੇ ਸਿੱਟੇ ਵਜੋਂ ਇਹ 1975 ਦੀ ਸਭ ਤੋਂ ਵੱਧ ਕਮਾਈ ਕਰਨ ਵਾਲੀ ਫਿਲਮ ਬਣ ਗਈ।

'ਸ਼ੋਅਲੇ' ਭਾਵੇਂ ਸਿਰੇ ਦੀ ਫਾਰਮੂਲਾ ਫਿਲਮ ਸੀ, ਪਰ ਅੱਜ ਤੱਕ ਇਸ ਫਿਲਮ ਦੇ ਹਿੱਟ ਹੋਣ ਦੇ ਕਾਰਨਾਂ ਬਾਰੇ ਕੋਈ ਦਾਅਵੇ ਕੁਝ ਨਹੀਂ ਕਹਿ ਸਕਿਆ। ਉਂਝ, ਇਹ ਸੱਚ ਹੈ ਕਿ ਰਾਮੇਸ਼ ਸਿੱਪੀ ਨੇ ਫਿਲਮ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਫਿਲਮ ਦੇ ਹਰ ਪੱਖ ਵੱਲ ਉਸ ਨੇ ਉਚੇਚਾ ਧਿਆਨ ਦਿੱਤਾ। ਫਿਲਮ ਦਾ ਬਜਟ ਛਾਲਾਂ ਮਾਰ ਕੇ ਵਧ ਰਿਹਾ ਸੀ, ਨਿਰਮਾਤਾ ਜੀ.ਪੀ. ਸਿੱਪੀ ਨੇ ਸੀਅ ਤੱਕ ਨਹੀਂ ਕੀਤੀ।

ਕੁਝ ਸਮਾਂ ਪਹਿਲਾਂ ਇਸ ਫਿਲਮ ਦਾ ਰੀਮੇਕ ਬਣਾਉਣ ਬਾਰੇ ਗੱਲ ਚੱਲੀ ਤਾਂ ਰਾਮੇਸ਼ ਸਿੱਪੀ ਨੇ ਸਾਫ਼ ਇਨਕਾਰ ਕਰ ਦਿੱਤਾ ਪਰ ਫਿਲਮਸਾਜ਼ ਰਾਮ ਗੋਪਾਲ ਵਰਮਾ ਨੇ ਫਿਲਮ ਦੇ ਅਧਿਕਾਰ ਖਰੀਦ ਕੇ 'ਆਗ' ਦੇ ਨਾਂ ਹੇਠ ਰੀਮੇਕ ਬਣਾ ਲਈ। ਉਸ ਵੇਲੇ ਰਾਮੇਸ਼ ਸਿੱਪੀ ਨੇ ਉਸ ਨੂੰ ਅਜਿਹਾ ਨਾ ਕਰਨ ਤੋਂ ਵਰਜਿਆ ਸੀ, ਤੇ ਮਗਰੋਂ 'ਆਗ' ਦਾ ਜੋ ਹਸ਼ਰ ਹੋਇਆ, ਉਹ ਜੱਗ ਜਾਣਦਾ ਹੈ। ਫਿਲਮ ਬੁਰੀ ਤਰ੍ਹਾਂ ਫਲਾਪ ਹੋਈ। ਰਾਮੇਸ਼ ਸਿੱਪੀ ਮੁਤਾਬਕ ਜਦੋਂ ਅਸਲੀ ਫਿਲਮ ਅਜੇ ਵੀ ਦਰਸ਼ਕਾਂ ਨੂੰ ਖਿੱਚ ਰਹੀ ਹੈ, ਤਾਂ ਰੀਮੇਕ ਫਿਲਮ ਕਿਸ ਤਰ੍ਹਾਂ ਸਫ਼ਲ ਹੋ ਸਕਦੀ ਸੀ। ਇਹ ਗੱਲ ਠੀਕ ਵੀ ਹੈ। ਪਿਛਲੇ ਸਾਲ ਇਹ ਫਿਲਮ 3ਡੀ ਵਿਚ ਰਿਲੀਜ਼ ਕੀਤੀ ਗਈ ਸੀ ਅਤੇ ਉਦੋਂ ਵੀ ਇਸ ਨੂੰ ਭਰਵਾਂ ਹੁੰਗਾਰਾ ਮਿਲਿਆ। ਨੌਜਵਾਨ ਤਬਕੇ ਨੇ ਵੀ ਇਹ ਫਿਲਮ ਥਿਏਟਰਾਂ ਵਿਚ ਜਾ ਕੇ ਦੇਖੀ।


# ਆਜ਼ਾਦੀ ਤੋਂ ਮੋਹ-ਭੰਗ ਹੋਣ ਦੇ ਦੌਰ ਵਿਚ 'ਕਾਬੁਲੀਬਾਲਾ'


**ਆਵਾਜ਼ ਦੇ ਕਹਾਂ ਹੈ... -15-**



**ਕੁਲਦੀਪ ਕੌਰ**
ਫੋਨ: +91-98554-04330

1961 ਵਿਚ ਹੀ ਬਿਮਲ ਰਾਏ ਪ੍ਰੋਡਕਸ਼ਨ ਦੇ ਬੈਨਰ ਹੇਠ ਹੇਮੇਨ ਗੁਪਤਾ ਨੇ ਫਿਲਮ ਬਣਾਈ ਸੀ 'ਕਾਬਲੀਬਾਲਾ'। ਰਾਬਿੰਦਰ ਨਾਥ ਟੈਗੋਰ ਦੁਆਰਾ ਇਸੇ ਸਿਰਲੇਖ ਹੇਠ ਲਿਖੀ ਕਹਾਣੀ 'ਤੇ ਇਸ ਤੋਂ ਪਹਿਲਾ ਬੰਗਲਾ ਵਿਚ ਫਿਲਮਸਾਜ਼ ਤਪਨ ਸਿਨਹਾ ਫਿਲਮ ਬਣਾ ਚੁੱਕੇ ਸਨ। ਇਹ ਫਿਲਮ ਅਦਾਕਾਰ ਬਲਰਾਜ ਸਾਹਨੀ ਦੇ ਕਰੀਅਰ ਦੀਆਂ ਬਿਹਤਰੀਨ ਫਿਲਮਾਂ ਵਿਚੋਂ ਮੰਨੀ ਜਾਂਦੀ ਹੈ। ਫਿਲਮ ਦੀ ਪਟਕਥਾ ਕਾਬਲ ਤੋਂ ਸੁੱਕੇ ਮੇਵੇ ਵੇਚਣ ਆਏ ਅਜਿਹੇ ਪਠਾਣ ਦੇ ਜੀਵਨ 'ਤੇ ਆਧਾਰਿਤ ਹੈ ਜਿਸ ਦੀ ਪਿੱਛੇ ਅਫਿਗਾਨਸਤਾਨ ਵਿਚ ਛੁੱਟ ਗਈ 5-6 ਸਾਲ ਦੀ ਬੇਟੀ ਦੀਆਂ ਯਾਦਾਂ ਉਹਦੇ ਜਿਉਣ ਦੀ ਇਕਲੌਤੀ ਉਮੀਦ ਹਨ। ਮੇਵੇ ਵੇਚਦਿਆਂ ਵੇਚਦਿਆਂ ਹੀ ਉਸ ਦੀ ਦੋਸਤੀ ਉਸ ਦੀ ਬੇਟੀ ਦੀ ਹਮਉਮਰ ਬੱਚੀ ਨਾਲ ਹੋ ਜਾਂਦੀ ਹੈ। ਬੇਟੀ ਅਤੇ ਵਤਨ ਦੀ ਯਾਦ ਦਾ ਖੱਪਾ ਉਹ ਬੱਚੀ ਆਪਣੇ ਮੋਹ ਅਤੇ ਮਾਸੂਮੀਅਤ ਨਾਲ ਭਰ ਦਿੰਦੀ ਹੈ। ਅਸਫਲ ਹੋਣ ਦੇ ਬਾਵਜੂਦ ਇਸ ਫਿਲਮ ਵਿਚ ਮੌਜੂਦ ਕਰੁਣਾ, ਮਮਤਾ, ਸਾਦਗੀ ਅਤੇ ਹੱਦਾਂ-ਸਰਹੱਦਾਂ ਦੀ ਸਿਆਸਤ ਨੂੰ ਰੱਦ ਕਰਨ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਫਿਲਮ ਨੂੰ ਉਸ ਦੌਰ ਦੀ ਲੀਕ ਤੋਂ ਹਟਵੀ ਫਿਲਮ ਗਿਣਿਆ ਜਾਂਦਾ ਹੈ, ਕਿਉਂਕਿ ਉਹ ਦੌਰ ਸ਼ੰਮੀ ਕਪੂਰ ਦੀ 'ਜੰਗਲੀ' ਵਰਗੀਆਂ ਫਿਲਮਾਂ ਦੇ ਸਫਲ ਹੋਣ ਦਾ ਸਮਾਂ ਸੀ। ਆਪਣੀ ਇੱਕ ਇੰਟਰਵਿਊ ਵਿਚ ਉਸ ਦੌਰ ਦਾ ਪ੍ਰਸਿੱਧ ਅਦਾਕਾਰ ਕਿਸ਼ੋਰ ਕੁਮਾਰ ਆਪਣੇ ਤਤਕਾਲੀ ਸਮੇਂ 'ਤੇ ਟਿੱਪਣੀ ਕਰਦਿਆਂ ਆਖਦਾ ਹੈ- "ਹੁਣ ਇਹ ਸ਼ਹਿਰ ਅਜਿਹੇ ਲੋਕਾਂ ਦੀ ਮੂਰਖ ਬਸਤੀ ਬਣਦਾ ਜਾ ਰਿਹਾ ਹੈ ਜਿੱਥੇ ਹਰ ਬੰਦਾ ਦੂਜੇ ਬੰਦੇ ਨੂੰ ਵਰਤਣ ਅਤੇ ਸੁੱਟਣ ਲਈ ਤਿਆਰ ਬੈਠਾ ਹੈ। ਕੀ ਤੁਸੀਂ ਇੱਥੇ ਕਿਸੇ 'ਤੇ ਯਕੀਨ ਕਰ ਸਕਦੇ ਹੋ? ਕਿਹੜਾ ਦੋਸਤ ਹੈ? ਕੌਣ ਹਮਦਰਦ ਹੈ? ਮੈਂ ਇਸ ਚੂਹਾ ਦੌੜ ਤੋਂ ਕਿਤੇ ਦੂਰ ਭੱਜਣਾ ਚਾਹੁੰਦਾ ਹਾਂ... ਜਿਉਣਾ ਚਾਹੁੰਦਾ ਹਾਂ।" ਇਸ ਟਿੱਪਣੀ ਨੂੰ ਇਹ ਕਹਿ ਕੇ ਰੱਦ ਵੀ ਕੀਤਾ ਜਾ ਸਕਦਾ ਹੈ ਕਿ ਇਹ ਕਿਸ਼ੋਰ ਕੁਮਾਰ ਨਾਂ ਦੇ ਬੰਦੇ ਦਾ ਨਿੱਜੀ ਤਜਰਬਾ ਹੈ, ਪਰ ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇਹ ਦੌਰ ਸਿਆਸੀ ਉਥਲ-ਪੁਥਲ ਦਾ ਦੌਰ ਹੋਣ ਦੇ ਨਾਲ ਭਾਰਤੀ ਸਿਨੇਮਾ ਵਿਚ ਵਪਾਰਕ ਹਿੱਤਾਂ ਦੇ ਹਾਵੀ ਹੋਣ ਦਾ ਦੌਰ ਵੀ ਸੀ, ਆਜ਼ਾਦੀ ਤੋਂ ਮੋਹ-ਭੰਗ ਹੋਣ ਦਾ ਦੌਰ ਵੀ ਸੀ ਅਤੇ ਸਥਾਨਕ ਭਾਸ਼ਾਵਾਂ ਦੇ ਉਭਰਨ ਦਾ ਦੌਰ ਵੀ ਸੀ।



*ਫਿਲਮ 'ਕਾਬੁਲੀਬਾਲਾ': ਹਿੰਦੀ ਤੇ ਬੰਗਲਾ ਫਿਲਮਾਂ ਦੇ ਪੋਸਟਰ।*

(ਚਲਦਾ)


NC ENTERTAINMENT
NC Entertainment presents
Mastana Jogi
ਮਸਤਾਨਾ ਜੋਗੀ
BY KANWAR GREWAL
29 Aug. 2015 (SATURDAY)
Tower Theater
815 E Olive Ave, Fresno, CA 93728
Time- 8:00 PM
Door Opens at 07:15 PM
Call for show details & tickets :
Navjeet Chahal : 559-269-3225
Gullu Brar : 559-317-1314
Buy Tickets Online at www.Towertheatrefresno.com
$25, $45, VIP, VVIP
Stage Hosted By:
Santokh Minhas
PRADEEP MINHAS - QUEST CHAHAL - CHET SHAH - BALJIT SIDHU - BALA BADESHA - SUNNY MATTU - SUNNY DRIGPAL - RANA RATHORE - ANDY MAND
JOHNNY QUIK FOOD STORES
EZ MART
EZ MART

# ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀਆਂ 30 ਅਗਸਤ ਨੂੰ ਹੋ ਰਹੀਆਂ ਚੋਣਾਂ ਲਈ ਮੌਜੂਦਾ ਪ੍ਰਬੰਧਕ ਕਮੇਟੀ ਦੇ ਉਮੀਦਵਾਰਾਂ ਨੂੰ ਆਪਣੀ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਜੀ

**Please vote and support the candidates of the present management committee of Gurdwara Sahib San Jose in the coming elections on August 30, 2015**

**Current Parbandhak Committee Candidates for the San Jose Gurdwara Sahib Elections on August 30, 2015**



ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਖੂਬਸੂਰਤ ਇਮਾਰਤ *Gurdwara Photo*


ਹਰਦੇਵ ਸਿੰਘ ਤੱਖਰ
Hardev Singh Takhar


ਭੁਪਿੰਦਰ (ਬਾਬ) ਸਿੰਘ ਢਿੱਲੋਂ
Bhupindar (Bob) Singh Dhillon


ਪ੍ਰੀਤਮ ਸਿੰਘ ਗਰੇਵਾਲ
Pritam Singh Grewal


ਸੁਖਦੇਵ ਸਿੰਘ ਬੈਣੀਵਾਲ
Sukhdev Singh Bainiwal


ਰਾਜਿੰਦਰ ਸਿੰਘ ਮੰਗਰ
Rajinder Singh Mangar


ਡਾ. ਗੁਰਿੰਦਰਪਾਲ ਸਿੰਘ
Dr. Gurinderpal Singh


ਸੁਰਜੀਤ ਸਿੰਘ ਬੈਂਸ
Surjit Singh Bains


ਸਰਬਜੋਤ ਸਿੰਘ ਸਵੱਦੀ
Sarbjot Singh Sawaddi


ਕਿਰਪਾਲ ਸਿੰਘ ਅਟਵਾਲ
Kirpal Singh Atwal


ਭਾਈ ਧਰਮ ਸਿੰਘ
Bhai Dharam Singh


ਬਲਬੀਰ ਸਿੰਘ ਜੌਹਲ
Balbir Singh Johal


ਗੁਰਬਖਸ਼ ਸਿੰਘ ਢਿੱਲੋਂ
Gurbax Singh Dhillon


ਨਰਿੰਦਰਪਾਲ ਸਿੰਘ
Narinderpal Singh


ਸੋਹਣ ਸਿੰਘ ਧਨੋਤਾ
Sohan Singh Dhanota


ਨੀਟੂ ਸਿੰਘ ਕਾਹਲੋਂ
Neetu Singh Kahlon


ਨਰਿੰਦਰ ਕੌਰ ਮਹੇੜੂ
Narinder Kaur Maheru


ਪ੍ਰਿਤਪਾਲ ਕੌਰ
Pritpal Kaur


ਡਾ. ਬਲਬੀਰ ਸਿੰਘ ਬੈਂਸ
Dr. Balbir Singh Bains


ਬਲਜੀਤ (ਇਕਬਾਲਜੀਤ) ਕੌਰ ਹੰਸਰਾ
Baljit (Iqbaljit) Kaur Hansara


ਗੁਰਪ੍ਰੀਤ ਸਿੰਘ ਸੇਠੀ
Gurpreet Singh Sethi


ਬਹਾਦਰ ਸਿੰਘ ਦਿਉਲ
Bahadur Singh Deol

**ਜਾਰੀ ਕਰਤਾ**

ਹਰਦੇਵ ਸਿੰਘ ਤੱਖਰ 408 528-5553
ਭੁਪਿੰਦਰ ਸਿੰਘ ਢਿੱਲੋਂ 408-568-0034
ਸੁਖਦੇਵ ਸਿੰਘ ਬੈਣੀਬਾਲ 408-421-9463
ਪ੍ਰੀਤਮ ਸਿੰਘ ਗਰੇਵਾਲ 408-406-0703
ਨਰਿੰਦਰ ਕੌਰ ਮਹੇੜੂ 408-666-0867